Listing and Selling Homes From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969

CA DRE# 00966763

COVERED CALIFORNIA
Certified Insurance Agent
Global Green INSURANCE AGENCY

Gurdawar Singh Mann
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM

Gurcharan Singh Mann
Mann Insurance Brokers Inc.
4123 Dyer St., #230, Union City, CA 94587

Buy/Sell Real Estate
in Bay Area
Call: Jaideep Singh
Ph: 510-565-5250
Email: jaideeprealtor@gmail.com
I can help you every step of the way. No Pressure, No Obligation.

DRE#02021283
Fluent in Punjabi and Hindi.

Twentieth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 6, February 9, 2019 20451 N. Plum Grove Rd., Palatine, IL 60074 Ph:847-359-0746, Fax:847-705-9388

# ਅਕਾਲੀ-ਭਾਜਪਾ ਗੱਠਜੋੜ ਵਿਚਕਾਰ ‘ਸਭ ਅੱਛਾ’ ਨਹੀਂ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਬਾਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਭਾਈਵਾਲੀ ਉਤੇ ਸੰਕਟ ਦੇ ਬੱਦਲ ਦਿਸਣ ਲੱਗੇ ਹਨ। ਇਹ ਪਹਿਲੀ ਵਾਰ ਹੈ, ਜਦੋਂ ਅਕਾਲੀ ਦਲ ਨੇ ਭਾਜਪਾ ਨੂੰ ਸਿੱਖਾਂ ਦੇ ਮਸਲਿਆਂ ਵਿਚ ਦਖਲ ਦੇਣ ਤੋਂ ਬਾਜ਼ ਨਾ ਆਉਣ ਉਤੇ ਗੱਠਜੋੜ ਤੋੜਨ ਦੀ ਧਮਕੀ ਦਿੱਤੀ ਹੈ। ਅਕਾਲੀਆਂ ਦੀ ਇਸ ਧਮਕੀ ਤੋਂ ਬਾਅਦ ਭਾਵੇਂ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਦਿੱਲੀ ਬੁਲਾ ਕੇ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ ਪਰ ਹੁਣ ਅਕਾਲੀ ਦਲ ਨੇ ਆਪਣੇ ਸੀਨੀਅਰ ਆਗੂਆਂ ਨੂੰ ਭਾਜਪਾ ਖਿਲਾਫ ਬਿਆਨਬਾਜ਼ੀ ਲਈ ਅੱਗੇ ਕੀਤਾ ਹੋਇਆ ਹੈ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਕਾਰੀ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਸਾਫ ਕਰ ਦਿੱਤਾ ਕਿ ਅਕਾਲੀ ਦਲ ਗੁਰਦੁਆਰਿਆਂ ਵਿਚ ਬੇਲੋੜੇ ਦਖਲ ਨੂੰ ਰੋਕਣ ਲਈ ‘ਗੱਠਜੋੜ ਦੀ ਕੁਰਬਾਨੀ’ ਦੇਣ ਲਈ ਵੀ ਤਿਆਰ ਹੈ। ਅਕਾਲੀਆਂ ਦਾ ਦੋਸ਼ ਹੈ ਕਿ ਤਖਤ ਹਜ਼ੂਰ ਸਾਹਿਬ ਨਾਂਦੇੜ ਦੇ ਐਕਟ ’ਚ ਤਬਦੀਲੀ ਕਰ ਕੇ ਭਾਜਪਾ ਦੀ ਅਗਵਾਈ ਵਾਲੀ ਮਹਾਂਰਾਸ਼ਟਰ ਸਰਕਾਰ ਨੇ ਪਹਿਲਾਂ ਬੇਲੋੜੀ ਦਖਲਅੰਦਾਜ਼ੀ ਕੀਤੀ ਤੇ ਹੁਣ ਆਪਣਾ ਪ੍ਰਧਾਨ ਲਾਉਣਾ ਚਾਹੁੰਦੀ ਹੈ। ਉਧਰ, ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੇ ਰੱਖੇ ਭੋਜ ਉਤੇ ਭਾਵੇਂ ਭਾਜਪਾ ਨਾਲ ਸਬੰਧਤ ਕਈ ਕੇਂਦਰੀ ਮੰਤਰੀ ਸ਼ਾਮਲ ਹੋਏ ਪਰ ਅਕਾਲੀ ਦਲ ਨੇ ਉਸੇ ਦਿਨ ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਦੀ ਅੰਤ੍ਰਿਮ ਬਜਟ ਤੋਂ ਪਹਿਲਾਂ ਹੋਈ ਮੀਟਿੰਗ ਦਾ ਬਾਈਕਾਟ ਕਰ ਕੇ ਨਾਰਾਜ਼ਗੀ ਦਰਸਾਉਣ ਦਾ ਮੌਕਾ ਹੱਥੋਂ ਨਹੀਂ ਗੁਆਇਆ। ਅਕਾਲੀ ਦਲ ਨੇ ਪਹਿਲੀ ਵਾਰ ਭਾਈਵਾਲ ਸਰਕਾਰ ਵੱਲੋਂ ਪੇਸ਼ ਕੀਤੇ ਬਜਟ ਉਤੇ ਵੀ ਸਵਾਲ ਚੁੱਕੇ ਤੇ ਕਿਸਾਨਾਂ ਨੂੰ ਦਿੱਤੀ ਮਾਮੂਲੀ ਰਾਹਤ ਉਤੇ ਇਤਰਾਜ਼ ਜਤਾਇਆ।

## ਅਕਾਲੀ ਦਲ ਸਿੱਖ ਮਾਮਲਿਆਂ ’ਚ ਦਖਲ ਤੋਂ ਹੋਇਆ ਔਖਾ



ਦਰਅਸਲ, ਬੀ.ਜੇ.ਪੀ. ਦੀ ਸਿੱਖ ਵੋਟਰਾਂ ‘ਤੇ ਅੱਖ ਸ਼੍ਰੋਮਣੀ ਅਕਾਲੀ ਦਲ ਨੂੰ ਚੁਭ ਰਹੀ ਹੈ। ਭਾਜਪਾ ਭਾਵੇਂ ਗੱਠਜੋੜ ਧਰਮ ਨਿਭਾਉਣ ਦੀਆਂ ਗੱਲਾਂ ਕਰ ਰਹੀ ਹੈ ਪਰ ਭਾਈਵਾਲਾਂ ਨੂੰ ਘੇਰਨ ਲਈ ਇਸ ਨੇ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੁਆਰਾ ਬਣਾਈ ਰਾਸ਼ਟਰੀ ਸਿੱਖ ਸੰਗਤ ਨੂੰ ਅੱਗੇ ਕੀਤਾ ਹੋਇਆ ਹੈ। ਅਕਾਲੀ ਆਗੂਆਂ ਵੱਲੋਂ ਗੱਠਜੋੜ ਤੋਂ ਅਲੱਗ ਹੋਣ ਦੀ ਚਿਤਾਵਨੀ ਤੋਂ ਬਾਅਦ ਰਾਸ਼ਟਰੀ ਸਿੱਖ ਸੰਗਤ ਨੇ ਅਕਾਲੀ ਦਲ ਉਤੇ ਸਿਆਸੀ ਮਕਸਦ ਲਈ ਧਰਮ ਦੀ ਵਰਤੋਂ ਦੇ ਦੋਸ਼ ਲਗਾ ਕੇ ਇਹ ਸੰਕੇਤ ਦੇ ਦਿੱਤੇ ਕਿ ਇਸ ਚਿਤਾਵਨੀ ਦਾ ਉਨ੍ਹਾਂ ਉਤੇ ਕੋਈ ਅਸਰ ਨਹੀਂ।

ਅਸਲ ਵਿਚ, ਬੀ.ਜੇ.ਪੀ. ਸਿੱਖ ਵੋਟਰਾਂ ਨੂੰ ਆਪਣੇ ਨਾਲ ਜੋੜਨਾ ਚਾਹੁੰਦੀ ਹੈ। ਇਸ ਮਕਸਦ ਲਈ ਬੀ.ਜੇ.ਪੀ. ਦੀ ਸਰਪ੍ਰਸਤ ਆਰ.ਐਸ.ਐਸ. ਲੰਮੇ ਸਮੇਂ ਤੋਂ ਕੰਮ ਕਰ ਰਹੀ ਹੈ। ਆਰ.ਐਸ.ਐਸ. ਦੀ ਸ਼ਾਖਾ ਰਾਸ਼ਟਰੀ ਸਿੱਖ ਸੰਗਤ ਇਸ ਲਈ ਸਰਗਰਮ ਹੈ। ਇਹੋ ਕਾਰਨ ਹੈ ਕਿ ਰਾਸ਼ਟਰੀ ਸਿੱਖ ਸੰਗਤ ਨੇ ਸ਼੍ਰੋਮਣੀ ਕਮੇਟੀ ਉਪਰ ਅਕਾਲੀ ਦਲ ਦੇ ਕਬਜ਼ੇ ਖਿਲਾਫ ਮੋਰਚਾ ਖੋਲ੍ਹਿਆ ਹੈ। ਪਿਛਲੇ ਕੁਝ ਸਮੇਂ ਵਿਚ ਮੋਦੀ ਸਰਕਾਰ ਨੇ ਸਿੱਧਾ ਸਿੱਖ ਮਸਲਿਆਂ ਵਿਚ ਦਖਲ ਦੇਣਾ ਸ਼ੁਰੂ ਕੀਤੀ ਹੈ। ਸਰਕਾਰ ਨੇ ਸਿੱਖਾਂ ਨੂੰ ਖੁਸ਼ ਕਰਨ ਲਈ ਕਈ ਐਲਾਨ ਵੀ ਕੀਤੇ ਹਨ। ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਤੇ ਸ੍ਰੀ ਗੁਰੂ ਨਾਨਕ ਦੇਵ ਦੇ 550 ਸਾਲਾ ਸਮਾਗਮ ਮਨਾਉਣ ਬਾਰੇ ਵੀ ਮੋਦੀ ਸਰਕਾਰ ਨੇ ਖੁਦ ਦੇ ਸਿਰ ਸਿਹਰਾ ਬੰਨ੍ਹਣ ਦੀ ਕੋਸ਼ਿਸ਼ ਕੀਤੀ ਹੈ। ਬੀ.ਜੇ.ਪੀ. ਦੇ ਲੀਡਰ ਹਮੇਸ਼ਾ ਇਸ ਸਭ ਕਾਸੇ ਲਈ ਕੇਂਦਰ ਸਰਕਾਰ ਨੂੰ ਹੀ ਕ੍ਰੈਡਿਟ ਦਿੰਦੇ ਹਨ। ਇਸ ਗੱਲ ਤੋਂ ਅਕਾਲੀ ਦਲ ਦੇ ਲੀਡਰ ਔਖੇ ਹਨ। ਅਕਾਲੀ ਚਾਹੁੰਦੇ ਹਨ ਕਿ ਬੀ.ਜੇ.ਪੀ. ਸਿੱਖਾਂ ਦੇ ਮਸਲਿਆਂ ਬਾਰੇ ਵਾਇਆ ਅਕਾਲੀ ਦਲ ਹੀ ਕੰਮ ਕਰੇ। ਇਸ ਬਾਰੇ ਸੁਖਬੀਰ ਬਾਦਲ ਨੇ ਲੰਘੇ ਦਿਨੀਂ ਅਮਿਤ ਸ਼ਾਹ ਨੂੰ ਸਪਸ਼ਟ ਵੀ ਕਰ ਦਿੱਤਾ ਹੈ। ਉਧਰ, ਬੀ.ਜੇ.ਪੀ. ਨੂੰ ਵੀ ਇਸ ਗੱਲ ਦਾ ਪਤਾ ਹੈ ਕਿ ਹਾਲ ਦੀ ਘੜੀ ਉਨ੍ਹਾਂ ਦਾ ਅਕਾਲੀ ਦਲ ਬਿਨਾ ਗੁਜ਼ਾਰਾ ਨਹੀਂ। ਇਸ ਲਈ ਅਮਿਤ ਸ਼ਾਹ ਨਾਲ ਮੀਟਿੰਗ ਮਗਰੋਂ ਸੁਖਬੀਰ ਬਾਦਲ ਦੇ ਬੋਲ ਬਦਲ ਗਏ।

ਉਂਜ, ਅਕਾਲੀ ਨੇਤਾਵਾਂ ਨੂੰ ਜਾਪਦਾ ਹੈ ਕਿ ਅਕਾਲੀ ਦਲ ਵਿਚਲੀ ਫੁੱਟ ਨੂੰ ਭਾਜਪਾ ਹਵਾ ਦੇ ਰਹੀ ਹੈ ਅਤੇ ਪੰਜਾਬ ਵਿਚ ਭਾਜਪਾ ਨੂੰ ਆਪਣੇ ਪੈਰਾਂ ‘ਤੇ ਖੜ੍ਹਾ ਕਰਨ ਲਈ ਇਸ ਮੌਕੇ ਨੂੰ ਗਨੀਮਤ

*(ਬਾਕੀ ਸਫਾ 6 ਉਤੇ)*

## ਅਕਾਲੀਆਂ ਨੂੰ ਹੁਣ ਆਈ ਸਿਆਸੀ ਦਖਲ ਦੀ ਯਾਦ


ਤਖਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਦਾ ਪ੍ਰਬੰਧ 1956 ਦੇ ਗੁਰਦੁਆਰਾ ਬੋਰਡ ਐਕਟ ਦੇ ਅਧੀਨ ਚਲਦਾ ਆ ਰਿਹਾ ਸੀ, ਜਿਸ ਦੇ 17 ਮੈਂਬਰ ਆਪਣਾ ਪ੍ਰਧਾਨ ਚੁਣਦੇ ਸਨ, ਪਰ 18 ਫਰਵਰੀ 2015 ਨੂੰ ਮਹਾਰਾਸ਼ਟਰ ਸਰਕਾਰ ਨੇ ਆਰਡੀਨੈਂਸ ਜਾਰੀ ਕਰ ਕੇ ਇਹ ਤਾਕਤ ਆਪਣੇ ਹੱਥਾਂ ਵਿਚ ਲੈ ਲਈ ਸੀ ਤੇ ਭਾਜਪਾ ਵਿਧਾਇਕ ਤਾਰਾ ਸਿੰਘ ਨੂੰ ਬੋਰਡ ਦਾ ਮੁਖੀ ਥਾਪ ਦਿੱਤਾ ਸੀ। ਉਸ ਵੇਲੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਦਾ ਵਿਰੋਧ ਕੀਤਾ। ਹਜ਼ੂਰ ਸਾਹਿਬ ਦੀ ਸਿੱਖ ਸੰਗਤ ਵੱਲੋਂ ਇਸ ਦੇ ਖਿਲਾਫ਼ ਅਦਾਲਤ ਵਿਚ ਕੇਸ ਵੀ ਕੀਤਾ ਗਿਆ ਜੋ ਅਜੇ ਵੀ ਅਦਾਲਤ ਵਿਚ ਹੈ ਪਰ ਬਾਅਦ ਵਿਚ ਅਕਾਲੀ ਦਲ ਭਾਣਾ ਮੰਨ ਕੇ ਹੀ ਨਹੀਂ ਬੈਠ ਗਿਆ, ਸਗੋਂ ਬੋਰਡ ਦੇ ਸਾਬਕਾ ਪ੍ਰਧਾਨ ਡੱਡੂ ਸਿੰਘ ਮਹਾਜਨ ਨੇ ਤਾਂ ਇਥੋਂ ਤੱਕ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ, ਸਰਕਾਰ ਵੱਲੋਂ ਨਿਯੁਕਤ ਤਾਰਾ ਸਿੰਘ ਦੀ ਮਦਦ ਵੀ ਕਰਦੀ ਰਹੀ। ਫਿਰ ਹੁਣ 4 ਸਾਲਾਂ ਪਿਛੋਂ ਅਜਿਹਾ ਕੀ ਹੋ ਗਿਆ ਕਿ ਅਕਾਲੀ ਦਲ ਨੂੰ ਇੰਨਾ ਸਖਤ ਸਟੈਂਡ ਲੈਣਾ ਪਿਆ?

## ਕਰਤਾਰਪੁਰ ਲਾਂਘੇ ਲਈ ਰਾਹ ਮੋਕਲੇ ਹੋਣ ਲੱਗੇ

**ਨਵੀਂ ਦਿੱਲੀ:** ਪੰਜਾਬ ਸਰਕਾਰ ਨੇ ਕੇਂਦਰੀ ਗ੍ਰਹਿ ਮੰਤਰਾਲਾ ਨੂੰ ਭਰੋਸਾ ਦਿੱਤਾ ਹੈ ਕਿ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਸੜਕ ਅਤੇ ਚੌਕੀਆਂ ਬਣਾਉਣ ਲਈ ਮਾਰਚ ਦੇ ਅੱਧ ਤੱਕ ਜ਼ਮੀਨ ਮੁਹੱਈਆ ਕਰਵਾ ਦਿੱਤੀ ਜਾਏਗੀ। ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਯੋਜਨਾ ‘ਤੇ ਤੇਜ਼ੀ ਨਾਲ ਅਮਲ ਕਰਨ ਬਾਰੇ ਮੰਗਲਵਾਰ ਨੂੰ ਕੇਂਦਰੀ ਗ੍ਰਹਿ ਮੰਤਰਾਲਾ ਵਿਚ ਉਚ ਪੱਧਰੀ ਬੈਠਕ ਹੋਈ। ਬੈਠਕ ਦੀ ਪ੍ਰਧਾਨਗੀ ਕੇਂਦਰੀ ਗ੍ਰਹਿ ਸਕੱਤਰ ਰਾਜੀਵ ਗੋਬਾ ਨੇ ਕੀਤੀ। ਇਸ ਵਿਚ ਪੰਜਾਬ ਦੇ ਮੁੱਖ ਸਕੱਤਰ ਕਰਨ ਅਵਤਾਰ ਸਿੰਘ, ਬੀ.ਐਸ. ਐਫ. ਦੇ ਮੁਖੀ ਆਰ.ਕੇ. ਮਿਸ਼ਰਾ, ਪਾਕਿਸਤਾਨ ਵਿਚ ਭਾਰਤ ਦੇ ਹਾਈ ਕਮਿਸ਼ਨਰ ਅਜੇ ਬਿਸਾਰੀਆ ਅਤੇ ਹੋਰ ਏਜੰਸੀਆਂ ਦੇ ਚੋਟੀ ਦੇ ਅਧਿਕਾਰੀਆਂ ਨੇ ਹਿੱਸਾ ਲਿਆ। ਮਿਲੀ ਜਾਣਕਾਰੀ ਅਨੁਸਾਰ, ਮੀਟਿੰਗ ਵਿਚ ਸੜਕ ਅਤੇ ਚੌਕੀਆਂ ਲਈ ਜ਼ਮੀਨ ਹਾਸਲ ਕਰਨ ਬਾਰੇ ਵਿਚਾਰ-ਵਟਾਂਦਰਾ ਹੋਇਆ। ਇਹ ਵੀ ਦੱਸਿਆ ਗਿਆ ਕਿ ਜ਼ਮੀਨ ਹਾਸਲ ਕਰਨ ਲਈ ਮੁਢਲਾ ਨੋਟੀਫਿਕੇਸ਼ਨ ਜਾਰੀ ਕੀਤਾ ਜਾ ਚੁੱਕਾ ਹੈ। ਜ਼ਮੀਨ ਹਾਸਲ ਕਰਨ ਦਾ ਕੰਮ ਚੱਲ ਰਿਹਾ ਹੈ। ਇਸ ਦੇ 4 ਪੜਾਅ ਹਨ ਅਤੇ ਹੁਣ ਦੂਜੇ ਪੜਾਅ ਦਾ ਕੰਮ ਹੋ ਰਿਹਾ ਹੈ।

Low Cost Legal Documents For

♦Wills & Trusts ਵਸੀਅਤਨਾਮੇ
♦Divorce ਤਲਾਕ
♦Pre Nuptials ਇਕਰਾਰਨਾਮੇ
♦Grant Deeds ਗਰਾਂਟ ਡੀਡ
Call Sarvinder
Ph: 510-648-5554
dolly@worryfreelegaldocs.com
www.worryfreelegaldocs.com
(Regd. and Bonded LDA; Not an Attorney)
39803 Paseo Padre Pkwy, Suite A, Fremont, CA 94538

Raja SWEETS & CATERING Presents
PARADISE BALLROOMS
banquet hall & event center

ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।
SERVICES INCLUDE
• CATERING • SEVERAL BAR OPTIONS
• SILVERWARE • SECURITY
• CHINAWARE • WAIT STAFF
• DECORATED HALL • FULL SETUP INCLUDING TABLE CLOTH, NAPKINS, CHAIRS ETC.
• LINEN
PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

Law Office of Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Manpreet S. Gahra Attorney At Law
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com

# ਪੰਜਾਬ ਦੇ ਵਿਧਾਇਕਾਂ ਨੇ ਸਰਕਾਰੀ ਖਜਾਨੇ ਨੂੰ ਲਾਇਆ ਰਗੜਾ

**ਬਠਿੰਡਾ:** ਪੰਜਾਬ ਦੇ ਵਿਧਾਇਕਾਂ ਨੇ ਸਰਕਾਰੀ ਖਜ਼ਾਨੇ ਨੂੰ ਸਭ ਤੋਂ ਵੱਧ ਰਗੜਾ ਲਾਇਆ ਹੈ। ਤਨਖਾਹ ਤੇ ਭੱਤਿਆਂ ਦਾ ਕ੍ਰਿਸ਼ਮਾ ਹੈ ਕਿ ਵਿਧਾਇਕਾਂ ਦੇ ਖਰਚ 'ਚ 10 ਸਾਲਾਂ ਵਿਚ ਸਾਢੇ ਚਾਰ ਗੁਣਾ ਵਾਧਾ ਹੋਇਆ ਹੈ। ਸਾਲ 2007-08 ਵਿਚ ਖਜ਼ਾਨੇ ਨੂੰ ਇਕ ਵਿਧਾਇਕ ਔਸਤਨ 4.89 ਲੱਖ ਰੁਪਏ ਸਾਲਾਨਾ 'ਚ ਪੈਂਦਾ ਸੀ, ਉਹੀ ਵਿਧਾਇਕ ਹੁਣ ਔਸਤਨ 18.76 ਲੱਖ ਵਿਚ ਪੈਣ ਲੱਗਾ ਹੈ। ਖ਼ਜ਼ਾਨਾ ਖਾਲੀ ਹੋਵੇ ਤੇ ਭਾਵੇਂ ਭਰਿਆ, ਵਿਧਾਨ ਸਭਾ ਸਕੱਤਰੇਤ ਨੂੰ ਖੁੱਲ੍ਹਾ ਬਜਟ ਮਿਲਦਾ ਹੈ।

ਸਾਲ 2007-08 ਤੋਂ ਸਾਲ 2017-18 ਤੱਕ ਵਿਧਾਨ ਸਭਾ ਸਕੱਤਰੇਤ ਨੂੰ 338.62 ਕਰੋੜ ਦਾ ਬਜਟ ਮਿਲਿਆ, ਜਿਸ 'ਚੋਂ 309.91 ਕਰੋੜ ਖਰਚ ਹੋਏ ਹਨ। ਵਿਧਾਨ ਸਭਾ ਪੰਜਾਬ ਤੋਂ ਆਰ.ਟੀ.ਆਈ 'ਚ ਪ੍ਰਾਪਤ ਵੇਰਵਿਆਂ ਅਨੁਸਾਰ ਪੰਜਾਬ ਦੇ ਵਿਧਾਇਕ ਹੁਣ ਕਾਫੀ ਮਹਿੰਗੇ ਪੈਣ ਲੱਗੇ ਹਨ। ਮੁੱਖ ਮੰਤਰੀ, ਵਜ਼ੀਰ, ਵਿਰੋਧੀ ਧਿਰ ਦਾ ਨੇਤਾ, ਸਪੀਕਰ, ਡਿਪਟੀ ਸਪੀਕਰ ਦਾ ਖਰਚਾ ਇਸ ਤੋਂ ਵੱਖਰਾ ਹੈ। ਇਹ ਨਿਰੋਲ 96 ਵਿਧਾਇਕਾਂ ਦਾ ਖਰਚਾ ਹੈ। ਮੁੱਖ ਸੰਸਦੀ ਸਕੱਤਰ ਦੇ ਅਹੁਦੇ ਸਮੇਂ ਵਿਧਾਇਕਾਂ ਦਾ ਅੰਕੜਾ 84 ਦੇ ਆਸ ਪਾਸ ਰਹਿੰਦਾ ਸੀ। ਸਰਕਾਰੀ ਖ਼ਜ਼ਾਨੇ ਨੇ ਇਕੱਲੇ ਵਿਧਾਇਕਾਂ ਨੂੰ ਸਾਲ 2007-08 ਤੋਂ ਸਾਲ 2017-18 ਤੱਕ 61.47 ਕਰੋੜ ਰੁਪਏ ਤਨਖ਼ਾਹ ਵਜੋਂ ਅਤੇ 42.24 ਕਰੋੜ ਰੁਪਏ ਟੀਏ/ਡੀਏ ਅਤੇ ਤੇਲ ਖਰਚ ਵਜੋਂ ਦਿੱਤੇ ਹਨ। ਮਤਲਬ ਕਿ 11 ਵਰ੍ਹਿਆਂ 'ਚ 103.71 ਕਰੋੜ ਰੁਪਏ ਦਾ ਖਰਚਾ ਵਿਧਾਇਕਾਂ ਦਾ ਰਿਹਾ ਹੈ। ਤੱਥ ਗਵਾਹ ਹਨ ਕਿ ਸਾਲ 2007-08 ਵਿਚ ਵਿਧਾਇਕਾਂ ਦੀ ਕੁੱਲ ਤਨਖਾਹ ਦੋ ਕਰੋੜ ਰੁਪਏ ਅਤੇ ਟੀ.ਏ/ਡੀ.ਏ ਅਤੇ ਤੇਲ ਖਰਚ 2.11 ਕਰੋੜ ਰੁਪਏ ਬਣਿਆ ਸੀ। ਉਦੋਂ ਵਿਧਾਇਕਾਂ ਦਾ ਸਾਲਾਨਾ ਖਰਚ 4.11 ਕਰੋੜ ਰੁਪਏ ਸੀ ਜਦੋਂ ਕਿ ਹੁਣ ਇਹੋ ਖਰਚਾ ਸਾਲਾਨਾ 18 ਕਰੋੜ ਹੋ ਗਿਆ ਹੈ। ਪੰਜਾਬ ਸਰਕਾਰ ਨੇ ਸਾਲ 2009-10 ਵਿਚ ਵਿਧਾਇਕਾਂ 'ਤੇ ਕੁੱਲ ਖਰਚਾ 5.77 ਕਰੋੜ ਰੁਪਏ ਕੀਤਾ ਜਦੋਂ ਕਿ ਸਾਲ 2014-15 ਵਿਚ ਇਹੋ ਖਰਚਾ ਵਧ ਕੇ ਸਲਾਨਾ ਦਾ 9.15 ਕਰੋੜ ਰੁਪਏ ਹੋ ਗਿਆ। ਸਾਲ 2015-16 ਵਿਚ ਵਿਧਾਇਕ ਖ਼ਜ਼ਾਨੇ ਨੂੰ 12.90 ਕਰੋੜ ਅਤੇ ਸਾਲ 2016-17 ਵਿੱਚ 15.10 ਕਰੋੜ ਵਿਚ ਪਏ ਹਨ।

ਇਸ ਤੋਂ ਇਲਾਵਾ ਸਰਕਾਰ ਹਰ ਵਿਧਾਇਕ ਦਾ ਪ੍ਰਤੀ ਮਹੀਨਾ ਔਸਤਨ 7200 ਰੁਪਏ ਆਮਦਨ ਕਰ ਵੀ ਤਾਰਦੀ ਹੈ। ਪੰਜਾਬ ਦੇ ਜੋ ਮੌਜੂਦਾ 117 ਵਿਧਾਇਕ ਹਨ, ਉਨ੍ਹਾਂ 'ਚੋਂ 81 ਫੀਸਦੀ ਮਤਲਬ 95 ਵਿਧਾਇਕ ਤਾਂ ਕਰੋੜਪਤੀ ਹਨ। ਹਾਲਾਂਕਿ ਹੁਣ ਵਿਧਾਨ ਸਭਾ ਦੇ ਸੈਸ਼ਨ ਬਹੁਤ ਹੀ ਛੋਟੇ ਰਹਿ ਗਏ ਹਨ, ਜਿਸ ਦੇ ਵਜੋਂ ਵਿਧਾਇਕ ਆਪਣੀ ਮੁੱਢਲੀ ਡਿਊਟੀ ਤੋਂ ਵਾਂਝੇ ਹੀ ਰਹਿੰਦੇ ਹਨ। ਫਿਰ ਵੀ ਖ਼ਜ਼ਾਨਾ ਇਨ੍ਹਾਂ ਦੌਲਤਮੰਦ ਵਿਧਾਇਕਾਂ ਦੀ ਜੇਬ ਖਾਲੀ ਨਹੀਂ ਹੋਣ ਦਿੰਦਾ। ਵਿਧਾਨ ਸਭਾ ਸਕੱਤਰੇਤ ਦਾ ਕੁੱਲ ਖ਼ਰਚ ਦਾ ਕਰੀਬ ਇਕ ਤਿਹਾਈ ਖਰਚਾ ਇਕੱਲੇ ਵਿਧਾਇਕਾਂ 'ਤੇ ਖ਼ਰਚ ਹੁੰਦਾ ਹੈ। ਵਿਧਾਇਕਾਂ ਲਈ ਜੋ ਵਾਹਨ ਖ਼ਰੀਦੇ ਜਾਂਦੇ ਹਨ, ਉਨ੍ਹਾਂ ਦਾ ਖਰਚਾ ਵੱਖਰਾ ਹੈ। ਜਦੋਂ ਵੀ ਖ਼ਜ਼ਾਨਾ ਸੰਕਟ ਵਿਚ ਹੁੰਦਾ ਹੈ ਤਾਂ ਮੁਲਾਜ਼ਮਾਂ ਅਤੇ ਲੋਕ ਭਲਾਈ ਸਕੀਮਾਂ ਉਤੇ ਕੱਟ ਲੱਗ ਜਾਂਦਾ ਹੈ ਪਰ ਵਿਧਾਇਕਾਂ ਦੀ ਤਨਖ਼ਾਹ ਕਦੇ ਇਕ ਦਿਨ ਵੀ ਨਹੀਂ ਪਛੜਦੀ ਹੈ।

ਵੇਰਵਿਆਂ ਅਨੁਸਾਰ ਵਿਧਾਨ ਸਭਾ ਦਾ ਸਾਲ 2007-08 ਵਿਚ ਬਜਟ ਸਿਰਫ 15.73 ਕਰੋੜ ਰੁਪਏ ਸੀ, ਜਿਸ 'ਚੋਂ 10.28 ਕਰੋੜ ਖ਼ਰਚੇ ਗਏ ਸਨ। ਹੁਣ ਸਾਲ 2017-18 ਵਿਚ ਇਹੋ ਬਜਟ ਵੱਧ ਕੇ 43.29 ਕਰੋੜ ਰੁਪਏ ਹੋ ਗਿਆ ਹੈ, ਜਿਸ ਵਿਚੋਂ 42.53 ਕਰੋੜ ਰੁਪਏ ਖਰਚੇ ਗਏ ਹਨ। ਵਿਧਾਨ ਸਭਾ ਦੀਆਂ 13 ਕਮੇਟੀਆਂ ਹਨ ਜਿਨ੍ਹਾਂ ਦੇ ਮੈਂਬਰਾਂ ਵੱਲੋਂ ਕਈ ਮੀਟਿੰਗਾਂ ਪਹਾੜੀ ਥਾਵਾਂ 'ਤੇ ਕੀਤੀਆਂ ਜਾਂਦੀਆਂ ਹਨ। ਕਈ ਵਿਧਾਇਕਾਂ ਤਾਂ ਭੱਤੇ ਲੈਣ ਖਾਤਰ ਇਨ੍ਹਾਂ ਮੀਟਿੰਗਾਂ ਲਈ ਊਰੀ ਵਾਂਗੂ ਘੁੰਮਦੇ ਹਨ। ਸਿਆਸੀ ਧਿਰਾਂ ਵਿਚ ਲੋਕ ਮੁੱਦਿਆਂ ਉਤੇ ਲੱਖ ਵਖਰੇਵੇਂ ਖੜ੍ਹੇ ਹੋ ਜਾਂਦੇ ਹਨ ਪਰ ਤਨਖਾਹਾਂ ਤੇ ਭੱਤਿਆਂ ਵਿਚ ਵਾਧੇ ਮੌਕੇ ਸਭ ਧਿਰਾਂ ਘਿਓ ਖਿਚੜੀ ਹੋ ਜਾਂਦੀਆਂ ਹਨ।


## ਵਿਧਾਇਕਾਂ ਦੇ ਇਲਾਜ 'ਤੇ ਖਰਚੇ ਛੇ ਕਰੋੜ

ਵਿਧਾਇਕਾਂ ਦੇ ਇਲਾਜ 'ਤੇ ਖ਼ਰਚੇ ਛੇ ਕਰੋੜ ਰੁਪਏ ਨੇ ਵੀ ਖ਼ਜ਼ਾਨੇ ਨੂੰ ਮੰਜੇ ਵਿਚ ਪਾਇਆ ਹੈ। 11 ਵਰ੍ਹਿਆਂ ਦੌਰਾਨ ਵਿਧਾਇਕਾਂ ਦੀ ਸਿਹਤ ਉਤੇ ਸਰਕਾਰੀ ਖ਼ਜ਼ਾਨੇ ਨੇ 6.01 ਕਰੋੜ ਰੁਪਏ ਖ਼ਰਚ ਕੀਤੇ ਹਨ। ਸਾਲ 2010-11 ਵਿਚ ਤਾਂ ਇਨ੍ਹਾਂ ਵਿਧਾਇਕਾਂ ਦੇ ਇਲਾਜ 'ਤੇ ਇਕੋ ਵਰ੍ਹੇ ਵਿਚ 3.59 ਕਰੋੜ ਰੁਪਏ ਖ਼ਰਚ ਕੀਤੇ ਗਏ ਸਨ। ਸਾਲ 2017-18 ਵਿਚ ਵਿਧਾਇਕਾਂ ਦਾ ਇਲਾਜ ਖਰਚਾ 14.10 ਲੱਖ ਰੁਪਏ ਰਿਹਾ ਹੈ। ਇਸ ਤੋਂ ਇਲਾਵਾ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪਰਿਵਾਰ ਅਤੇ ਸਾਬਕਾ ਮੁੱਖ ਮੰਤਰੀ ਹਰਚਰਨ ਸਿੰਘ ਬਰਾੜ ਦੇ ਵਿਧਾਇਕ ਲੜਕੇ ਦਾ ਇਲਾਜ ਖਰਚਾ ਕਰੀਬ ਛੇ ਕਰੋੜ 'ਚ ਖ਼ਜ਼ਾਨੇ ਨੂੰ ਪਿਆ ਹੈ।

## ਕੈਪਟਨ ਨੇ ਡੌਲਫਿਨ ਨੂੰ ਐਲਾਨਿਆ ਸੂਬੇ ਦਾ ਜਲ ਜੀਵ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦਰਿਆਈ ਡੌਲਫਿਨ ਮੱਛੀ ਨੂੰ ਪੰਜਾਬ ਦਾ ਸੂਬਾਈ ਜਲ ਜੀਵ ਐਲਾਨ ਦਿੱਤਾ ਹੈ। ਮੁੱਖ ਮੰਤਰੀ ਨੇ ਕਿਹਾ ਹੈ ਕਿ ਇੰਡਸ ਰਿਵਰ ਡੌਲਫਿਨ ਨੂੰ ਪੰਜਾਬ ਦਾ ਸੂਬਾਈ ਜਲ ਜੀਵ ਐਲਾਨੇ ਜਾਣ 'ਤੇ ਮੈਂ ਬੇਹੱਦ ਖੁਸ਼ ਹਾਂ। ਇੰਡਸ ਰਿਵਰ ਡੌਲਫਿਨ ਸਿੰਧੂ ਜਲ ਦੇ ਦਰਿਆਵਾਂ ਵਿਚ ਪਾਈ ਜਾਂਦੀ ਹੈ ਤੇ ਇਹ ਕਿਸਮ ਲੁਪਤ ਹੋਣ ਵਾਲੇ ਜੰਗਲੀ ਜੀਵਾਂ ਵਿਚੋਂ ਇਕ ਹੈ। ਇਸ ਸਮੇਂ ਡੌਲਫਿਨ ਮੱਛੀ ਦੀ ਗਿਣਤੀ ਕਰੀਬ 1800 ਹੈ ਤੇ ਅੱਧਿਓਂ ਵੱਧ ਇਹ ਪਾਕਿਸਤਾਨ ਵਾਲੇ ਪਾਸੇ ਹੈ। ਪੰਜਾਬ 'ਚ ਇਹ ਮੁੱਖ ਤੌਰ 'ਤੇ ਸਤਲੁਜ ਤੇ ਬਿਆਸ ਦਰਿਆਵਾਂ 'ਚ ਪਾਈ ਜਾਂਦੀ ਹੈ। ਇਹ ਦੁਧਾਰੂ ਜੀਵ ਪਾਕਿਸਤਾਨ ਦਾ ਕੌਮੀ ਜੀਵ ਹੈ ਤੇ ਚੜ੍ਹਦੇ ਪੰਜਾਬ ਨੇ ਇਸ ਨੂੰ ਹੁਣ ਸੂਬਾਈ ਜੀਵ ਐਲਾਨ ਦਿੱਤਾ ਹੈ।

ਪਿਛਲੇ ਸਾਲ ਮਈ ਮਹੀਨੇ ਦੌਰਾਨ ਬਿਆਸ ਦਰਿਆ 'ਚ ਖੰਡ ਮਿਲ ਦਾ ਸੀਰਾ ਛੱਡੇ ਜਾਣ ਕਾਰਨ ਵੱਡੀ ਗਿਣਤੀ ਵਿਚ ਜਲ ਜੀਵਾਂ ਦੀ ਮੌਤ ਹੋ ਗਈ ਸੀ।


Homeopathicvibes
Harminder Singh Gill

D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
www.homeopathicvibes.com
Ph: (408) 737-7100
Fax: (408)737-7102
39210 State St., Suite 111, Fremont, CA 94538
We sell and ship homeopathic remedies through out North America.

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

ਟਰਾਈ ਸਟੇਟ ਟਰੱਕ ਰਿਪੇਅਰ ਐਂਡ ਟਾਇਰ ਸ਼ਾਪ
ਮਕੈਨਿਕ ਦੀ ਲੋੜ ਹੈ

ਸਿਨਸਿਨੈਟੀ, ਓਹਾਇਓ ਵਿਚ ਸੈਮੀ ਟਰੱਕ ਗੈਰਾਜ ਲਈ ਮਕੈਨਿਕ ਦੀ ਲੋੜ ਹੈ, ਜਿਸ ਨੂੰ ਪੀ. ਐਮ. ਸਰਵਿਸ, ਟਾਇਰ ਚੈਂਜ ਅਤੇ ਬਰੇਕਾਂ ਦਾ ਕੰਮ ਆਉਂਦਾ ਹੋਵੇ।
ਅਨੁਭਵੀ ਬੰਦੇ ਨੂੰ ਚੰਗੀ ਤਨਖਾਹ
ਰਿਹਾਇਸ਼ ਦੇ ਪ੍ਰਬੰਧ ਵਿਚ ਮਦਦ ਵੀ ਕਰਾਂਗੇ
ਸੰਪਰਕ ਕਰੋ
ਜਸਮਿੰਦਰ ਸਿੰਘ, ਫੋਨ: 513-765-0013
ਰਣਜੀਤ ਸਿੰਘ, ਫੋਨ: 513-804-0444

# ਮੰਡ, ਦਾਦੂਵਾਲ ਤੇ ਅਜਨਾਲਾ ਸਿੱਖ ਸੰਘਰਸ਼ ਤੋਂ ਲਾਂਭੇ

**ਜਲੰਧਰ:** ਸਰਬੱਤ ਖਾਲਸਾ ਵੱਲੋਂ ਥਾਪੇ ਜਥੇਦਾਰ ਜਗਤਾਰ ਸਿੰਘ ਹਵਾਰਾ ਵੱਲੋਂ ਬਣਾਈ ਪੰਜ ਮੈਂਬਰੀ ਕਮੇਟੀ ਨੇ ਜਥੇਦਾਰ ਧਿਆਨ ਸਿੰਘ ਮੰਡ, ਜਥੇਦਾਰ ਬਲਜੀਤ ਸਿੰਘ ਦਾਦੂਵਾਲ ਤੇ ਜਥੇਦਾਰ ਅਮਰੀਕ ਸਿੰਘ ਅਜਨਾਲਾ ਨੂੰ ਸਿੱਖ ਪੰਥ ਲਈ ਕੀਤੇ ਜਾਣ ਵਾਲੇ ਸੰਘਰਸ਼ਾਂ ਤੋਂ ਲਾਂਭੇ ਕਰ ਦਿੱਤਾ ਹੈ। ਇਹ ਫੈਸਲਾ ਗੁਰੂ ਤੇਗ ਬਹਾਦਰ ਨਗਰ ਵਿਚਲੇ ਗੁਰਦੁਆਰਾ ਪਾਤਸ਼ਾਹੀ ਨੌਵੀਂ ਵਿਖੇ ਮੀਟਿੰਗ ਦੌਰਾਨ ਕੀਤਾ ਗਿਆ। ਇਸ ਪੰਜ ਮੈਂਬਰੀ ਕਮੇਟੀ ਵਿਚੋਂ ਚਾਰ ਮੈਂਬਰ ਹਾਜ਼ਰ ਸਨ। ਇਨ੍ਹਾਂ ਵਿਚ ਭਾਈ ਅਮਰ ਸਿੰਘ ਚਾਹਲ, ਭਾਈ ਨਰਾਇਣ ਸਿੰਘ ਚੌੜਾ, ਪ੍ਰੋਫੈਸਰ ਬਲਜਿੰਦਰ ਸਿੰਘ ਤੇ ਮਾਸਟਰ ਸੰਤੋਖ ਸਿੰਘ ਦਾਬਾਂਵਾਲਾ ਹਾਜ਼ਰ ਹੋਏ, ਜਦੋਂਕਿ ਜਸਪਾਲ ਸਿੰਘ ਹੇਰਾਂ ਕਿਸੇ ਕਾਰਨ ਨਹੀਂ ਆ ਸਕੇ।

ਮੀਟਿੰਗ ਤੋਂ ਬਾਅਦ ਕਮੇਟੀ ਮੈਂਬਰ ਨੇ ਪ੍ਰੋਫੈਸਰ ਬਲਜਿੰਦਰ ਸਿੰਘ ਨੇ ਦੱਸਿਆ ਕਿ ਜਥੇਦਾਰ ਧਿਆਨ ਸਿੰਘ ਮੰਡ, ਜਥੇਦਾਰ ਬਲਜੀਤ ਸਿੰਘ ਦਾਦੂਵਾਲ ਤੇ ਜਥੇਦਾਰ ਅਮਰੀਕ ਸਿੰਘ ਅਜਨਾਲਾ ਨੇ ਸਿੱਖ ਕੌਮ ਨੂੰ ਨਿਰਾਸ਼ ਕੀਤਾ ਹੈ। ਉਨ੍ਹਾਂ ਕਿਹਾ ਮੀਟਿੰਗ ਵਿਚ ਸਾਰੇ ਮੈਂਬਰਾਂ ਨੇ ਇਕਮੱਤ ਹੁੰਦਿਆਂ ਇਨ੍ਹਾਂ ਜਥੇਦਾਰਾਂ ਨੂੰ ਪੰਥਕ ਸੰਘਰਸ਼ਾਂ ਤੋਂ ਦੂਰ ਰੱਖਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਇਨ੍ਹਾਂ ਜਥੇਦਾਰਾਂ ਦੀ ਆਪਸ ਵਿਚ ਬਣਦੀ ਨਹੀਂ ਸੀ, ਇਸੇ ਕਰ ਕੇ ਇਹ ਫੈਸਲਾ ਕਰਨਾ ਪਿਆ। ਪੰਜਾਬ ਸਰਕਾਰ ਨੂੰ 15 ਫਰਵਰੀ ਤੱਕ ਦਾ ਅਲਟੀਮੇਟਮ ਪਹਿਲਾਂ ਹੀ ਦਿੱਤਾ ਹੋਇਆ ਹੈ। ਉਸ ਤੋਂ ਬਾਅਦ ਐਲਾਨੇ ਜਾਣ ਵਾਲੇ ਸੰਘਰਸ਼ ਦੀ ਅਗਵਾਈ ਉਕਤ ਜਥੇਦਾਰ ਨਹੀਂ ਕਰਨਗੇ। ਉਨ੍ਹਾਂ ਦੱਸਿਆ ਕਿ ਜਦੋਂ ਤੱਕ ਬਰਗਾੜੀ ਤੇ ਬਹਿਬਲ ਕਲਾਂ ਕਾਂਡ ਦੇ ਅਸਲ ਦੋਸ਼ੀ ਨਹੀਂ ਫੜੇ ਜਾਂਦੇ, ਉਦੋਂ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਮੋਗੇ ਦੇ ਐਸ.ਐਸ.ਪੀ. ਰਹੇ ਚਰਨਜੀਤ ਸ਼ਰਮਾ ਦੀ ਗ੍ਰਿਫਤਾਰੀ ਬਾਰੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿਹਾ ਗੋਲੀ ਚਲਾਉਣ ਦੇ ਹੁਕਮ ਉਸ ਦੇ ਇਕੱਲੇ ਦੇ ਨਹੀਂ ਹੋ ਸਕਦੇ। ਜਦੋਂ ਤੱਕ ਬਾਕੀਆਂ ਦੀ ਗ੍ਰਿਫਤਾਰੀ ਨਹੀਂ ਹੁੰਦੀ, ਉਦੋਂ ਤੱਕ ਸੰਘਰਸ਼ ਮੱਠਾ ਨਹੀਂ ਪੈਣ ਦਿੱਤਾ ਜਾਵੇਗਾ।

# 35 ਸਾਲ ਪੁਰਾਣੇ ਕਤਲ ਮਾਮਲੇ ਵਿਚ ਵਲਟੋਹਾ ਦੀਆਂ ਮੁਸ਼ਕਿਲਾਂ ਵਧੀਆਂ

**ਤਰਨਤਾਰਨ:** ਪੱਟੀ ਵਿਚ ਖਾੜਕੂਵਾਦ ਦੇ ਸਮੇਂ ਸਾਲ 1983 'ਚ ਰੇਲਵੇ ਸਟੇਸ਼ਨ ਦੇ ਨੇੜੇ ਪੱਟੀ ਦੇ ਪ੍ਰਸਿੱਧ ਡਾ. ਸੁਦਰਸ਼ਨ ਤ੍ਰੇਹਨ ਕਤਲ ਮਾਮਲੇ 'ਚ ਪੱਟੀ ਪੁਲਿਸ ਨੇ 35 ਸਾਲ ਬਾਅਦ ਚਲਾਨ ਪੇਸ਼ ਕੀਤਾ ਹੈ। ਚਲਾਨ ਵਿਚ ਸਾਬਕਾ ਮੁੱਖ ਸੰਸਦੀ ਸਕੱਤਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਵਿਰਸਾ ਸਿੰਘ ਵਲਟੋਹਾ ਦਾ ਨਾਂ ਪੇਸ਼ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ 30 ਸਤੰਬਰ 1983 ਨੂੰ ਪੱਟੀ ਦੇ ਪ੍ਰਸਿੱਧ ਡਾਕਟਰ ਸੁਦਰਸ਼ਨ ਤ੍ਰੇਹਨ ਦੇ ਕਲੀਨਿਕ 'ਤੇ ਕੁਝ ਲੋਕਾਂ ਵੱਲੋਂ ਗੋਲੀਆਂ ਚਲਾਈਆਂ ਗਈਆਂ ਸਨ ਜਿਸ 'ਚ ਡਾ. ਸੁਦਰਸ਼ਨ ਤ੍ਰੇਹਨ ਦੀ ਮੌਤ ਹੋ ਗਈ ਸੀ।

ਇਸ ਮਾਮਲੇ 'ਚ ਉਸ ਸਮੇਂ ਥਾਣਾ ਪੱਟੀ ਪੁਲਿਸ ਨੇ ਪਿੰਡ ਭੂਰਾ ਕੋਹਨਾ ਦੇ ਰਹਿਣ ਵਾਲੇ ਹਰਦੇਵ ਸਿੰਘ ਅਤੇ ਬਲਦੇਵ ਸਿੰਘ ਨਾਮਕ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਸੀ। ਪੁਲਿਸ ਅਨੁਸਾਰ ਉਸ ਸਮੇਂ ਪੁੱਛਗਿੱਛ ਦੌਰਾਨ ਉਕਤ ਵਿਅਕਤੀਆਂ ਨੇ ਇਸ ਹੱਤਿਆ ਕਾਂਡ 'ਚ ਪ੍ਰੋ. ਵਿਰਸਾ ਸਿੰਘ ਵਲਟੋਹਾ ਦਾ ਨਾਂ ਲਿਆ ਸੀ। ਡਾ. ਤ੍ਰੇਹਨ ਕਤਲ ਕਾਂਡ 'ਚ ਅਦਾਲਤ ਵੱਲੋਂ ਹਰਦੇਵ ਸਿੰਘ ਅਤੇ ਬਲਦੇਵ ਸਿੰਘ ਨੂੰ ਨਿਰਦੋਸ਼ ਮੰਨਦਿਆਂ ਬਰੀ ਕਰ ਦਿੱਤਾ ਗਿਆ ਸੀ, ਜਦਕਿ ਪ੍ਰੋ. ਵਲਟੋਹਾ ਨੂੰ ਭਗੌੜਾ ਘੋਸ਼ਿਤ ਕੀਤਾ ਗਿਆ ਸੀ।

ਇਹ ਮਾਮਲਾ ਦੁਬਾਰਾ ਚਰਚਾ 'ਚ ਆਉਣ ਤੋਂ ਬਾਅਦ ਡਾ. ਤ੍ਰੇਹਨ ਕਤਲ ਕਾਂਡ ਦੇ ਮਾਮਲੇ 'ਚ ਪੁਲਿਸ ਦੇ ਕਬਜ਼ੇ ਵਿਚ ਗੁੰਮ ਹੋਏ ਰਿਕਾਰਡ ਨੂੰ ਖੰਘਾਲਨ ਤੋਂ ਬਾਅਦ ਪੱਟੀ ਪੁਲਿਸ ਨੇ ਵਲਟੋਹਾ ਖਿਲਾਫ ਅਦਾਲਤ ਚਲਾਨ ਪੇਸ਼ ਕੀਤਾ ਹੈ।

ਇਸ ਸਬੰਧੀ ਪ੍ਰੋ. ਵਿਰਸਾ ਸਿੰਘ ਵਲਟੋਹਾ ਨੇ ਕਿਹਾ ਕਿ ਸਰਕਾਰ ਵੱਲੋਂ ਬਹੁਤ ਹੀ ਗੰਦੀ ਰਾਜਨੀਤੀ ਖੇਡੀ ਜਾ ਰਹੀ ਹੈ। ਇਸ ਕਤਲ ਕਾਂਡ 'ਚ ਉਨ੍ਹਾਂ ਨੂੰ ਅਤੇ ਉਕਤ ਦੋ ਵਿਅਕਤੀਆਂ ਨੂੰ ਜਾਣਬੁਝ ਕੇ ਫਸਾਇਆ ਗਿਆ ਸੀ। ਅਦਾਲਤ 'ਚ ਚੱਲੇ ਕੇਸ 'ਚ ਉਹ ਤਿੰਨੇ ਬਾਇਜਤ ਬਰੀ ਹੋ ਚੁੱਕੇ ਹਨ। ਹੁਣ ਸਿਆਸੀ ਦਬਾਅ ਹੇਠ ਉਨ੍ਹਾਂ ਖਿਲਾਫ ਇਸ ਕਤਲ ਕਾਂਡ 'ਚ ਚਲਾਨ ਪੇਸ਼ ਕੀਤਾ ਜਾ ਰਿਹਾ ਹੈ।


PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights

RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results

Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City




US Business Brokers Inc.
American Financing Group LLC

101 W 22nd St, Suite 111, Lombard, IL 60148
23280 Pacific Highway South, Suite 307, Kent, WA 98032

ਬਿਜਨਸ ਵੇਚਣ ਤੇ ਖਰੀਦਣ ਅਤੇ ਫਾਇਨਾਂਸ ਕਰਵਾਉਣ ਲਈ ਸੰਪਰਕ ਕਰੋ






Financing - Loans
- We do all kinds of SBA & Conventional loans.
- We are specialized in Gas Stations, Liquor Stores, Hotels, Convenience Stores, Motels, Apartment Buildings, Strip Plazas, Commercial Buildings, Food Franchise.
- Purchase/Refinance
- Lowest Rates (With or Without Real Estate)
- Best Possible Mortgage Solutions For You...

AMERICAN AFG FINANCING GROUP LLC

Contact us for any Financing Need Nationwide.

• FAST APPROVAL • QUICK CLOSINGS • SBA 504 & 7A
• CONVENTIONAL LOANS • HOTELS, MOTELS
• GAS STATIONS, TRUCK STOPS • INDUSTRIAL CLIENT
• SUBWAY, DUNKIN DONUTS
• LIQUOR STORES, C-STORES, CAR WASH

*Contact us Buy or Sell business*
AJ Sandhu (MBA)
*Managing Broker/Realtor/Consultant*
*Licensed in IL, IN, WA*
916-995-0783 (Cell)
425-529-6283 (Cell)
*630-206-2467 (Fax)*
www.ubbchicago.com aj@ubbchicago.com

# ਅਕਾਲੀ ਦਲ ਅਤੇ ਰਾਸ਼ਟਰੀ ਸਿੱਖ ਸੰਗਤ ਵਿਚਾਲੇ ਤਕਰਾਰ

**ਅੰਮ੍ਰਿਤਸਰ:** ਗੁਰਧਾਮਾਂ ਵਿਚ ਦਖਲ ਦੇ ਮੁੱਦੇ ਉਤੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੀ ਸਹਿਯੋਗੀ ਜਥੇਬੰਦੀ ਰਾਸ਼ਟਰੀ ਸਿੱਖ ਸੰਗਤ ਵਿਚਾਲੇ ਤਕਰਾਰ ਸ਼ੁਰੂ ਹੋ ਗਿਆ ਹੈ। ਰਾਸ਼ਟਰੀ ਸਿੱਖ ਸੰਗਤ ਨੇ ਸ਼੍ਰੋਮਣੀ ਅਕਾਲੀ ਦਲ 'ਤੇ ਦੋਸ਼ ਲਾਇਆ ਕਿ ਉਹ ਆਪਣੇ ਸਿਆਸੀ ਹਿੱਤਾਂ ਲਈ ਧਾਰਮਿਕ ਅਸਥਾਨਾਂ ਦੀ ਵਰਤੋਂ ਕਰਦੇ ਹਨ ਤੇ ਸਿਆਸੀ ਹਿਤ ਵਾਸਤੇ ਹੀ ਡੇਰਾ ਸਿਰਸਾ ਮੁਖੀ ਨੂੰ ਰਾਤੋ-ਰਾਤ ਜਥੇਦਾਰਾਂ ਉਤੇ ਦਬਾਅ ਪਾ ਕੇ ਮੁਆਫੀ ਦਿਵਾ ਦਿੱਤੀ ਸੀ।

## ਗੁਰਧਾਮਾਂ 'ਚ ਸਿਆਸੀ ਦਖਲ

ਅਕਾਲੀ ਦਲ ਕੋਲ ਹੀ ਏਕਾਧਿਕਾਰ ਨਹੀਂ ਹੈ। ਉਨ੍ਹਾਂ ਦੋਸ਼ ਲਾਇਆ ਕਿ ਅਕਾਲੀ ਦਲ ਨੇ ਹਮੇਸ਼ਾ ਆਪਣੇ ਸਿਆਸੀ ਹਿੱਤਾਂ ਲਈ ਧਾਰਮਿਕ ਅਸਥਾਨਾਂ ਦੀ ਵਰਤੋਂ ਕੀਤੀ ਹੈ। ਅਕਾਲੀ ਸਰਕਾਰ ਹੁੰਦਿਆਂ ਸਿੱਖ ਸੰਸਥਾਵਾਂ ਵਿਚ ਦਖਲ ਸਿਖਰ 'ਤੇ ਸੀ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਡੇਰਾ

ਜੇਕਰ ਉਹ ਸਰਕਾਰ ਦੇ ਕਿਸੇ ਫੈਸਲੇ ਤੋਂ ਅਸਹਿਮਤ ਹਨ ਤਾਂ ਉਹ ਪਾਰਟੀ ਛੱਡ ਸਕਦੇ ਹਨ। ਨਾਂਦੇੜ ਦੇ ਬੋਰਡ ਸਬੰਧੀ ਫੈਸਲਾ ਮਹਾਰਾਸ਼ਟਰ ਸਰਕਾਰ ਦਾ ਹੈ ਤੇ ਇਹ ਫੈਸਲਾ ਕਾਨੂੰਨ ਦੇ ਘੇਰੇ ਹੇਠ ਹੈ, ਕਿਉਂਕਿ ਬੋਰਡ ਦੇ ਸੰਵਿਧਾਨ ਵਿਚ ਪਹਿਲਾਂ ਵੀ ਸਰਕਾਰ ਦੀ




ਰਾਸ਼ਟਰੀ ਸਿੱਖ ਸੰਗਤ ਦੇ ਕੌਮੀ ਜਨਰਲ ਸਕੱਤਰ ਡਾ. ਅਵਤਾਰ ਸਿੰਘ ਸ਼ਾਸਤਰੀ ਨੇ ਅਕਾਲੀ ਵਿਧਾਇਕ ਮਨਜਿੰਦਰ ਸਿੰਘ ਸਿਰਸਾ (ਜੋ ਦਿੱਲੀ ਕਮੇਟੀ ਦੇ ਆਗੂ ਵੀ ਹਨ) ਵੱਲੋਂ ਭਾਜਪਾ ਖਿਲਾਫ ਦਿੱਤੇ ਬਿਆਨ ਉਤੇ ਇਤਰਾਜ਼ ਜਤਾਉਂਦਿਆਂ ਆਖਿਆ ਕਿ ਸ੍ਰੀ ਸਿਰਸਾ ਨੂੰ ਭਾਜਪਾ ਦੀ ਆਲੋਚਨਾ ਕਰਨ ਦਾ ਕੋਈ ਨੈਤਿਕ ਹੱਕ ਨਹੀਂ ਹੈ। ਸਿਰਸਾ ਵੱਲੋਂ ਦਿੱਤੇ ਬਿਆਨਾਂ 'ਤੇ ਪ੍ਰਤੀਕਰਮ ਦਿੰਦਿਆਂ ਉਨ੍ਹਾਂ ਆਖਿਆ ਕਿ ਸਿੱਖ ਮੁੱਦਿਆਂ ਉਤੇ ਕੰਮ ਕਰਨ ਦਾ ਸਿਰਫ ਸ਼੍ਰੋਮਣੀ

ਸਿਰਸਾ ਮੁਖੀ ਨੂੰ ਮੁਆਫ ਕਰਾਉਣ ਪਿੱਛੇ ਵੀ ਸ਼੍ਰੋਮਣੀ ਅਕਾਲੀ ਦਲ ਦੇ ਸਿਆਸੀ ਹਿੱਤ ਲੁਕੇ ਹੋਏ ਸਨ। ਇਸ ਸਬੰਧੀ ਸ਼੍ਰੋਮਣੀ ਕਮੇਟੀ ਰਾਹੀਂ 82 ਲੱਖ ਰੁਪਏ ਦੇ ਇਸ਼ਤਿਹਾਰ ਵੀ ਦਿੱਤੇ ਗਏ, ਜਿਸ ਵਿਚ ਉਸ ਨੂੰ ਦਿੱਤੀ ਮੁਆਫੀ ਜਾਇਜ਼ ਕਰਾਰ ਦਿੱਤੀ ਗਈ।

ਤਖਤ ਹਜ਼ੂਰ ਸਾਹਿਬ, ਨਾਂਦੇੜ ਦੇ ਪ੍ਰਬੰਧਕੀ ਬੋਰਡ ਦੇ ਪ੍ਰਧਾਨ ਦੀ ਨਿਯੁਕਤੀ ਲਈ ਭਾਜਪਾ ਸਰਕਾਰ ਦੀ ਦਖਲਅੰਦਾਜ਼ੀ ਸਬੰਧੀ ਸ੍ਰੀ ਸਿਰਸਾ ਦੇ ਬਿਆਨ 'ਤੇ ਡਾ. ਸ਼ਾਸਤਰੀ ਨੇ ਆਖਿਆ ਕਿ

ਜ਼ਿੰਮੇਵਾਰੀ ਦੀ ਮਦ ਸ਼ਾਮਲ ਹੈ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਇਸ ਲਈ ਇਤਰਾਜ਼ ਹੈ, ਕਿਉਂਕਿ ਉਹ ਚੰਗੇ ਗੁਰਸਿੱਖ ਵਿਅਕਤੀਆਂ ਨੂੰ ਪ੍ਰਬੰਧਕੀ ਬੋਰਡ ਵਿਚ ਨਹੀਂ ਆਉਣ ਦੇਣਾ ਚਾਹੁੰਦਾ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ ਆਪਣਾ ਏਕਾਧਿਕਾਰ ਕਾਇਮ ਰੱਖਣਾ ਚਾਹੁੰਦਾ ਹੈ। ਅਕਾਲੀ ਆਗੂਆਂ ਦੀ ਨਾਰਾਜ਼ਗੀ ਇਸ ਲਈ ਵੀ ਹੈ, ਕਿਉਂਕਿ ਭਾਜਪਾ ਦੀ ਕੇਂਦਰ ਸਰਕਾਰ ਵੱਲੋਂ ਸੁਖਦੇਵ ਸਿੰਘ ਢੀਂਡਸਾ ਅਤੇ ਐਡਵੋਕੇਟ ਐਚ.ਐਸ. ਫੂਲਕਾ ਨੂੰ ਸਨਮਾਨਤ ਕੀਤਾ ਗਿਆ ਹੈ ਤੇ ਇਨ੍ਹਾਂ ਦੋਵਾਂ ਨੂੰ ਅਕਾਲੀ ਆਗੂ ਆਪਣੇ ਵਿਰੋਧੀ ਮੰਨਦੇ ਹਨ।

ਦੂਜੇ ਪਾਸੇ, ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਡਾ. ਦਲਜੀਤ ਸਿੰਘ ਚੀਮਾ ਨੇ ਰਾਸ਼ਟਰੀ ਸਿੱਖ ਸੰਗਤ ਦੇ ਆਗੂ ਵੱਲੋਂ ਲਾਏ ਦੋਸ਼ਾਂ ਨੂੰ ਰੱਦ ਕਰਦਿਆਂ ਆਖਿਆ ਕਿ ਸ਼੍ਰੋਮਣੀ ਕਮੇਟੀ ਅਜਿਹੀ ਸਿੱਖ ਸੰਸਥਾ ਹੈ, ਜਿਸ ਦੀਆਂ ਚੋਣਾਂ ਕੇਂਦਰ ਸਰਕਾਰ ਵੱਲੋਂ ਕਰਵਾਈਆਂ ਜਾਂਦੀਆਂ ਹਨ ਅਤੇ ਲੋਕਾਂ ਵੱਲੋਂ ਚੁਣੇ ਨੁਮਾਇੰਦੇ ਸ਼੍ਰੋਮਣੀ ਕਮੇਟੀ ਵਿਚ ਆਉਂਦੇ ਹਨ। ਇਹ ਚੋਣ ਸਾਰੀਆਂ ਹੀ ਸਿੱਖ ਪਾਰਟੀਆਂ ਵੱਲੋਂ ਲੜੀ ਜਾਂਦੀ ਹੈ। ਉਨ੍ਹਾਂ ਨੇ ਏਕਾਧਿਕਾਰ ਦੇ ਦੋਸ਼ ਵੀ ਨਕਾਰੇ। ਉਨ੍ਹਾਂ ਆਖਿਆ ਕਿ ਤਖਤ ਹਜ਼ੂਰ ਸਾਹਿਬ ਦੇ ਪ੍ਰਬੰਧਕੀ ਬੋਰਡ ਵਿਚ ਸਰਕਾਰ ਆਪਣਾ ਨੁਮਾਇੰਦਾ ਲਾਉਣਾ ਚਾਹੁੰਦੀ ਹੈ, ਜਿਸ ਦਾ ਉਥੋਂ ਦੇ ਸਿੱਖਾਂ ਅਤੇ ਤਖਤ ਦੇ ਜਥੇਦਾਰਾਂ ਨੇ ਵੀ ਵਿਰੋਧ ਕੀਤਾ ਹੈ। ਇਸੇ ਲਈ ਸ਼੍ਰੋਮਣੀ ਅਕਾਲੀ ਦਲ ਨੇ ਸਿੱਖਾਂ ਦੀ ਆਵਾਜ਼ ਭਾਜਪਾ ਸਰਕਾਰ ਤੱਕ ਪਹੁੰਚਾਈ ਹੈ।

ਦੱਸਣਯੋਗ ਹੈ ਕਿ ਹਾਲ ਹੀ 'ਚ ਦਿੱਲੀ ਕਮੇਟੀ ਦੇ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਸੋਸ਼ਲ ਮੀਡੀਆ 'ਤੇ ਕਿਹਾ ਸੀ ਕਿ ਤਖਤ ਪਟਨਾ ਸਾਹਿਬ ਅਤੇ ਤਖਤ ਹਜ਼ੂਰ ਸਾਹਿਬ ਦੇ ਪ੍ਰਬੰਧਕੀ ਬੋਰਡ ਵਿਚ ਸਰਕਾਰੀ ਦਖਲ ਖਿਲਾਫ ਮਜਬੂਰ ਹੋ ਕੇ ਬੋਲਣਾ ਪਿਆ ਹੈ। ਪਹਿਲਾਂ ਪਟਨਾ ਸਾਹਿਬ ਪ੍ਰਬੰਧਕੀ ਬੋਰਡ 'ਚ 3 ਮੈਂਬਰ ਧੱਕੇ ਨਾਲ ਸ਼ਾਮਲ ਕਰਾਏ ਗਏ ਅਤੇ ਹੁਣ ਤਖਤ ਹਜ਼ੂਰ ਸਾਹਿਬ ਦੇ ਪ੍ਰਬੰਧਕੀ ਬੋਰਡ ਦੇ ਸੰਵਿਧਾਨ ਵਿਚ ਸੋਧ ਕਰ ਕੇ ਆਪਣੀ ਮਰਜ਼ੀ ਦਾ ਪ੍ਰਧਾਨ ਲਾਉਣਾ ਚਾਹੁੰਦੇ ਹਨ ਤਾਂ ਜੋ ਬੋਰਡ ਉਤੇ ਕਬਜ਼ਾ ਕੀਤਾ ਜਾ ਸਕੇ।

## ਰਾਸ਼ਟਰੀ ਸਿੱਖ ਸੰਗਤ ਦੇ ਬਿਆਨ 'ਤੇ ਸ਼੍ਰੋਮਣੀ ਕਮੇਟੀ ਨੂੰ ਇਤਰਾਜ਼

**ਅੰਮ੍ਰਿਤਸਰ:** ਗੁਰਦੁਆਰਿਆਂ ਵਿਚ ਦਖਲ ਦੇ ਮੁੱਦੇ 'ਤੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਸਮੇਤ ਇਸ ਦੀ ਸਹਿਯੋਗੀ ਜਥੇਬੰਦੀ ਰਾਸ਼ਟਰੀ ਸਿੱਖ ਸੰਗਤ ਵਿਚਾਲੇ ਸ਼ਬਦੀ ਜੰਗ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਰਾਸ਼ਟਰੀ ਸਿੱਖ ਸੰਗਤ ਦੇ ਬਿਆਨਾਂ 'ਤੇ ਵਿਰੋਧ ਜਤਾਇਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਰਾਸ਼ਟਰੀ ਸਿੱਖ ਸੰਗਤ ਦੇ ਜਨਰਲ ਸਕੱਤਰ ਅਵਤਾਰ ਸਿੰਘ ਸ਼ਾਸਤਰੀ ਦੇ ਦਾਅਵੇ ਨੂੰ ਗਲਤ ਕਰਾਰ ਦਿੱਤਾ, ਜਿਸ ਵਿਚ ਕਿਹਾ ਹੈ ਕਿ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਅਕਾਲੀ ਦਲ ਚਲਾ ਰਿਹਾ ਹੈ। ਇਸ ਬਿਆਨ 'ਤੇ ਇਤਰਾਜ਼ ਕਰਦਿਆਂ ਸ੍ਰੀ ਲੌਂਗੋਵਾਲ ਨੇ ਕਿਹਾ ਕਿ ਗੁਰਦੁਆਰਿਆਂ ਦਾ ਪ੍ਰਬੰਧ ਸਿੱਖਾਂ ਦੁਆਰਾ ਚੁਣੀ ਨੁਮਾਇੰਦਾ ਸਿੱਖ ਜਥੇਬੰਦੀ ਸ਼੍ਰੋਮਣੀ ਕਮੇਟੀ ਵੱਲੋਂ ਕੀਤਾ ਜਾਂਦਾ ਹੈ।

## ਮਹਾਰਾਸ਼ਟਰ ਦੇ ਗੁਰਦੁਆਰਾ ਐਕਟ 'ਚ ਕਦੇ ਸੋਧ ਨਹੀਂ ਹੋਵੇਗੀ: ਫੜਨਵੀਸ

**ਜਲੰਧਰ:** ਮਹਾਰਾਸ਼ਟਰ ਦੇ ਗੁਰਦੁਆਰਾ ਐਕਟ 'ਚ ਕੀਤੀ ਜਾ ਰਹੀ ਸੋਧ ਸਬੰਧੀ ਪਿਛਲੇ ਕਈ ਦਿਨਾਂ ਤੋਂ ਚੱਲ ਰਹੀਆਂ ਅਟਕਲਾਂ ਨੂੰ ਮਹਾਰਾਸ਼ਟਰ ਸਰਕਾਰ ਨੇ ਖਤਮ ਕਰਨ ਦਾ ਐਲਾਨ ਕੀਤਾ ਹੈ। ਮੁੱਖ ਮੰਤਰੀ ਦਵਿੰਦਰ ਫੜਨਵੀਸ ਨੇ ਭਾਜਪਾ ਦੇ ਸੀਨੀਅਰ ਆਗੂ ਆਰ.ਪੀ. ਸਿੰਘ ਨੂੰ ਭਰੋਸਾ ਦਿੱਤਾ ਹੈ ਕਿ ਐਕਟ 'ਚ ਕਿਸੇ ਵੀ ਤਰ੍ਹਾਂ ਦੀ ਸੋਧ ਦਾ ਫੈਸਲਾ ਵਾਪਸ ਲੈ ਲਿਆ ਗਿਆ ਹੈ ਤੇ ਐਕਟ 'ਚ ਕਦੇ ਵੀ ਸੋਧ ਨਹੀਂ ਹੋਵੇਗੀ। ਸ਼੍ਰੋਮਣੀ ਅਕਾਲੀ ਦਲ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਇਸ ਬਾਰੇ ਸਪੱਸ਼ਟ ਕਿਹਾ ਸੀ ਕਿ ਜੇਕਰ ਮਹਾਰਾਸ਼ਟਰ ਸਰਕਾਰ ਐਕਟ 'ਚ ਸੋਧ ਨੂੰ ਵਾਪਸ ਨਹੀਂ ਲੈਂਦੀ ਤਾਂ ਅਕਾਲੀ ਦਲ ਨੂੰ ਭਾਜਪਾ ਨਾਲੋਂ ਅਲੱਗ ਹੋ ਜਾਣਾ ਚਾਹੀਦਾ ਹੈ।

# 1984 ਸਿੱਖ ਕਤਲੇਆਮ ਦੀ ਜਾਂਚ ਦੇ ਜਲਦ ਨਿਬੇੜੇ ਲਈ ਸਖਤ ਹਦਾਇਤਾਂ

**ਨਵੀਂ ਦਿੱਲੀ:** ਦਿੱਲੀ ਦੀ ਅਦਾਲਤ ਨੇ ਸੀ.ਬੀ.ਆਈ. ਨੂੰ ਨਿਰਦੇਸ਼ ਦਿੱਤੇ ਹਨ ਕਿ 1984 ਸਿੱਖ ਕਤਲੇਆਮ ਕੇਸ ਦੀ ਜਾਂਚ ਜਲਦ ਨਿਬੇੜੀ ਜਾਵੇ, ਜਿਸ 'ਚ ਕਾਂਗਰਸ ਆਗੂ ਜਗਦੀਸ਼ ਟਾਈਟਲਰ ਨੂੰ ਕਲੀਨ ਚਿਟ ਦਿੱਤੀ ਗਈ ਸੀ।




ਅਦਾਲਤ ਨੇ ਕਿਹਾ ਕਿ ਇਹ ਗੰਭੀਰ ਮੁੱਦਾ ਹੈ।

ਸੀ.ਬੀ.ਆਈ. ਨੇ ਵਧੀਕ ਮੁੱਖ ਮੈਟਰੋਪੋਲਿਟਨ ਮੈਜਿਸਟਰੇਟ ਅਮਿਤ ਅਰੋੜਾ ਦੀ ਅਦਾਲਤ ਨੂੰ ਦੱਸਿਆ ਕਿ ਇਸ ਕੇਸ 'ਚ ਗਵਾਹ ਵਜੋਂ ਪੇਸ਼ ਹੋ ਕੇ ਮਦਦ ਕਰਨ ਵਾਲੇ ਵਿਵਾਦਤ ਕਾਰੋਬਾਰੀ ਅਭਿਸ਼ੇਕ ਵਰਮਾ ਦਾ ਲਾਈ ਡਿਟੈਕਟਰ ਟੈਸਟ (ਝੂਠ ਫੜਨ ਵਾਲਾ ਟੈਸਟ) ਲੰਘੇ ਸਾਲ ਦਸੰਬਰ ਮਹੀਨੇ ਕੀਤਾ ਗਿਆ ਸੀ ਪਰ ਮਾਹਰਾਂ ਦੀ ਅਣਹੋਂਦ ਕਾਰਨ ਇਸ ਦੀ ਰਿਪੋਰਟ ਤਿਆਰ ਨਹੀਂ ਕੀਤੀ ਜਾ ਸਕੀ। ਅਦਾਲਤ ਨੇ ਫੋਰੈਂਸਿਕ ਸਾਇੰਸ ਲੈਬਾਰਟਰੀ (ਐਫ.ਐਸ.ਐਲ.) ਨੂੰ ਹਦਾਇਤ ਕੀਤੀ ਕਿ ਇਸ ਸਬੰਧੀ ਰਿਪੋਰਟ ਜਲਦ ਤੋਂ ਜਲਦ ਤਿਆਰ ਕੀਤੀ ਜਾਵੇ। ਅਦਾਲਤ ਨੇ ਐਫ.ਐਸ.ਐਲ. ਨੂੰ ਰਿਪੋਰਟ ਤਿਆਰ ਕਰਨ ਲਈ ਦੋ ਹਫਤਿਆਂ ਦਾ ਸਮਾਂ ਦਿੰਦਿਆਂ ਕੇਸ ਦੀ ਸੁਣਵਾਈ 8 ਮਾਰਚ ਨੂੰ ਪਾ ਦਿੱਤੀ ਹੈ।

ਸੀ.ਬੀ.ਆਈ. ਨੇ ਸੀਲਬੰਦ ਲਿਫਾਫੇ 'ਚ ਰਿਪੋਰਟ ਪੇਸ਼ ਕਰਦਿਆਂ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਨੂੰ ਕੈਨੇਡਾ ਦੀ ਸਰਕਾਰ ਨੇ ਕੁਝ ਸਵਾਲ ਕੀਤੇ ਹਨ, ਜਿਨ੍ਹਾਂ ਬਾਰੇ ਉਨ੍ਹਾਂ ਨੇ ਜਵਾਬ ਦੇਣਾ ਹੈ। ਕੁਝ ਸਮਾਂ ਪਹਿਲਾਂ ਅਦਾਲਤ ਨੇ ਸੀ.ਬੀ.ਆਈ. ਨੂੰ ਕਿਹਾ ਸੀ ਕਿ ਉਹ ਨਵੀਂ ਦਿੱਲੀ ਸਥਿਤ ਕੈਨੇਡੀਅਨ ਹਾਈ ਕਮਿਸ਼ਨ ਨੂੰ ਲਿਖ ਕੇ ਇਸ ਸਮੇਂ ਕੈਨੇਡਾ ਵਿਚ ਰਹਿ ਰਹੇ ਇਸ ਕੇਸ ਨਾਲ ਸਬੰਧਤ ਮੁੱਖ ਗਵਾਹ ਬਾਰੇ ਜਾਣਕਾਰੀ ਹਾਸਲ ਕਰਨ। ਪੀੜਤ ਧਿਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ ਦਾਅਵਾ ਕੀਤਾ ਕਿ ਜਗਦੀਸ਼ ਟਾਈਟਲਰ ਨੇ ਇਸ ਕੇਸ ਦੇ ਮੁੱਖ ਗਵਾਹ ਸੁਰਿੰਦਰ ਸਿੰਘ ਦੇ ਪੁੱਤਰ ਨਰਿੰਦਰ ਸਿੰਘ ਨੂੰ ਕੈਨੇਡਾ ਭੇਜ ਦਿੱਤਾ ਸੀ ਤੇ ਉਸ ਰਾਹੀਂ ਸੁਰਿੰਦਰ ਸਿੰਘ ਉਤੇ ਆਪਣੇ ਬਿਆਨ ਬਦਲਣ ਲਈ ਦਬਾਅ ਬਣਾਇਆ ਜਾ ਰਿਹਾ ਹੈ।

## ਖੋਖਰ ਦੀ ਪੈਰੋਲ ਬਾਰੇ ਦਿੱਲੀ ਸਰਕਾਰ ਨੂੰ ਹੁਕਮ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਦਿੱਲੀ ਸਰਕਾਰ ਨੂੰ ਕਿਹਾ ਹੈ ਕਿ ਉਹ ਸਿੱਖ ਕਤਲੇਆਮ ਦੇ ਦੋਸ਼ੀ ਬਲਵਾਨ ਖੋਖਰ ਦੀ ਪੈਰੋਲ ਬਾਰੇ ਪਟੀਸ਼ਨ ਉਪਰ 2 ਹਫਤੇ ਵਿਚ ਫੈਸਲਾ ਲਵੇ। ਖੋਖਰ ਨੂੰ 1984 ਦੇ ਸਿੱਖ ਕਤਲੇਆਮ ਦੇ ਮਾਮਲੇ ਵਿਚ ਸਾਬਕਾ ਕਾਂਗਰਸ ਆਗੂ ਸੱਜਣ ਕੁਮਾਰ ਨਾਲ ਦਸੰਬਰ 'ਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਜੱਜ ਨਜਮੀ ਵਜ਼ੀਰੀ ਨੇ ਦਿੱਲੀ ਸਰਕਾਰ ਨੂੰ ਹਦਾਇਤ ਕੀਤੀ ਕਿ ਸਾਬਕਾ ਕੌਂਸਲਰ ਬਲਵਾਨ ਖੋਖਰ ਦੀ ਪਟੀਸ਼ਨ ਨੂੰ ਪ੍ਰਤੀਨਿਧਤਾ ਕਰਦੀ ਮੰਨਿਆ ਜਾਵੇ ਤੇ ਦੋ ਹਫਤਿਆਂ 'ਚ ਨਿਪਟਾਰਾ ਕਰਦਿਆਂ ਅਦਾਲਤ ਨੂੰ ਇਸ ਸਬੰਧੀ ਦੱਸਿਆ ਜਾਵੇ। ਇਸ ਦੇ ਨਾਲ ਅਦਾਲਤ ਨੇ ਸੁਪਰੀਮ ਕੋਰਟ ਵਿਚ ਵਿਸ਼ੇਸ਼ ਲੀਵ ਪਟੀਸ਼ਨ ਦਾਖਲ ਕਰਨ ਲਈ ਮਹੀਨੇ ਦੀ ਪੈਰੋਲ ਦੀ ਮੰਗ ਕਰਨ ਵਾਲੀ ਪਟੀਸ਼ਨ ਖਾਰਜ ਕਰ ਦਿੱਤੀ। ਸੱਜਣ ਕੁਮਾਰ ਤੇ ਸਾਥੀਆਂ ਨੂੰ ਹੇਠਲੀ ਅਦਾਲਤ ਵੱਲੋਂ ਬਰੀ ਕਰਨ ਦੇ ਫੈਸਲੇ ਨੂੰ ਲਾਂਭੇ ਕਰਦਿਆਂ ਹਾਈ ਕੋਰਟ ਨੇ ਉਨ੍ਹਾਂ ਨੂੰ ਸਜ਼ਾ ਸੁਣਾਈ ਸੀ। ਉਮਰ ਕੈਦ ਦੀ ਸਜ਼ਾ ਪਾਲਮ ਕਾਲੋਨੀ ਵਿਖੇ 1-2 ਨਵੰਬਰ 1984 ਨੂੰ ਮਾਰੇ ਗਏ ਪੰਜ ਸਿੱਖਾਂ ਅਤੇ ਗੁਰਦੁਆਰਾ ਸਾੜੇ ਜਾਣ ਦੇ ਕੇਸ ਵਿਚ ਦਿੱਤੀ ਗਈ ਹੈ।

# ਗਿਆਨੀ ਇਕਬਾਲ ਸਿੰਘ ਖਿਲਾਫ ਅਕਾਲ ਤਖਤ 'ਤੇ ਪੁੱਜੀ ਇਕ ਹੋਰ ਸ਼ਿਕਾਇਤ

**ਅੰਮ੍ਰਿਤਸਰ:** ਵਿਵਾਦ ਵਿਚ ਘਿਰੇ ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਖਿਲਾਫ ਇਕ ਹੋਰ ਸ਼ਿਕਾਇਤ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਸੌਂਪੀ ਗਈ ਹੈ। ਇਹ ਸ਼ਿਕਾਇਤ ਉਨ੍ਹਾਂ ਦੀ ਦੂਜੀ ਪਤਨੀ ਬਲਜੀਤ ਕੌਰ ਵੱਲੋਂ ਕੀਤੀ ਗਈ ਹੈ ਅਤੇ ਇਸ ਸਬੰਧੀ ਪੱਤਰ ਕੁਝ ਬੀਬੀਆਂ ਵੱਲੋਂ ਸੌਂਪਿਆ ਗਿਆ ਹੈ।

ਇਹ ਸ਼ਿਕਾਇਤ ਪੱਤਰ ਸ੍ਰੀ ਅਕਾਲ ਤਖਤ ਦੇ ਸਕੱਤਰੇਤ 'ਚ ਪ੍ਰਾਪਤ ਕੀਤਾ ਗਿਆ ਹੈ ਅਤੇ ਮਗਰੋਂ ਇਹ ਪੱਤਰ ਲੈ ਕੇ ਆਈਆਂ ਬੀਬੀਆਂ ਨੇ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਵੀ ਕੀਤੀ। ਉਨ੍ਹਾਂ ਗਿਆਨੀ ਇਕਬਾਲ ਸਿੰਘ ਖਿਲਾਫ ਵਧੀਕੀਆਂ ਦੇ ਦੋਸ਼ ਲਾਉਂਦਿਆਂ ਕਾਰਵਾਈ ਦੀ ਮੰਗ ਕੀਤੀ। ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਇਹ ਮਾਮਲਾ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵੇਲੇ ਵਿਚਾਰਿਆ ਜਾਵੇਗਾ। ਇਹ ਪੱਤਰ ਸੌਂਪਣ ਵਾਲੀਆਂ ਬੀਬੀਆਂ ਵਿਚ ਸੁਰਬੀਰ ਕੌਰ, ਇੰਦਰਜੀਤ ਕੌਰ, ਰਵਿੰਦਰ ਕੌਰ, ਗੁਰਚਰਨ ਕੌਰ, ਮਨਜੀਤ ਕੌਰ, ਬਲਵਿੰਦਰ ਕੌਰ ਆਦਿ ਸ਼ਾਮਲ ਸਨ। ਉਨ੍ਹਾਂ ਦੱਸਿਆ ਕਿ ਇਹ ਸ਼ਿਕਾਇਤ ਪੱਤਰ ਲੈ ਕੇ ਬੀਬੀ ਬਲਜੀਤ ਕੌਰ ਨੇ ਖੁਦ ਆਉਣਾ ਸੀ ਪਰ ਉਨ੍ਹਾਂ ਦੀ ਸਿਹਤ ਠੀਕ ਨਹੀਂ ਹੈ। ਇਸ ਲਈ ਬੀਬੀਆਂ ਦੇ ਵਫਦ ਨੇ ਇਹ ਪੱਤਰ ਅਕਾਲ ਤਖਤ ਦੇ ਜਥੇਦਾਰ ਨੂੰ ਸੌਂਪਿਆ ਹੈ।

ਇਸ ਪੱਤਰ ਵਿਚ ਜਥੇਦਾਰ ਦੀ ਦੂਜੀ ਪਤਨੀ ਬਲਜੀਤ ਕੌਰ ਨੇ ਦੋਸ਼ ਲਾਇਆ ਕਿ ਉਸ ਨੂੰ ਧੋਖੇ ਵਿਚ ਰੱਖ ਕੇ ਵਿਆਹ ਕੀਤਾ ਗਿਆ ਹੈ। ਪੱਤਰ ਵਿਚ ਉਸ ਨੇ ਲਿਖਿਆ ਕਿ ਵਿਆਹ ਤੋਂ ਪਹਿਲਾਂ ਦੱਸਿਆ ਗਿਆ ਸੀ ਕਿ ਜਥੇਦਾਰ ਦੀ ਪਹਿਲੀ ਪਤਨੀ ਦਾ ਦੇਹਾਂਤ ਹੋ ਚੁੱਕਾ ਹੈ ਜਦਕਿ ਅਜਿਹਾ ਨਹੀਂ ਸੀ। ਉਸ ਨੇ ਆਪਣੇ ਨਾਲ ਹੋਰ ਵਧੀਕੀਆਂ ਕੀਤੇ ਜਾਣ ਅਤੇ ਅਣਮਨੁੱਖੀ ਵਤੀਰਾ ਅਪਨਾਉਣ ਦੇ ਦੋਸ਼ ਵੀ ਲਾਏ ਹਨ। ਉਸ ਨੇ ਗਿਆਨੀ



ਇਕਬਾਲ ਸਿੰਘ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ। ਉਸ ਨੇ ਇਹ ਵੀ ਦੋਸ਼ ਲਾਇਆ ਕਿ ਅਦਾਲਤ ਵੱਲੋਂ ਉਸ ਦਾ ਅੱਠ ਹਜ਼ਾਰ ਰੁਪਏ ਖਰਚਾ ਬੰਨ੍ਹਿਆ ਗਿਆ ਸੀ ਪਰ ਇਹ ਖਰਚਾ ਉਸ ਨੂੰ ਨਹੀਂ ਮਿਲ ਰਿਹਾ ਹੈ।

ਇਥੇ ਦੱਸਣਯੋਗ ਹੈ ਕਿ ਕੁਝ ਦਿਨ ਪਹਿਲਾਂ ਵੀ ਤਖਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਮੈਂਬਰ ਕਮਿਕਰ ਸਿੰਘ ਨੇ ਵੀ ਅਕਾਲ ਤਖਤ ਵਿਖੇ ਪੱਤਰ ਸੌਂਪ ਕੇ ਗਿਆਨੀ ਇਕਬਾਲ ਸਿੰਘ ਖਿਲਾਫ ਗੰਭੀਰ ਦੋਸ਼ ਲਾ ਕੇ ਪੰਥਕ ਰਵਾਇਤਾਂ ਅਨੁਸਾਰ ਕਾਰਵਾਈ ਦੀ ਮੰਗ ਕੀਤੀ ਸੀ।

## ਗਿਆਨੀ ਇਕਬਾਲ ਸਿੰਘ ਨੇ ਦੋਸ਼ ਨਕਾਰੇ

ਗਿਆਨੀ ਇਕਬਾਲ ਸਿੰਘ ਨੇ ਸ਼ਿਕਾਇਤ ਪੱਤਰ 'ਚ ਲਾਏ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਕਿ ਉਹ ਇਸ ਬਾਰੇ ਪਹਿਲਾਂ ਵੀ ਮੀਡੀਆ ਸਾਹਮਣੇ ਆਪਣਾ ਪੱਖ ਸਪੱਸ਼ਟ ਕਰ ਚੁੱਕੇ ਹਨ। ਉਨ੍ਹਾਂ ਆਖਿਆ ਕਿ ਬਲਜੀਤ ਕੌਰ ਵੱਲੋਂ ਇਸ ਸਬੰਧੀ ਅਦਾਲਤ ਵਿਚ ਕੇਸ ਵੀ ਦਾਇਰ ਕੀਤਾ ਗਿਆ ਸੀ, ਜੋ 2018 ਵਿਚ ਖਾਰਜ ਹੋ ਗਿਆ ਹੈ ਤੇ ਹੁਣ ਉਸ ਨਾਲ ਕੋਈ ਲੈਣ-ਦੇਣ ਨਹੀਂ ਹੈ। ਉਨ੍ਹਾਂ ਦੋਸ਼ ਲਾਇਆ ਕਿ ਉਸ ਖਿਲਾਫ ਸਾਜ਼ਿਸ਼ ਤਹਿਤ ਅਜਿਹਾ ਗਲਤ ਪ੍ਰਚਾਰ ਕੀਤਾ ਜਾ ਰਿਹਾ ਹੈ।

# ਰਿਸ਼ੀ ਕੁਮਾਰ ਸ਼ੁਕਲਾ ਬਣੇ ਸੀ. ਬੀ. ਆਈ. ਦੇ ਨਵੇਂ ਮੁਖੀ

**ਨਵੀਂ ਦਿੱਲੀ:** ਮੱਧ ਪ੍ਰਦੇਸ਼ ਦੇ ਸਾਬਕਾ ਪੁਲਿਸ ਮੁਖੀ (ਡੀ.ਜੀ.ਪੀ.) ਅਤੇ 1983 ਦੇ ਬੈਚ ਦੇ ਅਧਿਕਾਰੀ ਰਿਸ਼ੀ ਕੁਮਾਰ ਸ਼ੁਕਲਾ ਨੂੰ ਸੀ.ਬੀ.ਆਈ. ਦਾ ਨਵਾਂ ਡਾਇਰੈਕਟਰ ਨਿਯੁਕਤ ਕੀਤਾ ਗਿਆ ਹੈ। ਸ਼ੁਕਲਾ ਮੁਤਾਬਕ ਪ੍ਰਧਾਨ ਮੰਤਰੀ ਦੀ ਅਗਵਾਈ ਵਾਲੀ 3 ਮੈਂਬਰੀ ਚੋਣ ਕਮੇਟੀ ਦੀ ਮੀਟਿੰਗ ਦੋ ਵਾਰ ਬੇਸਿੱਟਾ ਰਹਿਣ ਤੋਂ ਬਾਅਦ ਸਰਕਾਰ ਨੇ ਸਿੱਧੀ ਹੀ ਸ਼ੁਕਲਾ ਦੀ ਨਿਯੁਕਤੀ ਕਰ ਦਿੱਤੀ ਹੈ।

ਸ਼ੁਕਲਾ ਦੀ ਨਿਯੁਕਤੀ ਬਾਰੇ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ 'ਚ ਕਿਹਾ ਗਿਆ ਕਿ ਉਨ੍ਹਾਂ ਨੂੰ ਦੋ ਸਾਲ ਲਈ ਸੀ.ਬੀ.ਆਈ. ਦਾ ਮੁਖੀ ਬਣਾਇਆ ਗਿਆ ਹੈ। ਜ਼ਿਕਰਯੋਗ ਹੈ, ਰਿਸ਼ੀ ਕੁਮਾਰ ਸ਼ੁਕਲਾ ਨੂੰ ਮੱਧ ਪ੍ਰਦੇਸ਼ 'ਚ ਕਾਂਗਰਸ ਦੀ ਸਰਕਾਰ ਬਣਦਿਆਂ ਹੀ ਡੀ.ਜੀ.ਪੀ. ਦੇ ਅਹੁਦੇ ਤੋਂ ਹਟਾਉਣਾ ਪਿਆ ਸੀ। ਮੌਜੂਦਾ ਸਮੇਂ ਉਹ ਭੁਪਾਲ 'ਚ ਮੱਧ ਪ੍ਰਦੇਸ਼ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਦੇ ਚੇਅਰਮੈਨ ਹਨ।

# ਮੋਦੀ ਸਰਕਾਰ ਦੇ ਆਖਰੀ ਬਜਟ ਵਿਚ ਰਿਆਇਤਾਂ ਦੀ ਝੜੀ

**ਨਵੀਂ ਦਿੱਲੀ:** ਆਮ ਚੋਣਾਂ ਤੋਂ ਪਹਿਲਾਂ ਆਖਰੀ ਬਜਟ ਵਿਚ ਲੋਕ ਲੁਭਾਊ ਯੋਜਨਾਵਾਂ ਪੇਸ਼ ਕਰਦਿਆਂ ਨਰਿੰਦਰ ਮੋਦੀ ਸਰਕਾਰ ਨੇ ਲੋਕਾਂ ਨੂੰ 5 ਲੱਖ ਰੁਪਏ ਤੱਕ ਦੀ ਕਮਾਈ 'ਤੇ ਆਮਦਨ ਕਰ ਛੋਟ ਦੀ ਵੱਡੀ ਰਾਹਤ ਦਿੱਤੀ। ਇਸ ਦੇ ਨਾਲ ਛੋਟੇ ਕਿਸਾਨਾਂ ਨੂੰ ਸਾਲਾਨਾ ਛੇ ਹਜ਼ਾਰ ਰੁਪਏ ਨਗਦ ਅਤੇ ਅਸੰਗਠਿਤ ਖੇਤਰ ਦੇ ਕਾਮਿਆਂ ਨੂੰ ਤਿੰਨ ਹਜ਼ਾਰ ਰੁਪਏ ਮਾਸਿਕ ਪੈਨਸ਼ਨ ਦੇਣ ਦੇ ਐਲਾਨ ਵੀ ਕੀਤੇ। ਮੰਨਿਆ ਜਾ ਰਿਹਾ ਸੀ ਕਿ ਇਹ ਅੰਤਰਿਮ ਬਜਟ ਜਾਂ ਵੋਟ ਆਨ ਅਕਾਊਂਟ (ਸਰਕਾਰ ਚਲਾਉਣ ਲਈ ਕੁਝ ਮਹੀਨਿਆਂ ਦਾ ਖਰਚਾ) ਹੈ ਪਰ ਲੋਕ ਸਭਾ 'ਚ ਤਕਰੀਬਨ ਪੂਰਾ ਬਜਟ ਹੀ ਪੇਸ਼ ਕੀਤਾ ਗਿਆ।

ਸ੍ਰੀ ਅਰੁਣ ਜੇਤਲੀ ਦੇ ਇਲਾਜ ਲਈ ਨਿਊ ਯਾਰਕ 'ਚ ਹੋਣ ਕਰਕੇ ਅੰਤਰਿਮ ਵਿੱਤ ਮੰਤਰੀ ਬਣਾਏ ਗਏ ਪਿਊਸ਼ ਗੋਇਲ ਨੇ ਮੱਧ ਵਰਗ ਅਤੇ ਕਿਸਾਨਾਂ ਲਈ ਕਈ ਰਾਹਤਾਂ ਦੀ ਤਜਵੀਜ਼ ਪੇਸ਼ ਕੀਤੀ ਜਿਨ੍ਹਾਂ ਦੀ ਨਾਰਾਜ਼ਗੀ ਸਹੇੜਨ ਕਰ ਕੇ ਭਾਜਪਾ ਨੂੰ ਹੁਣੇ ਜਿਹੇ ਹੋਈਆਂ ਵਿਧਾਨ ਸਭਾ ਚੋਣਾਂ 'ਚ ਖਮਿਆਜ਼ਾ ਭੁਗਤਣਾ ਪਿਆ ਸੀ। ਉਨ੍ਹਾਂ ਕਿਹਾ ਕਿ ਇਹ ਸਿਰਫ ਅੰਤਰਿਮ ਬਜਟ ਨਹੀਂ ਸਗੋਂ ਇਹ ਦੇਸ਼ ਦੀ ਵਿਕਾਸ ਯਾਤਰਾ ਦਾ ਜ਼ਰੀਆ ਹੈ। ਉਨ੍ਹਾਂ ਕਿਹਾ ਕਿ ਐਨ.ਡੀ.ਏ. ਸਰਕਾਰ ਨੇ ਭਾਰਤ ਦੇ ਵਾਧੇ ਅਤੇ ਵਿਕਾਸ ਦੀ ਨੀਂਹ ਰੱਖ ਦਿੱਤੀ ਹੈ ਅਤੇ ਭਾਰਤ ਅਗਲੇ ਪੰਜ ਸਾਲਾਂ 'ਚ 5 ਖਰਬ ਡਾਲਰ ਦਾ ਅਰਥਚਾਰਾ ਬਣਨ ਵੱਲ ਵੱਧ ਰਿਹਾ ਹੈ। ਸ੍ਰੀ ਗੋਇਲ ਵੱਲੋਂ ਪੰਜ ਲੱਖ ਤੱਕ ਦੀ ਕੁੱਲ ਆਮਦਨ 'ਤੇ ਦਿੱਤੀ ਗਈ ਰਾਹਤ ਨਾਲ ਤਿੰਨ ਕਰੋੜ ਤੋਂ ਵੱਧ ਮੁਲਾਜ਼ਮਾਂ, ਪੈਨਸ਼ਨਰਾਂ, ਸਵੈ ਰੁਜ਼ਗਾਰ ਅਤੇ ਛੋਟੇ ਕਾਰੋਬਾਰੀਆਂ ਦੇ ਸਾਲਾਨਾ ਆਮਦਨ ਕਰ 'ਚ 10,900 ਰੁਪਏ ਦੀ ਬੱਚਤ ਹੋਵੇਗੀ। ਜਿਹੜੇ ਵਿਅਕਤੀ ਟੈਕਸ ਬਚਾਉਣ ਲਈ ਡੇਢ ਲੱਖ ਰੁਪਏ ਦਾ ਨਿਵੇਸ਼ ਕਰਨਗੇ, ਉਨ੍ਹਾਂ ਦੀ ਸਾਢੇ ਛੇ ਲੱਖ ਰੁਪਏ ਦੀ ਆਮਦਨ ਟੈਕਸ ਮੁਕਤ ਹੋਵੇਗੀ। ਇਸ ਛੋਟ ਨਾਲ ਸਰਕਾਰ ਦੇ ਮਾਲੀਏ 'ਤੇ 18500 ਕਰੋੜ ਰੁਪਏ ਦਾ ਬੋਝ ਪਏਗਾ।

ਮੱਧ ਵਰਗ ਲਈ ਆਮਦਨ ਕਰ 'ਚ ਰਾਹਤ ਛੋਟ (ਰਿਬੇਟ) ਦੇ ਰੂਪ ਵਿਚ ਆਈ ਹੈ। ਰਿਬੇਟ ਆਮ ਛੋਟ ਨਾਲੋਂ ਵੱਖ ਹੁੰਦੀ ਹੈ ਜਿਸ ਦਾ ਅਰਥ ਹੈ ਕਿ 5 ਲੱਖ ਰੁਪਏ ਤੱਕ ਦੀ ਆਮਦਨ 'ਤੇ ਸਾਰਿਆਂ ਨੂੰ ਟੈਕਸ ਤੋਂ ਛੋਟ ਮਿਲੇਗੀ ਅਤੇ ਇਸ ਤੋਂ ਵੱਧ ਆਮਦਨ ਉਤੇ ਹੀ ਟੈਕਸ ਲੱਗੇਗਾ। ਪੰਜ ਲੱਖ ਰੁਪਏ ਤੋਂ ਵੱਧ ਦੀ ਸਾਲਾਨਾ ਕਮਾਈ ਕਰਨ ਵਾਲਿਆਂ ਨੂੰ ਮੌਜੂਦਾ ਦਰਾਂ 'ਤੇ ਟੈਕਸ ਅਦਾ ਕਰਨਾ ਪਏਗਾ। ਢਾਈ ਲੱਖ ਰੁਪਏ ਉਤੇ ਕੋਈ ਟੈਕਸ ਨਹੀਂ ਲੱਗੇਗਾ। ਢਾਈ ਤੋਂ ਪੰਜ ਲੱਖ ਰੁਪਏ ਦੀ ਆਮਦਨ ਉਤੇ ਪੰਜ ਫੀਸਦੀ, ਪੰਜ ਲੱਖ ਤੋਂ 10 ਲੱਖ ਰੁਪਏ ਦੀ ਆਮਦਨ 'ਤੇ 20 ਫੀਸਦੀ ਅਤੇ 10 ਲੱਖ ਰੁਪਏ ਤੋਂ ਵੱਧ ਦੀ ਕਮਾਈ ਉਤੇ 30 ਫੀਸਦੀ ਟੈਕਸ ਅਦਾ ਕਰਨਾ ਪਏਗਾ।

ਉਨ੍ਹਾਂ ਸਾਢੇ ਸੱਤ ਲੱਖ ਤੋਂ 20 ਲੱਖ ਰੁਪਏ ਦੀ ਆਮਦਨ 'ਤੇ 10 ਤੋਂ 50 ਹਜ਼ਾਰ ਰੁਪਏ ਦੀ ਟੈਕਸ ਰਾਹਤ ਦੇਣ ਦਾ ਐਲਾਨ ਕਰਦਿਆਂ ਕਿਹਾ ਕਿ ਇਸ ਨਾਲ ਦੋ ਤੋਂ ਤਿੰਨ ਹਜ਼ਾਰ ਰੁਪਏ ਦੀ ਬੱਚਤ ਹੋਵੇਗੀ। ਉਧਰ, ਬੈਂਕਾਂ ਅਤੇ ਡਾਕਖਾਨਿਆਂ 'ਚ ਜਮਾਂ ਕਰਾਈ ਗਈ ਰਕਮ ਉਤੇ 40 ਹਜ਼ਾਰ ਰੁਪਏ ਤੱਕ ਦਾ ਵਿਆਜ ਮਿਲਣ ਉਤੇ ਕੋਈ ਟੀ.ਡੀ.ਐਸ. ਨਹੀਂ ਕੱਟਿਆ ਜਾਵੇਗਾ। ਇਸ ਤੋਂ ਪਹਿਲਾਂ 10 ਹਜ਼ਾਰ ਰੁਪਏ ਤੋਂ ਵੱਧ ਵਿਆਜ ਮਿਲਣ 'ਤੇ ਟੈਕਸ ਲਗਦਾ ਸੀ।

ਅੰਤਰਿਮ ਬਜਟ 'ਚ ਟੈਕਸ ਤਜਵੀਜ਼ਾਂ ਸ਼ਾਮਲ ਕਰਨ ਨੂੰ ਜਾਇਜ਼ ਠਹਿਰਾਉਂਦਿਆਂ ਸ੍ਰੀ ਗੋਇਲ ਨੇ ਕਿਹਾ ਕਿ ਰਵਾਇਤ ਮੁਤਾਬਕ ਮੁੱਖ ਟੈਕਸ ਤਜਵੀਜ਼ਾਂ ਆਮ ਬਜਟ ਦੌਰਾਨ ਹੀ ਪੇਸ਼ ਕੀਤੀਆਂ ਜਾਣਗੀਆਂ ਪਰ ਛੋਟੇ ਕਰਦਾਤਾਵਾਂ ਖਾਸ ਕਰਕੇ ਮੱਧ ਵਰਗ, ਤਨਖ਼ਾਹਦਾਰਾਂ, ਪੈਨਸ਼ਨਰਾਂ ਅਤੇ ਸੀਨੀਅਰ ਸਿਟੀਜ਼ਨਾਂ ਦੇ ਮਨਾਂ 'ਚ ਉਨ੍ਹਾਂ ਵੱਲੋਂ ਅਦਾ ਕੀਤੇ ਜਾਣ ਵਾਲੇ ਟੈਕਸਾਂ ਬਾਰੇ ਸਾਲ ਦੇ ਸ਼ੁਰੂ ਵਿਚ ਖ਼ਦਸ਼ਿਆਂ ਨੂੰ ਦੂਰ ਕਰਨਾ ਹੈ। ਉਨ੍ਹਾਂ ਕਿਹਾ ਕਿ ਤਜਵੀਜ਼ਾਂ ਬਾਰੇ ਖਾਸ ਵਰਗਾਂ ਨੂੰ ਉਡੀਕ ਨਹੀਂ ਕਰਨੀ ਚਾਹੀਦੀ ਹੈ। ਸ੍ਰੀ ਗੋਇਲ ਨੇ 12 ਕਰੋੜ ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਰਾਹਤ ਦਿੰਦਿਆਂ ਉਨ੍ਹਾਂ ਦੇ ਬੈਂਕ ਖਾਤਿਆਂ 'ਚ ਸਾਲ ਵਿਚ ਤਿੰਨ ਕਿਸ਼ਤਾਂ ਰਾਹੀਂ ਛੇ ਹਜ਼ਾਰ ਰੁਪਏ ਪਾਉਣ ਦਾ ਐਲਾਨ ਕੀਤਾ ਹੈ। ਇਸ ਨਾਲ ਸਰਕਾਰ 'ਤੇ 75 ਹਜ਼ਾਰ ਕਰੋੜ ਰੁਪਏ ਸਾਲਾਨਾ ਦਾ ਬੋਝ ਪਏਗਾ। ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਤਹਿਤ 2 ਹੈਕਟੇਅਰ ਜ਼ਮੀਨ ਤੋਂ ਘੱਟ ਮਾਲਕੀ ਵਾਲੇ ਕਿਸਾਨਾਂ ਨੂੰ ਲਾਭ ਹੋਵੇਗਾ। ਉਂਜ ਵਿੱਤ ਮੰਤਰੀ ਨੇ ਕਿਹਾ ਕਿ ਯੋਜਨਾ ਮੌਜੂਦਾ ਵਿੱਤੀ ਵਰ੍ਹੇ ਤੋਂ ਲਾਗੂ ਕੀਤੀ ਜਾਵੇਗੀ ਪਰ ਲਾਭਪਾਤਰੀਆਂ ਦੀ ਸ਼ਨਾਖ਼ਤ ਬਾਰੇ ਕੁਝ ਵੀ ਸਪੱਸ਼ਟ ਨਹੀਂ ਹੈ। ਗੈਰਜਥੇਬੰਦ ਖੇਤਰ ਦੇ ਕਾਮਿਆਂ ਲਈ ਮੈਗਾ ਪੈਨਸ਼ਨ ਯੋਜਨਾ ਦੀ ਸ਼ੁਰੂਆਤ ਕੀਤੀ ਗਈ ਹੈ ਜਿਸ ਤਹਿਤ 60 ਸਾਲ ਪੂਰੇ ਹੋਣ 'ਤੇ ਉਨ੍ਹਾਂ ਨੂੰ ਤਿੰਨ ਹਜ਼ਾਰ ਰੁਪਏ ਮਾਸਿਕ ਪੈਨਸ਼ਨ ਮਿਲੇਗੀ। ਸਕੀਮ ਦਾ ਲਾਭ ਲੈਣ ਲਈ ਇਨ੍ਹਾਂ ਕਾਮਿਆਂ ਨੂੰ ਹਰ ਮਹੀਨੇ 100 ਰੁਪਏ ਜਮਾਂ ਕਰਾਉਣੇ ਪੈਣਗੇ।

ਕਿਸਾਨਾਂ ਨੂੰ ਰਾਹਤ ਦੇਣ ਦੀ ਯੋਜਨਾ ਨਾਲ ਸਰਕਾਰ ਦਾ ਵਿੱਤੀ ਘਾਟਾ ਟੀਚਾ 3.3 ਫੀਸਦੀ ਅਤੇ ਅਗਲੇ ਸਾਲ ਇਹ 3.1 ਫੀਸਦੀ 'ਤੇ ਪਹੁੰਚ ਜਾਵੇਗਾ। ਦੋਵੇਂ ਸਾਲਾਂ ਲਈ ਵਿੱਤੀ ਘਾਟਾ ਜੀ.ਡੀ.ਪੀ. ਦਾ 3.4 ਫੀਸਦੀ ਰੱਖਿਆ ਗਿਆ ਹੈ। ਕਿਸਾਨਾਂ ਨੂੰ ਭਰਮਾਉਣ ਲਈ ਪਸ਼ੂ ਪਾਲਣ, ਮੱਛੀ ਪਾਲਣ ਅਤੇ ਕੁਦਰਤੀ ਆਫਤਾਂ ਦੇ ਮਾਰੇ ਕਿਸਾਨਾਂ ਨੂੰ 2 ਫੀਸਦੀ ਵਿਆਜ 'ਤੇ ਕਰਜ਼ੇ ਦਿੱਤੇ ਜਾਣਗੇ। ਕਰਜ਼ਿਆਂ ਦੀ ਸਮੇਂ ਸਿਰ ਅਦਾਇਗੀ ਕਰਨ ਵਾਲੇ ਕਿਸਾਨਾਂ ਨੂੰ ਵਾਧੂ ਤਿੰਨ ਫੀਸਦੀ ਕਰਜ਼ਾ ਮਿਲੇਗਾ।

ਹਾਊਸਿੰਗ ਸੈਕਟਰ ਨੂੰ ਉਤਸ਼ਾਹਿਤ ਕਰਦਿਆਂ ਉਨ੍ਹਾਂ ਦੂਜੇ ਘਰ ਦੀ ਖ਼ਰੀਦ 'ਤੇ ਟੈਕਸ ਨਾ ਲਗਣ ਦਾ ਐਲਾਨ ਕੀਤਾ। ਇਸ ਦੇ ਨਾਲ ਕਿਰਾਏ 'ਤੇ ਟੀ.ਡੀ.ਐਸ. 1.8 ਲੱਖ ਰੁਪਏ ਤੋਂ ਵਧਾ ਕੇ 2.4 ਲੱਖ ਰੁਪਏ ਕਰ ਦਿੱਤਾ ਹੈ। ਅਚੱਲ ਜਾਇਦਾਦ ਦੀ ਵਿਕਰੀ ਤੋਂ ਮਿਲੇ 2 ਕਰੋੜ ਰੁਪਏ ਤਕ ਦੇ ਦੋ ਰਿਹਾਇਸ਼ੀ ਘਰਾਂ ਉਤੇ ਨਿਵੇਸ਼ ਨਾਲ ਕੋਈ ਟੈਕਸ ਨਹੀਂ ਲੱਗੇਗਾ। ਰੱਖਿਆ ਬਜਟ 'ਚ ਸੱਤ ਫੀਸਦੀ ਦਾ ਵਾਧਾ ਕੀਤਾ ਗਿਆ ਹੈ ਜੋ ਹੁਣ 3 ਲੱਖ ਕਰੋੜ ਤੋਂ ਵੱਧ ਹੋ ਗਿਆ ਹੈ। ਭਾਰਤੀ ਰਿਜ਼ਰਵ ਬੈਂਕ ਅਤੇ ਹੋਰ ਬੈਂਕਾਂ ਤੋਂ ਲਾਭ 82,900 ਕਰੋੜ ਰੁਪਏ ਹੋਣ ਦਾ ਅੰਦਾਜ਼ਾ ਲਾਇਆ ਗਿਆ ਹੈ।



ਸੰਸਦ ਵਿਚ ਬਜਟ ਪੇਸ਼ ਕਰਨ ਜਾਂਦੇ ਹੋਏ ਪਿਊਸ਼ ਗੋਇਲ

## ਰੱਖਿਆ ਬਜਟ 3.05 ਲੱਖ ਕਰੋੜ ਨੂੰ ਟੱਪਿਆ

**ਨਵੀਂ ਦਿੱਲੀ:** ਸਾਲ 2019-20 ਦੇ ਰੱਖਿਆ ਬਜਟ ਲਈ ਸਰਕਾਰ ਨੇ 3.05 ਲੱਖ ਕਰੋੜ ਰੁਪਏ ਦਾ ਖ਼ਾਕਾ ਪੇਸ਼ ਕੀਤਾ ਹੈ। ਇਹ ਮੌਜੂਦਾ ਸਾਲ ਦੇ ਬਜਟ 2.85 ਲੱਖ ਕਰੋੜ ਤੋਂ 20,000 ਕਰੋੜ ਰੁਪਏ ਵੱਧ ਹੈ। ਸੰਸਦ ਵਿਚ ਸਾਲ 2019-20 ਲਈ ਬਜਟ ਪੇਸ਼ ਕਰਦਿਆਂ ਕਾਰਜਕਾਰੀ ਵਿੱਤ ਮੰਤਰੀ ਪਿਊਸ਼ ਗੋਇਲ ਨੇ ਕਿਹਾ ਕਿ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਲਈ ਅਤੇ ਰੱਖਿਆ ਤਿਆਰੀਆਂ ਲਈ ਜੇ ਵਾਧੂ ਫੰਡ ਦੀ ਲੋੜ ਵੀ ਪਈ ਤਾਂ ਉਹ ਵੀ ਮੁਹੱਈਆ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸਾਡਾ ਰੱਖਿਆ ਬਜਟ ਪਹਿਲੀ ਵਾਰ ਸਾਲ 2019-20 ਵਿਚ 3,00,000 ਕਰੋੜ ਰੁਪਏ ਨੂੰ ਟੱਪ ਗਿਆ ਹੈ।

## ਰੇਲ ਯਾਤਰੀ ਭਾੜੇ ਵਿਚ ਕੋਈ ਵਾਧਾ ਨਹੀਂ

**ਨਵੀਂ ਦਿੱਲੀ:** ਪਿਊਸ਼ ਗੋਇਲ ਨੇ ਸੰਸਦ 'ਚ ਬਜਟ ਪੇਸ਼ ਕਰਦਿਆਂ ਰੇਲਵੇ ਦੇ ਯਾਤਰੀ ਭਾੜੇ 'ਚ ਕੋਈ ਵਾਧਾ ਨਹੀਂ ਕੀਤਾ। ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਯਾਤਰੀ ਭਾੜੇ ਵਿਚ ਪਹਿਲਾਂ ਹੀ ਕਿਸੇ ਤਰ੍ਹਾਂ ਦੇ ਵਾਧੇ ਦੀ ਸੰਭਾਵਨਾ ਨਹੀਂ ਸੀ ਕੀਤੀ ਜਾ ਰਹੀ। ਬਜਟ 'ਚ ਰੇਲਵੇ ਲਈ 1.58 ਲੱਖ ਕਰੋੜ ਰੁਪਏ ਰੱਖੇ ਗਏ ਹਨ ਜੋ ਹੁਣ ਤਕ ਦੇ ਸਭ ਤੋਂ ਵਧ ਮੰਨੇ ਜਾ ਰਹੇ ਹਨ। ਪਿਛਲੇ ਸਾਲ ਵਿੱਤ ਮੰਤਰੀ ਅਰੁਣ ਜੇਤਲੀ ਨੇ ਰੇਲਵੇ ਦੇ ਬਜਟ ਲਈ 1.48 ਲੱਖ ਕਰੋੜ ਰੁਪਏ ਦੀ ਰਾਸ਼ੀ ਰੱਖੀ ਸੀ।

## ਮੋਦੀ ਸਰਕਾਰ ਦਾ ਮੱਧ ਵਰਗ ਨੂੰ ਚੋਗਾ

**ਨਵੀਂ ਦਿੱਲੀ:** ਪਿਛਲੇ 4 ਸਾਲਾਂ ਤੋਂ ਮੋਦੀ ਸਰਕਾਰ ਦੀਆਂ 'ਸੌਗਾਤਾਂ' ਤੋਂ ਤਕਰੀਬਨ ਸੱਖਣੇ ਰਹੇ ਮੱਧ ਵਰਗ ਲਈ ਇਸ ਅੰਤ੍ਰਿਮ ਬਜਟ 'ਚ ਇਕ ਗੁਗਲੀ ਸੁੱਟੀ ਗਈ, ਜਿਸ ਤਹਿਤ 5 ਲੱਖ ਰੁਪਏ ਦੀ ਸਾਲਾਨਾ ਟੈਕਸ ਅਦਾ ਕਰਨ ਵਾਲੇ ਨੂੰ ਹੁਣ ਕੋਈ ਟੈਕਸ ਅਦਾ ਨਹੀਂ ਕਰਨਾ ਪਵੇਗਾ, ਹਾਲਾਂਕਿ ਜਿਨ੍ਹਾਂ ਦੀ ਆਮਦਨ 5 ਲੱਖ ਰੁਪਏ ਤੋਂ ਜ਼ਿਆਦਾ ਹੈ, ਉਹ ਇਸ ਛੋਟ ਦੇ ਦਾਇਰੇ 'ਚ ਨਹੀਂ ਆਉਂਦੇ ਕਿਉਂਕਿ ਟੈਕਸ ਸਲੈਬ 'ਚ ਕੋਈ ਵੀ ਬਦਲਾਅ ਨਹੀਂ ਕੀਤਾ ਗਿਆ।

ਇਸ ਤੋਂ ਇਲਾਵਾ ਪਹਿਲਾਂ ਵਾਂਗ 2 ਲੱਖ ਰੁਪਏ ਤੱਕ ਦੇ ਘਰ ਦੇ ਕਰਜ਼ਿਆਂ ਦੇ ਵਿਆਜ, ਸਿੱਖਿਆ ਲਈ ਲਏ ਕਰਜ਼ੇ 'ਤੇ ਵਿਆਜ, ਮੈਡੀਕਲ ਬੀਮਾ, ਰਾਸ਼ਟਰੀ ਪੈਨਸ਼ਨ ਯੋਜਨਾ ਜਿਹੀਆਂ ਹੋਰ ਕਟੌਤੀਆਂ ਨਾਲ ਵੀ ਵਧ ਆਮਦਨ ਵਾਲੇ ਨੂੰ ਕੋਈ ਟੈਕਸ ਅਦਾ ਨਹੀਂ ਕਰਨਾ ਪਏਗਾ। ਇਸ ਨਾਲ ਮੱਧ ਵਰਗ ਦੇ ਤਕਰੀਬਨ 3 ਕਰੋੜ ਕਰਦਾਤਾਵਾਂ ਨੂੰ ਟੈਕਸ 'ਚ 18,500 ਕਰੋੜ ਦਾ ਫਾਇਦਾ ਮਿਲੇਗਾ। ਪਿਛਲੇ ਬਜਟ 'ਚ ਕੀਤੀ ਗਈ ਸਟੈਂਡਰਡ ਡਿਡਕਸ਼ਨ ਦੀ ਹੱਦ ਵੀ 40 ਹਜ਼ਾਰ ਰੁਪਏ ਤੋਂ ਵਧਾ ਕੇ 50 ਹਜ਼ਾਰ ਰੁਪਏ ਕਰ ਦਿੱਤੀ ਹੈ। ਜਿਸ ਨਾਲ 3 ਕਰੋੜ ਤਨਖਾਹ ਲੈਣ ਵਾਲਿਆਂ ਅਤੇ ਪੈਨਸ਼ਨ ਧਾਰਕਾਂ ਨੂੰ 4700 ਕਰੋੜ ਰੁਪਏ ਦਾ ਫਾਇਦਾ ਮਿਲੇਗਾ। ਇਸ ਤੋਂ ਇਲਾਵਾ ਬੈਂਕਾਂ ਤੇ ਡਾਕ ਘਰਾਂ 'ਚ ਜਮ੍ਹਾਂ ਰਕਮ 'ਤੇ 10 ਹਜ਼ਾਰ ਰੁਪਏ ਤੱਕ ਵਿਆਜ ਉਤੇ ਮਿਲਣ ਵਾਲੀ ਟੈਕਸ ਛੋਟ ਨੂੰ ਵਧਾ ਕੇ 40 ਹਜ਼ਾਰ ਰੁਪਏ ਕਰ ਦਿੱਤਾ ਗਿਆ ਹੈ।

ਛੋਟੇ ਕਰਦਾਤਾਵਾਂ ਨੂੰ ਰਾਹਤ ਦਿੰਦਿਆਂ ਮਕਾਨ ਦੇ ਕਿਰਾਏ 'ਤੇ ਟੈਕਸ ਕਟੌਤੀ ਲਈ ਟੀ.ਡੀ.ਐਸ. ਹੱਦ ਨੂੰ 1,80,000 ਰੁਪਏ ਤੋਂ ਵਧਾ ਕੇ 2,40,000 ਰੁਪਏ ਤੱਕ ਕਰਨ ਦੀ ਤਜਵੀਜ਼ ਪੇਸ਼ ਕੀਤੀ ਗਈ ਹੈ। ਨੌਕਰੀ, ਬੱਚਿਆਂ ਦੀ ਸਿੱਖਿਆ ਅਤੇ ਮਾਂ-ਪਿਉ ਦੀ ਸਾਂਭ ਸੰਭਾਲ ਜਿਹੇ ਵੱਖ-ਵੱਖ ਕਾਰਨਾਂ ਕਾਰਨ 2 ਥਾਵਾਂ 'ਤੇ ਪਰਿਵਾਰ ਰੱਖਣ ਦੀਆਂ ਮੱਧ ਵਰਗ ਦੀਆਂ ਦਿੱਕਤਾਂ ਨੂੰ ਵੇਖਦਿਆਂ ਆਪਣੇ ਕਬਜ਼ੇ ਵਾਲੇ ਦੂਜੇ ਮਕਾਨ ਦੇ ਅਨੁਮਾਨਤ ਟੈਕਸ 'ਤੇ ਵੀ ਛੋਟ ਦਾ ਐਲਾਨ ਕੀਤਾ ਗਿਆ।

# ਪੰਜਾਬ ਦੇ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਉਮੀਦਾਂ 'ਤੇ ਪਾਣੀ ਫਿਰਿਆ

**ਚੰਡੀਗੜ੍ਹ:** ਕੇਂਦਰੀ ਬਜਟ ਨੇ ਪੰਜਾਬ ਦੇ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ ਹੈ। ਮੋਦੀ ਸਰਕਾਰ ਦੇ ਕਾਰਜਕਾਲ ਦਾ ਆਖਰੀ ਵਰ੍ਹਾ ਹੋਣ ਕਰ ਕੇ ਕਿਸਾਨਾਂ-ਮਜ਼ਦੂਰਾਂ ਨੂੰ ਵੱਡੀ ਆਸ ਸੀ ਕਿ ਕੇਂਦਰ ਸਰਕਾਰ ਐਤਕੀਂ ਚੋਣਾਂ ਤੋਂ ਪਹਿਲਾਂ ਕੋਈ ਜਲਵਾ ਦਿਖਾਏਗੀ, ਪਰ ਅਜਿਹਾ ਕੁਝ ਨਹੀਂ ਹੋਇਆ।

ਪੰਜਾਬ ਵਿਚ ਕਿਸਾਨੀ ਸੰਕਟ ਕਾਰਨ ਆਏ ਦਿਨ ਕਿਸਾਨ ਖ਼ੁਦਕੁਸ਼ੀਆਂ ਹੋ ਰਹੀਆਂ ਹਨ ਤੇ ਮੋਦੀ ਸਰਕਾਰ ਦਾ ਬਜਟ ਕਿਸਾਨਾਂ ਦੇ ਦੁੱਖਾਂ ਦੀ ਦਾਰੂ ਨਹੀਂ ਬਣ ਸਕਿਆ ਹੈ। ਕਿਸਾਨਾਂ ਨੂੰ ਵੱਡਾ ਸ਼ਿਕਵਾ ਇਸ ਗੱਲ ਦਾ ਹੈ ਕਿ ਬਜਟ ਵਿਚ ਨਾ ਕਰਜ਼ਾ ਮੁਆਫੀ ਦੀ ਕੋਈ ਗੱਲ ਹੈ ਅਤੇ ਨਾ ਹੀ ਜਿਣਸਾਂ ਦੇ ਭਾਅ ਬਾਰੇ ਕੋਈ ਠੋਸ ਤੱਥ ਹਨ। ਖੇਤੀ ਨਾਲ ਸਬੰਧਤ ਬੁਨਿਆਦੀ ਮੁੱਦਿਆਂ ਉਤੇ ਉਂਗਲ ਧਰਨ ਦੇ ਥਾਂ ਛੋਟੇ ਅਤੇ ਸੀਮਾਂਤ ਕਿਸਾਨਾਂ ਲਈ 6 ਹਜ਼ਾਰ ਰੁਪਏ ਸਾਲਾਨਾ ਦੀ ਸਿੱਧੀ ਆਰਥਿਕ ਮਦਦ ਨਾਲ ਰਿਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਹਮੇਸ਼ਾ ਦੀ ਤਰ੍ਹਾਂ ਬੇਜ਼ਮੀਨੇ ਕਿਸਾਨ ਅਤੇ ਖੇਤ ਮਜ਼ਦੂਰ ਇਸ ਮਾਮੂਲੀ ਰਾਹਤ ਤੋਂ ਵੀ ਬਾਹਰ ਕਰ ਦਿੱਤੇ ਗਏ ਹਨ। ਰੁਜ਼ਗਾਰ ਬਾਰੇ ਵੀ ਬਜਟ ਪੂਰੀ ਤਰ੍ਹਾਂ ਖਾਮੋਸ਼ ਹੈ।

ਤਿੰਨ ਰਾਜਾਂ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿਧਾਨ ਸਭਾਵਾਂ ਦੀਆਂ ਚੋਣਾਂ ਹਾਰਨ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਕਿਸਾਨ ਅਤੇ ਪੇਂਡੂ ਵੋਟ ਬੈਂਕ ਦੀ ਨਾਰਾਜ਼ਗੀ ਦਾ ਤੋੜ ਲੱਭਣ ਦੀ ਕੋਸ਼ਿਸ਼ ਕਰ ਰਹੀ ਸੀ। ਕਈ ਦਿਨਾਂ ਤੋਂ ਇਹ ਉਮੀਦ ਕੀਤੀ ਜਾ ਰਹੀ ਸੀ ਕਿ ਮੋਦੀ ਸਰਕਾਰ ਜਲਦ ਹੀ ਕੋਈ ਅਜਿਹਾ ਪੈਕੇਜ ਜਾਰੀ ਕਰਨ ਵਾਲੀ ਹੈ ਜਿਸ ਨਾਲ ਦਿਹਾਤੀ ਖੇਤਰ ਦੇ ਵੋਟਰ ਵੀ ਖੁਸ਼ ਹੋ ਜਾਣਗੇ। ਅਰੁਣ ਜੇਤਲੀ ਦੇ ਬਿਮਾਰ ਹੋਣ ਕਾਰਨ ਪਿਊਸ਼ ਗੋਇਲ ਵੱਲੋਂ ਪੇਸ਼ ਕੀਤੇ ਬਜਟ ਵਿਚ ਕਿਸਾਨਾਂ ਲਈ ਸਭ ਤੋਂ ਵੱਡਾ ਐਲਾਨ ਸੀਮਾਂਤ ਅਤੇ ਛੋਟੇ ਕਿਸਾਨਾਂ ਨੂੰ 6 ਹਜ਼ਾਰ ਰੁਪਏ ਸਾਲਾਨਾ ਉਹ ਵੀ ਤਿੰਨ ਕਿਸ਼ਤਾਂ ਵਿੱਚ ਨਕਦ ਪੈਸਾ ਦੇਣ ਦਾ ਹੈ। ਇਹ ਐਲਾਨ ਪਹਿਲੀ ਦਸੰਬਰ 2018 ਤੋਂ ਲਾਗੂ ਹੋਣਾ ਹੈ ਅਤੇ ਇਸ ਸਾਲ ਦੀ ਕਿਸ਼ਤ ਦੋ ਹਜ਼ਾਰ ਰੁਪਏ ਦੇਣ ਲਈ 20 ਹਜ਼ਾਰ ਕਰੋੜ ਰੁਪਏ ਦਾ ਬਜਟ ਵਿੱਚ ਪ੍ਰਬੰਧ ਵੀ ਕੀਤਾ ਹੈ। ਐਲਾਨ ਮੁਤਾਬਕ 12 ਕਰੋੜ ਕਿਸਾਨਾਂ ਨੂੰ ਇਸ ਦਾ ਲਾਭ ਮਿਲੇਗਾ ਅਤੇ ਇਸ 'ਤੇ ਸਾਲ ਵਿਚ 75 ਹਜ਼ਾਰ ਕਰੋੜ ਰੁਪਏ ਖਰਚ ਆਉਣਗੇ ਜੋ ਕੇਂਦਰ ਸਰਕਾਰ ਖੁਦ ਝੱਲੇਗੀ।

ਇਕ ਹੋਰ ਐਲਾਨ ਅਨੁਸਾਰ ਕੁਦਰਤੀ ਆਫਤਾਂ ਕਾਰਨ ਫਸਲ ਨੁਕਸਾਨੇ ਜਾਣ ਨਾਲ ਸਬੰਧਤ ਕਿਸਾਨਾਂ ਨੂੰ ਵਿਆਜ ਵਿਚ 2 ਫੀਸਦੀ ਛੋਟ ਮਿਲੇਗੀ। ਪੰਜਾਬ ਕੁਦਰਤੀ ਆਫਤ ਖੇਤਰ ਐਲਾਨਿਆ ਹੀ ਨਹੀਂ ਜਾਂਦਾ ਕਿਉਂਕਿ ਇਥੇ ਫਸਲ ਨੁਕਸਾਨੀ ਨਹੀਂ ਜਾਂਦੀ ਬਲਕਿ ਫਸਲ 'ਤੇ ਲਾਗਤ ਵੱਧ ਜਾਂਦੀ ਹੈ। ਸਿਰਫ ਡੇਅਰੀ ਖੇਤਰ ਨੂੰ ਵਿਆਜ ਵਿਚ ਦੋ ਫੀਸਦੀ ਛੋਟ ਦਾ ਲਾਭ ਹੋ ਸਕਦਾ ਹੈ। ਕੇਂਦਰ ਸਰਕਾਰ ਤਿਲੰਗਾਨਾ ਜਾਂ ਉੜੀਸਾ ਦੀਆਂ ਸਰਕਾਰਾਂ ਵੱਲੋਂ ਬਣਾਈਆਂ ਯੋਜਨਾਵਾਂ ਦੀ ਤਰਜ਼ ਉਤੇ ਫੈਸਲਾ ਲਵੇਗੀ। ਤਿਲੰਗਾਨਾ ਸਰਕਾਰ ਸਾਲ ਵਿਚ ਦੋ ਵਾਰ (ਹਾੜੀ-ਸਾਉਣੀ) ਕਿਸਾਨਾਂ ਨੂੰ 4 ਹਜ਼ਾਰ ਰੁਪਏ ਪ੍ਰਤੀ ਏਕੜ ਨਕਦ ਸਹਾਇਤਾ ਦਿੰਦੀ ਹੈ। ਉੜੀਸਾ ਦੀ ਯੋਜਨਾ ਵਿਚ ਨਗਦ ਰਾਸ਼ੀ ਉਸੇ ਤਰ੍ਹਾਂ ਹੈ ਪਰ ਇਸ ਵਿਚ ਮਜ਼ਦੂਰ ਤੇ ਬੇਜ਼ਮੀਨੇ ਕਿਸਾਨ ਵੀ ਸ਼ਾਮਲ ਹਨ। ਮੋਦੀ ਸਰਕਾਰ ਦੋਵਾਂ ਯੋਜਨਾਵਾਂ ਦੇ ਵੀ ਬਰਾਬਰ ਵੀ ਨਹੀਂ ਪਹੁੰਚ ਰਹੀ। ਦੂਸਰੇ ਪਾਸੇ ਮੁਲਾਜ਼ਮ ਤਬਕੇ ਨੂੰ ਆਮਦਨ ਕਰ ਵਿਚ ਛੋਟ ਦੇ ਕੇ ਲਗਭਗ 12 ਹਜ਼ਾਰ ਰੁਪਏ ਸਾਲਾਨਾ ਦਾ ਲਾਭ ਮਿਲੇਗਾ। ਖੇਤੀਬਾੜੀ ਜਨਗਣਨਾ ਅਨੁਸਾਰ ਦੇਸ਼ ਵਿਚ 86.21 ਫੀਸਦੀ ਛੋਟੇ ਅਤੇ ਸੀਮਾਂਤ ਕਿਸਾਨ ਹਨ। ਪੰਜਾਬ ਵਿਚ ਕੁੱਲ 10.93 ਲੱਖ ਕਿਸਾਨਾਂ ਵਿਚੋਂ 3,61,000 ਕਿਸਾਨ ਹੀ ਸੀਮਾਂਤ ਅਤੇ ਛੋਟੇ ਕਿਸਾਨਾਂ ਦੇ ਦਾਇਰੇ ਵਿਚ ਆਉਂਦੇ ਹਨ। ਇਹ ਗਿਣਤੀ 33 ਫੀਸਦੀ ਦੇ ਲਗਭਗ ਬਣਦੀ ਹੈ। ਕਿਸਾਨਾਂ ਤੋਂ ਇਲਾਵਾ ਬੇਜ਼ਮੀਨੇ ਕਿਸਾਨ ਅਤੇ ਖੇਤ ਮਜ਼ਦੂਰ ਇਸ ਮਾਮੂਲੀ ਰਾਹਤ ਤੋਂ ਵੀ ਬਾਹਰ ਕਰ ਦਿੱਤੇ ਗਏ ਹਨ। ਕਰਜ਼ਾ ਮੁਆਫੀ ਯੋਜਨਾਵਾਂ ਵਿਚੋਂ ਵੀ ਇਹ ਵਰਗ ਬਾਹਰ ਹੈ। ਕਰਜ਼ੇ ਦੇ ਬੋਝ ਕਾਰਨ ਖੁਦਕੁਸ਼ੀ ਕਰਨ ਵਾਲਿਆਂ ਵਿੱਚ ਮਜ਼ਦੂਰਾਂ ਦੀ ਗਿਣਤੀ ਆਬਾਦੀ ਦੇ ਲਿਹਾਜ਼ ਨਾਲ ਕਿਸਾਨਾਂ ਦੇ ਬਰਾਬਰ ਹੈ।

ਮੋਦੀ ਸਰਕਾਰ ਨੇ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਐਲਾਨ ਕੀਤਾ ਹੋਇਆ ਹੈ ਪਰ ਸਰਕਾਰ ਦੇ ਪਿਛਲੇ ਚਾਰ ਸਾਲਾਂ ਦੌਰਾਨ ਖੇਤੀ ਦੀ ਵਿਕਾਸ ਦਰ ਔਸਤਨ 2.5 ਫੀਸਦੀ ਰਹੀ ਹੈ ਜਦਕਿ ਇਸ ਤੋਂ ਪਹਿਲਾਂ ਯੂਪੀਏ ਦੇ ਦਸ ਸਾਲਾਂ ਦੌਰਾਨ 3.6 ਫੀਸਦੀ ਵਿਕਾਸ ਦਰ ਰਹੀ ਸੀ। ਪਿਊਸ਼ ਗੋਇਲ ਨੇ ਮਹਿੰਗਾਈ ਨੂੰ ਕਾਬੂ ਵਿਚ ਰੱਖਣ ਦਾ ਸਿਹਰਾ ਆਪਣੀ ਸਰਕਾਰ ਨੂੰ ਦਿੱਤਾ ਪਰ ਮਹਿੰਗਾਈ ਕਾਬੂ ਹੇਠ ਰੱਖਣ ਦੀ ਮਾਰ ਕਿਸਾਨੀ ਨੂੰ ਝੱਲਣੀ ਪਈ ਹੈ ਕਿਉਂਕਿ ਇਸ ਵਿਚ ਫਸਲਾਂ ਦੇ ਘੱਟ ਭਾਅ ਦਾ ਬਹੁਤ ਵੱਡਾ ਹੱਥ ਹੈ। 23 ਫਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ ਤੈਅ ਕਰਨ ਵਾਲੀ ਸਰਕਾਰ ਕਣਕ ਅਤੇ ਝੋਨੇ ਤੋਂ ਬਿਨਾਂ ਕੋਈ ਹੋਰ ਫਸਲ ਖਰੀਦਣ ਦੀ ਗਾਰੰਟੀ ਹੀ ਨਹੀਂ ਕਰਦੀ। ਕਿਸਾਨਾਂ ਦੀ ਆਮਦਨ ਯਕੀਨੀ ਬਣਾਉਣ ਦੇ ਸਵਾਲ 'ਤੇ ਸਰਕਾਰਾਂ ਖਾਮੋਸ਼ ਹਨ।

## ਮੋਦੀ ਸਰਕਾਰ ਨੇ ਕਿਸਾਨਾਂ ਦਾ ਮਜ਼ਾਕ ਉਡਾਇਆ: ਕੈਪਟਨ ਅਮਰਿੰਦਰ ਸਿੰਘ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਬਜਟ ਨੂੰ ਮੋਦੀ ਸਰਕਾਰ ਦਾ 'ਜੁਮਲਾ ਬਜਟ' ਕਰਾਰ ਦਿੱਤਾ ਹੈ। ਮੁੱਖ ਮੰਤਰੀ ਨੇ ਇਕ ਬਿਆਨ ਰਾਹੀਂ ਕਿਹਾ ਕਿ ਇਹ ਚੋਣਾਂ 'ਤੇ ਕੇਂਦਰਿਤ ਬਜਟ ਹੈ, ਜਿਸ ਦਾ ਉਦੇਸ਼ ਝੂਠੇ ਵਾਅਦਿਆਂ ਨਾਲ ਲੋਕਾਂ ਨੂੰ ਗੁੰਮਰਾਹ ਕਰਨਾ ਹੈ। ਸੀਮਾਂਤ ਕਿਸਾਨਾਂ ਲਈ ਸਾਲਾਨਾ 6000 ਰੁਪਏ ਦੇ ਐਲਾਨ ਨੂੰ ਕੈਪਟਨ ਅਮਰਿੰਦਰ ਸਿੰਘ ਨੇ ਮਜ਼ਾਕ ਕਰਾਰ ਦਿੰਦਿਆਂ ਕਿਹਾ ਕਿ ਸੰਕਟ ਵਿਚ ਘਿਰੇ ਕਿਸਾਨਾਂ ਲਈ 500 ਰੁਪਏ ਮਹੀਨਾ ਦਾ ਐਲਾਨ ਕਰ ਕੇ ਮੋਦੀ ਸਰਕਾਰ ਨੇ ਇਸ ਸਮੱਸਿਆ ਦੀ ਗੰਭੀਰਤਾ ਨੂੰ ਕੋਈ ਮਾਨਤਾ ਨਹੀਂ ਦਿੱਤੀ। ਮੁੱਖ ਮੰਤਰੀ ਨੇ ਕਿਹਾ ਕਿ ਨਰਿੰਦਰ ਮੋਦੀ ਨੇ ਹਰੇਕ ਦੇ ਖਾਤੇ ਵਿਚ 15 ਲੱਖ ਰੁਪਏ ਪਾਉਣ ਦਾ ਵਾਅਦਾ ਕੀਤਾ ਸੀ, ਪਰ ਉਹ ਹੁਣ ਆਪਣੇ ਕਾਰਜਕਾਲ ਦੇ ਅੰਤ ਤੱਕ 2 ਹੈਕਟੇਅਰ ਤਕ ਦੇ ਕਿਸਾਨਾਂ ਨੂੰ ਸਿਰਫ 6000 ਰੁਪਏ ਸਾਲਾਨਾ ਦੇਣ 'ਤੇ ਉਤਰ ਆਏ ਹਨ।

## ਕਿਸਾਨਾਂ ਨੂੰ ਸਮਰੱਥ ਬਣਾਉਣ ਦਾ ਯਤਨ: ਮੋਦੀ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਇਹ ਅੰਤ੍ਰਿਮ ਬਜਟ 'ਚ ਸਮਾਜ ਦੇ ਸਾਰੇ ਵਰਗਾਂ ਅਤੇ ਹਰੇਕ ਵਿਅਕਤੀ ਨੂੰ ਸ਼ਾਮਲ ਕੀਤਾ ਗਿਆ ਹੈ, ਉਨ੍ਹਾਂ ਦਾਅਵਾ ਕੀਤਾ ਕਿ ਇਹ ਬਜਟ ਚੋਣਾਂ ਤੋਂ ਬਾਅਦ ਭਾਰਤ ਦੀ ਖੁਸ਼ਹਾਲੀ ਦੀ ਦਿਸ਼ਾ 'ਚ ਮਾਰਗਦਰਸ਼ਨ ਕਰਨ ਵਾਲਾ ਟਰੇਲਰ ਮਾਤਰ ਹੈ। ਉਨ੍ਹਾਂ ਕਿਹਾ ਕਿ ਬਜਟ ਨਾਲ 12 ਕਰੋੜ ਤੋਂ ਜ਼ਿਆਦਾ ਕਿਸਾਨਾਂ ਨੂੰ, 3 ਕਰੋੜ ਮੱਧ ਵਰਗੀ ਪਰਿਵਾਰਾਂ ਅਤੇ ਗ਼ੈਰ ਸੰਗਠਿਤ ਖੇਤਰ 'ਚ ਕੰਮ ਕਰਦੇ 30-40 ਕਰੋੜ ਕਾਮਿਆਂ ਨੂੰ ਲਾਭ ਮਿਲੇਗਾ। ਉਨ੍ਹਾਂ ਅੱਗੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੀਆਂ ਕੋਸ਼ਿਸ਼ਾਂ ਕਾਰਨ ਗ਼ਰੀਬੀ ਰਿਕਾਰਡ ਦਰ 'ਤੇ ਹੇਠਾਂ ਆਈ ਹੈ। ਨਵੇਂ ਭਾਰਤ ਦੇ ਟੀਚੇ ਨੂੰ ਸਾਕਾਰ ਕਰਨ ਲਈ 130 ਕਰੋੜ ਭਾਰਤੀਆਂ ਦੇ ਯਤਨਾਂ ਨੂੰ ਉਤਸ਼ਾਹਿਤ ਕਰੇਗਾ।

## ਪ੍ਰਤੀ ਦਿਨ 17 ਰੁਪਏ ਕਿਸਾਨਾਂ ਦਾ ਅਪਮਾਨ: ਰਾਹੁਲ

ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਬਜਟ 'ਚ ਕਿਸਾਨਾਂ ਨੂੰ ਦਿੱਤੀ ਜਾਣ ਵਾਲੀ 6 ਹਜ਼ਾਰ ਰੁਪਏ ਦੀ ਸਾਲਾਨਾ ਆਰਥਿਕ ਮਦਦ 'ਤੇ ਟਵੀਟ ਕਰਦੇ ਹੋਏ ਕਿਹਾ ਕਿ 5 ਸਾਲ ਦੀ ਨਾਕਾਬਲੀਅਤ ਅਤੇ ਹੰਕਾਰ ਨਾਲ ਕਿਸਾਨ ਪੂਰੀ ਤਰ੍ਹਾਂ ਬਰਬਾਦ ਹੋ ਚੁੱਕੇ ਹਨ। ਹੁਣ ਉਨ੍ਹਾਂ ਨੂੰ ਪ੍ਰਤੀ ਦਿਨ 17 ਰੁਪਏ ਦੇਣਾ ਉਨ੍ਹਾਂ ਵੱਲੋਂ ਕੀਤੀ ਜਾਣ ਵਾਲੀ ਮਿਹਨਤ ਤੇ ਉਨ੍ਹਾਂ ਦੀ ਹਰ ਮੰਗ ਦਾ ਅਪਮਾਨ ਹੈ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਬਿਹਾਰ ਰੇਲ ਹਾਦਸੇ 'ਚ ਛੇ ਮੌਤਾਂ, 29 ਜ਼ਖਮੀ

**ਸੋਨਪੁਰ:** ਬਿਹਾਰ ਦੇ ਵੈਸ਼ਾਲੀ ਜ਼ਿਲ੍ਹੇ 'ਚ ਦਿੱਲੀ ਜਾ ਰਹੀ ਜੋਗਬਨੀ-ਆਨੰਦ ਵਿਹਾਰ ਸੀਮਾਂਚਲ ਐਕਸਪ੍ਰੈੱਸ ਦੇ 11 ਡੱਬੇ ਲੀਹੋਂ ਲੱਥ ਜਾਣ ਕਾਰਨ 6 ਮੁਸਾਫਰਾਂ ਦੀ ਮੌਤ ਹੋ ਗਈ ਤੇ 29 ਜ਼ਖ਼ਮੀ ਹੋ ਗਏ। ਕਿਸ਼ਨਗੰਜ ਜ਼ਿਲ੍ਹੇ ਅੰਦਰ ਜੋਗਬਨੀ ਤੋਂ ਚੱਲਣ ਵਾਲੀ ਇਸ ਰੇਲ ਗੱਡੀ ਨਾਲ ਇਹ ਹਾਦਸਾ ਤੜਕੇ ਚਾਰ ਵਜੇ ਦੇ ਕਰੀਬ ਵਾਪਰਿਆ।

ਪੂਰਬੀ-ਕੇਂਦਰੀ ਜ਼ੋਨ ਦੇ ਮੁੱਖ ਲੋਕ ਸੰਪਰਕ ਅਧਿਕਾਰੀ ਰਾਜੇਸ਼ ਕੁਮਾਰ ਨੇ ਕਿਹਾ ਕਿ ਇਹ ਹਾਦਸਾ ਸੋਨਪੁਰ ਡਿਵੀਜ਼ਨ 'ਚ ਸਹਾਦਾਈ ਬੁਜ਼ੁਰਗ ਨੇੜੇ ਵਾਪਰਿਆ। ਇਸ ਰੇਲ ਗੱਡੀ ਦਾ ਇਕ ਸਾਧਾਰਨ ਯਾਤਰੀ ਡੱਬਾ, ਇਕ ਏਸੀ ਡੱਬਾ, ਤਿੰਨ ਸਲੀਪਰ ਡੱਬੇ ਤੇ ਛੇ ਹੋਰ ਡੱਬੇ ਲੀਹੋਂ ਉੱਤਰੇ ਹਨ। ਰੇਲਵੇ ਨੇ ਹਾਲਾਂਕਿ ਪਹਿਲਾਂ ਜਾਰੀ ਸੂਚਨਾ 'ਚ ਮ੍ਰਿਤਕਾਂ ਦੀ ਗਿਣਤੀ ਸੱਤ ਦੱਸੀ ਸੀ, ਪਰ ਬਾਅਦ ਵਿਚ ਉਸ ਨੇ ਨੋਟੀਫਿਕੇਸ਼ਨ ਜਾਰੀ ਕਰਕੇ ਮ੍ਰਿਤਕਾਂ ਦੀ ਗਿਣਤੀ ਛੇ ਦੱਸੀ।

ਸਰਕਾਰੀ ਰੇਲਵੇ ਪੁਲਿਸ ਨੇ ਦੱਸਿਆ ਕਿ ਰੇਲ ਹਾਦਸੇ ਦੇ ਮ੍ਰਿਤਕਾਂ ਦੀ ਪਛਾਣ ਇਲਿਰਾ ਦੇਵੀ (66), ਇੰਦਰਾ ਦੇਵੀ (60), ਸ਼ਮਸੁਦੀਨ ਆਲਮ (26), ਅਨਸਰ ਆਲਮ (19), ਸ਼ਾਇਦਾ ਖਾਤੂਨ (40), ਸੁਦਰਸ਼ਨ ਦਾਸ (60) ਵਜੋਂ ਹੋਈ ਹੈ। ਇਸ ਹਾਦਸੇ 'ਚ 29 ਵਿਅਕਤੀ ਜ਼ਖ਼ਮੀ ਹੋਏ ਹਨ, ਜਿਨ੍ਹਾਂ 'ਚੋਂ ਦੋ ਦੇ ਗੰਭੀਰ ਸੱਟਾਂ ਵੱਜੀਆਂ ਹਨ।

# ਬੇਅਦਬੀ ਤੇ ਗੋਲੀ ਕਾਂਡ ਬਾਰੇ ਖੁੱਲ੍ਹੀਆਂ ਨਵੀਆਂ ਪਰਤਾਂ

**ਚੰਡੀਗੜ੍ਹ:** ਬੇਅਦਬੀ ਤੇ ਗੋਲੀ ਕਾਂਡ ਦੀ ਜਾਂਚ ਕਰ ਰਹੀ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਸਿੱਟ) ਨੇ ਵੱਡਾ ਖੁਲਾਸਾ ਕੀਤਾ ਹੈ। ਸਿੱਟ ਨੇ ਅਦਾਲਤ ਵਿਚ ਦੱਸਿਆ ਕਿ ਪੁਲਿਸ ਨੇ ਆਪਣੀਆਂ ਗੱਡੀਆਂ ਨੂੰ ਖੁਦ ਹੀ ਗੋਲੀਆਂ ਮਾਰ ਕੇ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਸੀ ਕਿ ਉਨ੍ਹਾਂ ਨੇ ਆਤਮ ਰੱਖਿਆ ਲਈ ਫਾਇਰਿੰਗ ਕੀਤੀ ਸੀ। ਸਿੱਟ ਨੇ ਇਸ ਆਧਾਰ 'ਤੇ ਹੀ ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ ਦਾ ਤਿਨ ਦਿਨ ਲਈ ਰਿਮਾਂਡ ਹਾਸਲ ਕੀਤਾ ਤਾਂ ਜੋ ਉਸ ਕੋਲੋਂ ਗੱਡੀਆਂ ਨੂੰ ਗੋਲੀਆਂ ਮਾਰਨ ਵਾਲੀ ਰਾਈਫਲ ਬਰਾਮਦ ਕੀਤੀ ਜਾ ਸਕੇ।

ਦਰਅਸਲ, ਵਿਸ਼ੇਸ਼ ਜਾਂਚ ਟੀਮ ਨੇ ਗ੍ਰਿਫਤਾਰ ਕੀਤੇ ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ ਤੋਂ ਅੱਠ ਦਿਨ ਦੇ ਰਿਮਾਂਡ ਦੌਰਾਨ ਪੁੱਛਗਿੱਛ ਮਗਰੋਂ ਇਹ ਖੁਲਾਸਾ ਕੀਤਾ ਹੈ। ਵਿਸ਼ੇਸ਼ ਜਾਂਚ ਟੀਮ ਨੇ ਅਦਾਲਤ ਵਿਚ ਦਾਅਵਾ ਕੀਤਾ ਕਿ ਬਹਿਬਲ ਕਾਂਡ ਵਿਚ ਧਰਨਾਕਾਰੀਆਂ ਵੱਲੋਂ ਪੁਲਿਸ ਦੇ ਵਾਹਨਾਂ 'ਤੇ ਗੋਲੀਆਂ ਚਲਾਉਣ ਦੀ ਗੱਲ ਸਹੀ ਨਹੀਂ। ਪੜਤਾਲ ਦੌਰਾਨ ਪਤਾ ਲੱਗਾ ਹੈ ਕਿ ਆਪਣਾ ਬਚਾਅ ਕਰਨ ਲਈ ਪੁਲਿਸ ਦੀਆਂ ਜਿਪਸੀਆਂ 'ਤੇ ਪੁਲਿਸ ਅਧਿਕਾਰੀਆਂ ਨੇ ਹੀ ਗੋਲੀਆਂ ਚਲਾਈਆਂ ਸੀ।

ਜਾਂਚ ਟੀਮ ਨੇ ਦਾਅਵਾ ਕੀਤਾ ਕਿ ਮੌਕੇ 'ਤੇ ਤਾਇਨਾਤ ਪੁਲਿਸ ਕੋਲ ਸਰਕਾਰੀ ਅਸਲੇ ਤੋਂ ਇਲਾਵਾ ਨਿੱਜੀ ਅਸਲਾ ਵੀ ਮੌਜੂਦ ਸੀ। ਜੋ ਗੋਲੀਆਂ ਪੁਲਿਸ ਦੀ ਜਿਪਸੀ ਵਿਚ ਵੱਜੀਆਂ ਸਨ, ਉਹ 12 ਬੋਰ ਰਾਈਫਲ ਨਾਲ ਮਾਰੀਆਂ ਗਈਆਂ ਸਨ। ਜਾਂਚ ਟੀਮ ਨੇ ਪੁਲਿਸ ਰਿਮਾਂਡ ਦੀ ਮੰਗ ਕਰਦਿਆਂ ਕਿਹਾ ਕਿ ਇਸ 12 ਬੋਰ ਹਥਿਆਰ ਬਾਰੇ ਸਾਬਕਾ ਪੁਲਿਸ ਮੁਖੀ ਤੋਂ ਹੋਰ ਪੁੱਛਗਿੱਛ ਦੀ ਲੋੜ ਹੈ। ਸਿੱਟ ਨੇ ਕਿਹਾ ਕਿ ਹੋਰ ਵੀ ਵੱਡੇ ਖੁਲਾਸੇ ਹੋਏ ਹਨ ਜਿਨ੍ਹਾਂ ਨੂੰ ਅਜੇ ਜਨਤਕ ਨਹੀਂ ਕੀਤਾ ਜਾ ਸਕਦਾ।

## ਆਯੁਰਵੈਦ ਤੇ ਯੋਗ ਨਾਲ ਕੈਂਸਰ ਦਾ ਇਲਾਜ

**ਨਵੀਂ ਦਿੱਲੀ:** ਕੌਮੀ ਰਾਜਧਾਨੀ ਵਿਚ ਚੱਲਦਾ ਇਕ ਚੈਰੀਟੇਬਲ ਹਸਪਤਾਲ ਆਯੁਰਵੈਦ ਤੇ ਯੋਗ ਨਾਲ ਖਾਣ-ਪੀਣ ਅਤੇ ਜ਼ਿੰਦਗੀ ਜਿਊਣ ਦੇ ਢੰਗ ਵਿਚ ਬਦਲਾਅ ਕਰਵਾ ਕੇ ਕੈਂਸਰ ਰੋਗੀਆਂ ਦਾ ਇਲਾਜ ਕਰ ਰਿਹਾ ਹੈ।

ਇਥੇ ਪੰਜਾਬੀ ਬਾਗ ਇਲਾਕੇ ਵਿਚ ਸਥਿਤ ਆਯੁਰਵੈਦਿਕ ਕੈਂਸਰ ਟਰੀਟਮੈਂਟ ਹਸਪਤਾਲ ਦੇ ਸੰਸਥਾਪਕ ਅਤੁੱਲ ਸਿੰਘਲ ਨੇ ਕਿਹਾ ਕਿ ਐਲੋਪੈਥਿਕ ਇਲਾਜ ਮਗਰੋਂ ਨਿਰਾਸ਼ ਹੋਣ ਤੋਂ ਬਾਅਦ ਉਨ੍ਹਾਂ ਕੋਲ ਕਈ ਮਰੀਜ਼ ਆਉਂਦੇ ਹਨ ਜਿਨ੍ਹਾਂ ਦੇ ਖਾਣ-ਪੀਣ ਤੇ ਜ਼ਿੰਦਗੀ ਜਿਊਣ ਦੇ ਢੰਗ ਵਿਚ ਬਦਲਾਅ ਕਰਨ ਤੋਂ ਇਲਾਵਾ ਯੋਗ ਤੇ ਆਯੁਰਵੈਦ ਨਾਲ ਉਨ੍ਹਾਂ ਦਾ ਇਲਾਜ ਕੀਤਾ ਜਾਂਦਾ ਹੈ ਅਤੇ ਇਹ ਕਾਰਗਰ ਵੀ ਸਾਬਤ ਹੋ ਰਿਹਾ ਹੈ।

# ਭਾਰਤੀ ਪੇਸ਼ੇਵਰ ਨੇ ਬਰਤਾਨਵੀ ਰੈਜ਼ੀਡੈਂਸੀ ਅਧਿਕਾਰ ਦੀ ਜੰਗ ਜਿੱਤੀ

**ਲੰਡਨ:** ਵਿਵਾਦਤ ਕੌਮੀ ਸੁਰੱਖਿਆ ਮਦ ਨੂੰ ਲੈ ਕੇ ਬਰਤਾਨੀਆ 'ਚ ਠਹਿਰਨ (ਬਰਤਾਨਵੀ ਰੈਜ਼ੀਡੈਂਸੀ ਅਧਿਕਾਰ) ਤੇ ਕੰਮ ਕਰਨ ਦੇ ਹੱਕਾਂ ਤੋਂ ਵਾਂਝੇ ਕਰਨ ਖਿਲਾਫ਼ ਕਾਨੂੰਨੀ ਲੜਾਈ ਲੜ ਰਹੇ ਸੈਂਕੜੇ ਲੋਕਾਂ 'ਚ ਸ਼ਾਮਲ ਇਕ ਭਾਰਤੀ ਦਵਾ ਮਾਹਰ ਨੇ ਇਹ ਅੜਿੱਕਾ ਦੂਰ ਹੋਣ ਦਾ ਜਸ਼ਨ ਮਨਾਇਆ ਪਰ ਕਿਹਾ ਕਿ ਉਸ ਨੂੰ ਇਸ ਗੱਲ ਦਾ ਗੁੱਸਾ ਹੈ ਕਿ ਬਰਤਾਨੀਆ ਗ੍ਰਹਿ ਵਿਭਾਗ ਨੂੰ ਆਪਣੀ ਗਲਤੀ ਮੰਨਣ 'ਚ ਇੰਨਾ ਸਮਾਂ ਲੱਗਾ।

ਨਿਸ਼ਾ ਮੋਹਿਤੇ ਦੀ ਆਮਦਨ ਕਰ ਫਾਈਲਿੰਗ 'ਚ ਲੇਖਾਕਾਰ ਦੀ ਗਲਤੀ ਨੂੰ ਲੈ ਕੇ ਉਨ੍ਹਾਂ 'ਤੇ ਬਰਤਾਨੀਆ ਦੇ ਗ੍ਰਹਿ ਵਿਭਾਗ ਨੇ ਗਲਤ ਕਾਰਗੁਜ਼ਾਰੀ ਦਾ ਦੋਸ਼ ਲਗਾਇਆ ਸੀ। ਉਂਜ ਉਨ੍ਹਾਂ ਕਾਨੂੰਨ ਮੁਤਾਬਕ ਨਿਰਧਾਰਤ ਸਮਾਂ ਸੀਮਾ ਅੰਦਰ ਹੀ ਇਹ ਗਲਤੀ ਸਹੀ ਕਰ ਲਈ ਸੀ, ਪਰ ਭਾਰਤ ਦੇ ਕਈ ਹੁਨਰਮੰਦ ਪੇਸ਼ੇਵਰਾਂ ਨਾਲ ਹੀ ਉਨ੍ਹਾਂ 'ਤੇ ਵੀ ਅਨਿਸ਼ਚਿਤ ਸਮੇਂ ਤੱਕ ਰਹਿਣ ਨਾਲ ਸਬੰਧਤ ਅਰਜ਼ੀਆਂ 'ਚ ਜ਼ਰੂਰੀ ਆਮਦਨ ਸੀਮਾ ਰੇਖਾ ਨੂੰ ਪੂਰਾ ਕਰਨ ਲਈ ਬਰਤਾਨਵੀ ਅਧਿਕਾਰੀਆਂ ਉਤੇ ਜਾਣ-ਬੁੱਝ ਕੇ ਗੁੰਮਰਾਹ ਕਰਨ ਦਾ ਦੋਸ਼ ਲੱਗਾ।

ਮੋਹਿਤੇ ਨੇ ਕਿਹਾ ਕਿ ਇਨ੍ਹਾਂ ਸਾਲਾਂ ਦੌਰਾਨ ਖੁਦ ਨੂੰ ਸਹੀ ਸਾਬਤ ਕਰਨ ਦੀ ਲੰਮੀ ਲੜਾਈ ਤੋਂ ਬਾਅਦ ਜਿੱਤ ਨਸੀਬ ਹੋਣੀ ਰਾਹਤ ਭਰੀ ਗੱਲ ਹੈ, ਪਰ ਉਨ੍ਹਾਂ ਨੂੰ ਇਸ ਗੱਲ ਦਾ ਗੁੱਸਾ ਹੈ ਕਿ ਗ੍ਰਹਿ ਮੰਤਰਾਲੇ ਨੂੰ ਇਨ੍ਹਾਂ ਦੋ ਸਾਲਾਂ ਦੌਰਾਨ ਆਪਣੀ ਗਲਤੀ ਦਰੁਸਤ ਕਰਨ ਦੇ ਕਈ ਮੌਕੇ ਮਿਲੇ, ਪਰ ਬਰਤਾਨੀਆ 'ਚ ਰਹਿਣ ਦੇ ਅਧਿਕਾਰ ਤੋਂ ਉਸ ਨੂੰ ਵਾਂਝਾ ਹੀ ਰੱਖਿਆ ਗਿਆ।

# ਦੋ ਡੇਰਾ ਪ੍ਰੇਮੀਆਂ ਨੂੰ ਪੰਜ-ਪੰਜ ਸਾਲ ਕੈਦ, ਪੰਜ ਬਰੀ

**ਸੰਗਰੂਰ:** ਅਦਾਲਤ ਨੇ ਇਕ ਕੇਸ ਦਾ ਫੈਸਲਾ ਸੁਣਾਉਂਦਿਆਂ ਦੋ ਡੇਰਾ ਪ੍ਰੇਮੀਆਂ ਨੂੰ ਪੰਜ-ਪੰਜ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ, ਜਦੋਂਕਿ ਪੰਜ ਡੇਰਾ ਪ੍ਰੇਮੀਆਂ ਨੂੰ ਬਰੀ ਕਰ ਦਿੱਤਾ ਹੈ। ਡੇਰਾ ਸਿਰਸਾ ਮੁਖੀ ਨੂੰ ਸਜ਼ਾ ਸੁਣਾਏ ਜਾਣ ਤੋਂ ਰੋਹ 'ਚ ਆਏ ਡੇਰਾ ਪ੍ਰੇਮੀਆਂ 'ਤੇ ਬੱਸ ਨੂੰ ਅੱਗ ਲਾਉਣ ਸਣੇ ਹੋਰ ਦੋਸ਼ ਲੱਗੇ ਸਨ। ਸੁਣਵਾਈ ਮੁਕੰਮਲ ਹੋਣ 'ਤੇ ਕੇਸ ਦਾ ਫੈਸਲਾ ਸੁਣਾਉਂਦਿਆਂ ਅਦਾਲਤ ਨੇ ਡੇਰਾ ਪ੍ਰੇਮੀ ਪ੍ਰਦੀਪ ਸਿੰਘ ਅਤੇ ਨਰਿੰਦਰਪਾਲ ਸਿੰਘ ਨੂੰ ਪੰਜ-ਪੰਜ ਸਾਲ ਦੀ ਕੈਦ ਅਤੇ ਪੰਜ-ਪੰਜ ਹਜ਼ਾਰ ਰੁਪਏ ਜੁਰਮਾਨਾ ਕੀਤਾ ਹੈ, ਜਦੋਂਕਿ ਪੰਜ ਜਣਿਆਂ ਨੂੰ ਬਰੀ ਕਰ ਦਿੱਤਾ ਗਿਆ ਹੈ।

25 ਅਗਸਤ 2017 ਨੂੰ ਥਾਣਾ ਸਦਰ ਧੂਰੀ ਵਿਚ ਦਰਜ ਕੇਸ ਅਨੁਸਾਰ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਅਦਾਲਤ ਵੱਲੋਂ ਸਜ਼ਾ ਸੁਣਾਏ ਜਾਣ ਦੇ ਮੱਦੇਨਜ਼ਰ ਪੁਲਿਸ ਪਾਰਟੀ, ਪੈਰਾ ਮਿਲਟਰੀ ਫੋਰਸ, ਡਿਊਟੀ ਮੈਜਿਸਟ੍ਰੇਟ ਨਾਮ ਚਰਚਾ ਘਰ ਕਿਲ੍ਹਾ ਹਕੀਮਾਂ ਵਿਚ ਤਾਇਨਾਤ ਸੀ। ਇਸੇ ਦੌਰਾਨ ਕੁਝ ਨੌਜਵਾਨ ਮੋਟਰਸਾਈਕਲ 'ਤੇ ਆਏ ਅਤੇ ਉਥੇ ਖੜ੍ਹੀ ਮਿੰਨੀ ਬੱਸ ਨੂੰ ਅੱਗ ਲਾ ਦਿੱਤੀ। ਅੱਗ ਲਗਾ ਕੇ ਮੋਟਰਸਾਈਕਲ ਸਵਾਰ ਮੌਕੇ ਤੋਂ ਫਰਾਰ ਹੋ ਗਏ। ਅੱਗ ਨਾਲ ਬੱਸ ਦਾ ਕਾਫੀ ਨੁਕਸਾਨ ਹੋਇਆ ਸੀ। ਇਸ ਮਗਰੋਂ ਪੁਲਿਸ ਵੱਲੋਂ ਡੇਰਾ ਪ੍ਰੇਮੀ ਪ੍ਰਦੀਪ ਸਿੰਘ, ਨਰਿੰਦਰਪਾਲ ਸਿੰਘ, ਦੁਨੀ ਚੰਦ, ਰਾਜਿੰਦਰ ਕੁਮਾਰ, ਭਗਤ ਸਿੰਘ, ਅਮਨਦੀਪ ਸਿੰਘ ਤੇ ਲਵਪ੍ਰੀਤ ਸਿੰਘ ਖਿਲਾਫ਼ ਵੱਖ-ਵੱਖ ਧਰਾਵਾਂ ਤਹਿਤ ਥਾਣਾ ਸਦਰ ਧੂਰੀ ਵਿਚ ਕੇਸ ਦਰਜ ਕੀਤਾ ਗਿਆ ਸੀ।

# ਸਰੀ ਵਿਚ ਪੰਜਾਬੀ ਨੌਜਵਾਨ ਦਾ ਕਤਲ

**ਵੈਨਕੂਵਰ:** ਸਰੀ 'ਚ ਬਦਮਾਸ਼ ਟੋਲੇ ਵੱਲੋਂ ਇਕ ਪੰਜਾਬੀ ਨੌਜਵਾਨ ਦਾ ਕਤਲ ਕਰ ਦਿੱਤਾ ਗਿਆ ਹੈ। ਮ੍ਰਿਤਕ ਦੀ ਪਛਾਣ ਬਿਕਰਮਜੀਤ ਸਿੰਘ ਖੱਖ ਵਜੋਂ ਹੋਈ ਹੈ। ਪੁਲਿਸ ਦਾ ਕਹਿਣਾ ਹੈ ਕਿ ਉਹ ਡਰੱਗਜ਼ ਦਾ ਧੰਦਾ ਕਰਦਾ ਸੀ ਅਤੇ ਬਦਮਾਸ਼ਾਂ ਦੇ ਇਕ ਗਰੋਹ ਦਾ ਮੈਂਬਰ ਸੀ। ਉਸ ਉਤੇ ਪਿਛਲੇ ਮਹੀਨੇ ਰਿਚਮੰਡ 'ਚ ਵੀ ਕਾਤਲਾਨਾ ਹਮਲਾ ਹੋਇਆ ਸੀ, ਜਿਸ 'ਚ ਉਹ ਵਾਲ-ਵਾਲ ਬਚ ਗਿਆ ਸੀ।

ਜਾਂਚ ਟੀਮ ਦੇ ਬੁਲਾਰੇ ਕਾਰਪੋਰਲ ਫਰੈਂਕ ਜੰਗ ਅਨੁਸਾਰ ਸ਼ਾਮ ਵੇਲੇ 139 ਸਟਰੀਟ ਅਤੇ 58ਏ ਐਵੇਨਿਊ ਸਥਿਤ ਇਕ ਘਰ ਉਤੇ ਗੋਲੀਆਂ ਚੱਲਣ ਦੀ ਸੂਚਨਾ ਮਿਲੀ ਸੀ।

ਪੁਲਿਸ ਜਦੋਂ ਉਥੇ ਪਹੁੰਚੀ ਤਾਂ ਬਿਕਰਮਜੀਤ ਗੰਭੀਰ ਜ਼ਖ਼ਮੀ ਹਾਲਤ 'ਚ ਪਿਆ ਸੀ, ਜਿਸ ਦੀ ਹਸਪਤਾਲ ਲਿਜਾਂਦੇ ਸਮੇਂ ਮੌਤ ਹੋ ਗਈ। ਇਸ ਘਟਨਾ ਤੋਂ ਥੋੜ੍ਹੀ ਦੇਰ ਬਾਅਦ ਉਥੋਂ ਦੋ ਕਿਲੋਮੀਟਰ ਦੂਰ ਕੋਲ ਬਰੁੱਕ ਰੋਡ ਉਤੇ ਇਕ ਕਾਰ ਨੂੰ ਅੱਗ ਲੱਗਣ ਦੀ ਸੂਚਨਾ ਮਿਲੀ। ਪੁਲਿਸ ਅਨੁਸਾਰ ਉਸ ਕਾਰ ਨੂੰ ਅੱਗ ਸਬੂਤ ਮਿਟਾਉਣ ਲਈ ਲਾਈ ਗਈ ਹੋ ਸਕਦੀ ਹੈ।

# ਅਕਾਲੀ-ਭਾਜਪਾ ਗੱਠਜੋੜ ਵਿਚਾਲੇ 'ਸਭ ਅੱਛਾ' ਨਹੀਂ

*(ਸਫਾ ਇਕ ਦੀ ਬਾਕੀ)*

ਸਮਝ ਰਹੀ ਹੈ। ਅਕਾਲੀਆਂ ਦੇ ਬਾਗੀਆਂ ਨੂੰ ਭਾਜਪਾ ਦਾ ਚੋਗੇ ਤੋਂ ਵੀ ਦੋਵਾਂ ਧਿਰਾਂ ਵਿਚ ਤਲਖੀ ਵਧੀ ਹੈ। ਬਾਗ਼ੀ ਰੁਖ ਅਖਤਿਆਰ ਕਰੀ ਬੈਠੇ ਸੀਨੀਅਰ ਅਕਾਲੀ ਨੇਤਾ ਸੁਖਦੇਵ ਸਿੰਘ ਢੀਂਡਸਾ ਅਤੇ 'ਆਪ' ਤੋਂ ਅਸਤੀਫਾ ਦੇ ਚੁੱਕੇ ਵਕੀਲ ਵਿਧਾਇਕ ਐਚ.ਐਸ. ਫੂਲਕਾ ਨੂੰ ਪਦਮ ਭੂਸ਼ਣ ਤੇ ਪਦਮਸ੍ਰੀ ਐਵਾਰਡਾਂ ਨਾਲ ਨਿਵਾਜ ਦਿੱਤਾ ਗਿਆ, ਪਰ ਇਸ ਬਾਰੇ ਕਿਸੇ ਵੱਡੇ ਤੋਂ ਵੱਡੇ ਅਕਾਲੀ ਨੇਤਾ ਤਾਂ ਕੀ ਸਗੋਂ ਕੇਂਦਰੀ ਮੰਤਰੀ ਮੰਡਲ ਵਿਚ ਸ਼ਾਮਲ ਹਰਸਿਮਰਤ ਕੌਰ ਬਾਦਲ ਤੱਕ ਨੂੰ ਵੀ ਵਿਸ਼ਵਾਸ ਵਿਚ ਨਹੀਂ ਲਿਆ ਗਿਆ। ਅਕਾਲੀ ਦਲ ਦੇ ਹਲਕਿਆਂ ਵਿਚ ਇਕ ਨਵੀਂ ਤਰ੍ਹਾਂ ਦਾ ਡਰ ਵੀ ਪੈਦਾ ਹੁੰਦਾ ਸੁਣਾਈ ਦੇ ਰਿਹਾ ਹੈ ਕਿ ਕਿਤੇ ਭਾਜਪਾ 2019 ਦੀਆਂ ਲੋਕ ਸਭਾ ਚੋਣਾਂ ਅਕਾਲੀ ਦਲ ਨੂੰ ਛੱਡ ਕੇ ਕੁਝ ਪ੍ਰਮੁੱਖ ਸਿੱਖ ਚਿਹਰਿਆਂ ਨੂੰ ਅੱਗੇ ਲਾ ਕੇ ਆਪਣੇ ਤੌਰ 'ਤੇ ਹੀ ਲੜਨ ਦਾ ਫੈਸਲਾ ਨਾ ਕਰ ਲਵੇ। ਕਿਉਂਕਿ ਇਹ ਚਰਚੇ ਪਹਿਲਾਂ ਹੀ ਜਾਰੀ ਹਨ ਕਿ ਭਾਜਪਾ 'ਆਪ' ਦੇ ਬਾਗੀ ਸੰਸਦ ਮੈਂਬਰ ਹਰਿੰਦਰ ਸਿੰਘ ਖਾਲਸਾ ਨੂੰ ਫਤਹਿਗੜ੍ਹ ਸਾਹਿਬ ਤੋਂ ਭਾਜਪਾ ਟਿਕਟ ਦੇਣਾ ਚਾਹੁੰਦੀ ਹੈ।

ਐਡਵੋਕੇਟ ਫੂਲਕਾ ਨੇ ਭਾਵੇਂ ਕੋਈ ਹਾਂ-ਪੱਖੀ ਹੁੰਗਾਰਾ ਨਹੀਂ ਭਰਿਆ, ਪਰ ਭਾਜਪਾ ਉਨ੍ਹਾਂ ਨੂੰ ਪਾਰਟੀ ਵਿਚ ਸ਼ਾਮਲ ਹੋਣ ਦਾ ਸੱਦਾ ਦੇ ਚੁੱਕੀ ਹੈ। ਸਮਝਿਆ ਜਾਂਦਾ ਹੈ ਕਿ ਇਸ ਸਥਿਤੀ ਦਾ ਮੁਕਾਬਲਾ ਕਰਨ ਲਈ ਹੀ ਅਕਾਲੀ ਦਲ ਨੇ ਸੋਚੀ-ਸਮਝੀ ਰਣਨੀਤੀ ਅਧੀਨ ਸਿਰਸਾ ਤੋਂ ਇਹ ਸਖਤ ਬਿਆਨ ਦਿਵਾਇਆ ਹੈ ਕਿ ਭਾਜਪਾ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲ ਦੇਣਾ ਬੰਦ ਕਰੇ ਨਹੀਂ ਤਾਂ ਭਾਜਪਾ ਨਾਲੋਂ ਗੱਠਜੋੜ ਟੁੱਟ ਜਾਏਗਾ।

ਦੂਜੇ ਪਾਸੇ ਰਾਸ਼ਟਰੀ ਸਿੱਖ ਸੰਗਤ ਨਾਲ ਸਬੰਧਤ ਭਾਜਪਾ ਨੇਤਾ ਆਰ.ਪੀ. ਸਿੰਘ ਨੇ ਵੀ ਜਵਾਬੀ ਹਮਲਾ ਕਰ ਕੇ ਅਕਾਲੀ ਦਲ ਵੱਲੋਂ ਕੇਂਦਰੀ ਸਰਕਾਰ ਵਿਚ ਸ਼ਾਮਲ ਮੰਤਰੀ ਹਰਸਿਮਰਤ ਕੌਰ ਬਾਦਲ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ ਤੇ ਕਿਹਾ ਹੈ ਕਿ ਅਕਾਲੀ ਦਲ ਗੱਠਜੋੜ ਤੋੜਨ ਦੀ ਗੱਲ ਤੋਂ ਪਹਿਲਾਂ ਕੇਂਦਰੀ ਸਰਕਾਰ ਤੋਂ ਬਾਹਰ ਹੋਵੇ। ਦੱਸ ਦਈਏ ਕਿ ਜਦ 1996 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਭਾਜਪਾ ਵੱਡੀ ਪਾਰਟੀ ਵਜੋਂ ਉਭਰੀ ਤਾਂ ਸਰਕਾਰ ਬਣਾਉਣ ਲਈ ਕੋਈ ਹੋਰ ਧਿਰ ਭਾਜਪਾ ਦੇ ਨੇੜੇ ਜਾਣ ਲਈ ਤਿਆਰ ਨਹੀਂ ਸੀ। ਸ਼੍ਰੋਮਣੀ ਅਕਾਲੀ ਦਲ ਪਹਿਲੀ ਅਜਿਹੀ ਪਾਰਟੀ ਸੀ ਜਿਸ ਨੇ ਭਾਜਪਾ ਨੂੰ ਉਸ ਵਕਤ ਬਿਨਾਂ ਸ਼ਰਤ ਹਮਾਇਤ ਦਿੱਤੀ। ਸ਼ਿਵ ਸੈਨਾ ਅਤੇ ਸਮਾਜਵਾਦੀਆਂ ਦੇ ਕਈ ਗਰੁੱਪ ਬਾਅਦ ਵਿਚ ਭਾਜਪਾ ਨਾਲ ਗਏ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਇਸ ਨਾਲ ਜੁੜੀਆਂ ਘਟਨਾਵਾਂ ਦੇ ਕਾਰਨ ਅਕਾਲੀ ਦਲ ਦੇ ਪੰਥਕ ਵੋਟ ਬੈਂਕ ਨੂੰ ਲੱਗੇ ਖੋਰੇ ਨੇ ਪਾਰਟੀ ਦੇ ਦਹਾਕਿਆਂ ਤੋਂ ਬਣੇ ਪ੍ਰਭਾਵ ਮੱਧਮ ਪਾ ਦਿੱਤਾ ਹੈ। ਇਸ ਮਾਮਲੇ ਨੂੰ ਪੂਰੀ ਤਰ੍ਹਾਂ ਹੱਲ ਨਾ ਕਰ ਸਕਣ ਕਰਕੇ ਪਾਰਟੀ ਦੇ ਸੀਨੀਅਰ ਆਗੂ ਅਕਾਲੀ ਦਲ ਛੱਡ ਗਏ ਹਨ।

## ਵਿਜੇ ਮਾਲਿਆ ਨੂੰ ਭਾਰਤ ਵਾਪਸ ਭੇਜਣ ਦੇ ਹੁਕਮ

**ਲੰਡਨ:** ਬਰਤਾਨੀਆ ਸਰਕਾਰ ਨੇ ਸ਼ਰਾਬ ਕਾਰੋਬਾਰੀ ਵਿਜੇ ਮਾਲਿਆ ਨੂੰ ਭਾਰਤ ਵਾਪਸ ਭੇਜਣ ਦਾ ਹੁਕਮ ਦਿੱਤਾ ਹੈ। ਬਰਤਾਨੀਆ ਦੇ ਗ੍ਰਹਿ ਮੰਤਰੀ ਸਾਜਿਦ ਜਾਵੀਦ ਨੇ ਦੱਸਿਆ ਕਿ ਧੋਖਾਧੜੀ ਅਤੇ ਕਾਲੇ ਧਨ ਨੂੰ ਸਫ਼ੈਦ ਕਰਨ ਦੇ ਦੋਸ਼ਾਂ ਹੇਠ ਬਰਤਾਨਵੀ ਸਰਕਾਰ ਨੇ ਮਾਲਿਆ ਨੂੰ ਭਾਰਤ ਵਾਪਸ ਭੇਜਣ ਦਾ ਹੁਕਮ ਦਿੱਤੇ ਹਨ।

ਲੰਡਨ ਦੀ ਵੈਸਟਮਿੰਸਟਰ ਮੈਜਿਸਟਰੇਟ ਦੀ ਅਦਾਲਤ ਨੇ 10 ਦਸੰਬਰ 2018 ਨੂੰ ਕਿਹਾ ਸੀ ਕਿ 63 ਸਾਲਾ ਕਾਰੋਬਾਰੀ ਮਾਲਿਆ ਨੂੰ ਭਾਰਤੀ ਅਦਾਲਤਾਂ ਦੇ ਸਾਹਮਣੇ ਜਵਾਬ ਦੇਣਾ ਪਏਗਾ। ਬਰਤਾਨੀਆ ਵਿਚ ਪਾਕਿਸਤਾਨੀ ਮੂਲ ਦੇ ਸਭ ਤੋਂ ਸੀਨੀਅਰ ਮੰਤਰੀ ਜਾਵੀਦ ਦੇ ਦਫ਼ਤਰ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਸਾਰੇ ਪੱਖਾਂ 'ਤੇ ਵਿਚਾਰ ਕਰਨ ਤੋਂ ਬਾਅਦ ਮੰਤਰੀ ਨੇ ਵਿਜੇ ਮਾਲਿਆ ਨੂੰ ਭਾਰਤ ਵਾਪਸ ਭੇਜਣ ਦੇ ਹੁਕਮਾਂ 'ਤੇ ਸਹੀ ਪਾਈ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਗੁਰਵੀਰ ਸਿੰਘ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਢਿੱਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਬਰਗਾੜੀ ਮੋਰਚੇ ਦੇ ਆਗੂਆਂ ਨੇ ਪੰਜਾਬ ਡੈਮੋਕਰੈਟਿਕ ਅਲਾਇੰਸ ਨਾਲ ਮਿਲਾਇਆ ਹੱਥ

**ਬਠਿੰਡਾ:** ਬਰਗਾੜੀ ਮੋਰਚੇ ਦੇ ਪੰਥਕ ਆਗੂਆਂ ਨੇ ਵੀ ਹੁਣ ਪੰਜਾਬ ਡੈਮੋਕਰੈਟਿਕ ਅਲਾਇੰਸ (ਪੀ.ਡੀ.ਏ). ਨਾਲ ਹੱਥ ਮਿਲਾ ਲਏ ਹਨ, ਜਿਨ੍ਹਾਂ ਨੇ ਸਾਂਝੇ ਤੌਰ 'ਤੇ ਆਗਾਮੀ ਲੋਕ ਸਭਾ ਚੋਣਾਂ ਲੜਨ ਦਾ ਐਲਾਨ ਕੀਤਾ ਹੈ। ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਵੱਲੋਂ ਪੀ.ਡੀ.ਏ 'ਚ ਸ਼ਾਮਲ ਧਿਰਾਂ ਦੇ ਆਗੂਆਂ ਨਾਲ ਮੀਟਿੰਗਾਂ ਦਾ ਗੇੜ ਮੁਕਾ ਲਿਆ ਗਿਆ ਹੈ। ਇਥੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਜਨਰਲ ਸਕੱਤਰ ਜਸਕਰਨ ਸਿੰਘ ਤੇ ਗੁਰਸੇਵਕ ਸਿੰਘ ਜਵਾਹਰਕੇ, ਯੂਨਾਈਟਿਡ ਅਕਾਲੀ ਦਲ ਦੇ ਜਨਰਲ ਸਕੱਤਰ ਗੁਰਦੀਪ ਸਿੰਘ ਬਠਿੰਡਾ ਤੇ ਸ਼ਹਿਰੀ ਪ੍ਰਧਾਨ ਗਮਦੂਰ ਸਿੰਘ ਖ਼ਾਲਸਾ ਨੇ ਪ੍ਰੈੱਸ ਕਾਨਫਰੰਸ ਦੌਰਾਨ ਅਗਲੀਆਂ ਚੋਣਾਂ ਲੜਨ ਦਾ ਐਲਾਨ ਕੀਤਾ।

ਪੰਥਕ ਆਗੂਆਂ ਨੇ ਖੁਲਾਸਾ ਕੀਤਾ ਕਿ ਉਨ੍ਹਾਂ ਨੇ ਪੰਜਾਬ ਡੈਮੋਕਰੈਟਿਕ ਅਲਾਇੰਸ ਵਿਚ ਸ਼ਾਮਲ ਵੱਖ ਵੱਖ ਧਿਰਾਂ ਦੇ ਆਗੂਆਂ ਨਾਲ ਮੀਟਿੰਗਾਂ ਕਰ ਲਈਆਂ ਹਨ ਅਤੇ ਅਗਲੀਆਂ ਚੋਣਾਂ ਇਕੱਠੇ ਤੌਰ 'ਤੇ ਲੜਨ ਦਾ ਫੈਸਲਾ ਕੀਤਾ ਹੈ। ਭਾਈ ਗੁਰਦੀਪ ਸਿੰਘ ਬਠਿੰਡਾ ਨੇ ਦੱਸਿਆ ਕਿ ਬਹੁਜਨ ਸਮਾਜ ਪਾਰਟੀ ਨਾਲ ਤਾਂ ਪਹਿਲਾਂ ਹੀ ਗੱਲਬਾਤ ਹੋ ਚੁੱਕੀ ਹੈ ਅਤੇ ਉਹ ਬਸਪਾ ਪ੍ਰਧਾਨ ਮਾਇਆਵਤੀ ਨਾਲ ਪਿਛਲੇ ਦਿਨੀਂ ਦਿੱਲੀ ਵਿਖੇ ਮੀਟਿੰਗ ਕਰ ਚੁੱਕੇ ਹਨ। ਉਨ੍ਹਾਂ ਆਖਿਆ ਕਿ ਸਭਨਾਂ ਧਿਰਾਂ ਨੂੰ ਇਕ ਸਿਆਸੀ ਮੰਚ 'ਤੇ ਇਕੱਠਾ ਕੀਤਾ ਜਾ ਰਿਹਾ ਹੈ ਤਾਂ ਜੋ ਸਿਆਸਤ ਦਾ ਮੁਹਾਣ ਬਦਲਿਆ ਜਾ ਸਕੇ। ਇਸ ਬਾਰੇ ਸਭ ਆਗੂਆਂ ਨੇ ਤਾਲਮੇਲ ਬਿਠਾ ਲਿਆ ਹੈ। ਪੰਥਕ ਆਗੂਆਂ ਨੇ ਆਖਿਆ ਕਿ ਤਾਲਮੇਲ ਦੀ ਪੂਰੀ ਜ਼ਿੰਮੇਵਾਰੀ ਜਥੇਦਾਰ ਧਿਆਨ ਸਿੰਘ ਮੰਡ ਵੀ ਨਿਭਾ ਰਹੇ ਹਨ।

ਆਗੂਆਂ ਨੇ ਇਸ ਗੱਲੋਂ ਹਾਲੇ ਪਾਸਾ ਵੱਟਿਆ ਕਿ ਇਸ ਨਵੇਂ ਅਲਾਇੰਸ ਤਰਫੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦੇ ਮੈਦਾਨ ਵਿਚ ਉੱਤਰਿਆ ਜਾਵੇਗਾ। ਇਨ੍ਹਾਂ ਆਗੂਆਂ ਨੇ ਬਰਗਾੜੀ ਮੋਰਚਾ ਦੀਆਂ ਮੰਗਾਂ ਦੀ ਪੂਰਤੀ 'ਤੇ ਤਸੱਲੀ ਜ਼ਾਹਿਰ ਕੀਤੀ ਅਤੇ ਇਹ ਮੰਗ ਕੀਤੀ ਕਿ ਪੰਜਾਬ ਸਰਕਾਰ ਹੁਣ ਫੌਰੀ ਬਹਿਬਲ ਗੋਲੀ ਕਾਂਡ ਦੇ ਮਾਮਲੇ ਵਿਚ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਅਤੇ ਬਾਦਲ ਪਰਿਵਾਰ ਨੂੰ ਗ੍ਰਿਫਤਾਰ ਕਰੇ। ਉਨ੍ਹਾਂ ਤਸੱਲੀ ਜ਼ਾਹਿਰ ਕੀਤੀ ਕਿ ਅਣਪਛਾਤੀ ਪੁਲਿਸ ਦੀ ਪਛਾਣ ਹੋ ਗਈ ਹੈ ਅਤੇ ਗ੍ਰਿਫਤਾਰੀਆਂ ਦਾ ਸਿਲਸਿਲਾ ਸ਼ੁਰੂ ਹੋਇਆ ਹੈ।

ਆਗੂਆਂ ਨੇ ਇਹ ਵੀ ਮੰਗ ਕੀਤੀ ਕਿ ਡੇਰਾ ਸਿਰਸਾ ਦੇ ਮੁਖੀ ਨੂੰ ਇਸ ਮਾਮਲੇ ਵਿਚ ਗ੍ਰਿਫਤਾਰ ਕੀਤਾ ਜਾਵੇ ਅਤੇ ਪ੍ਰਕਿਰਿਆ ਤੇਜ਼ ਕੀਤੀ ਜਾਵੇ। ਜੇਲ੍ਹਾਂ ਵਿਚ ਬੰਦ ਸਿੰਘਾਂ ਦੀ ਰਿਹਾਈ ਦੇ ਯਤਨ ਵੀ ਤੇਜ਼ ਕੀਤੇ ਜਾਣ। ਆਗੂਆਂ ਨੇ ਆਖਿਆ ਕਿ ਬਰਗਾੜੀ ਮੋਰਚਾ ਸਦਕਾ ਹੀ ਇਨਸਾਫ ਲਈ ਰਾਹ ਪੱਧਰਾ ਹੋਇਆ ਹੈ। ਆਗੂਆਂ ਨੇ ਇਸ ਗੱਲੋਂ ਇਨਕਾਰ ਕੀਤਾ ਕਿ ਮੋਰਚੇ ਵਿਚ ਕਿਸੇ ਤਰ੍ਹਾਂ ਦੇ ਕੋਈ ਮਤਭੇਦ ਨਹੀਂ ਹਨ।


# ਵੇਟਰ ਅਤੇ ਹੈਲਪਰ ਦੀ ਲੋੜ ਹੈ

**ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਹੈਲਪਰ ਦੀ ਲੋੜ ਹੈ।**

**ਰਿਹਾਇਸ਼ ਫਰੀ, ਚੰਗੀ ਤਨਖਾਹ**

***ਸੰਪਰਕ ਕਰੋ: ਸੰਨੀ***

**ਫੋਨ: 608-630-0287**

3-6


## ਬਸਪਾ ਤੇ ਟਕਸਾਲੀਆਂ ਨਾਲ ਗੱਠਜੋੜ ਦੀਆਂ ਸੰਭਾਵਨਾਵਾਂ ਬਰਕਰਾਰ: ਭਗਵੰਤ ਮਾਨ

**ਅੰਮ੍ਰਿਤਸਰ:** ਆਮ ਆਦਮੀ ਪਾਰਟੀ (ਆਪ) ਦੀ ਪੰਜਾਬ ਇਕਾਈ ਦੇ ਪ੍ਰਧਾਨ ਭਗਵੰਤ ਮਾਨ ਨੇ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਅਤੇ ਬਸਪਾ ਨਾਲ ਗੱਠਜੋੜ ਦੀ ਸੰਭਾਵਨਾ ਬਰਕਰਾਰ ਦੱਸਦਿਆਂ ਆਖਿਆ ਕਿ ਇਸ ਸਬੰਧੀ ਗੱਲਬਾਤ ਦਾ ਸਿਲਸਿਲਾ ਜਾਰੀ ਹੈ। ਉਨ੍ਹਾਂ ਆਗਾਮੀ ਲੋਕ ਸਭਾ ਚੋਣਾਂ ਵਿਚ ਹੋਰ ਪਾਰਟੀਆਂ ਨਾਲ ਗੱਠਜੋੜ ਦੀਆਂ ਸੰਭਾਵਨਾਵਾਂ ਬਾਰੇ ਆਖਿਆ ਕਿ ਇਸ ਸਬੰਧੀ ਗੱਲਬਾਤ ਦਾ ਸਿਲਸਿਲਾ ਜਾਰੀ ਹੈ ਤੇ ਸੰਭਾਵਨਾਵਾਂ ਬਰਕਰਾਰ ਹਨ। ਗੱਠਜੋੜ ਲਈ 'ਆਪ' ਨੇ ਦਰਵਾਜ਼ੇ ਖੁੱਲ੍ਹੇ ਰੱਖੇ ਹੋਏ ਹਨ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਅਤੇ ਬਸਪਾ ਨਾਲ ਗੱਲਬਾਤ ਚੱਲ ਰਹੀ ਹੈ।

## ਬੀਰਦਵਿੰਦਰ ਸਿੰਘ ਨੇ ਮਿਲਾਇਆ ਟਕਸਾਲੀਆਂ ਨਾਲ ਹੱਥ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਬੀਰਦਵਿੰਦਰ ਸਿੰਘ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਵਿਚ ਸ਼ਾਮਲ ਹੋ ਗਏ। ਪੰਜਾਬ ਪ੍ਰੈਸ ਕਲੱਬ, ਜਲੰਧਰ 'ਚ ਇਕ ਸਮਾਗਮ ਦੌਰਾਨ ਟਕਸਾਲੀ ਆਗੂ ਰਣਜੀਤ ਸਿੰਘ ਬ੍ਰਹਮਪੁਰਾ, ਰਤਨ ਸਿੰਘ ਅਜਨਾਲਾ ਤੇ ਸੇਵਾ ਸਿੰਘ ਸੇਖਵਾਂ ਦੀ ਮੌਜੂਦਗੀ ਵਿਚ ਉਨ੍ਹਾਂ ਨੂੰ ਅਕਾਲੀ ਦਲ ਟਕਸਾਲੀ ਵਿਚ ਸ਼ਾਮਲ ਕੀਤਾ ਗਿਆ।

ਬੀਰਦਵਿੰਦਰ ਸਿੰਘ 1967 ਵਿਚ ਬਤੌਰ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਸਿਆਸਤ 'ਚ ਸ਼ਾਮਲ 'ਚ ਹੋਏ ਸਨ। 1980 'ਚ ਉਹ ਸਰਹਿੰਦ ਤੋਂ ਵਿਧਾਇਕ ਤੇ 2002 ਵਿਚ ਖਰੜ ਤੋਂ ਵਿਧਾਇਕ ਚੁਣੇ ਗਏ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮਤਭੇਦ ਹੋਣ ਕਰਕੇ ਉਹ ਕਾਂਗਰਸ ਤੋਂ ਵੱਖ ਹੋ ਗਏ ਸਨ। ਬੀਰਦਵਿੰਦਰ ਸਿੰਘ ਨੇ ਕਿਹਾ ਕਿ ਉਹ ਸਿਆਸੀ ਗਲਿਆਰਿਆਂ ਵਿਚ ਮੌਜੂਦ ਖਾਲੀ ਥਾਂ ਭਰਨ ਤੇ ਪਾਰਟੀ ਨੂੰ ਹੋਰ ਤਾਕਤਵਰ ਬਣਾਉਣ ਲਈ ਟਕਸਾਲੀ ਦਲ ਵਿਚ ਸ਼ਾਮਲ ਹੋਏ ਹਨ।

## ਕੈਨਟਕੀ ਵਿਚ ਮੰਦਿਰ ਦੀ ਭੰਨ-ਤੋੜ

**ਕੈਨਟਕੀ:** ਸੂਬੇ 'ਚ ਕੁਝ ਸ਼ਰਾਰਤੀ ਅਨਸਰਾਂ ਨੇ ਨਫਰਤੀ ਅਪਰਾਧ ਤਹਿਤ ਸਵਾਮੀਨਰਾਇਣ ਮੰਦਰ ਵਿਚ ਭਗਵਾਨ ਦੀ ਮੂਰਤੀ ਉਤੇ ਕਾਲਾ ਰੰਗ ਛਿੜਕ ਦਿੱਤਾ ਅਤੇ ਕੰਧਾਂ 'ਤੇ ਭੱਦੀ ਸ਼ਬਦਾਵਲੀ ਵਾਲੇ ਸੁਨੇਹੇ ਲਿਖ ਦਿੱਤੇ। ਪੁਲਿਸ ਮੁਤਾਬਕ ਬਾਰੀਆਂ ਤੋੜ ਦਿੱਤੀਆਂ ਗਈਆਂ, ਕੁਰਸੀ 'ਤੇ ਚਾਕੂ ਮਾਰਿਆ ਗਿਆ ਅਤੇ ਦਰਾਜਾਂ 'ਚੋਂ ਸਾਮਾਨ ਗਾਇਬ ਸੀ। ਕੈਨਟਕੀ ਜਨਰਲ ਅਸੈਂਬਲੀ ਲਈ ਚੁਣੀ ਗਈ ਪਹਿਲੀ ਭਾਰਤੀ-ਅਮਰੀਕਨ ਨਿਮਾ ਕੁਲਕਰਨੀ ਨੇ ਕਿਹਾ ਕਿ ਇਹ ਕਾਰਾ ਹਿੰਦੂ ਧਰਮ ਅਤੇ ਭਾਈਚਾਰੇ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਹੈ।


# Matrimonials

### ਲੜਕੇ ਦੀ ਲੋੜ ਹੈ

Wanted suitable match for Saini Sikh girl, 28, 5'-6", computer science graduate, working in Chandigarh, with 10 year multipurpose USA visa. The boy should be from Saini family, professionally qualified, well settled with good family values. Girl's elder sister married and settled in California. Contact, Ph: +91-98154-47677 (India) or 408-621-7329 (USA) 5-8

Wanted well settled Canadian/US citizen/green card holder boy for Jatt Sikh Kang Canadian PR girl 24 yrs, 5'-6", diploma electrical control systems, currently working as technical support in Toronto, only child. Contact: What's App 1-437-779-2765

*To Advertise with*
***Punjab Times***
***Call: 847-359-0746***

### ਲੜਕੀ ਦੀ ਲੋੜ ਹੈ

Saini Sikh clean shave boy, 29, 6', M.B.A. Bio Technology doing BDS in Chandigarh, seeks suitable well educated Saini/Jatt Sikh girl. Family well settled in USA. Cont. Mohan Saini Ph: 516-503-9541 or email: mohan1w34@gmail.com 5-12

Wanted suitable girl for Arora, Puran Gursikh boy, Good Looking, muscular, B.Com/MBA, Managing Textiles manufacturing Unit, Rental Units, in Mumbai, 5'-8'/ 28 yrs. Caste no bar. Boy's elder brother, family settled in USA, Canada. Boy is willing to invest for his start-up. Pl email: citibombay@gmail.com 6-

### ਜੀਵਨ ਸਾਥੀ ਦੀ ਲੋੜ ਹੈ

ਜੱਟ ਸਿੱਖ ਅਮਰੀਕਨ ਗਰੀਨ ਕਾਰਡ ਹੋਲਡਰ, 44 ਸਾਲ, 6', ਤਲਾਕਸ਼ੁਦਾ ਲਈ 35 ਤੋਂ 45 ਸਾਲ ਦੀ ਜੀਵਨ ਸਾਥਣ ਦੀ ਲੋੜ ਹੈ। ਲੜਕਾ ਗੈਸ ਪੰਪ 'ਤੇ ਕੈਸ਼ੀਅਰ, ਸਾਰਾ ਪਰਿਵਾਰ ਅਮਰੀਕਾ ਵਿਚ ਵੈਲ ਸੈਟਲਡ, ਕੋਈ ਮੰਗ ਨਹੀਂ। ਸੰਪਰਕ ਕਰੋ, ਈਮੇਲ: sukh201@gmail.com 6-


## ਸੁਪਰੀਮ ਕੋਰਟ ਵੱਲੋਂ ਸਹਾਰਾ ਮੁਖੀ ਤਲਬ

**ਨਵੀਂ ਦਿੱਲੀ:** ਨਿਵੇਸ਼ਕਾਂ ਦੇ ਪੈਸੇ ਮੋੜਨ ਲਈ 25700 ਕਰੋੜ ਰੁਪਏ ਸੇਬੀ ਕੋਲ ਜਮਾਂ ਨਾ ਕਰਾਉਣ 'ਤੇ ਸੁਪਰੀਮ ਕੋਰਟ ਨੇ ਸਹਾਰਾ ਗਰੁੱਪ ਦੇ ਮੁਖੀ ਸੁਬ੍ਰਤਾ ਰਾਏ ਨੂੰ 28 ਫਰਵਰੀ ਨੂੰ ਪੇਸ਼ ਹੋਣ ਦੇ ਹੁਕਮ ਦਿੱਤੇ ਹਨ। ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਹੇਠਲੇ ਬੈਂਚ ਨੇ ਕਿਹਾ ਕਿ ਸਹਾਰਾ ਨੂੰ ਪੈਸੇ ਜਮਾਂ ਕਰਾਉਣ ਲਈ ਛੇ ਮਹੀਨਿਆਂ ਦਾ ਸਮਾਂ ਦਿੱਤਾ ਗਿਆ ਸੀ ਪਰ ਉਹ ਸਿਰਫ 15 ਹਜ਼ਾਰ ਕਰੋੜ ਰੁਪਏ ਹੀ ਜਮਾਂ ਕਰਾ ਸਕਿਆ ਹੈ। ਬੈਂਚ ਨੇ ਸੁਬ੍ਰਤਾ ਰਾਏ ਅਤੇ ਗਰੁੱਪ ਦੇ ਹੋਰ ਡਾਇਰੈਕਟਰਾਂ ਨੂੰ ਹੋਰ ਮੌਕਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਰਾਏ ਇਸ ਸਮੇਂ ਪੈਰੋਲ 'ਤੇ ਚੱਲ ਰਿਹਾ ਹੈ।


# ਤੰਦੂਰੀਏ, ਹੈਲਪਰ, ਡਿਸ਼ ਵਾਸ਼ਰ ਤੇ ਵੇਟਰ ਦੀ ਲੋੜ ਹੈ

**ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਹੈਲਪਰ, ਡਿਸ਼ ਵਾਸ਼ਰ ਅਤੇ ਵੇਟਰ ਦੀ ਲੋੜ ਹੈ।**

**ਮੁਫਤ ਖਾਣਾ ਤੇ ਹੋਰ ਸਹੂਲਤਾਂ**

**ਸੰਪਰਕ ਕਰੋ: ਮਿਸਟਰ ਸਿੰਘ**

**ਫੋਨ: 608-886-2500**

6-9

# ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

GLOBAL MULTI SERVICES

ਪਿਛਲੇ 14 ਸਾਲਾਂ ਤੋਂ ਤੁਹਾਡੀ ਸੇਵਾ ਵਿਚ

**ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ**

SAME DAY
ਲਾਇਸੰਸ ਪਲੇਟ ਲੈਣ ਵਾਸਤੇ
ਸਾਨੂੰ ਸੰਪਰਕ ਕਰੋ ।

ਹੁਣ ਅਸੀਂ
DPF Cleaning ਅਤੇ Baking
ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ
ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

***Grand Opening***
***Special Price for Truck Wash***

**ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ**
**1950 E Miner Ave.**
**Stockton, CA 95205**

**Ph: 209.982.9996**

FAX: 209.982.9997
www.globalmultiservices.com info@globalmultiservices.com

## REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
**FAX: 209.547.9211**

## REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
**FAX: 209.982.9997**

# ਕਰਤਾਰਪੁਰ ਲਾਂਘਾ: ਲਾਲ ਝੰਡੀਆਂ ਲਾ ਕੇ ਹੀ ਬੁੱਤਾ ਸਾਰਿਆ

## ਭਾਰਤ ਵੱਲ ਕੰਮ ਦੀ ਰਫਤਾਰ ਮੱਠੀ

**ਬਟਾਲਾ:** ਕਰਤਾਰਪੁਰ ਲਾਂਘੇ ਦੇ ਉਦਘਾਟਨ ਨੂੰ 26 ਜਨਵਰੀ ਨੂੰ ਪੂਰੇ ਦੋ ਮਹੀਨੇ ਹੋ ਗਏ, ਪਰ ਕੇਂਦਰ ਸਰਕਾਰ ਨੇ ਡੇਰਾ ਬਾਬਾ ਨਾਨਕ ਵਿਚ ਹੁਣ ਤੱਕ ਸਿਰਫ ਜ਼ਮੀਨਾਂ ਦੀ ਨਿਸ਼ਾਨਦੇਹੀ ਲਈ ਹੀ ਲਾਲ ਝੰਡੀ ਲਾਈ ਹੈ, ਜਦੋਂਕਿ ਪਾਕਿਸਤਾਨ ਦੇ ਅਧਿਕਾਰੀ ਡੇਰਾ ਬਾਬਾ ਨਾਨਕ ਕੋਲ ਲੱਗੀ ਕੰਡਿਆਲੀ ਤਾਰ 'ਜ਼ੀਰੋ ਲਾਈਨ' ਤੱਕ ਲਾਂਘੇ ਲਈ ਆਪਣੇ ਪਾਸਿਉਂ ਜ਼ਮੀਨ ਦੀ ਨਿਸ਼ਾਨਦੇਹੀ ਕਰਦੇ ਦੇਖੇ ਗਏ। 3 ਹਫਤੇ ਪਹਿਲਾਂ ਪਾਕਿਸਤਾਨ ਵਾਲੇ ਪਾਸੇ ਜਾਰੀ ਕੰਮ ਦੀਆਂ ਤਸਵੀਰਾਂ ਤੋਂ ਬਾਅਦ ਵੀ ਭਾਰਤ ਨੇ ਰਫਤਾਰ ਨਹੀਂ ਫੜੀ ਹੈ। ਹਾਲੇ ਤੱਕ ਸੜਕਾਂ ਵਿਛਾਉਣ ਲਈ ਵੀ ਪ੍ਰਵਾਨਗੀ ਨਹੀਂ ਮਿਲੀ ਹੈ, ਪਰ ਡੇਰਾ ਬਾਬਾ ਨਾਨਕ ਵਿਖੇ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਸਥਾਪਤ ਦੂਰਬੀਨਾਂ ਦੀ ਥਾਂ ਨਵੀਆਂ ਤੇ ਵਿਕਸਿਤ ਦੂਰਬੀਨਾਂ ਜ਼ਰੂਰ ਲਾ ਦਿੱਤੀਆਂ ਹਨ।

ਪੰਜਾਬ ਦੇ ਕੈਬਿਨੇਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਡੇਰਾ ਬਾਬਾ ਨਾਨਕ ਕਰਤਾਰਪੁਰ ਕੋਰੀਡੋਰ ਦਾ ਦੌਰਾ ਕੀਤਾ ਅਤੇ ਕਿਹਾ ਕਿ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਪਹੁੰਚ ਰਹੀ ਸੰਗਤ ਦੀ ਵੱਧ ਰਹੀ ਆਮਦ ਨੂੰ ਵੇਖਦੇ ਹੋਏ ਕਰਤਾਰਪੁਰ ਦਰਸ਼ਨ ਸਥਲ ਉਤੇ ਨਵੀਂ ਤਕਨੀਕ ਦੀਆਂ ਦੂਰਬੀਨਾਂ ਸਥਾਪਤ ਕੀਤੀਆਂ ਗਈਆਂ। ਭਾਰਤ ਦੇ ਉਪ ਰਾਸ਼ਟਰਪਤੀ ਵੱਲੋਂ 26 ਨਵੰਬਰ ਨੂੰ ਲਾਂਘੇ ਦਾ ਉਦਘਾਟਨ ਕੀਤਾ ਗਿਆ ਸੀ। ਦੋ ਮਹੀਨੇ ਲੰਘਣ 'ਤੇ ਕੇਂਦਰ ਸਰਕਾਰ ਨੇ ਕੌਮਾਂਤਰੀ ਸੀਮਾ ਉਤੇ ਸਿਰਫ 'ਲਾਲ ਝੰਡੀ' ਹੀ ਲਾਈ ਹੈ, ਜਦੋਂਕਿ ਨੈਸ਼ਨਲ ਹਾਈਵੇਅ ਅਥਾਰਟੀ ਨੇ ਦੋ ਵਾਰ ਡੇਰਾ ਬਾਬਾ ਨਾਨਕ ਦਾ ਦੌਰਾ ਕਰ ਕੇ ਕੰਮ ਦਾ ਮੁਆਇਨਾ ਕੀਤਾ ਹੈ।

ਇਸੇ ਤਰ੍ਹਾਂ ਹਲਕਾ ਵਿਧਾਇਕ ਤੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕੌਮਾਂਤਰੀ ਸੀਮਾ 'ਤੇ ਲੱਗੇ ਬੀ.ਐਸ.ਐਫ. ਦੇ ਟਾਵਰ 'ਤੇ ਚੜ੍ਹ ਕੇ ਪਾਕਿਸਤਾਨ ਵੱਲ ਚੱਲ ਰਹੇ ਕੰਮ ਦਾ ਨਿਰੀਖਣ ਕੀਤਾ।

ਵੱਖ ਵੱਖ ਧਾਰਮਿਕ ਤੇ ਸਮਾਜ ਸੇਵੀ ਸੰਸਥਾਵਾਂ ਦੇ ਆਗੂਆਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਜਿਸ ਢੰਗ ਨਾਲ ਲਾਂਘੇ ਦਾ ਕੰਮ ਕਰ ਰਹੀ ਹੈ, ਕੀ ਚਾਰ ਮਹੀਨਿਆਂ ਵਿਚ ਕੰਮ ਪੂਰਾ ਹੋਣ ਦਾ ਵਾਅਦਾ ਪੂਰਾ ਹੋਵੇਗਾ? ਇਹ ਵੀ ਜਾਣਕਾਰੀ ਮਿਲੀ ਕਿ ਜਿਹੜੇ ਕਿਸਾਨਾਂ ਦੀ ਜ਼ਮੀਨ ਲਾਂਘੇ 'ਚ ਆਉਂਦੀ ਹੈ, ਉਨ੍ਹਾਂ ਕਿਸਾਨਾਂ ਨਾਲ ਡਿਪਟੀ ਕਮਿਸ਼ਨਰ ਦੀ ਮੀਟਿੰਗ ਹੋਣੀ ਸੀ, ਪਰ ਡੀਸੀ ਵੱਲੋਂ ਇਹ ਮੀਟਿੰਗ ਰੱਦ ਕਰ ਦਿੱਤੀ ਗਈ। ਡੀ.ਸੀ ਵਿਪੁਲ ਉਜਵਲ ਅਨੁਸਾਰ ਜਿਹੜੇ ਕਿਸਾਨਾਂ ਦੀ ਜ਼ਮੀਨ ਗ੍ਰਹਿਣ ਕੀਤੀ ਜਾਣੀ ਹੈ, ਉਨ੍ਹਾਂ ਦੀ ਸੂਚੀ ਤਿਆਰ ਹੋ ਰਹੀ ਹੈ। ਜਿਹੜੇ ਕਿਸਾਨਾਂ ਦੀ ਜ਼ਮੀਨ ਐਕੁਆਇਰ ਕੀਤੀ ਜਾਣੀ ਹੈ, ਉਹ ਜ਼ਮੀਨ ਦਾ ਮੁੱਲ ਚਾਰ ਗੁਣਾ ਵੱਧ ਮੰਗ ਰਹੇ ਹਨ।



**ਲਾਂਘੇ ਲਈ ਪਾਸਪੋਰਟ ਦੀ ਸ਼ਰਤ ਦਾ ਮਾਮਲਾ ਕੇਂਦਰ ਕੋਲ ਉਠਾਵਾਂਗੇ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਸਰਕਾਰਾਂ ਨੂੰ ਤੇਜ਼ੀ ਨਾਲ ਕੰਮ ਕਰਨ ਦੀ ਲੋੜ ਹੈ ਤੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਤੋਂ ਪਹਿਲਾਂ ਕਰਤਾਰਪੁਰ ਲਾਂਘਾ ਤਿਆਰ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਰਤਾਰਪੁਰ ਲਾਂਘੇ ਲਈ ਪਾਸਪੋਰਟ ਦੀ ਸ਼ਰਤ ਨਹੀਂ ਹੋਣੀ ਚਾਹੀਦੀ ਤੇ ਉਹ ਇਹ ਮੁੱਦਾ ਕੇਂਦਰ ਸਰਕਾਰ ਕੋਲ ਉਠਾਉਣਗੇ। ਬੇਅਦਬੀ ਦੀਆਂ ਘਟਨਾਵਾਂ ਅਤੇ ਬਹਿਬਲ ਕਲਾਂ ਗੋਲੀ ਕਾਂਡ ਬਾਰੇ ਲੌਂਗੋਵਾਲ ਨੇ ਕਿਹਾ ਕਿ ਜੋ ਵੀ ਦੋਸ਼ੀ ਹੈ, ਉਸ ਨੂੰ ਸਜ਼ਾ ਜ਼ਰੂਰ ਮਿਲਣੀ ਚਾਹੀਦੀ ਹੈ।

### ਪਾਕਿਸਤਾਨ ਨੇ 40 ਫੀਸਦੀ ਮੁਕੰਮਲ ਕੀਤੀ ਲਾਂਘੇ ਦੀ ਉਸਾਰੀ

**ਇਸਲਾਮਾਬਾਦ:** ਪਾਕਿਸਤਾਨ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਭਾਰਤੀ ਸਿੱਖ ਸੰਗਤ ਨੂੰ ਗੁਰਦੁਆਰਾ ਸ੍ਰੀ ਕਰਤਾਰਪੁਰ ਲਈ ਲਾਂਘਾ ਮੁਹੱਈਆ ਕਰਾਉਣ ਹਿੱਤ ਸ਼ੁਰੂ ਕੀਤੀ ਗਈ ਉਸਾਰੀ ਦਾ 40 ਫੀਸਦੀ ਕੰਮ ਮੁਕੰਮਲ ਕਰ ਲਿਆ ਗਿਆ ਹੈ। ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਤੋਂ ਕੌਮਾਂਤਰੀ ਸਰਹੱਦ ਤੱਕ ਸੜਕ, ਇਮੀਗ੍ਰੇਸ਼ਨ ਟਰਮੀਨਲ ਅਤੇ ਗੁਰਦੁਆਰਾ ਸਾਹਿਬ ਦੀ ਐਕਸਟੈਂਸ਼ਨ ਦੀ ਉਸਾਰੀ ਲਗਭਗ 40 ਫੀਸਦੀ ਮੁਕੰਮਲ ਹੋ ਚੁੱਕੀ ਹੈ। ਗੁਰਦੁਆਰਾ ਸਾਹਿਬ ਤੋਂ ਦਰਿਆ ਰਾਵੀ ਤੱਕ ਆਉਂਦੀ 1.10 ਕਿੱਲੋਮੀਟਰ ਲੰਬੀ ਸੜਕ ਅਤੇ ਰਸਤੇ 'ਚ ਆਉਂਦੀ ਵੇਈਂ ਨਦੀ 'ਤੇ ਪੁਲ ਬਣਾਉਣ ਦੀ ਉਸਾਰੀ ਮੁਕੰਮਲ ਕਰ ਲਈ ਗਈ ਹੈ। ਇਸ ਦੇ ਨਾਲ ਹੀ 300 ਮਜ਼ਦੂਰਾਂ ਵੱਲੋਂ ਦਿਨ ਰਾਤ ਉਸਾਰੀ ਦਾ ਕੰਮ ਜਾਰੀ ਰੱਖਦਿਆਂ ਹੁਣ 0.77 ਕਿੱਲੋਮੀਟਰ ਲੰਬੇ ਦਰਿਆ ਰਾਵੀ 'ਤੇ ਪੁਲ ਬਣਾਉਣ ਦਾ ਕੰਮ ਜੰਗੀ ਪੱਧਰ ਉਤੇ ਸ਼ੁਰੂ ਕੀਤਾ ਗਿਆ ਹੈ, ਜਦਕਿ ਦਰਿਆ ਤੋਂ ਭਾਰਤੀ ਸਰਹੱਦ ਤੱਕ ਬਣਨ ਵਾਲੀ 2.25 ਕਿੱਲੋਮੀਟਰ ਲੰਬੀ ਸੜਕ ਦਾ ਨਿਰਮਾਣ ਅਜੇ ਸ਼ੁਰੂ ਕੀਤਾ ਜਾਣਾ ਹੈ।

### ਡੇਰਾ ਬਾਬਾ ਨਾਨਕ ਨੂੰ ਦਿੱਤੀ ਜਾਵੇਗੀ ਵਿਰਾਸਤੀ ਦਿੱਖ

**ਬਟਾਲਾ:** ਇਤਿਹਾਸਕ ਨਗਰ ਤੇ ਕੌਮਾਂਤਰੀ ਸੀਮਾ ਉਤੇ ਵੱਸੇ ਡੇਰਾ ਬਾਬਾ ਨਾਨਕ ਨੂੰ ਪੰਜਾਬ ਸਰਕਾਰ ਵੱਲੋਂ ਵਿਰਾਸਤੀ ਦਿੱਖ ਦੇਣ ਅਤੇ ਇਸ ਦੇ ਸੁੰਦਰੀਕਰਨ ਦਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਆਰਕੀਟੈਕਟ ਵਿਭਾਗ ਦੀ ਟੀਮ ਨੇ ਕਸਬੇ ਦਾ ਦੌਰਾ ਕੀਤਾ। ਇਸ ਟੀਮ ਨੇ ਕਸਬੇ ਦੀਆਂ ਗਲੀਆਂ, ਬਾਜ਼ਾਰਾਂ ਤੇ ਆਲੇ ਦੁਆਲੇ ਦੇ ਖੇਤਰ ਦਾ ਦੌਰਾ ਕਰ ਕੇ ਪੁਰਾਣੀਆਂ ਇਮਾਰਤਾਂ ਦੇਖੀਆਂ ਅਤੇ ਲੋਕਾਂ ਦੇ ਵਿਚਾਰ ਜਾਣੇ।

ਇਹ ਟੀਮ ਨਗਰ ਕੌਂਸਲ ਡੇਰਾ ਬਾਬਾ ਨਾਨਕ ਦੇ ਦਫਤਰ ਪੁੱਜੀ, ਜਿੱਥੇ ਪ੍ਰਧਾਨ ਐਡਵੋਕੇਟ ਪਰਮੀਤ ਸਿੰਘ ਬੇਦੀ ਅਤੇ ਈਓ ਭੁਪਿੰਦਰ ਸਿੰਘ ਟੀਮ ਨੂੰ ਮਿਲੇ। ਇਸ ਮੌਕੇ ਨਗਰ ਕੌਂਸਲ ਪ੍ਰਧਾਨ ਨੇ ਟੀਮ ਨੂੰ ਵਿਕਾਸ ਕਾਰਜਾਂ ਦੀ ਸ਼ੁਰੂਆਤ ਵਾਸਤੇ 2 ਲੱਖ ਰੁਪਏ ਦਾ ਚੈੱਕ ਭੇਟ ਕੀਤਾ। ਪ੍ਰਧਾਨ ਪਰਮੀਤ ਸਿੰਘ ਬੇਦੀ ਨੇ ਦੱਸਿਆ ਕਿ ਡੇਰਾ ਬਾਬਾ ਨਾਨਕ ਨੂੰ ਅੰਮ੍ਰਿਤਸਰ ਸ਼ਹਿਰ ਵਾਂਗ ਵਿਰਾਸਤੀ ਦਿੱਖ ਦਿੱਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਕਸਬੇ ਵਿਚ 100-150 ਸਾਲ ਪੁਰਾਣੀਆਂ ਇਮਾਰਤਾਂ ਹਨ, ਜਿਨ੍ਹਾਂ ਵਿਚ ਅਜਿਹਾ ਕੁਝ ਵੀ ਹੈ, ਜੋ ਸਿਰਫ ਡੇਰਾ ਬਾਬਾ ਨਾਨਕ ਵਿਚ ਹੀ ਹੈ। ਉਨ੍ਹਾਂ ਕਿਹਾ ਕਿ ਨਗਰ ਦੇ ਬਾਜ਼ਾਰ ਅਤੇ ਚੌਕ ਨੂੰ ਖ਼ੂਬਸੂਰਤ ਬਣਾਇਆ ਜਾਵੇਗਾ। ਪ੍ਰਧਾਨ ਨੇ ਕਿਹਾ ਕਿ ਕਸਬੇ ਦੀ ਪੁਰਾਤਨਤਾ ਕਾਇਮ ਰੱਖਦੇ ਹੋਏ ਇਸ ਨੂੰ ਸੁੰਦਰ ਬਣਾਇਆ ਜਾਵੇਗਾ।

# ਬਾਬੇ ਨਾਨਕ ਦੇ ਖੇਤ ਬਚਾਉਣ ਲਈ ਡਟੀ ਇਮਰਾਨ ਖਾਨ ਦੀ ਅਸੈਂਬਲੀ ਮੈਂਬਰ

**ਲਾਹੌਰ:** ਗੁਰੂ ਨਾਨਕ ਦੇਵ ਜੀ ਦੇ ਖੇਤਾਂ ਨੂੰ ਉਸੇ ਤਰ੍ਹਾਂ ਰੱਖਣ ਲਈ ਪੰਜਾਬ ਵਿਧਾਨ ਸਭਾ ਦੀ ਮੈਂਬਰ ਨੇ ਆਵਾਜ਼ ਬੁਲੰਦ ਕੀਤੀ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਤਹਿਰੀਕੇ-ਏ-ਇਨਸਾਫ ਪਾਰਟੀ ਨਾਲ ਸਬੰਧਤ ਲਹਿੰਦੇ ਪੰਜਾਬ ਦੇ ਸਿਆਲਕੋਟ ਤੋਂ ਅਸੈਂਬਲੀ ਮੈਂਬਰ ਮੋਮਨਾ ਵਾਹਿਦ ਨੇ ਆਪਣਾ ਮਤਾ ਜਮ੍ਹਾ ਕਰਵਾ ਦਿੱਤਾ ਹੈ, ਜਿਸ 'ਤੇ ਅਗਲੇ ਇਜਲਾਸ ਦੌਰਾਨ ਬਹਿਸ ਹੋਣ ਦੀ ਸੰਭਾਵਨਾ ਹੈ।

ਮੋਮਨਾ ਵਾਹਿਦ ਨੇ ਆਪਣੇ ਮਤੇ ਵਿਚ ਦੋ ਸੁਝਾਅ ਪੇਸ਼ ਕੀਤੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਕਰਤਾਰਪੁਰ ਸਾਹਿਬ ਗਲਿਆਰੇ ਲਈ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਆਲੇ-ਦੁਆਲੇ ਵੱਡੀ ਪੱਧਰ 'ਤੇ ਉਸਾਰੀ ਕੀਤੇ ਜਾਣ ਦੀ ਤਜਵੀਜ਼ ਹੈ। ਵਾਹਿਦ ਨੇ ਤਰਕ ਦਿੱਤਾ ਕਿ ਇਸ ਕਾਰਨ ਗੁਰੂ ਨਾਨਕ ਦੇਵ ਜੀ ਦੇ ਵਿਰਾਸਤੀ ਖੇਤ ਪ੍ਰਭਾਵਿਤ ਹੋਣਗੇ। ਉਨ੍ਹਾਂ ਮੰਗ ਕੀਤੀ ਹੈ ਕਿ ਇਹ ਉਸਾਰੀ ਬਾਬਾ ਜੀ ਦੇ ਖੇਤਾਂ ਤੋਂ ਦੂਰ ਕਰਵਾਈ



ਜਾਵੇ। ਐਮ.ਪੀ.ਏ. ਮੋਮਨਾ ਵਾਹਿਦ ਨੇ ਇਹ ਵੀ ਸੁਝਾਅ ਦਿੱਤਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜਿਥੇ 18 ਸਾਲਾਂ ਤੱਕ ਆਪ ਹਲ ਵਾਹ ਕੇ ਅਨਾਜ ਪੈਦਾ ਕੀਤਾ ਸੀ, ਉਥੇ ਅੱਜ ਵੀ ਅਨਾਜ ਪੈਦਾ ਕੀਤਾ ਜਾਵੇ ਅਤੇ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂਆਂ ਨੂੰ ਉਥੇ ਉਗਾਈਆਂ ਫਸਲਾਂ ਤੇ ਅਨਾਜ ਦਾ ਲੰਗਰ ਛਕਾਇਆ ਜਾਵੇ।

ਮੋਮਨਾ ਨੇ ਬੀਤੇ ਦਿਨੀਂ ਆਪਣੇ ਮਤੇ ਪੰਜਾਬ ਅਸੈਂਬਲੀ ਨੂੰ ਭੇਜੇ ਹਨ ਅਤੇ ਹੁਣ ਅਗਲੇ ਇਜਲਾਸ ਦੌਰਾਨ ਉਨ੍ਹਾਂ ਨੂੰ ਵਿਚਾਰਿਆ ਜਾ ਸਕਦਾ ਹੈ। ਇਤਿਹਾਸ ਅਨੁਸਾਰ ਤਤਕਾਲੀ ਗਵਰਨਰ ਦੁਨੀ ਚੰਦ ਨੇ ਗੁਰੂ ਨਾਨਕ ਦੇਵ ਜੀ ਨੂੰ 100 ਏਕੜ ਜ਼ਮੀਨ ਭੇਟ ਕੀਤੀ ਸੀ, ਜਿਥੇ ਉਨ੍ਹਾਂ ਕਰਤਾਰਪੁਰ ਸਾਹਿਬ ਨਗਰ ਵਸਾਇਆ। ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਦੀ ਨੀਂਹ 1515 ਈਸਵੀ ਵਿਚ ਰੱਖਿਆ। ਬਾਬਾ ਜੀ ਨੇ ਇਥੇ ਆਪਣੀ ਕੁਟੀਆ ਬਣਾਈ ਅਤੇ ਇਥੇ ਹੱਥੀਂ ਖੇਤੀ ਕਰਨੀ ਸ਼ੁਰੂ ਕੀਤੀ।

# ਬਾਬੇ ਨਾਨਕ ਦੀਆਂ ਉਦਾਸੀਆਂ ਬਾਰੇ ਬਣੇਗੀ ਦਸਤਾਵੇਜ਼ੀ ਫਿਲਮ

**ਟੋਰਾਂਟੋ:** ਬਾਬੇ ਨਾਨਕ ਦੀਆਂ ਉਦਾਸੀਆਂ ਬਾਰੇ ਜਾਣਨ ਦੀ ਸਿੱਖ ਜਗਤ ਦੀ ਹਮੇਸ਼ਾ ਤਾਂਘ ਰਹੀ ਪਰ ਇਸ ਬਾਰੇ ਉਹ ਖੋਜ ਨਹੀਂ ਹੋ ਸਕੀ ਜਿਸ ਦੀ ਲੋੜ ਸੀ। ਹੁਣ ਅਮਰਦੀਪ ਸਿੰਘ ਨੇ ਇਹ ਜ਼ਿੰਮਾ ਚੁੱਕਿਆ ਹੈ। ਪਾਕਿਸਤਾਨ ਵਿਚਲੀ ਸਿੱਖ ਵਿਰਾਸਤ ਬਾਰੇ ਖੋਜ ਕਰ ਰਹੇ ਤੇ ਸਿੰਗਾਪੁਰ ਵਸਦੇ ਦਸਤਾਵੇਜ਼ੀ ਫੋਟੋਗ੍ਰਾਫਰ ਅਮਰਦੀਪ ਸਿੰਘ ਦੇ ਮਨ ਵਿਚ ਕਾਫੀ ਸਾਲਾਂ ਤੋਂ ਇਸ ਪ੍ਰੋਜੈਕਟ ਦੀ ਵਿਉਂਤ ਚੱਲ ਰਹੀ ਸੀ।

ਉਹ ਇਸ ਦੋ ਸਾਲਾ ਬਹੁ-ਕਰੋੜੀ ਪ੍ਰੋਜੈਕਟ ਤਹਿਤ 9 ਮੁਲਕਾਂ ਵਿਚ ਕੋਈ 150 ਥਾਵਾਂ ਨੂੰ ਕੈਮਰਾਬੰਦ ਕਰ ਕੇ ਇਹ ਦਸਤਾਵੇਜ਼ੀ 'ਅਲੈਗੋਰੀ: ਏ ਟੈਪੇਸਟਰੀ ਆਫ ਗੁਰੂ ਨਾਨਕਸ ਟਰੈਵਲ' ਬਣਾਉਣਗੇ। ਪਾਕਿਸਤਾਨ ਤੋਂ ਕੈਮਰਾਮੈਨ ਸਲਮਾਨ ਆਲਮ ਉਨ੍ਹਾਂ ਦੇ ਨਾਲ ਹੈ। ਉਨ੍ਹਾਂ ਦੱਸਿਆ ਕਿ ਉਹ ਗੁਰਦੁਆਰਿਆਂ ਅਤੇ ਧਰਮ ਦੇ ਦਾਇਰੇ ਤੋਂ ਬਾਹਰ ਨਿਕਲ ਕੇ ਬਾਬੇ ਨਾਨਕ ਦੇ ਸਮੁੱਚੀ ਮਾਨਵਤਾ ਦੀ ਭਲਾਈ ਦੇ ਸੰਦੇਸ਼ ਨੂੰ ਪੇਸ਼ ਕਰਨਾ ਚਾਹੁੰਦੇ ਹਨ। 11 ਨਵੰਬਰ ਤੋਂ ਉਨ੍ਹਾਂ ਸ੍ਰੀਲੰਕਾ ਤੋਂ ਬਾਕਾਇਦਾ ਫਿਲਮ ਬਣਾਉਣੀ ਸ਼ੁਰੂ ਕੀਤੀ ਹੈ ਅਤੇ ਉਹ ਇਰਾਨ, ਇਰਾਕ ਬੰਗਲਾਦੇਸ਼, ਸਾਊਦੀ ਅਰਬ, ਪਾਕਿਸਤਾਨ ਅਤੇ ਭਾਰਤ ਦੀਆਂ ਸੂਫੀ, ਬੋਧੀ, ਇਸਲਾਮਿਕ ਅਤੇ ਹਿੰਦੂ ਥਾਵਾਂ ਨੂੰ ਖੋਜਣਗੇ ਜਿਥੇ-ਜਿਥੇ ਬਾਬੇ ਨਾਨਕ ਨੇ ਲੋਕਾਂ ਨਾਲ ਗੋਸ਼ਟ ਰਚਾਏ। ਜਨਮ ਸਾਖੀਆਂ ਅਤੇ ਵਿਦਵਾਨਾਂ ਦੀਆਂ ਲਿਖਤਾਂ ਨੂੰ ਆਧਾਰ ਬਣਾ ਕੇ ਤਿਆਰ ਹੋ ਰਹੀ ਇਸ ਤਕਰੀਬਨ 450 ਮਿੰਟ ਦੀ ਦਸਤਾਵੇਜ਼ੀ ਦਾ ਫਿਲਮਾਂਕਣ ਇਸ ਸਾਲ ਦੇ ਅਖੀਰ ਤੱਕ ਮੁਕੰਮਲ ਹੋਣ ਦੀ ਆਸ ਹੈ ਜਦਕਿ 2020 ਦੇ ਅਖੀਰ ਤੱਕ ਇਹ ਆਮ ਲੋਕਾਂ ਲਈ ਮੁਹੱਈਆ ਹੋ ਸਕੇਗੀ।

ਇਸ ਤੋਂ ਪਹਿਲਾਂ ਅਮਰਦੀਪ ਸਿੰਘ ਨੇ ਚਾਰ ਸਾਲਾਂ ਦੀ ਘਾਲਣਾ ਨਾਲ 1947 ਤੋਂ ਬਾਅਦ ਪਾਕਿਸਤਾਨ 'ਚ ਸਿੱਖਾਂ ਦੀਆਂ ਧਾਰਮਿਕ, ਸਮਾਜਿਕ, ਸਭਿਆਚਾਰਕ ਵਿਰਾਸਤੀ ਇਮਾਰਤਾਂ ਦੀ ਨਿਸ਼ਾਨਦੇਹੀ ਕਰਦਿਆਂ ਦੋ ਸਚਿੱਤਰ ਕਿਤਾਬਾਂ 'ਲੌਸਟ ਹੈਰੀਟੇਜ: ਦਿ ਸਿੱਖ ਲੈਗੇਸੀ ਇਨ ਪਾਕਿਸਤਾਨ' ਅਤੇ 'ਦਿ ਕੁਇਸਟ ਕਾਂਟੀਨਿਊਜ਼' ਲਿਖੀਆਂ ਹਨ। ਉਨ੍ਹਾਂ 2014 ਤੋਂ 2017 ਦੌਰਾਨ ਪਾਕਿਸਤਾਨ ਦੇ 126 ਪਿੰਡਾਂ ਸ਼ਹਿਰਾਂ 'ਚ ਅਣਗੌਲੇ ਗੁਰਦੁਆਰਿਆਂ ਅਤੇ ਇਤਿਹਾਸਕ ਥਾਵਾਂ ਲੱਭ ਕੇ ਲੋਕਾਂ ਸਾਹਮਣੇ ਲਿਆਂਦੀਆਂ।

# ਕੌਮਾਂਤਰੀ ਸੈਰਗਾਹ ਵਜੋਂ ਵਿਕਸਿਤ ਹੋਵੇਗੀ ਹਰੀਕੇ ਜਲਗਾਹ

**ਭਿੱਖੀਵਿੰਡ:** ਪੰਜਾਬ ਸਰਕਾਰ ਨੇ ਏਸ਼ੀਅਨ ਡਿਵੈਲਪਮੈਂਟ ਬੈਂਕ ਦੇ ਸਹਿਯੋਗ ਨਾਲ 1200 ਕਰੋੜ ਰੁਪਏ ਖਰਚ ਕੇ ਰਾਜ ਵਿਚ ਸੈਰ ਸਪਾਟੇ ਨੂੰ ਵਿਕਸਤ ਕਰਨ ਲਈ ਵਿਆਪਕ ਯੋਜਨਾ ਤਿਆਰ ਕੀਤੀ ਹੈ ਜਿਸ ਵਿਚੋਂ 150 ਕਰੋੜ ਰੁਪਏ ਖਰਚ ਕੇ ਹਰੀਕੇ ਜਲਗਾਹ ਨੂੰ ਕੌਮਾਂਤਰੀ ਪੱਧਰ 'ਤੇ ਸੈਰਗਾਹ ਵਜੋਂ ਉਭਾਰਿਆ ਜਾਵੇਗਾ। ਇਹ ਐਲਾਨ ਸੈਰ-ਸਪਾਟਾ, ਸਭਿਆਚਾਰਕ ਮਾਮਲੇ ਤੇ ਸਥਾਨਕ ਸਰਕਾਰਾਂ ਵਿਭਾਗ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਵਰਲਡ ਵੈੱਟਲੈਂਡ ਦਿਵਸ ਮੌਕੇ ਹਰੀਕੇ ਹੈੱਡ ਵਰਕਸ 'ਚ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰਦਿਆਂ ਕੀਤਾ। ਇਸ ਦੌਰਾਨ ਕੈਬਨਿਟ ਮੰਤਰੀ ਨੇ ਸੈਰ ਸਪਾਟਾ ਵਿਭਾਗ ਵੱਲੋਂ ਜਲਗਾਹਾਂ ਦੇ ਪੰਛੀਆਂ ਤੇ ਲੈਂਡ ਸਕੇਪ ਸਬੰਧੀ ਲਗਾਈ ਗਈ ਫੋਟੋ ਪ੍ਰਦਰਸ਼ਨੀ ਦਾ ਵੀ ਉਦਘਾਟਨ ਕੀਤਾ। ਉਨ੍ਹਾਂ ਵਿਧਾਨ ਸਭਾ ਹਲਕਾ ਜ਼ੀਰਾ ਅਤੇ ਪੱਟੀ ਵਿਚ ਸੀਵਰੇਜ ਪਾਉਣ ਲਈ 20-20 ਕਰੋੜ ਰੁਪਏ ਦੀ ਰਾਸ਼ੀ ਦੇਣ ਦਾ ਵੀ ਐਲਾਨ ਕੀਤਾ।

ਸ੍ਰੀ ਸਿੱਧੂ ਨੇ ਕਿਹਾ ਕਿ ਹਰੀਕੇ ਵੈੱਟਲੈਂਡ ਨੂੰ ਸੈਰ ਸਪਾਟੇ ਵਜੋਂ ਵਿਕਸਤ ਕਰਨ ਲਈ ਮਾਹਿਰਾਂ ਵੱਲੋਂ ਵਿਆਪਕ ਯੋਜਨਾ ਤਿਆਰ ਕੀਤੀ ਗਈ ਹੈ, ਜੋ ਵਾਤਾਵਰਨ ਤੇ ਪੰਛੀ ਪ੍ਰੇਮੀਆਂ ਲਈ ਖਿੱਚ ਦਾ ਕੇਂਦਰ ਬਣੇਗੀ। ਸੈਰ ਸਪਾਟਾ ਵਿਭਾਗ ਵੱਲੋਂ ਇਥੇ 10 ਕਰੋੜ ਰੁਪਏ ਦੀ ਲਾਗਤ ਨਾਲ ਸੂਚਨਾ ਸੈਂਟਰ, ਬਰਡ ਵਾਚ ਟਾਵਰ, ਪੰਛੀਆਂ ਦੀਆਂ ਰੱਖਾਂ ਅਤੇ ਨਿਗਰਾਨੀ ਟਾਵਰ ਤੋਂ ਇਲਾਵਾ ਕੰਟੀਨ ਤੇ ਪਾਰਕਿੰਗ ਆਦਿ ਬਣਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਹਰੀਕੇ ਵੈੱਟਲੈਂਡ 'ਚ ਹਰ ਸਾਲ ਵੱਡੀ ਗਿਣਤੀ ਵਿਚ ਪਰਵਾਸੀ ਪੰਛੀ ਆਉਂਦੇ ਹਨ। ਇਸ ਸਾਲ ਇਥੇ ਰਿਕਾਰਡ ਲਗਭਗ ਇਕ ਲੱਖ 25 ਹਜ਼ਾਰ ਪੰਛੀਆਂ ਦੀ ਆਮਦ ਹੋਈ ਹੈ। ਬਹੁਤ ਜਲਦੀ ਹੀ ਸੈਲਾਨੀਆਂ ਲਈ ਈ-ਰਿਕਸ਼ਾ, ਸਾਈਕਲਿੰਗ ਤੇ ਬੋਟਿੰਗ ਤੋਂ ਇਲਾਵਾ ਹੋਰ ਸਹੂਲਤਾਂ ਵੀ ਮੁਹੱਈਆ ਕਰਵਾਈਆਂ ਜਾਣਗੀਆਂ।

ਸ੍ਰੀ ਸਿੱਧੂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਰਾਜ ਵਿਚ ਵਿਰਾਸਤੀ, ਸਭਿਆਚਾਰਕ, ਮੈਡੀਕਲ, ਧਾਰਮਿਕ ਅਤੇ ਈਕੋ ਟੂਰੀਜ਼ਮ ਨੂੰ ਹੁਲਾਰਾ ਦੇਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਹਰੀਕੇ ਜਲਗਾਹ ਨੂੰ ਸੈਰ ਸਪਾਟੇ ਵਜੋਂ ਵਿਕਸਤ ਕਰਨ ਲਈ 6 ਮਹੀਨਿਆਂ ਅੰਦਰ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ ਅਤੇ 3 ਸਾਲ ਦੇ ਅੰਦਰ ਇਸ ਨੂੰ ਪੂਰਾ ਕਰਨ ਦਾ ਟੀਚਾ ਮਿਥਿਆ ਗਿਆ ਹੈ। ਪੰਜਾਬ ਸਰਕਾਰ ਵੱਲੋਂ ਰਮਸਰ ਗਾਈਡਲਾਈਨ ਅਨੁਸਾਰ ਹਰੀਕੇ ਵੈੱਟਲੈਂਡ ਨੂੰ ਪਹਿਲੇ ਨੰਬਰ ਦੀ ਰਮਸਰ ਵੈੱਟਲੈਂਡ ਦਾ ਦਰਜਾ ਦਿੱਤਾ ਗਿਆ ਹੈ।

# ਪਰਵਾਸੀ ਸਿੱਖਾਂ ਨੇ ਕਾਇਮ ਕੀਤੀ ਮਿਸਾਲ, ਹਸਪਤਾਲਾਂ ਲਈ ਰੋਜ਼ਾਨਾ ਬਣੇਗਾ ਲੰਗਰ

**ਹੁਸ਼ਿਆਰਪੁਰ:** ਗੁਰੂ ਰਾਮਦਾਸ ਲੰਗਰ ਸੇਵਾ ਦੇ ਯਤਨਾਂ ਸਦਕਾ ਸਮੂਹ ਪਰਵਾਸੀ ਪੰਜਾਬੀਆਂ ਵੱਲੋਂ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਗਰੀਬ ਲੋਕਾਂ ਤੇ ਹਰ ਲੋੜਵੰਦਾਂ ਲਈ ਲੰਗਰ ਸੇਵਾ ਦੀ ਆਰੰਭਤਾ ਕੀਤੀ ਗਈ। ਦਰਅਸਲ, ਗੁਰੂ ਰਾਮਦਾਸ ਲੰਗਰ ਸੇਵਾ ਵੱਲੋਂ ਕਰੋੜਾਂ ਦੀ ਲਾਗਤ ਨਾਲ 'ਲੰਗਰ ਰਸੋਈ' ਬਣਾਈ ਗਈ ਹੈ ਜਿਥੋਂ ਰੋਜ਼ਾਨਾ ਲੱਖਾਂ ਰੁਪਏ ਦਾ ਭੋਜਨ ਤਿਆਰ ਕਰਕੇ ਪੰਜਾਬ ਦੇ ਵੱਖ-ਵੱਖ ਹਸਪਤਾਲਾਂ ਵਿਚ ਭੇਜਿਆ ਜਾਵੇਗਾ।

ਬਾਹਰਲੇ ਮੁਲਕਾਂ ਦੀ ਤਰਜ਼ ਉਤੇ ਤਿਆਰ ਇਸ ਰਸੋਈ ਵਿਚ ਅਤਿ ਆਧੁਨਿਕ ਮਸ਼ੀਨਾਂ ਨਾਲ ਤਿੰਨ ਸਮੇਂ ਦਾ ਖਾਣਾ ਤਿਆਰ ਕੀਤਾ ਜਾਏਗਾ ਤੇ ਹਰ ਰੋਜ਼ ਪੰਜਾਬ ਦੇ ਵੱਖ-ਵੱਖ ਹਸਪਤਾਲਾਂ ਵਿੱਚ ਭੇਜਿਆ ਜਾਵੇਗਾ। ਇਸ ਮਹਾਨ ਸੇਵਾ ਦੀ ਸ਼ੁਰੂਆਤ ਮੌਕੇ ਵੱਡੀ ਗਿਣਤੀ ਪੰਥਕ ਸ਼ਖ਼ਸੀਅਤਾਂ ਦੀ ਮੌਜੂਦਗੀ 'ਚ ਪੰਜਾਬ ਦੇ ਵੱਖ-ਵੱਖ ਹਸਪਤਾਲਾਂ ਨੂੰ ਲੰਗਰ ਵਾਲੀਆਂ ਗੱਡੀਆਂ ਦਾ ਕਾਫਲਾ ਰਵਾਨਾ ਕੀਤਾ ਗਿਆ। ਸੰਸਥਾ ਵੱਲੋਂ ਗੱਡੀਆਂ ਜ਼ਰੀਏ ਤਿੰਨੋਂ ਟਾਈਮ ਦਾ ਖਾਣਾ ਜ਼ਰੂਰਤਮੰਦਾਂ ਤੱਕ ਪਹੁੰਚਾਇਆ ਜਾਏਗਾ। 24 ਘੰਟੇ ਗੁਰੂ ਕਾ ਲੰਗਰ ਵਰਤੇਗਾ। ਲੰਗਰ ਤਿਆਰ ਕਰਨ ਲਈ ਆਧੁਨਿਕ ਤਕਨੀਕ ਦਾ ਇਸਤੇਮਾਲ ਕਰਦਿਆਂ ਮਸ਼ੀਨਾਂ ਲਾਈਆਂ ਗਈਆਂ ਹਨ ਜਿਨ੍ਹਾਂ ਨਾਲ ਇਕੋ ਸਮੇਂ 10 ਹਜ਼ਾਰ ਲੋਕਾਂ ਦਾ ਖਾਣਾ ਤਿਆਰ ਕੀਤਾ ਜਾ ਸਕਦਾ ਹੈ। ਇਕ ਮਸ਼ੀਨ ਇਕ ਘੰਟੇ ਵਿਚ 4 ਹਜ਼ਾਰ ਰੋਟੀਆਂ ਤਿਆਰ ਕਰਨ ਦੇ ਸਮਰੱਥ ਹੈ ਤੇ ਇਹ 24 ਘੰਟੇ ਕੰਮ ਕਰੇਗੀ।

# ਅਮਰੀਕਾ ਵਿਚ ਗੈਰਕਾਨੂੰਨੀ ਢੰਗ ਨਾਲ ਪੁੱਜੇ ਪਾੜ੍ਹਿਆਂ ਉਤੇ ਸਖਤੀ

**ਵਾਸ਼ਿੰਗਟਨ:** ਅਮਰੀਕੀ ਗ੍ਰਿਹ ਵਿਭਾਗ ਨੇ ਇਕ ਸਟਿੰਗ ਆਪ੍ਰੇਸ਼ਨ ਬਾਅਦ 200 ਤੋਂ ਵੱਧ ਭਾਰਤੀ ਵਿਦਿਆਰਥੀਆਂ ਨੂੰ ਹਿਰਾਸਤ ਵਿਚ ਲੈ ਲਿਆ ਹੈ। ਇਸ ਮਾਮਲੇ ਸਬੰਧੀ 8 ਰਿਕਰੂਟਰਾਂ ਨੂੰ ਵੀ ਫੜਿਆ ਗਿਆ ਹੈ। ਇਸ ਦੇ ਇਲਾਵਾ 600 ਹੋਰ ਵਿਦਿਆਰਥੀਆਂ ਖਿਲਾਫ ਵਾਰੰਟ ਜਾਰੀ ਕੀਤੇ ਗਏ ਹਨ। ਇਨ੍ਹਾਂ ਸਾਰਿਆਂ ਨੇ ਇਮੀਗ੍ਰੇਸ਼ਨ ਨਿਯਮਾਂ ਦੀ ਉਲੰਘਣਾ ਕੀਤੀ ਹੈ।

ਰਿਪੋਰਟਾਂ ਮੁਤਾਬਕ ਜ਼ਰੂਰੀ ਦਸਤਾਵੇਜ਼ਾਂ ਦੇ ਬਗੈਰ ਅਮਰੀਕਾ ਵਿਚ ਰਹਿ ਰਹੇ ਲੋਕਾਂ ਨੂੰ ਫੜਨ ਲਈ ਗ੍ਰਿਹ ਵਿਭਾਗ ਨੇ ਇਕ ਫਰਜ਼ੀ ਯੂਨੀਵਰਸਿਟੀ ਬਣਾਈ ਸੀ। ਇਸ ਦੇ ਜ਼ਰੀਏ ਪਹਿਲਾਂ ਵਿਦਿਆਰਥੀਆਂ ਦੀ ਪਛਾਣ ਕੀਤੀ ਗਈ ਤੇ ਫਿਰ ਉਨ੍ਹਾਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਹੁਣ ਅਮਰੀਕਾ ਜਲਦ ਹੀ ਇਨ੍ਹਾਂ ਨੂੰ ਭਾਰਤ ਡਿਪੋਰਟ ਕਰ ਸਕਦਾ ਹੈ। ਅਮਰੀਕੀ ਕਸਟਮ ਏਜੰਟਸ ਨੇ ਇਮੀਗ੍ਰੇਸ਼ਨ ਫਰਾਡ ਨੂੰ ਫੜਨ ਵਾਲੇ ਆਪ੍ਰੇਸ਼ਨ ਨੂੰ 'ਪੇਪਰ ਚੇਜ਼' ਦਾ ਨਾਂ ਦਿੱਤਾ ਹੈ।

ਯੂਨੀਵਰਸਿਟੀ ਵਿਚ 2017 ਦੇ ਬਾਅਦ ਗ੍ਰਿਹ ਵਿਭਾਗ ਨੇ ਅੰਡਰਕਵਰ ਅਧਿਕਾਰੀ ਰੱਖੇ ਸੀ ਜੋ ਮੁਲਜ਼ਮਾਂ ਦੀ ਪਛਾਣ ਕਰਨ ਵਿਚ ਲੱਗੇ ਹੋਏ ਸਨ। ਵਿਦਿਆਰਥੀਆਂ ਤੋਂ ਇਲਾਵਾ ਭਾਰਤੀ ਮੂਲ ਦੇ 8 ਐਜੂਕੇਸ਼ਨ ਕੰਸਲਟਿੰਗ ਏਜੰਟਾਂ ਨੂੰ ਵੀ ਪੁਲਿਸ ਹਿਰਾਸਤ ਵਿਚ ਰੱਖਿਆ ਗਿਆ ਹੈ।

ਇਨ੍ਹਾਂ ਵਿਅਕਤੀਆਂ ਨੇ 600 ਪਰਵਾਸੀਆਂ ਨੂੰ ਗ਼ੈਰਕਾਨੂੰਨੀ ਢੰਗ ਨਾਲ ਅਮਰੀਕਾ 'ਚ ਠਹਿਰਾਉਣ ਵਿਚ ਸਹਾਇਤਾ ਕੀਤੀ ਜਿਨ੍ਹਾਂ 'ਚ ਕਈ ਭਾਰਤੀ ਵੀ ਸ਼ਾਮਲ ਹਨ ਅਤੇ ਉਨ੍ਹਾਂ ਨੂੰ ਹੁਣ ਮੁਲਕ ਵਾਪਸ ਭੇਜਿਆ ਜਾ ਸਕਦਾ ਹੈ। ਗ੍ਰਿਫਤਾਰ ਕੀਤੇ ਗਏ ਨੌਜਵਾਨਾਂ ਦੀ ਉਮਰ 20 ਤੋਂ 30 ਸਾਲ ਦੇ ਵਿਚਕਾਰ ਹੈ। ਭਾਰਤੀ ਸਫਾਰਤਖਾਨਾ ਅਤੇ ਕੌਂਸਲੇਟ ਵਿਦਿਆਰਥੀ ਜਥੇਬੰਦੀਆਂ ਦੇ ਸੰਪਰਕ 'ਚ ਹਨ ਅਤੇ ਉਨ੍ਹਾਂ ਨੂੰ ਸਹਾਇਤਾ ਦੀ ਪੇਸ਼ਕਸ਼ ਕੀਤੀ ਹੈ। ਅਮਰੀਕੀ ਇਮੀਗਰੇਸ਼ਨ ਅਤੇ ਕਸਟਮਸ ਇਨਫੋਰਸਮੈਂਟ ਵਿਭਾਗ ਫਰਜ਼ੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਨੂੰ ਮੁਲਕ ਭੇਜਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ।

ਯੂਨੀਵਰਸਿਟੀ 'ਚ ਦਾਖਲਾ ਲੈਣ ਵਾਲੇ ਵਿਦਿਆਰਥੀ ਜਾਣਦੇ ਸਨ ਕਿ ਉਨ੍ਹਾਂ ਨੂੰ ਜਮਾਤਾਂ ਨਹੀਂ ਲਾਉਣੀਆਂ ਪੈਣਗੀਆਂ ਅਤੇ ਸਿਰਫ ਰਹਿਣ ਅਤੇ ਕੰਮ ਕਰਨ ਲਈ ਉਨ੍ਹਾਂ ਅਜਿਹਾ ਕਾਰਾ ਕੀਤਾ। ਭਾਰਤੀ ਵਿਦੇਸ਼ ਮੰਤਰਾਲੇ ਦੇ ਤਰਜਮਾਨ ਰਵੀਸ਼ ਕੁਮਾਰ ਨੇ ਕਿਹਾ ਕਿ ਉਹ ਘਟਨਾ ਤੋਂ ਜਾਣੂ ਹਨ ਅਤੇ ਵਾਸ਼ਿੰਗਟਨ 'ਚ ਸਫਾਰਤਖਾਨੇ ਤੋਂ ਹੋਰ ਵੇਰਵੇ ਮੰਗੇ ਹਨ।

ਉਨ੍ਹਾਂ ਕਿਹਾ ਕਿ ਪ੍ਰਭਾਵਿਤ ਵਿਅਕਤੀਆਂ ਨੂੰ ਸਫਾਰਤੀ ਪਹੁੰਚ ਦਿਵਾਉਣ ਲਈ ਅਮਰੀਕੀ ਅਧਿਕਾਰੀਆਂ ਨਾਲ ਸੰਪਰਕ ਕੀਤਾ ਗਿਆ ਹੈ। ਇਸ ਦੇ ਨਾਲ ਭਾਰਤੀ ਜਥੇਬੰਦੀਆਂ ਨੂੰ ਵੀ ਲੋਕਾਂ ਦੀ ਸਹਾਇਤਾ ਕਰਨ ਲਈ ਕਿਹਾ ਹੈ।

## ਭਾਰਤ ਨੇ ਅਮਰੀਕਾ ਅੱਗੇ ਪ੍ਰਗਟਾਇਆ ਰੋਸ

**ਨਵੀਂ ਦਿੱਲੀ:** ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਅਮਰੀਕਾ 'ਚ ਫਰਜ਼ੀ ਯੂਨੀਵਰਸਿਟੀ 'ਚ ਦਾਖਲਾ ਲੈਣ ਕਾਰਨ ਗ੍ਰਿਫਤਾਰ ਕੀਤੇ ਗਏ ਭਾਰਤੀ ਵਿਦਿਆਰਥੀਆਂ ਨੂੰ ਸਰਕਾਰ ਦੀ ਮੁੱਖ ਤਰਜੀਹ ਕਰਾਰ ਦਿੱਤਾ ਅਤੇ ਇਸ ਮਾਮਲੇ ਨੂੰ ਲੈ ਕੇ ਅਮਰੀਕਾ ਅੱਗੇ ਰੋਸ ਵੀ ਦਰਜ ਕਰਵਾਇਆ ਹੈ। ਅਮਰੀਕਾ 'ਚ 'ਪੇ ਟੂ ਸਟੇਅ' ਸਕੀਮ ਤਹਿਤ 130 ਵਿਦੇਸ਼ੀ ਵਿਦਿਆਰਥੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਨ੍ਹਾਂ 'ਚੋਂ 129 ਭਾਰਤੀ ਵਿਦਿਆਰਥੀ ਹਨ। ਭਾਰਤੀ ਵਿਦਿਆਰਥੀਆਂ ਨੂੰ ਹਿਰਾਸਤ 'ਚ ਲਏ ਜਾਣ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਭਾਰਤ ਨੇ ਨਵੀਂ ਦਿੱਲੀ 'ਚ ਅਮਰੀਕੀ ਦੂਤਘਰ 'ਚ ਡਿਮਾਰਚੀ (ਇਕ ਪੱਤਰ) ਵੀ ਜਾਰੀ ਕੀਤਾ।

# ਐਚ-1ਬੀ ਵੀਜ਼ਿਆਂ ਲਈ ਨਵੇਂ ਨਿਯਮ

**ਵਾਸ਼ਿੰਗਟਨ:** ਅਮਰੀਕਾ ਨੇ ਇਸ ਸਾਲ ਅਪਰੈਲ ਤੋਂ ਐੱਚ-1ਬੀ ਵੀਜ਼ਾ ਫਾਈਲਿੰਗ ਲਈ ਨਵੇਂ ਨਿਯਮਾਂ ਦਾ ਐਲਾਨ ਕੀਤਾ ਹੈ। ਇਨ੍ਹਾਂ ਨੇਮਾਂ ਤਹਿਤ ਵੀਜ਼ੇ ਲਈ ਉਨ੍ਹਾਂ ਵਿਦੇਸ਼ੀ ਵਿਦਿਆਰਥੀਆਂ ਨੂੰ ਤਰਜੀਹ ਦਿੱਤੀ ਜਾਵੇਗੀ, ਜਿਨ੍ਹਾਂ ਕੋਲ ਅਮਰੀਕੀ ਯੂਨੀਵਰਸਿਟੀਆਂ ਤੋਂ ਕੀਤੀ ਐਡਵਾਂਸਡ ਡਿਗਰੀਆਂ ਹੋਣਗੀਆਂ।

ਅਮਰੀਕੀ ਸਰਕਾਰ ਦੇ ਇਸ ਫੈਸਲੇ ਨਾਲ ਭਾਰਤ ਤੇ ਚੀਨ ਵਰਗੇ ਮੁਲਕਾਂ 'ਚ ਉੱਚ ਸਿੱਖਿਆ ਹਾਸਲ ਕਰ ਰਹੇ ਪ੍ਰੋਫੈਸ਼ਨਲਾਂ ਦੇ ਅਸਰ ਅੰਦਾਜ਼ ਹੋਣ ਦਾ ਖ਼ਦਸ਼ਾ ਹੈ। ਐਚ-1ਬੀ ਵੀਜ਼ਾ, ਜੋ ਕਿ ਭਾਰਤੀ ਆਈ.ਟੀ. ਪ੍ਰੋਫੈਸ਼ਨਲਾਂ 'ਚ ਕਾਫੀ ਮਕਬੂਲ ਹੈ, ਗੈਰ-ਪਰਵਾਸੀ ਵੀਜ਼ਾ ਹੈ ਜੋ ਅਮਰੀਕੀ ਕੰਪਨੀਆਂ ਨੂੰ ਉਨ੍ਹਾਂ ਪੇਸ਼ਿਆਂ ਲਈ ਵਿਦੇਸ਼ੀ ਕਾਮੇ ਰੱਖਣ ਦੀ ਖੁੱਲ੍ਹ ਦਿੰਦਾ ਹੈ, ਜਿਨ੍ਹਾਂ ਵਿਚ ਸਿਧਾਂਤਕ ਜਾਂ ਤਕਨੀਕੀ ਮੁਹਾਰਤ ਦੀ ਲੋੜ ਹੁੰਦੀ ਹੈ। ਨਵੇਂ ਨੇਮਾਂ ਤਹਿਤ ਐੱਚ-1ਬੀ ਵੀਜ਼ਾ ਲੈਣ ਦੇ ਚਾਹਵਾਨਾਂ ਲਈ ਇਲੈਕਟ੍ਰਾਨਿਕ ਰਜਿਸਟਰੇਸ਼ਨ ਦੀ ਸ਼ਰਤ ਵੀ ਰੱਖੀ ਗਈ ਹੈ। ਯੂਐਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਸਿਜ਼ ਨੇ ਕਿਹਾ ਕਿ ਨਵੇਂ ਨੇਮ ਫੈਡਰਲ ਰਜਿਸਟਰ ਵਿਚ ਪ੍ਰਕਾਸ਼ਿਤ ਹੋਣਗੇ ਅਤੇ ਪਹਿਲੀ ਫਰਵਰੀ ਤੋਂ ਅਮਲ ਵਿਚ ਆ ਜਾਣਗੇ। ਯੂ.ਐਸ.ਸੀ.ਆਈ.ਐਸ. ਮੁਤਾਬਕ ਇਲੈਕਟ੍ਰੌਨਿਕ ਰਜਿਸਟ੍ਰੇਸ਼ਨ ਦੀ ਲੋੜ ਵਿੱਤੀ ਸਾਲ 2020 ਤੱਕ ਮੁਅੱਤਲ ਰਹੇਗੀ।

# ਕੈਪਟਨ ਸਰਕਾਰ ਵੱਲੋਂ ਬੇਘਰਿਆਂ ਨੂੰ ਪਲਾਟ ਦੇਣ ਦਾ ਫੈਸਲਾ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬੇਘਰੇ ਪਰਿਵਾਰਾਂ ਨੂੰ 5-5 ਮਰਲੇ ਦੇ 132620 ਪਲਾਟ ਦੇਣ ਦੀ ਸਕੀਮ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਹ ਪਲਾਟ ਉਨ੍ਹਾਂ ਪਿੰਡਾਂ ਵਿਚ ਦਿੱਤੇ ਜਾਣਗੇ, ਜਿਨ੍ਹਾਂ ਪੰਚਾਇਤਾਂ ਕੋਲ ਜ਼ਮੀਨ ਹੈ। ਮੁੱਖ ਮੰਤਰੀ ਨੇ ਡਿਪਟੀ ਕਮਿਸ਼ਨਰਾਂ ਨੂੰ ਜ਼ਮੀਨ ਦੀ ਸ਼ਨਾਖਤ ਕਰਨ ਪਿਛੋਂ ਇਸ ਸਬੰਧੀ ਮੁਹਿੰਮ ਵਿੱਢਣ ਲਈ ਆਖਿਆ ਹੈ।

ਦਿਹਾਤੀ ਵਿਕਾਸ 'ਤੇ ਪੰਚਾਇਤ ਵਿਭਾਗ ਦੇ ਪ੍ਰਸਤਾਵ ਹੇਠ ਮੁੱਖ ਮੰਤਰੀ ਨੇ ਹਰ ਪਿੰਡ 'ਚ ਘੱਟੋ-ਘੱਟ 10 ਬੇਘਰੇ ਪਰਿਵਾਰਾਂ ਨੂੰ ਪਲਾਟ ਅਲਾਟ ਕਰਨ ਲਈ ਡਿਪਟੀ ਕਮਿਸ਼ਨਰਾਂ ਨੂੰ ਕਿਹਾ ਸੀ। ਅੰਮ੍ਰਿਤਸਰ ਜ਼ਿਲ੍ਹੇ ਵਿਚ 8600 ਬੇਘਰੇ ਪਰਿਵਾਰਾਂ, ਬਠਿੰਡਾ ਜ਼ਿਲ੍ਹੇ ਦੀਆਂ 114 ਪੰਚਾਇਤਾਂ ਵਿਚ 3140 ਪਲਾਟ ਅਤੇ ਬਰਨਾਲਾ 'ਚ 175 ਪੰਚਾਇਤਾਂ ਵੱਲੋਂ 1750 ਪਲਾਟ ਦਿੱਤੇ ਜਾਣਗੇ। ਫਿਰੋਜ਼ਪੁਰ ਜ਼ਿਲ੍ਹੇ ਦੀਆਂ 838 ਪੰਚਾਇਤਾਂ ਵਿਚ 8380 ਪਲਾਟ, ਫਾਜ਼ਿਲਕਾ ਦੀਆਂ 435 ਪੰਚਾਇਤਾਂ ਵਿਚ 4350 ਪਲਾਟ ਅਤੇ ਫਰੀਦਕੋਟ ਜ਼ਿਲ੍ਹੇ ਵਿਚ 2430 ਪਲਾਟ ਦਿੱਤੇ ਜਾਣਗੇ। ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ 429 ਪਿੰਡਾਂ ਵਿਚ 4290 ਪਲਾਟ ਅਤੇ ਗੁਰਦਾਸਪੁਰ ਜ਼ਿਲ੍ਹੇ ਦੀਆਂ 1279 ਪੰਚਾਇਤਾਂ ਵੱਲੋਂ 12790 ਪਲਾਟ ਦਿੱਤੇ ਜਾਣਗੇ। ਹੁਸ਼ਿਆਰਪੁਰ ਜ਼ਿਲ੍ਹੇ ਦੇ 1405 ਪਿੰਡਾਂ ਵਿਚ 14050, ਜਲੰਧਰ ਦੇ 890 ਪਿੰਡਾਂ ਵਿਚ 8900, ਕਪੂਰਥਲਾ ਦੇ 546 ਪਿੰਡਾਂ 'ਚ 5460, ਲੁਧਿਆਣਾ ਦੇ 943 ਪਿੰਡਾਂ 'ਚ 9430, ਮਾਨਸਾ ਦੇ 245 ਪਿੰਡਾਂ 'ਚ 2450, ਸ੍ਰੀ ਮੁਕਤਸਰ ਸਾਹਿਬ ਦੇ 269 ਪਿੰਡਾਂ ਵਿਚ 2690, ਮੋਗੇ ਦੇ 340 ਪਿੰਡਾਂ ਵਿਚ 3400 ਪਲਾਟ ਦਿੱਤੇ ਜਾਣਗੇ।

# ਗੁਰਦੁਆਰਾ ਸੈਨ ਹੋਜ਼ੇ ਦੇ ਅਣਥਕ ਸੇਵਕ ਰੌਬਿੰਦਰ ਸਿੰਘ ਰੌਬਿਨ ਸੁਰਗਵਾਸ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਦੇ ਅਣਥਕ ਸੇਵਕ ਸ. ਰੌਬਿੰਦਰ ਸਿੰਘ ਰੌਬਿਨ ਦਾ ਲੰਘੀ 28 ਜਨਵਰੀ ਨੂੰ ਸੜਕ ਪਾਰ ਕਰਦਿਆਂ ਇਕ ਹਾਦਸੇ ਵਿਚ ਦੇਹਾਂਤ ਹੋ ਗਿਆ। ਉਹ ਕਰੀਬ 58 ਸਾਲ ਦੇ ਸਨ। ਉਹ ਆਪਣੇ ਪਿਛੇ ਪਤਨੀ ਸਰਦਾਰਨੀ ਹਰਦੀਪਿਕਾ ਕੌਰ ਅਤੇ ਦੋ ਪੁੱਤਰ-ਇਕਵਾਕ ਸਿੰਘ, ਅਨਹਦ ਸਿੰਘ ਤੇ ਨੂੰਹ ਅਮਨੀਤ ਕੌਰ ਛੱਡ ਗਏ ਹਨ।

ਸਵਰਗੀ ਰੌਬਿੰਦਰ ਸਿੰਘ ਰੌਬਿਨ ਪਿਛਲੇ 22 ਸਾਲ ਤੋਂ ਬੇਅ ਏਰੀਆ ਵਿਚ ਰਹਿੰਦੇ ਆ ਰਹੇ ਸਨ ਅਤੇ ਉਨ੍ਹਾਂ ਨੇ ਆਪਣੀ ਸੇਵਾ ਭਾਵਨਾ ਨਾਲ ਹਜ਼ਾਰਾਂ ਲੋਕਾਂ ਦੇ ਮਨਾਂ ਵਿਚ ਆਪਣੀ ਥਾਂ ਬਣਾ ਲਈ ਸੀ। ਉਨ੍ਹਾਂ ਨੇ ਗੁਰੂ ਨਾਨਕ ਖਾਲਸਾ ਸਕੂਲ ਅਤੇ ਗੁਰਦੁਆਰਾ ਸੈਨ ਹੋਜ਼ੇ ਦੇ ਬੁਨਿਆਦੀ ਢਾਂਚੇ ਖਾਤਰ ਇਕ ਵਧੀਆ ਟੀਮ ਬਣਾਈ ਹੋਈ ਸੀ। ਪਿਛਲੇ ਇੱਕੀ ਸਾਲਾਂ ਦੌਰਾਨ ਉਹ ਇਕ ਮੋਹਰੀ ਸੇਵਾਦਾਰ ਰਹੇ। ਸਕੂਲ ਵਿਚ ਬੱਚਿਆਂ ਦੀ ਗਿਣਤੀ ਢਾਈ ਸੌ ਤੋਂ ਵਧ ਕੇ ਸੱਤ ਸੌ ਅਤੇ ਪ੍ਰੋਗਰਾਮ ਤਿੰਨ ਤੋਂ ਵਧ ਕੇ 18 ਹੋ ਗਏ। ਸੰਨ 2006 ਵਿਚ ਗੁਰਦੁਆਰਾ ਸਾਹਿਬ ਵਿਖੇ ਹੋਏ ਕੌਮਾਂਤਰੀ ਸਿੱਖ ਯੂਥ ਸਿੰਪੋਜ਼ੀਅਮ ਵਿਚ ਸ਼ਾਮਲ ਕੀਤੇ ਗਏ 'ਮੇਰਾ ਪਿੰਡ, ਮੇਰੀ ਸ਼ਾਨ' ਪ੍ਰੋਗਰਾਮ ਨੂੰ ਅੱਜ ਵੀ ਅਮਰੀਕਾ ਅਤੇ ਯੂਰਪ ਤੋਂ ਆਏ ਲੋਕ ਚੇਤੇ ਕਰਦੇ ਹਨ। ਉਹ ਗੁਰਦੁਆਰਾ ਸਾਹਿਬ ਤੋਂ ਬਾਹਰ 4 ਜੁਲਾਈ ਦੀ ਪਰੇਡ, ਬ੍ਰੈਸਟ ਕੈਂਸਰ ਵਾਕ ਅਤੇ ਫਾਇਰ ਫਾਈਟਰਾਂ ਤੇ ਹੋਰ ਕਾਰਜਾਂ ਲਈ ਫੰਡ ਇਕੱਠੇ ਕਰਨ ਦੇ ਕੰਮ ਵਿਚ ਮੋਹਰੀ ਰੋਲ ਨਿਭਾਉਂਦੇ ਰਹੇ।

ਉਨ੍ਹਾਂ ਦੀ ਰੂਹ ਦੀ ਸ਼ਾਂਤੀ ਲਈ ਸਹਿਜ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ 2 ਫਰਵਰੀ



ਨੂੰ ਹੋਏ। ਇਸ ਮੌਕੇ ਵੱਡੀ ਗਿਣਤੀ ਵਿਚ ਸੰਗਤਾਂ ਪਹੁੰਚੀਆਂ। ਉਨ੍ਹਾਂ ਦੀ ਯਾਦ ਵਿਚ ਇਕ ਕੈਂਡਲ ਲਾਈਟ ਵਿਜ਼ਿਲ ਵੀ ਹੋਇਆ। ਹੋਰ ਜਾਣਕਾਰੀ ਲਈ ਡਾ. ਗੁਰਿੰਦਰਪਾਲ ਸਿੰਘ ਨਾਲ ਫੋਨ: 408-679-9302 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੀ ਮੀਟਿੰਗ 23 ਨੂੰ

**ਫਰੀਮਾਂਟ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਵਿਪਸਾਅ) ਬੇਅ ਏਰੀਆ ਦੀ ਮਾਸਿਕ ਮਿਲਣੀ 23 ਫਰਵਰੀ, ਸਨਿਚਰਵਾਰ ਨੂੰ ਬਾਅਦ ਦੁਪਹਿਰ 2 ਵਜੇ ਤੋਂ 5 ਵਜੇ ਤੱਕ ਇਥੇ ਗੋਲਡਨ ਇੰਡੀਆ ਕੁਜ਼ੀਨ ਵਿਚ ਹੋਵੇਗੀ।

ਮੀਟਿੰਗ ਵਿਚ ਪਿਛਲੀ ਕਾਰਜਕਾਰਨੀ ਦੀਆਂ ਪ੍ਰਾਪਤੀਆਂ 'ਤੇ ਇਕ ਝਾਤ ਮਾਰੀ ਜਾਵੇਗੀ ਅਤੇ ਵਿਪਸਾਅ ਦੀ ਮੈਂਬਰਸ਼ਿਪ ਪ੍ਰਤੀ ਸਰਵੇਖਣ ਹੋਵੇਗਾ। ਸੁਰਿੰਦਰ ਸੀਰਤ ਦੇ ਨਾਵਲ 'ਭਰਮ ਭੁੱਲਈਆਂ' ਦਾ ਦੂਜਾ ਅੰਕ ਲੋਕ ਅਰਪਿਤ ਕੀਤਾ ਜਾਵੇਗਾ। ਨਾਵਲ ਬਾਰੇ ਡਾ. ਮੋਹਨ ਤਿਆਗੀ ਅਤੇ ਡਾ. ਮਮਤਾ ਰਾਣੀ ਵਲੋਂ ਲਿਖੇ ਪਰਚੇ ਪੜ੍ਹੇ ਜਾਣਗੇ। ਸੁਰਿੰਦਰ ਸੀਰਤ ਨਾਲ ਰੂਬਰੂ ਦੌਰਾਨ ਉਸ ਦੇ ਨਾਵਲ ਅਤੇ ਪਰਚਿਆਂ ਬਾਰੇ ਸਵਾਲ-ਜਵਾਬ ਦਾ ਦੌਰ ਚੱਲੇਗਾ। ਕਵੀ ਦਰਬਾਰ ਵੀ ਹੋਵੇਗਾ।

ਹੋਰ ਜਾਣਕਾਰੀ ਲਈ ਪ੍ਰਧਾਨ ਸੁਰਿੰਦਰ ਸਿੰਘ ਸੀਰਤ ਨਾਲ ਫੋਨ: 510-847-1698, ਜਨਰਲ ਸਕੱਤਰ ਨੀਲਮ ਸੈਣੀ ਫੋਨ: 510-502-0551 ਜਾਂ ਖਜ਼ਾਨਚੀ ਤਾਰਾ ਸਿੰਘ ਸਾਗਰ ਨਾਲ ਫੋਨ: 510-453-5779 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।


**Prince's Barber Shop**

37477 Fremont Blvd, suite C, Fremont, CA 94536

*Men & Children's Hair Cut*

*Threading
*Men's Facials
*Custom Designing
*Line-ups
*Custom Text
*Hair Coler
*Shave & Mundan
*Head Massage



ਫੁੱਲ ਟਾਈਮ ਬਾਰਬਰ ਦੀ ਲੋੜ ਹੈ

ਇੰਡੀਆ ਅਤੇ ਅਮਰੀਕਾ ਦਾ 18 ਸਾਲ ਦਾ ਤਜ਼ਰਬਾ

Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



Cell: (510)-677-9942
Shop: (510)-505-9605

www.princebarbershop.com



# ਤੰਦੂਰੀਏ ਤੇ ਹਲਵਾਈ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ ਅਤੇ ਤੰਦੂਰੀਏ ਦੀ ਲੋੜ ਹੈ ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ

ਮੁਖਤਿਆਰ ਸਿੰਘ, ਫੋਨ: 713-884-9547

ਸੁਖਦੇਵ ਸਿੰਘ, ਫੋਨ: 832-724-1635




**ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ**

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

*Live on Jas TV*
Saturday 9:30AM and Sunday 4PM (Pacific Time)

7021 Village Park Way, Dublin, CA 94568

Email:
Homeomedicine@yahoo.com

# ਗਧੇ ਦੀ ਚੋਣ ਰੈਲੀ

## ਵਿਅੰਗ

***ਭਾਰਤ ਵਿਚ ਲੋਕ ਸਭਾ ਚੋਣਾਂ ਸਿਰ 'ਤੇ ਹਨ ਅਤੇ ਵੱਖ ਵੱਖ ਰੰਗਾਂ ਦੇ ਸਿਆਸਤਦਾਨਾਂ ਨੇ ਲੋਕਾਂ ਦੀਆਂ ਵੋਟਾਂ ਬਟੋਰਨ ਦਾ ਹਰ ਹਰਬਾ ਵਰਤਣਾ ਹੁਣੇ ਤੋਂ ਸ਼ੁਰੂ ਕਰ ਲਿਆ ਹੈ। ਇਸ ਲੇਖ ਵਿਚ ਸਤਿੰਦਰਪਾਲ ਬਾਵਾ ਨੇ ਸਿਆਸਤਦਾਨਾਂ ਦੇ ਇਸ ਵਤੀਰੇ 'ਤੇ 'ਗਧਿਆਂ ਦੀ ਚੋਣ ਰੈਲੀ' ਰਾਹੀਂ ਤਿੱਖੀਆਂ ਚੋਟਾਂ ਲਾਈਆਂ ਹਨ। -ਸੰਪਾਦਕ***

ਦੋਸਤੋ! ਤੁਹਾਡੇ ਪਿੰਡ ਦਾ ਨਾਂ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ, ਕਿਉਂਕਿ ਪ੍ਰਧਾਨ ਗਧਾ ਸਾਹਿਬ ਤੁਹਾਡੇ ਪਿੰਡ ਤੋਂ ਚੋਣ ਪ੍ਰਚਾਰ ਸ਼ੁਰੂ ਕਰ ਰਹੇ ਹਨ। ਇਸ ਚੋਣ ਰੈਲੀ ਵਿਚ ਹੁਮ ਹੁਮਾ ਕੇ ਪਹੁੰਚਣ 'ਤੇ ਅਸੀਂ 'ਨਾ ਤਿੰਨਾਂ 'ਚੋਂ, ਨਾ ਤੇਰਾਂ 'ਚੋਂ ਗਧਾ ਪਾਰਟੀ' ਵੱਲੋਂ ਤੁਹਾਡਾ ਸਭ ਦਾ ਸੁਆਗਤ ਹੈ। ਜਿਵੇਂ ਕਿ ਤੁਹਾਨੂੰ ਪਤਾ ਹੀ ਹੈ ਕਿ ਚੋਣਾਂ ਨੇੜੇ ਆ ਰਹੀਆਂ ਹਨ, ਅਸੀਂ ਗਧਿਆਂ ਨੇ ਵੀ ਇਕ ਸੈਕੂਲਰ ਸਿਆਸੀ ਪਾਰਟੀ ਦਾ ਨਿਰਮਾਣ ਕੀਤਾ ਹੈ। ਦੂਜਾ, ਤੁਹਾਨੂੰ ਸਾਡੀ ਪਾਰਟੀ ਦੇ ਨਾਂ ਤੋਂ ਸਾਡੀ ਨਿਰਪੱਖਤਾ ਅਤੇ ਸਾਡੀ ਪਾਰਟੀ ਦੇ ਸੈਕੂਲਰ ਹੋਣ ਦਾ ਪਤਾ ਤਾਂ ਲਗ ਹੀ ਗਿਆ ਹੋਣਾ ਐ! ਸਾਡੀ ਗਧਾ ਪਰਜਾਤੀ ਨੂੰ ਭਾਰ ਖਿੱਚਣ ਤੇ ਭਾਰ ਢੋਣ ਦਾ ਪੁਸ਼ਤ-ਦਰ-ਪੁਸ਼ਤ ਤਜ਼ਰਬਾ ਹੈ। ਸਾਡਾ ਯਕੀਨ ਹੈ, ਪ੍ਰਧਾਨ ਗਧਾ ਸਾਹਿਬ ਦੇਸ਼ ਦੇ ਇਤਿਹਾਸ ਵਿਚ ਸਭ ਤੋਂ ਬੁਧੀਮਾਨ, ਸਿਆਣੇ ਤੇ ਚਲਾਕ ਮੁੱਖ ਮੰਤਰੀ ਸਾਬਤ ਹੋਣਗੇ। ਤੁਹਾਡਾ ਬਹੁਤਾ



**ਸਤਿੰਦਰਪਾਲ ਬਾਵਾ**
ਫੋਨ: 91-94676-54643

ਸਮਾਂ ਨਾ ਲੈਂਦਿਆਂ ਹੁਣ ਮੈਂ ਪ੍ਰਧਾਨ ਗਧਾ ਸਾਹਿਬ ਨੂੰ ਬੇਨਤੀ ਕਰਦਾਂ ਕਿ ਉਹ ਮੰਚ 'ਤੇ ਆ ਕੇ ਚੰਦ ਸ਼ਬਦ ਆਪਣੇ ਮੂਰਖ ਬੰਦ ਤੋਂ ਕਹਿਣ। ਪ੍ਰਧਾਨ ਗਧਾ ਸਾਹਿਬ, ਆਉ ਜੀ।

ਸਟੇਜ ਸੈਕਟਰੀ ਨੇ ਸਾਡੀ ਸ਼ਾਨ ਵਿਚ ਕੁਝ ਬਹੁਤੇ ਹੀ ਪੱਠੇ ਪਾ ਦਿੱਤੇ ਨੇ, ਭਾਵੇਂ ਅਸੀਂ ਐਨੇ ਜੋਗੇ ਨਹੀਂ ਹਾਂ, ਪਰ ਅਸੀਂ ਆਪਣੇ ਛੋਟੇ ਭਰਾ ਦੇ ਪਿਆਰ ਨੂੰ ਆਫਰੇ ਪੇਟ ਤੱਕ ਮਹਿਸੂਸ ਕਰਦੇ ਹਾਂ!

ਅਸੀਂ ਤਾਂ ਭਰਾਵੋ! ਤੁਹਾਡੇ ਵਿਚੋਂ ਹੀ ਹਾਂ, ਤੁਹਾਡੇ ਆਪਣੇ! ਅਸੀਂ ਸਿਆਸਤ ਵਿਚ ਨਹੀਂ ਸੀ ਆਉਣਾ, ਪਰ ਸਾਨੂੰ ਦੁੱਖ ਹੋਇਆ ਕਿ ਸਾਡੇ ਭਾਈਚਾਰੇ ਦੇ ਅੱਠ ਗਧਿਆਂ ਨੂੰ ਚਾਰ ਦਿਨ ਜੇਲ੍ਹ ਵਿਚ ਇਸ ਕਰਕੇ ਰੱਖਿਆ ਗਿਆ ਕਿ ਉਨ੍ਹਾਂ ਨੇ ਕਿਸੇ ਸਰਕਾਰੀ ਪਦਵੀਧਾਰੀ ਵਿਅਕਤੀ ਵਿਸ਼ੇਸ਼ ਦੇ ਕੀਮਤੀ ਬੂਟਿਆਂ ਨੂੰ ਨੁਕਸਾਨ ਪਹੁੰਚਾਇਆ ਸੀ। ਇਸ ਘਟਨਾ ਨੇ ਸਾਨੂੰ ਅੰਦਰ ਤੱਕ ਲੂਹ ਸੁੱਟਿਆ! ਯਕੀਨ ਜਾਣੋ, ਸਾਡਾ ਭਰੋਸਾ ਮਨੁੱਖ ਜਾਤੀ ਤੋਂ ਟੁੱਟ ਗਿਆ ਹੈ! ਅਸੀਂ ਆਪਣੀ ਗਧਾ ਬਿਰਤੀ ਨਾਲ ਮਨੁੱਖ ਜਾਤੀ ਦਾ ਕਿੰਨਾ ਭਾਰ ਹਲਕਾ ਕਰਦੇ ਰਹੇ ਹਾਂ, ਪਰ ਇਹ ਅਹਿਸਾਨ ਫਰਾਮੋਸ਼ ਸਾਡੇ ਗਧਿਆਂ ਦੇ ਵੀ ਨਹੀਂ ਹੋਏ!

ਖੈਰ...ਅਸੀਂ ਅਜਿਹੇ ਮਸਲਿਆਂ ਨਾਲ ਨਜਿਠਣ ਲਈ ਸਿਆਸਤ ਦਾ ਰਾਹ ਚੁਣ ਲਿਆ ਹੈ ਤਾਂ ਜੋ ਸਾਡੇ ਦੇਸ਼ ਵਿਚ ਗਧਾ ਭਾਈਚਾਰਾ ਸੁਰੱਖਿਅਤ ਰਹਿ ਸਕੇ। ਸਾਨੂੰ ਇਹ ਦਸਦਿਆਂ ਬੜੀ ਖੁਸ਼ੀ ਹੋ ਰਹੀ ਹੈ ਕਿ ਅਮਰੀਕਾ ਦੀ 'ਇੰਟਰਨੈਸ਼ਨਲ ਡੌਂਕੀ ਐਸੋਸੀਏਸ਼ਨ' ਦੇ ਪ੍ਰਧਾਨ ਮਿਸਟਰ ਡੌਂਕੀ ਨੇ ਵੀ ਇਸ ਗੈਰ-ਗਧਾਨਵੀ ਘਟਨਾ ਦੀ ਘੋਰ ਨਿੰਦਿਆ ਕੀਤੀ ਹੈ। ਉਨ੍ਹਾਂ ਆਪਣੇ ਇਕ ਬਿਆਨ ਵਿਚ ਕਿਹਾ ਹੈ ਕਿ ਸਰਕਾਰਾਂ ਨੂੰ ਆਪਣੇ ਕਾਨੂੰਨ ਮਨੁੱਖਾਂ 'ਤੇ ਹੀ ਲਾਗੂ ਕਰਨੇ ਚਾਹੀਦੇ ਹਨ, ਸਾਡੇ ਗਧਿਆਂ 'ਤੇ ਨਹੀਂ। ਉਨ੍ਹਾਂ ਦੇ ਪਿਆਰ ਅਤੇ ਪ੍ਰੇਰਨਾ ਸਦਕਾ ਹੀ ਅਸੀਂ ਇਸ ਵਾਰ ਚੋਣ ਲੜਨ ਦਾ ਮਨ ਬਣਾਇਆ ਹੈ ਤੇ ਸਾਨੂੰ ਪੂਰਾ ਯਕੀਨ ਹੈ ਕਿ ਅਸੀਂ ਤੁਹਾਡੇ ਸਹਿਯੋਗ ਤੇ ਅਸ਼ੀਰਵਾਦ ਨਾਲ ਆਪਣੇ ਮਨਸੂਬੇ ਵਿਚ ਜ਼ਰੂਰ ਸਫਲ ਹੋਵਾਂਗੇ।

ਭਰਾਵੋ! 'ਹੱਥ ਕੰਗਣ ਨੂੰ ਆਰਸੀ ਕੀ ਤੇ ਪੜ੍ਹੇ-ਲਿਖੇ ਨੂੰ ਫਾਰਸੀ ਕੀ?' ਤੁਸੀਂ ਖੁਦ ਸਿਆਣੇ ਹੋ ਅਤੇ ਦੇਸ਼ ਦੀ ਸਿਆਸਤ ਤੋਂ ਚੰਗੀ ਤਰ੍ਹਾਂ ਵਾਕਿਫ ਹੋ ਕਿ ਇਥੇ ਤਾਂ ਸਾਡੀ ਜੰਗਲੀ ਜੀਵਾਂ ਦੀਆਂ ਕੁਝ ਪ੍ਰਜਾਤੀ ਸਰਕਾਰਾਂ ਬਣਾਉਣ ਤੱਕ ਵੀ ਯੋਗਦਾਨ ਦੇ ਚੁਕੀਆਂ ਹਨ। ਉਨ੍ਹਾਂ ਦੀ ਇਸ ਇਤਿਹਾਸਕ ਦੇਣ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ। ਖੈਰ! ਅਸੀਂ ਆਪਣੀਆਂ ਜਾਨਵਰ ਪ੍ਰਜਾਤੀਆਂ 'ਤੇ ਮਾਣ ਕਰਦੇ ਹਾਂ ਕਿ ਚਲੋ ਕੋਈ ਤਾਂ ਹੈ, ਜਿਸ ਨੇ ਐਨੀ ਤਰੱਕੀ ਕੀਤੀ! ਪਰ ਹਾਂ! ਸਾਨੂੰ ਕਿਸੇ ਨਾਲ ਕੋਈ ਸਾੜਾ ਨਹੀਂ ਹੈ। ਅਸੀਂ ਤਾਂ ਆਪਣੇ ਕੰਮ ਵਿਚ ਯਕੀਨ ਰੱਖਦੇ ਹਾਂ, ਚੰਮ ਵਿਚ ਨਹੀਂ!

ਭਰਾਵੋ! ਇਹ ਵੀ ਸਾਡੇ ਅਨੁਭਵ ਵਿਚ ਸ਼ਾਮਲ ਹੋ ਚੁਕਾ ਗਿਆਨ ਹੈ ਕਿ ਵਰਤਮਾਨ ਵਿਚ ਭਾਵੇਂ ਕਿਸੇ ਵੀ ਪਾਰਟੀ ਦੀ ਸਰਕਾਰ ਹੋਵੇ, ਉਸ ਵੇਲੇ ਉਹ ਕੋਈ ਕੰਮ ਨਹੀਂ ਕਰਦੀ, ਸਗੋਂ ਭਵਿੱਖਮੁਖੀ ਯੋਜਨਾਵਾਂ ਉਲੀਕਦੀ ਹੈ। ਵਰ੍ਹਿਆਂ ਦੇ ਵਰ੍ਹੇ ਉਹ ਖਿਆਲੀ ਪਲਾਓ ਬਣਾਉਂਦੀ ਹੈ ਅਤੇ ਜਦੋਂ ਉਹੀ ਪਾਰਟੀ ਵਿਰੋਧੀ ਦਲ ਵਿਚ ਹੋਵੇ ਤਾਂ ਵਰਤਮਾਨ ਸਰਕਾਰ ਨੂੰ ਨਿੰਦਣ ਭੰਡਣ ਵਿਚ ਮੁੱਖ ਭੂਮਿਕਾ ਨਿਭਾਉਂਦੀ ਹੈ। ਇਹ ਵੀ ਸਥਿਤੀ ਦੀ ਵਿਡੰਬਨਾ ਹੈ ਕਿ ਮਾਨਵ ਜਾਤੀ ਨੂੰ ਇਕ ਦੂਜੇ ਨੂੰ ਵਡਿਆਉਣ ਜਾਂ ਭੰਡਣ ਲਈ ਸਾਡੀਆਂ ਹੀ ਜੰਗਲੀ ਪ੍ਰਜਾਤੀਆਂ ਜਿਵੇਂ ਸ਼ੇਰ ਜਾਂ ਚੂਹਾ ਆਦਿ ਦੀ ਮਿਸਾਲ ਦੇਣੀ ਪੈਂਦੀ ਹੈ। ਪਰ ਭਰਾਵੋ! ਸਾਡੀ ਸਰਕਾਰ ਨਾ ਭਵਿੱਖ ਕਾਲੀ ਹੋਵੇਗੀ, ਨਾ ਵਰਤਮਾਨ ਕਾਲੀ, ਸਗੋਂ ਭੂਤ ਕਾਲੀ ਹੋਵੇਗੀ, ਜੋ ਚਾਰਲਸ ਡਾਰਵਿਨ ਦੇ 'ਉਤਪਤੀ ਦੇ ਸਿਧਾਂਤ' ਤੋਂ ਵੀ ਬਹੁਤ ਪਹਿਲਾਂ ਦੀ ਗਧਾ ਪ੍ਰਜਾਤੀ ਦੇ ਪੂਰਵਜਾਂ ਦੇ ਅਣਗੌਲੇ ਪਰ ਅਮੁੱਲੇ ਇਤਿਹਾਸ ਨੂੰ ਤੁਹਾਡੇ ਸਾਹਮਣੇ ਲੈ ਕੇ ਆਵੇਗੀ। ਅਸੀਂ ਯੂਨੀਵਰਸਿਟੀਆਂ ਵਿਚ ਗਧਾ ਖੋਜ ਕੇਂਦਰਾਂ ਦੀ ਸਥਾਪਨਾ ਕਰਾਂਗੇ। ਗਧਿਆਂ ਦੇ ਇਤਿਹਾਸਕ ਯੋਗਦਾਨ 'ਤੇ ਵਿਸ਼ਵ ਕਾਨਫਰੰਸਾਂ ਕਰਾਂਗੇ, ਕਿਉਂਕਿ ਸਾਨੂੰ ਇਸ ਗੱਲ 'ਤੇ ਵੀ ਫਖਰ ਹੈ ਕਿ ਅਸੀਂ ਨਿਰੋਲ ਦੇਸੀ ਨਸਲ ਦੇ ਹਾਂ, ਹੋਰਾਂ ਪ੍ਰਜਾਤੀਆਂ ਵਾਂਗ ਅਮਰੀਕਾ, ਸਾਹੀਵਾਲ ਜਾਂ ਕਿਸੇ ਹੋਰ ਨਸਲ ਦੇ ਹੋਣ ਦਾ ਸਾਡੇ 'ਤੇ ਕੋਈ ਦੋਸ਼ ਨਹੀਂ ਹੈ। ਸਾਨੂੰ ਸ਼ੱਕ ਹੈ ਕਿ ਡਾਰਵਿਨ ਨੇ ਆਪਣੀ ਖੋਜ ਸਮੇਂ ਜਾਣ-ਬੁਝ ਕੇ ਸਾਡੀ ਪ੍ਰਜਾਤੀ ਦੇ ਇਤਿਹਾਸ ਨੂੰ ਅੱਖੋਂ ਓਹਲੇ ਰੱਖਿਆ ਹੈ।

ਅਸੀਂ ਇਕ ਗੱਲ ਸਪਸ਼ਟ ਕਰ ਦੇਣੀ ਚਾਹੁੰਦੇ ਹਾਂ ਕਿ ਸਾਡੀ ਪਾਰਟੀ ਅਸਲੋਂ ਨਵੀਂ ਸਿਆਸੀ ਪਾਰਟੀ ਹੈ, ਇਸ ਲਈ ਅਸੀਂ ਇਹ ਨਹੀਂ ਕਹਿੰਦੇ ਕਿ ਸਾਡੀ ਸਰਕਾਰ ਆਉਣ 'ਤੇ ਤੁਹਾਡੇ ਬੈਂਕ ਖਾਤਿਆਂ ਵਿਚ 15-15 ਲੱਖ ਰੁਪਏ ਆ ਜਾਣਗੇ, ਕਿਉਂਕਿ ਇਕ ਤਾਂ ਅਸੀਂ ਜੁਮਲਿਆਂ ਵਿਚ ਯਕੀਨ ਨਹੀਂ ਰੱਖਦੇ, ਦੂਜਾ ਅਸੀਂ ਲਾਲਚ ਰੂਪੀ ਰਿਸ਼ਵਤ ਦੇ ਕੇ ਤੁਹਾਡੀਆਂ ਕੀਮਤੀ ਵੋਟਾਂ ਨਹੀਂ ਖਰੀਦਣਾ ਚਾਹੁੰਦੇ, ਸਗੋਂ ਤਰਕ ਤੇ ਦਲੀਲ ਨਾਲ ਤੁਹਾਡਾ ਭਰੋਸਾ ਜਿੱਤਣਾ ਚਾਹੁੰਦੇ ਹਾਂ।

ਇਕ ਗੱਲ ਹੋਰ ਭਰਾਵੋ! ਅਸੀਂ ਕੇਵਲ ਉਹੀ ਵਾਅਦੇ ਕਰਾਂਗੇ, ਜੋ ਸਾਡੀ ਸਮਰੱਥਾ ਵਿਚ ਹੋਣ



ਮਸਲਨ ਅਸੀਂ ਲੋਕਾਂ ਨੂੰ ਆਪਣੇ ਦੁਲੱਤੇ ਮਾਰਨ ਦਾ ਕੰਮ ਡਬਲ ਕਰ ਦਿਆਂਗੇ। ਸਵੇਰੇ ਸ਼ਾਮ ਦੁਲੱਤਾ ਸਰਵਿਸ ਨਿਰਵਿਘਨ ਚਲਾਉਣ ਲਈ ਸਾਡੀ ਸਰਕਾਰ ਵਚਨਬਧ ਰਹੇਗੀ। ਦੂਜਾ, ਭਾਵੇਂ ਅਸੀਂ ਆਪ ਫੋਟੂਆਂ ਤੇ ਸੈਲਫੀਆਂ ਦੇ ਸ਼ੌਕੀਨ ਹਾਂ, ਪਰ ਅਸੀਂ ਸਾਡੀ ਸਰਕਾਰ ਬਣਨ 'ਤੇ ਇਸ 'ਤੇ ਪੂਰੀ ਰੋਕ ਲਾ ਦਿਆਂਗੇ, 'ਡੀਸੈਲਫਾਈਜ਼ੇਸ਼ਨ' ਕਰ ਦਿਆਂਗੇ ਕਿਉਂਕਿ ਸੈਲਫੀਆਂ ਲੈਣ ਨਾਲ ਜਿਥੇ ਦੇਸ਼ ਦੀ ਯੁਵਾ ਪੀੜ੍ਹੀ ਦਾ ਸਮਾਂ ਖਰਾਬ ਹੁੰਦਾ ਹੈ, ਉਥੇ ਸੈਲਫੀਆਂ ਦੀ ਆਡਿਟਿੰਗ ਕਾਰਨ ਦੇਸ਼ ਵਿਚ ਭ੍ਰਿਸ਼ਟਾਚਾਰ ਵੀ ਫੈਲਦਾ ਹੈ।

ਭਰਾਵੋ! ਹੁਣ ਅਸੀਂ ਕੁਝ ਦਲੀਲਾਂ ਨਾਲ ਆਪਣੀ ਪਾਰਟੀ ਬਾਰੇ ਦੱਸਣਾ ਚਾਹੁੰਦੇ ਹਾਂ ਕਿ ਸਾਡੀ ਸਰਕਾਰ ਕਿਉਂ ਆਉਣੀ ਚਾਹੀਦੀ ਹੈ। ਮਸਲਨ 'ਵਕਤੋਂ ਖੁੰਝੀ ਡੂਮਣੀ ਤੇ ਗਾਹਵੇ ਆਲ-ਪਤਾਲ' ਅਖਾਣ ਤੁਸੀਂ ਸੁਣਿਆ ਹੋਣੈ! ਇਸ ਦੇ ਅਰਥ ਕਰਨਾ ਤੁਹਾਡੀ ਬੁੱਧੀ 'ਤੇ ਸ਼ੱਕ ਕਰਨਾ ਹੋਵੇਗਾ! ਇਸ ਅਖਾਣ ਦੇ ਹਵਾਲੇ ਰਾਹੀਂ ਅਸੀਂ ਸਿਰਫ ਐਨਾ ਹੀ ਕਹਿਣਾ ਚਾਹੁੰਦੇ ਹਾਂ ਕਿ ਦੇਖੋ ਸਾਡੀਆਂ ਜੰਗਲੀ ਪ੍ਰਜਾਤੀਆਂ ਕਿਥੇ ਕਿਥੇ ਮਾਨਵੀ ਜੀਵਾਂ ਦਾ ਮਾਰਗ ਦਰਸ਼ਨ ਕਰ ਰਹੀਆਂ ਹਨ। ਪਰ ਸਥਿਤੀ ਦਾ ਵਿਅੰਗ ਇਹ ਹੈ ਕਿ ਭੈਣ ਡੂਮਣੀ ਵੱਲ ਅੱਜ ਤੱਕ ਕਿਸੇ ਨੇ ਤਵੱਕੋ ਨਹੀਂ ਦਿੱਤੀ। ਸਾਡੀ ਸਰਕਾਰ ਆਉਣ 'ਤੇ ਅਸੀਂ ਉਸ ਨੂੰ ਵੀ ਆਪਣੇ ਮੰਤਰੀ ਮੰਡਲ ਵਿਚ ਸ਼ਾਮਲ ਕਰਾਂਗੇ ਤਾਂ ਜੋ ਉਹ ਆਪਣੇ ਡੰਗ ਤੇ ਢੰਗ ਨਾਲ ਲੋਕਾਂ ਦੀ ਖੂਬ ਸੇਵਾ ਕਰ ਸਕੇ!

ਦੂਜਾ, ਤੁਸੀਂ ਇਕ ਹੋਰ ਅਖਾਣ ਸੁਣਿਆ ਹੋਣੈ ਕਿ 'ਮੱਝ ਦੇ ਅੱਗੇ ਬੀਨ ਵਜਾਉਣ ਦਾ ਕੀ ਫਾਇਦਾ?' ਭਰਾਵੋ ਸਾਡੀ ਸਰਕਾਰ ਆਉਣ 'ਤੇ ਇਸ ਅਖਾਣ ਦੀ ਵਰਤੋਂ 'ਤੇ ਸ਼ਰਾਬਬੰਦੀ ਵਾਂਗ ਪੂਰਨ ਤੌਰ 'ਤੇ ਰੋਕ ਲਾ ਦੇਵਾਂਗੇ ਕਿਉਂਕਿ ਇਸ ਅਖਾਣ ਵਿਚ ਮਰਦ ਮਾਨਸਿਕਤਾ ਝਲਕਦੀ ਹੈ ਤੇ ਇਹ ਸਾਡੀ ਭੈਣ ਨਾਲ ਵਧੀਕੀ ਹੈ! ਸਾਡੀ ਸਰਕਾਰ ਆਉਣ 'ਤੇ ਸਾਡੀ ਭੈਣ ਭਾਵੇਂ ਡੀ. ਜੇ. ਅੱਗੇ ਨਾਗਨ ਡਾਂਸ ਕਰੇ, ਉਸ ਨੂੰ ਕੋਈ ਨਹੀਂ ਰੋਕ ਸਕੇਗਾ। ਇਹ ਸਾਡਾ ਤੁਹਾਡੇ ਨਾਲ ਵਾਅਦਾ ਰਿਹਾ!

ਅਸੀਂ ਆਪਣੇ ਛੋਟੇ ਜਿਹੇ ਸਿਆਸੀ ਅਨੁਭਵ ਰਾਹੀਂ ਇਹ ਗਿਆਨ ਵੀ ਪ੍ਰਾਪਤ ਕਰ ਲਿਆ ਹੈ ਕਿ ਸਿਆਸਤ ਚਮਕਾਉਣ ਲਈ ਫਿਲਮਾਂ ਦਾ ਵਿਰੋਧ ਕਰਨਾ ਬਹੁਤ ਜ਼ਰੂਰੀ ਹੈ। ਤੁਸੀਂ ਜਾਣਦੇ ਹੋ ਭਰਾਵੋ ਕਿ ਫਿਲਮਾਂ ਵਿਚ ਘੋੜਿਆਂ ਦਾ ਨਾਂ ਬਾਦਲ, ਚੇਤਨ ਅਤੇ ਘੋੜੀਆਂ ਦਾ ਨਾਮ ਧੰਨੋ, ਘੰਨੋ ਆਦਿ ਰੱਖਿਆ ਹੁੰਦੈ, ਪਰ ਸਾਨੂੰ ਗਧੇ ਦਾ ਗਧਾ ਹੀ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਸੋ ਭਰਾਵੋ! ਸਾਡੀ ਪ੍ਰਜਾਤੀ ਨੂੰ ਫਿਲਮਾਂ ਵਿਚ ਮਜ਼ਾਕ ਦਾ ਪਾਤਰ ਬਣਾ ਕੇ ਪੇਸ਼ ਕਰਨ ਦਾ ਅਸੀਂ ਸਖਤ ਵਿਰੋਧ ਕਰਾਂਗੇ। ਸਾਡੇ ਜਿਹੇ ਇਕ ਕੋਮਲ ਚਿਤ ਜੀਵ ਦਾ ਜਿਸ ਵੀ ਫਿਲਮਕਾਰ ਨੇ ਮਜ਼ਾਕ ਉਡਾਇਆ ਹੈ, ਉਨ੍ਹਾਂ ਨੂੰ ਜਾਂਚ ਦੇ ਘੇਰੇ ਵਿਚ ਲਿਆਂਦਾ ਜਾਵੇਗਾ ਤਾਂ ਜੋ ਭਵਿਖ ਵਿਚ ਅਜਿਹੀ ਗਲਤੀ ਨੂੰ ਦੁਹਰਾਇਆ ਨਾ ਜਾ ਸਕੇ। ਭਰਾਵੋ ਇਹ ਨੀਤੀ ਦੋਹਰਾ ਕੰਮ ਕਰੇਗੀ, ਜਿਥੇ ਸਾਡੀ ਪ੍ਰਜਾਤੀ ਨੂੰ ਇਨਸਾਫ ਮਿਲੇਗਾ, ਉਥੇ ਮਾਨਵ ਜਾਤੀ ਆਪਣੀਆਂ ਮੂਲ ਸਮੱਸਿਆਵਾਂ ਨੂੰ ਸਮਝਣ ਤੋਂ ਵੀ ਵਾਂਝੀ ਰਹਿ ਜਾਵੇਗੀ! ਇਸ ਨਾਲ ਗਧਾ ਬਿਰਤੀ ਦਾ ਵਿਕਾਸ ਤੇ ਵਿਸਥਾਰ ਹੋਵੇਗਾ!

ਸਾਡੀਆਂ ਗੱਲਾਂ ਤੋਂ ਤੁਸੀਂ ਸਾਡੀ ਦੂਰ ਦ੍ਰਿਸ਼ਟੀ ਦਾ ਅੰਦਾਜ਼ਾ ਤਾਂ ਲਾ ਹੀ ਲਿਆ ਹੋਣੈ ਕਿ ਗਧਾ ਭਾਈਚਾਰੇ ਦੇ ਵਿਕਾਸ ਲਈ ਸਾਡੀ ਸਰਕਾਰ ਕਿੰਨੀ ਵਚਨਬੱਧ ਤੇ ਕਾਮਯਾਬ ਸਰਕਾਰ ਹੋਵੇਗੀ! ਅਸੀਂ ਤੁਹਾਨੂੰ ਸਾਫ ਤੇ ਸਪਸ਼ਟ ਦੱਸ ਦੇਈਏ ਕਿ ਸਾਡੀ ਸਰਕਾਰ ਲੋਕਾਂ ਲਈ ਕੰਮ ਨਹੀਂ ਕਰੇਗੀ, ਸਗੋਂ ਗਧਿਆਂ ਲਈ ਕੰਮ ਕਰੇਗੀ ਕਿਉਂਕਿ ਬਹੁਤ ਸਾਰੇ ਗਧਿਆਂ ਨੇ ਸਾਨੂੰ ਪਾਰਟੀ ਫੰਡ ਦਿੱਤਾ ਹੈ। ਸਰਕਾਰ ਆਉਣ 'ਤੇ ਅਸੀਂ ਉਨ੍ਹਾਂ ਨੂੰ ਬਹੁਤ ਸਾਰੀਆਂ ਛੋਟਾਂ ਦੇ ਕੇ ਆਪਣੀ ਵਫਾਦਾਰੀ ਦਾ ਸਬੂਤ ਦੇਵਾਂਗੇ, ਉਨ੍ਹਾਂ ਨੂੰ ਬੈਂਕਾਂ ਤੋਂ ਕਰਜ਼ਾ ਲੈਣ ਦੀ ਵਿਧੀ ਨੂੰ ਸਰਲ ਤੇ ਆਸਾਨ ਬਣਾਇਆ ਜਾਵੇਗਾ। ਉਹ ਦੇਸ਼-ਵਿਦੇਸ਼ ਵਿਚੋਂ ਕਰਜਾ ਲੈਣ ਦੇ ਸਮਰੱਥ ਹੋ ਜਾਣਗੇ ਅਤੇ ਅਸੀਂ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰਾਂਗੇ ਕਿ ਸਾਡੇ ਭਰਾ ਘੋੜੇ ਦੀ ਤਰ੍ਹਾਂ ਅਸੀਂ ਵੀ ਵਫਾਦਾਰ ਜਾਨਵਰ ਹਾਂ, ਜਿਨ੍ਹਾਂ ਨੂੰ ਜਾਣ-ਬੁਝ ਕੇ ਹਾਸ਼ੀਆਕ੍ਰਿਤ ਕੀਤਾ ਗਿਆ ਹੈ!

ਭਰਾਵੋ! ਅਸੀਂ ਇਸ ਗੱਲ ਦਾ ਸਖਤ ਵਿਰੋਧ ਕਰਦੇ ਹਾਂ ਕਿ ਲੋਕ ਰਾਜ ਵਿਚ ਸਰਕਾਰਾਂ ਇਹ ਨਿਰਧਾਰਤ ਕਰਨ ਵਾਲੀਆਂ ਕੌਣ ਹੁੰਦੀਆਂ ਹਨ ਕਿ ਅਸੀਂ ਗਧਿਆਂ ਨੇ ਕੀ ਖਾਣਾ ਹੈ, ਕੀ ਨਹੀਂ? ਅਜਿਹੀਆਂ ਸਿਆਸੀ ਗੱਲਾਂ ਨਾਲ ਮਨੁੱਖਾਂ ਨੂੰ ਤਾਂ ਉਲਝਾਇਆ ਜਾ ਸਕਦਾ ਹੈ ਪਰ ਸਾਨੂੰ ਗਧਿਆਂ ਨੂੰ ਨਹੀਂ! ਹੁਣ ਤੁਸੀਂ ਆਪ ਹੀ ਦੱਸੋ, ਸਾਨੂੰ ਗਧਿਆਂ ਨੂੰ ਕੀ ਪਤੈ ਕਿ ਹੁਣ ਸੱਤਾ ਵਿਚ ਕਿਹੜੀ ਸਰਕਾਰ ਹੈ, ਕਿਹੜੀ ਨਹੀਂ? ਕਿਹੜੀ ਚੀਜ਼ ਖਾਣ 'ਤੇ ਪਾਬੰਦੀ ਐ ਤੇ ਕਿਸ 'ਤੇ ਨਹੀਂ? ਓ ਭਾਈ! ਸਾਡੇ ਗਧੇ ਭਰਾਵਾਂ ਨੇ ਜੇ ਆਪਣੇ ਪਾਪੀ ਪੇਟ ਦੀ ਭੁੱਖ ਮਿਟਾਉਣ ਖਾਤਰ ਪੌਦੇ ਖਾ ਲਏ ਤਾਂ ਕੀ ਲੋਹੜਾ ਆ ਗਿਆ! ਇਥੇ ਮੰਤਰੀ-ਸੰਤਰੀ ਪਤਾ ਨਹੀਂ ਕੀਹਦਾ ਕੀਹਦਾ ਕੀ ਕੀ ਛਕ ਜਾਂਦੇ ਐ! ਨਾਲੇ ਸਾਡੇ ਭਰਾਵਾਂ ਨੂੰ ਕੀ ਪਤਾ ਇਹ ਮਹਿੰਗੇ ਭਾਅ ਦੇ ਪੌਦੇ ਤਾਂ 'ਸਵੱਛਤਾ ਅਭਿਆਨ ਮਿਸ਼ਨ' ਦੀ ਗ੍ਰਾਂਟ ਵਿਚੋਂ ਲਾਏ ਗਏ ਸਨ। ਓ ਅਸੀਂ ਕਿਹੜਾ ਮਨੁੱਖਾਂ ਵਾਂਗ ਡਾਈਟ ਚਾਰਟ ਬਣਾਏ ਹੁੰਦੇ ਨੇ, ਗਧੇ ਹਾਂ ਤੇ ਗਧਿਆਂ ਨੇ ਤਾਂ ਭਾਈ ਹੁਣ ਖਾਣਾ ਹੀ ਹੋਇਆ!

ਭਰਾਵੋ! ਅਸੀਂ ਆਪਣੇ ਦੇਸ਼ ਨੂੰ ਮੁੜ ਸੋਨੇ ਦੀ ਚਿੜੀ ਬਣਾਵਾਂਗੇ। ਸਾਡੀ ਭੈਣ ਚਿੜੀ, ਜੋ ਵਿਦੇਸ਼ ਵੱਲ ਉਡਾਰੀ ਮਾਰ ਗਈ ਹੈ, ਅਸੀਂ ਉਸ ਦੀ ਘਰ ਵਾਪਸੀ ਲਈ ਹਰ ਛੋਟੇ-ਵੱਡੇ ਦੇਸ਼ ਵਿਚ ਭ੍ਰਮਣ ਕਰਾਂਗੇ ਅਤੇ ਉਸ ਨੂੰ ਲੱਭ ਕੇ ਮੁੜ ਦੇਸ਼ 'ਚ ਲਿਆਵਾਂਗੇ, ਉਸ ਨੂੰ ਆਪਣੀ ਸੰਸਕ੍ਰਿਤੀ ਤੇ ਸਭਿਅਤਾ ਦਾ ਪਾਠ ਮੁੜ ਤੋਂ ਯਾਦ ਕਰਵਾਵਾਂਗੇ! ਇਹ ਸਭ ਤੁਹਾਡੇ ਪਿਆਰ ਤੇ ਸਹਿਯੋਗ ਕਾਰਨ ਹੀ ਸੰਭਵ ਹੋ ਸਕਦਾ ਹੈ ਭਰਾਵੋ!

ਹਾਂ! ਅਖੀਰ ਵਿਚ ਮੈਂ ਇਕ ਬੇਨਤੀ ਹੋਰ ਕਰਨੀ ਹੈ ਕਿ ਸਾਡੇ ਜਿਤਣ ਪਿਛੋਂ ਤੁਸੀਂ ਸਾਨੂੰ ਗਧੇ ਹੀ ਸੱਦਣਾ। ਐਵੇਂ 'ਸ਼ੇਰ ਆਇਆ, ਸ਼ੇਰ ਆਇਆ' ਕਹਿ ਕਿ ਸਾਨੂੰ ਵਡਿਆਉਣਾ ਨਾ ਸ਼ੁਰੂ ਕਰ ਦਿਉ, ਕਿਉਂਕਿ ਤੁਹਾਨੂੰ ਤਾਂ ਪਤੈ ਕਿ ਸਾਨੂੰ ਅਸਲੀ ਸ਼ੇਰ ਤੋਂ ਕਿੰਨਾ ਡਰ ਲਗਦਾ ਹੈ!

ਭਰਾਵੋ! ਸਾਡੀ ਪਾਰਟੀ ਦਾ ਚੋਣ ਨਿਸ਼ਾਨ ਗਧਾ ਹੀ ਹੋਵੇਗਾ, ਕਿਉਂਕਿ ਪ੍ਰਤੱਖ ਨੂੰ ਪ੍ਰਮਾਣ ਦੀ ਕੀ ਲੋੜ? ਕਹਿੰਦੇ ਨੇ, ਲੋੜ ਵੇਲੇ ਤਾਂ ਗਧੇ ਨੂੰ ਵੀ ਬਾਪ ਕਹਿਣਾ ਪੈ ਜਾਂਦੈ! ਭਰਾਵੋ, ਹੁਣ ਸਮੇਂ ਦੀ ਲੋੜ ਹੈ, ਤੁਸੀਂ ਇਸ ਰੈਲੀ ਨੂੰ ਦੇਸ਼ ਦੀ ਬਦਲਦੀ ਤਕਦੀਰ ਸਮਝੋ ਅਤੇ ਸਾਨੂੰ ਵੋਟਾਂ ਦੇ ਕੇ ਸਾਡੀ ਪਾਰਟੀ 'ਨਾ ਤਿੰਨਾਂ 'ਚੋਂ, ਨਾ ਤੇਰਾਂ 'ਚੋਂ ਗਧਾ ਪਾਰਟੀ' ਨੂੰ ਜਿਤਾਓ ਅਤੇ ਸਾਨੂੰ ਮੁਖ ਮੰਤਰੀ ਦੀ ਕੁਰਸੀ ਤੱਕ ਢੋਣ ਦਾ ਇਤਿਹਾਸਕ ਕਾਰਜ ਕਰੋ।

ਅੰਤ ਵਿਚ ਅਸੀਂ ਉਨ੍ਹਾਂ ਅੱਠ ਗਧਿਆਂ ਦੀ ਬੇਮਿਸਾਲ ਕੁਰਬਾਨੀ ਨੂੰ ਸਜਦਾ ਕਰਦੇ ਹਾਂ, ਜਿਨ੍ਹਾਂ ਸਾਨੂੰ ਰਾਜਨੀਤੀ ਵਿਚ ਆਉਣ ਲਈ ਪ੍ਰੇਰਿਤ ਕੀਤਾ। ਹੁਣ ਅਸੀਂ ਅੱਗੇ ਵੀ ਇਕ ਦੋ ਹੋਰ ਪਿੰਡਾਂ ਵਿਚ ਰੈਲੀਆਂ ਨੂੰ ਸੰਬੋਧਨ ਕਰਨਾ ਹੈ, ਸੋ ਆਗਿਆ ਦਿਓ! ਧੰਨਵਾਦ!

## ਅੱਜ ਦੀ ਗੱਲ

ਕੋਈ ਚੱਬ ਗਿਆ ਵੱਡੀਆਂ ਤੋਪਾਂ
ਕੋਈ ਜਹਾਜ ਡੱਕਾਰ ਗਿਆ।
ਕੋਈ ਲੋਕਾਂ ਦੇ ਪੈਸੇ ਲੁੱਟ ਕੇ
ਵਿਦੇਸ਼ ਉਡਾਰੀ ਮਾਰ ਗਿਆ।
ਜਿਸ ਦਾ ਜਦੋਂ ਵੀ ਦਾਅ ਲੱਗਿਆ
ਝੱਟ ਮਾਂਜਾ ਲਾ ਕੇ ਪਾਰ ਗਿਆ।
ਪੰਦਰਾਂ ਲੱਖ ਦੀਆਂ ਫੜ੍ਹਾਂ ਮਾਰ
ਕੋਈ ਨਾਲ ਜੁਮਲਿਆਂ ਸਾਰ ਗਿਆ।
ਖਾਲੀ ਬੈਂਕ ਦੀ ਕਾਪੀ ਤਾਈਂ
ਸਾਂਭਣ ਦਾ ਬੱਸ ਭਾਰ ਪਿਆ।
ਵੋਟਾਂ ਦੇ ਸੰਦ ਬਣ ਗਏ ਲੋਕੀਂ
ਸ਼ੈਤਾਨ ਤਾਂ ਬਾਜ਼ੀ ਮਾਰ ਗਿਆ।

***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

## ਬੁਰਾ ਮਨਾਉਣਾ ਚਾਹੀਦਾ

ਆਜ਼ਾਦ ਹਿੰਦ ਫੌਜ ਬਣਾ ਕੇ
ਜਿਸ ਹੱਕ ਲਈ ਨਾਹਰਾ ਲਾਇਆ।
ਆਕਾਸ਼ੀਂ ਨਾ ਪਾਤਾਲੀਂ ਉਹਨੂੰ
ਹਵਾ 'ਚ ਹੀ ਮਾਰ ਮੁਕਾਇਆ।
ਬਈ ਨੇਤਾ ਜੀ ਦਾ ਖੋਜ ਖੁਰਾ
ਇਓਂ ਨਹੀਂ ਮਿਟਾਉਣਾ ਚਾਹੀਦਾ,
'ਜੈ ਹਿੰਦ' ਦਾ ਜਿਸ ਨਾਹਰਾ ਲਾਇਆ
ਨਹੀਂ ਭੁਲਾਉਣਾ ਚਾਹੀਦਾ।

ਜਿਸ ਦਿੱਲੀ ਵਿਚ ਜਿਨ੍ਹਾਂ ਖਾਤਰ
ਗੁਰੂ ਜੀ ਸੀਸ ਲੁਹਾ ਗਏ।
ਓਹੀਓ ਜਨੇਊਆਂ ਵਾਲੇ ਸਨ
ਜੋ ਕੀਤੇ ਉਪਕਾਰ ਭੁਲ ਗਏ।
ਦਿੱਲੀ ਵਾਲੇ ਏਅਰਪੋਰਟ ਦਾ
ਨਾਓਂ ਬਦਲਾਉਣਾ ਚਾਹੀਦਾ,
ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ
ਲਿਖਵਾਉਣਾ ਚਾਹੀਦਾ।

ਅੰਮ੍ਰਿਤਸਰ ਨਗਰੀ ਇਹ
ਗੁਰੂਆਂ ਹੱਥੀਂ ਆਪ ਸਜਾਈ,
ਕਾਗੋਂ ਹੰਸ ਬਣਾਉਂਦੀ ਜਿਹੜੀ
ਇਹ ਜਾਣੇ ਸਭ ਲੋਕਾਈ।
ਜਿਸ ਥਾਓਂ 'ਤੇ ਬਦਲਣ ਤਕਦੀਰਾਂ
ਨਹੀਂ ਭੁਲਾਉਣਾ ਚਾਹੀਦਾ,
ਰਾਜਾ ਸਾਂਸੀਓਂ ਬਦਲ ਕੇ
ਗੁਰੂ ਰਾਮ ਦਾਸ ਲਿਖਾਉਣਾ ਚਾਹੀਦਾ।

ਚੰਗੀਆਂ ਪੁਸਤਕਾਂ ਦਿਓ ਬੱਚਿਆਂ ਨੂੰ
ਬੱਚੇ ਕਰਨ ਪੜ੍ਹਾਈ,
ਸੱਚ ਨੂੰ ਅੱਗੇ ਆਉਣ ਦਿਓ,
ਤੁਸੀਂ ਜਾਨੇ ਕਿਉਂ ਬਦਲਾਈ।
ਬਰਨਾਲੇ ਵਿਚ ਉਸ ਦੇ ਨਾਓਂ
ਕਾਲਜ ਬਣਵਾਉਣਾ ਚਾਹੀਦਾ,
ਲੇਖਕਾਂ 'ਚ ਸੰਤ ਰਾਮ ਉਦਾਸੀ
ਨਹੀਂ ਭੁਲਾਉਣਾ ਚਾਹੀਦਾ।

ਵਹਿਣੀ ਵਾਲੀਏ ਦਾ ਇਹ ਤਰਲਾ
ਜੇਕਰ ਸੁਣਦਾ ਹੈ ਕੋਈ,
ਤਖਤਾਂ ਵਾਲਿਓ ਕਰ ਦਿਓ ਕਿਰਪਾ
'ਦਿਆਲ' ਕਰੇ ਅਰਜੋਈ।
ਮੇਰੀ ਇਸ ਅਰਜੋਈ ਦਾ
ਨਹੀਂਓਂ ਬੁਰਾ ਮਨਾਉਣਾ ਚਾਹੀਦਾ,
ਕਿਰਪਾ ਕਰ ਕੇ ਮੰਤਰੀਆਂ ਨੂੰ
ਫਰਜ਼ ਨਿਭਾਉਣਾ ਚਾਹੀਦਾ।

***-ਹਰਦਿਆਲ ਸਿੰਘ ਚੀਮਾ***
***ਸਿਆਟਲ।***

---

## ਗੁਰਬਤ ਦੇ ਦਰ

ਬੰਨੇ ਪੈਰ ਸ਼ਿਕਾਰਾਂ ਦੇ
ਪਰ ਖੁੱਲ੍ਹੇ ਫਿਰਨ ਸ਼ਿਕਾਰੀ।
ਲੂੰਬੜਾਂ ਬਣਤ ਬਣਾ ਕੇ
ਇੱਥੇ ਸ਼ੇਰਾਂ ਦੀ ਮੱਤ ਮਾਰੀ।
ਮਾਸ ਮਾਸ ਕਰ ਉਲਝੀ ਤਾਣੀ
ਦਿੰਦੇ ਨਿੱਤ ਸੁਪਾਰੀ।
ਅਰਥਚਾਰੇ ਦਾ ਨਾਸ ਹੋ ਗਿਆ
ਭੁੱਖੇ ਮਰਨ ਵਪਾਰੀ।
ਜੰਗਲ ਦੇ ਵਿਚ ਜ਼ਿੰਦਗੀ ਯਾਰੋ
ਸਦਾ ਮੌਤ ਤੋਂ ਹਾਰੀ।
ਸੜਕਾਂ ਉਤੇ ਚੱਲ ਨ੍ਹੀਂ ਸਕਦੀ
ਇਕੱਲੀ ਇਕਹਿਰੀ ਨਾਰੀ।
ਰੁੱਖਾਂ ਦੇ ਨਾਲ ਸਿਰਾਂ 'ਤੇ ਚੱਲਦੀ
ਉਹੀਓ ਚੰਦਰੀ ਆਰੀ।

ਸੋਚ ਦੀ ਛਤਰੀ ਖੁੱਲ੍ਹ ਜਾਵੇ ਜੇ
ਖੁੱਲ੍ਹ ਕੇ ਆਵਣ ਸਾਰੇ,
ਭੱਜ ਜਾਣਗੇ ਕਲਗੀਆਂ ਵਾਲੇ
ਤਖਤਾਂ-ਰਾਜਾਂ ਵਾਲੇ ਵੀ।
ਗੁਰਬਤ ਦੇ ਦਰ ਨਾਲੋਂ ਵਧ ਕੇ
ਕੋਈ ਨਹੀਂ ਹੈ ਮੱਕਾ,
ਲੋੜ ਸਮੇਂ ਨਤਮਸਤਕ ਹੁੰਦੇ
ਸਿਰ ਤਾਜਾਂ ਵਾਲੇ ਵੀ।

***-ਹਰਜਿੰਦਰ ਗੁਲਪੁਰ***
***ਫੋਨ: 91-98722-38981***

## ਵਿਅੰਗ

ਜਦੋਂ ਫੀਤਾਸ਼ਾਹੀ 'ਚ ਬਦਮਾਸ਼ੜਾ ਜਦੋਂ ਵੜਦਾ,
ਆਮ ਲੋਕਾਂ ਨੂੰ ਪਾਉਂਦਾ ਫਿਰ ਵਖਤ ਯਾਰੋ।
ਸਿਆਸਤ ਵਿਚ ਜਦੋਂ ਵੜਦਾ ਸਾਊ ਨੇਤਾ,
'ਭ੍ਰਿਸ਼ਟ-ਬਦਮਾਸ਼' ਨੂੰ ਪਾਉਂਦਾ ਵਖਤ ਯਾਰੋ।
ਸੋਸ਼ਲ ਮੀਡੀਆ ਜਦੋਂ ਭੂਚਾਲ ਪਾਵੇ,
ਹਿੱਲਦਾ ਲੱਗੇ ਵਜ਼ਾਰਤੀ ਤਖਤ ਯਾਰੋ।
ਰਾਖੇ ਰੁੱਖਾਂ ਦੇ ਮਾਰਨ ਤੋਂ ਬਾਅਦ ਵੀ ਹੁਣ,
ਲੱਕੜ ਮਾਫੀਆ ਸਾੜਦਾ ਦਰੱਖਤ ਯਾਰੋ।
ਖੂੰਡਾ ਵੇਖ ਕੇ ਤਸਕਰਾਂ ਰਾਹ ਬਦਲੇ,
ਹੋਇਆ ਡੰਡਾ ਸਰਕਾਰ ਦਾ ਸਖਤ ਯਾਰੋ।
ਬੇਰੁਜ਼ਗਾਰ ਨੂੰ ਭਵਿੱਖ ਹਨੇਰ ਲੱਗੇ,
ਤਾਂ ਹੀ ਨਸ਼ੇ ਕਰਕੇ ਹੋਇਆ ਮਸਤ ਯਾਰੋ।
ਫੜ ਕੇ ਲੱਗੇ ਪਏ ਕੁੱਟਣ ਦੁਖੀ ਲੋਕੀਂ,
ਵਪਾਰੀ ਨਸ਼ੇ ਦੇ ਨੂੰ ਲੱਗਾ ਦਸਤ ਯਾਰੋ।
ਨਸ਼ੇੜੀ ਕੁੜੀਆਂ ਵੀ ਦੇਣ ਬਿਆਨ ਲੱਗੀਆਂ,
ਹੋ ਗਈ ਪੁਲਿਸ ਦੀ ਹਾਲਤ ਖਸਤ ਯਾਰੋ।
ਪੰਜਾਬੀ ਆਤਮ-ਹੱਤਿਆ 5-7 ਨਿੱਤ ਕਰਦੇ,
ਸੂਰਜ ਪੰਜਾਬ ਦਾ ਹੋ ਰਿਹਾ ਅਸਤ ਯਾਰੋ।
ਹਰੇਕ ਚੌਕ ਵਿਚ ਕੈਮਰੇ ਫਿੱਟ ਕਰ'ਤੇ,
ਫਸੂ 'ਗਿੱਲ' ਜੇ ਕਰੂ ਗਸ਼ਤ ਯਾਰੋ।

***-ਜੁਗਰਾਜ ਸਿੰਘ ਗਿੱਲ, ਯੌਰਕ***
***ਫੋਨ: 704-257-6693***

# ਲੋਕਾਂ ਦੀ ਚਿੰਤਾ: ਚੋਣਾਂ ਪਿਛੋਂ ਭਾਰਤ ਕਿਹੋ ਜਿਹਾ ਹੋਵੇਗਾ!

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਵਿਚ ਅਗਲੀ ਲੋਕ ਸਭਾ ਚੋਣ ਲਈ ਐਲਾਨ 28 ਫਰਵਰੀ ਨੂੰ ਕੀਤਾ ਜਾ ਸਕਦਾ ਹੈ। ਕਾਰਨ ਬਹੁਤ ਸਪੱਸ਼ਟ ਹੈ। ਚੋਣ ਕਮਿਸ਼ਨ ਨੇ ਰਾਜ ਸਰਕਾਰਾਂ ਨੂੰ ਕਹਿ ਦਿੱਤਾ ਹੈ ਕਿ ਜਿਸ ਕਿਸੇ ਅਫਸਰ ਦੀ ਬਦਲੀ ਕਰਨ ਲਈ ਮਨ ਕਰਦਾ ਹੈ, ਉਹ 28 ਫਰਵਰੀ ਤੱਕ ਕਰ ਲਈ ਜਾਵੇ, ਉਸ ਪਿੱਛੋਂ ਨਹੀਂ ਕਰਨ ਦਿੱਤੀ ਜਾਵੇਗੀ। ਕਿਸੇ ਰਾਜ ਦੀ ਸਰਕਾਰ ਕਿਸੇ ਦੀ ਬਦਲੀ ਕਰਨੀ ਚਾਹੇ ਤਾਂ ਚੋਣ ਕਮਿਸ਼ਨ ਕੋਲ ਕੋਈ ਹੱਕ ਨਹੀਂ ਹੁੰਦਾ ਕਿ ਉਹ ਉਸ ਨੂੰ ਰੋਕਣ ਦਾ ਹੁਕਮ ਭੇਜ ਦੇਵੇ। ਅਜਿਹਾ ਹੱਕ ਚੋਣ ਕਮਿਸ਼ਨ ਨੂੰ ਸਿਰਫ ਇੱਕੋ ਹਾਲਤ ਵਿਚ ਮਿਲਦਾ ਹੈ ਕਿ ਚੋਣਾਂ ਲਈ ਤਰੀਕਾਂ ਮਿਥਣ ਦਾ ਐਲਾਨ ਹੋ ਜਾਵੇ ਤੇ ਚੋਣ ਜ਼ਾਬਤਾ ਲਾਗੂ ਕਰਨ ਦੇ ਨਾਲ ਬਦਲੀਆਂ ਕਰਨ ਦੇ ਹੁਕਮ ਦਾਗਣ ਜਾਂ ਰੋਕਣ ਦੀ ਤਾਕਤ ਉਸ ਕੋਲ ਆ ਜਾਵੇ। ਜਦੋਂ ਇਹ ਕਿਹਾ ਗਿਆ ਹੈ ਕਿ 28 ਫਰਵਰੀ ਪਿੱਛੋਂ ਕਿਸੇ ਰਾਜ ਸਰਕਾਰ ਵੱਲੋਂ ਕਿਸੇ ਅਫਸਰ ਦੀ ਬਦਲੀ ਨਹੀਂ ਕੀਤੀ ਜਾ ਸਕਦੀ ਤਾਂ ਇਹ ਸੰਕੇਤ ਹੈ ਕਿ ਉਸ ਦਿਨ ਚੋਣਾਂ ਲਈ ਐਲਾਨ ਹੋ ਸਕਦਾ ਹੈ।



ਅੱਗੇ ਕਦੇ ਇਸ ਤਰ੍ਹਾਂ ਦਾ ਸਿੱਧਾ ਸੰਕੇਤ ਚੋਣ ਕਮਿਸ਼ਨ ਨੇ ਨਹੀਂ ਸੀ ਦਿੱਤਾ, ਜਿਵੇਂ ਇਸ ਵਾਰ ਦਿੱਤਾ ਗਿਆ ਹੈ ਤੇ ਜਾਣਨ ਵਾਲੇ ਇਥੋਂ ਤੱਕ ਕਹਿ ਰਹੇ ਹਨ ਕਿ ਚੋਣ ਤਰੀਕਾਂ ਤੇ ਬਜਟ ਦਾ ਖਿਲਾਰਾ ਸਮੇਟਣ ਲਈ ਕੇਂਦਰ ਸਰਕਾਰ ਦੇ ਨਾਲ ਚੋਣ ਕਮਿਸ਼ਨ ਦੀ ਸਹਿਮਤੀ ਵੀ ਹੋਈ ਲੱਗਦੀ ਹੈ। ਸੱਚਾਈ ਸਿਰਫ ਚੋਣ ਕਮਿਸ਼ਨਰ ਜਾਣਦੇ ਹਨ। ਕੇਂਦਰ ਦੇ ਰੰਗ ਦੱਸਦੇ ਹਨ ਕਿ ਉਸ ਦੇ ਮੁਖੀ ਨੂੰ ਬਹੁਤ ਕੁਝ ਪਤਾ ਹੈ, ਪਰ ਜਾਹਰ ਕੀਤੇ ਬਿਨਾ ਅਧੂਰੇ ਕੰਮ ਸਿਰੇ ਚਾੜ੍ਹਨ ਦਾ ਇਰਾਦਾ ਹੈ।

ਇਸ ਵਕਤ ਇੱਕ ਵੀਡੀਓ ਵਾਇਰਲ ਹੋਈ ਪਈ ਹੈ, ਜਿਸ ਵਿਚ ਪੰਜ ਸਾਲ ਪਹਿਲਾਂ ਭਾਜਪਾ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਨਰਿੰਦਰ ਮੋਦੀ ਕਹਿ ਰਹੇ ਹਨ ਕਿ ਸਰਕਾਰਾਂ ਨੇ ਇਹ ਗਲਤ ਰਿਵਾਜ ਪਾ ਲਿਆ ਹੈ ਕਿ ਪਹਿਲਾਂ ਕੁਝ ਕਰਨਾ ਨਹੀਂ ਤੇ ਆਖਰੀ ਸਾਲ ਵਿਚ ਕੰਮ ਕਰ ਕੇ ਵੋਟਰਾਂ ਨੂੰ ਖੁਸ਼ ਕਰਨਾ ਹੈ, ਪਰ ਮੈਂ ਏਦਾਂ ਨਹੀਂ ਕਰਾਂਗਾ। ਮੋਦੀ ਸਾਹਿਬ ਇਸ ਵਿਚ ਕਹਿੰਦੇ ਸੁਣਦੇ ਹਨ ਕਿ ਮੈਂ ਹਰ ਕੰਮ ਮਿਥੇ ਸਮੇਂ ਅਤੇ ਲੋਕਾਂ ਦੀ ਲੋੜ ਮੁਤਾਬਕ ਨਾਲ ਦੀ ਨਾਲ ਕਰਦਾ ਰਹਾਂਗਾ ਤੇ ਤੁਹਾਨੂੰ ਮੇਰੇ ਬਾਰੇ ਕੋਈ ਰਾਏ ਬਣਾਉਣ ਦਾ ਖੁੱਲ੍ਹਾ ਮੌਕਾ ਦੇਵਾਂਗਾ।

ਬਹੁਤ ਸਾਰੇ ਲਾਰੇ ਲਾਉਣ ਤੇ ਫਿਰ ਭੁਲਾ ਦੇਣ ਲਈ ਜਾਣੇ ਜਾਂਦੇ ਨਰਿੰਦਰ ਮੋਦੀ ਨੇ ਪ੍ਰਧਾਨ ਮੰਤਰੀ ਬਣ ਕੇ ਆਪਣਾ ਇਹ ਵਾਇਦਾ ਵੀ ਭੁੱਲਣ ਵਿਚ ਝਿਜਕ ਨਹੀਂ ਸੀ ਵਿਖਾਈ। ਇਸ ਵਕਤ ਜਦੋਂ ਪੰਜਵਾਂ ਸਾਲ ਵੀ ਮੁੱਕਣ ਵਾਲਾ ਹੈ, ਉਹ ਲੋਕਾਂ ਨੂੰ ਭਰਮਾਉਣ ਵਾਸਤੇ ਛੋਟਾਂ ਦੀ ਲੜੀ ਵੀ ਲਾਉਣ ਤੁਰੇ ਹਨ ਤੇ ਅਣ-ਐਲਾਨੇ ਅਜਿਹੇ ਕਦਮ ਵੀ ਚੁੱਕਣ ਦੇ ਰਾਹ ਪੈ ਗਏ ਹਨ, ਜੋ ਕਦੀ ਕਿਸੇ ਨੇ ਸੋਚੇ ਤੱਕ ਨਹੀਂ ਸਨ। ਪਿਛਲੇ ਹਫਤੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਕਹਿ ਦਿੱਤਾ ਕਿ ਉਨ੍ਹਾਂ ਦੀ ਸਰਕਾਰ ਬਣੀ ਤਾਂ ਕਿਸਾਨਾਂ ਦੀ ਬੱਧੀ ਹੋਈ ਸਾਲਾਨਾ ਆਮਦਨ ਦਾ ਜੁਗਾੜ ਪੈਦਾ ਕੀਤਾ ਜਾਵੇਗਾ। ਮੋਦੀ ਨੇ ਹਫਤਾ ਨਾ ਲੰਘਣ ਦਿੱਤਾ ਤੇ ਬਜਟ ਵਿਚ ਇਹ ਪ੍ਰਬੰਧ ਰਾਹੁਲ ਦੀ ਸਰਕਾਰ ਬਣਨ ਜਾਂ ਨਾ ਬਣਨ ਦੀ ਘੜੀ ਆਉਣ ਤੋਂ ਪਹਿਲਾਂ ਕਰ ਕੇ ਕਹਿ ਦਿੱਤਾ ਕਿ ਇਹ ਕੰਮ ਅਸੀਂ ਕਰ ਵੀ ਦਿੱਤਾ ਹੈ, ਰਾਹੁਲ ਦੇ ਕਰਨ ਲਈ ਕੁਝ ਬਚਿਆ ਹੀ ਨਹੀਂ।

ਕਿਸਾਨਾਂ ਲਈ ਛੇ ਹਜ਼ਾਰ ਰੁਪਏ ਸਾਲਾਨਾ ਦੀ ਆਮਦਨ ਦੀ ਸਰਕਾਰੀ ਤੌਰ ਉਤੇ ਗਾਰੰਟੀ ਕੀਤੀ ਤਾਂ ਭਾਜਪਾ ਆਗੂਆਂ ਨੇ ਅਸਮਾਨ ਸਿਰ ਉਤੇ ਚੁੱਕ ਲਿਆ ਕਿ ਸਾਡੀ ਸਰਕਾਰ ਨੇ ਉਹ ਕੰਮ ਕਰ ਦਿੱਤਾ ਹੈ, ਜੋ ਕਦੇ ਕਿਸੇ ਨੇ ਕੀਤਾ ਹੀ ਨਹੀਂ। ਇਸ ਐਲਾਨ ਪਿੱਛੋਂ ਕਿਸਾਨਾਂ ਦੇ ਇੱਕ ਕੌਮੀ ਪੱਧਰ ਦੇ ਆਗੂ ਨੂੰ ਜਦੋਂ ਇਸ ਫੈਸਲੇ ਬਾਰੇ ਪੁੱਛਿਆ ਗਿਆ ਤਾਂ ਉਸ ਨੇ ਕਿਹਾ ਕਿ ਛੇ ਹਜ਼ਾਰ ਸਾਲਾਨਾ ਦੇ ਹਰ ਮਹੀਨੇ ਪੰਜ ਸੌ ਰੁਪਏ ਬਣਦੇ ਹਨ ਤੇ ਇਹ ਰੋਜ਼ ਦੇ ਸੋਲਾਂ ਰੁਪਏ ਸੱਠ ਪੈਸੇ ਬਣਨਗੇ, ਜੇ ਕਿਸਾਨ ਪਰਿਵਾਰ ਦੇ ਪੰਜ ਮੈਂਬਰ ਵੀ ਹੋਏ ਤਾਂ ਹਰ ਜੀਅ ਵਾਸਤੇ ਸਿਰਫ ਤਿੰਨ ਰੁਪਏ ਬੱਤੀ ਪੈਸੇ ਰੋਜ਼ਾਨਾ ਬਣਦੇ ਹਨ, ਏਨੇ ਪੈਸੇ ਉਹ ਕਿੱਥੇ ਸੰਭਾਲਣਗੇ!

ਕੁੰਭ ਦਾ ਮੇਲਾ ਛੇ ਸਾਲਾਂ ਪਿੱਛੋਂ ਆਉਂਦਾ ਹੈ। ਪਿਛਲੀ ਵਾਰ ਕੁੰਭ ਦੇ ਮੇਲੇ ਮੌਕੇ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਦੀ ਪਦਵੀ ਦਿਵਾਉਣ ਲਈ ਜਿਨ੍ਹਾਂ ਸਾਧਾਂ-ਸੰਤਾਂ ਨੇ ਉਸ ਦੇ ਮੂੰਹੋਂ ਰਾਮ ਮੰਦਿਰ ਬਣਾਏ ਜਾਣ ਦੀ ਗੱਲ ਸੁਣ ਕੇ ਸਾਰੇ ਦੇਸ਼ ਦੀ ਜਨਤਾ ਨੂੰ ਇਹ ਉਪਦੇਸ਼ ਦਿੱਤੇ ਸਨ ਕਿ ਰਾਮ ਮੰਦਿਰ ਚਾਹੀਦਾ ਹੈ ਤਾਂ ਮੋਦੀ ਦੇ ਮਗਰ ਵੋਟਾਂ ਪਾ ਦਿਓ, ਉਨ੍ਹਾਂ ਦੀਆਂ ਅੱਖਾਂ ਅੱਗੋਂ ਜਾਲਾ ਵੀ ਲੱਥ ਗਿਆ ਹੈ। ਇਸ ਵਾਰ ਕੁੰਭ ਨਹੀਂ, ਅਰਧ ਕੁੰਭ ਚੱਲਦਾ ਪਿਆ ਹੈ ਅਤੇ ਇਸ ਵਿਚ ਮੁੜ ਕੇ ਮੋਦੀ ਦੀ ਜਿੱਤ ਲਈ ਹਮਾਇਤ ਮੰਗਣ ਵਾਸਤੇ ਹੋਰਨਾਂ ਦੇ ਨਾਲ ਆਰ. ਐਸ. ਐਸ. ਦਾ ਮੁਖੀ ਮੋਹਣ ਭਾਗਵਤ ਓਥੇ ਖੁਦ ਵੀ ਡੇਰਾ ਲਾ ਕੇ ਬੈਠਾ ਹੈ।

ਸਾਧੂ ਕਹਿੰਦੇ ਹਨ ਕਿ ਪਹਿਲਾਂ ਮੰਦਿਰ ਦੇ ਮਾਮਲੇ ਵਿਚ ਅੱਜ ਤੱਕ ਕੀਤੀ ਕਾਰਵਾਈ ਬਾਰੇ ਦੱਸੋ ਤਾਂ ਅਗਲੀ ਗੱਲ ਕਰਾਂਗੇ। ਸੰਘ ਦੇ ਮੁਖੀ ਨੇ ਆਪਣੇ ਚਾਟੜਿਆਂ ਰਾਹੀਂ ਸਾਧਾਂ ਨੂੰ ਖੂੰਜੇ ਲਾ ਕੇ ਮੋਦੀ ਲਈ ਮਦਦ ਦਾ ਮਤਾ ਪਾਸ ਕਰਵਾ ਲਿਆ ਹੈ। ਇਹ ਹਾਲਤ ਪੈਦਾ ਹੋਣਾ ਦੱਸਦਾ ਹੈ ਕਿ ਮੋਦੀ ਦੇਸ਼ ਦੇ ਆਮ ਲੋਕਾਂ ਦੇ ਨਾਲ ਹੀ ਉਸ ਭਗਵਾਨ ਰਾਮ ਨਾਲ ਵੀ ਚੁਸਤੀ ਖੇਡ ਗਿਆ ਹੈ, ਜਿਸ ਨੂੰ ਸਮਰਪਿਤ ਹੋਣ ਦੇ ਦਾਅਵੇ ਨਾਲ ਪਹਿਲਾਂ ਮੁੱਖ ਮੰਤਰੀ ਤੇ ਫਿਰ ਪ੍ਰਧਾਨ ਮੰਤਰੀ ਦੀ ਕੁਰਸੀ ਤੱਕ ਪਹੁੰਚਿਆ ਸੀ। ਸੰਘ ਪਰਿਵਾਰ ਫਿਰ ਵੀ ਉਸ ਦੇ ਨਾਲ ਹੈ।

ਸਮਝਣ ਦੀ ਗੱਲ ਸਿਰਫ ਇਹ ਨਹੀਂ ਕਿ ਮੋਦੀ ਨੇ ਲੋਕਾਂ ਨੂੰ ਵੱਧ ਬੁੱਧੂ ਬਣਾਇਆ ਜਾਂ ਭਗਵਾਨ ਰਾਮ ਨਾਲ ਚੁਸਤੀ ਖੇਡੀ, ਸਗੋਂ ਮੋਦੀ ਦਾ ਉਹ ਬੀਤਿਆ ਪਿਛੋਕੜ ਹੈ, ਜੋ ਦੱਸਦਾ ਹੈ ਕਿ ਆਪਣੇ ਨਿਸ਼ਾਨੇ ਦੀ ਪੂਰਤੀ ਲਈ ਇਹ ਬੰਦਾ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ। ਗੁਜਰਾਤ ਵਿਚ ਹੋਏ ਮੁਸਲਿਮ ਵਿਰੋਧੀ ਦੰਗੇ ਤੇ ਉਨ੍ਹਾਂ ਦੰਗਿਆਂ ਦੌਰਾਨ ਮੋਦੀ ਦੀ ਸ਼ੱਕੀ ਭੂਮਿਕਾ ਅਜੇ ਤੱਕ ਵੀ ਸ਼ੱਕ ਤੋਂ ਪਰੇ ਨਹੀਂ ਹੋ ਸਕੀ। ਉਹ ਇਸ ਦੇਸ਼ ਵਿਚ ਪਹਿਲਾ ਮੁੱਖ ਮੰਤਰੀ ਸੀ, ਜਿਸ ਨੇ ਆਪਣੀ ਹਿੰਡ ਪੁਗਾਉਣ ਲਈ ਮੌਕੇ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੂੰ ਵੀ ਪ੍ਰੈਸ ਕਾਨਫਰੰਸ ਵਿਚ ਏਦਾਂ ਟੋਕਿਆ ਸੀ ਕਿ ਸਿਰਫ ਪੱਤਰਕਾਰ ਹੀ ਹੈਰਾਨ ਨਹੀਂ ਸੀ ਹੋਏ, ਪ੍ਰਧਾਨ ਮੰਤਰੀ ਵਾਜਪਾਈ ਦੇ ਦੰਦ ਵੀ ਜੁੜੇ ਦੇ ਜੁੜੇ ਰਹਿ ਗਏ ਸਨ। ਫਿਰ ਉਹ ਪ੍ਰਧਾਨ ਮੰਤਰੀ ਵੀ ਬੇਗਾਨੀ ਧਿਰ ਦਾ ਨਹੀਂ, ਮੋਦੀ ਦੀ ਆਪਣੀ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ ਸਰਬ ਪ੍ਰਵਾਨਤ ਆਗੂ ਸੀ ਤੇ ਸਾਰੀ ਪਾਰਟੀ ਮੋਦੀ ਦੇ ਸਾਹਮਣੇ ਨੀਵੀਂ ਪਾ ਕੇ ਰਹਿ ਗਈ ਸੀ।

ਸਾਰੇ ਜਾਣਦੇ ਹਨ ਕਿ ਆਰ. ਐਸ. ਐਸ. ਇੱਕ ਤਰ੍ਹਾਂ ਮੋਦੀ ਦੀ ਪਾਰਟੀ ਭਾਜਪਾ ਦੀ ਮਾਂ ਹੈ ਤੇ ਕੋਈ ਵੱਡੇ ਤੋਂ ਵੱਡਾ ਆਗੂ ਵੀ ਅੱਜ ਤੱਕ ਉਸ ਅੱਗੇ ਸਿਰ ਨਹੀਂ ਸੀ ਚੁੱਕ ਸਕਿਆ। ਜਦੋਂ ਮੋਦੀ ਦੇ ਜਵਾਨੀ ਵੇਲੇ ਦੇ ਸ਼ਰੀਕ ਸੰਜੇ ਜੋਸ਼ੀ ਵਾਲਾ ਮੁੱਦਾ ਆਇਆ ਤੇ ਮੋਦੀ ਨੇ ਇਹ ਮੰਗ ਰੱਖ ਦਿੱਤੀ ਕਿ ਜੋਸ਼ੀ ਨੂੰ ਪਾਰਟੀ ਵਿਚੋਂ ਕੱਢੋ, ਵਰਨਾ ਮੈਂ ਤੁਹਾਡੇ ਨਾਲ ਚੱਲਣ ਨੂੰ ਤਿਆਰ ਨਹੀਂ ਤਾਂ ਨਾਗਪੁਰ ਬੈਠੀ ਆਰ. ਐਸ. ਐਸ. ਲੀਡਰਸ਼ਿਪ ਵੀ ਝੁਕ ਗਈ ਸੀ। ਮੋਦੀ ਨੇ ਮੁੰਬਈ ਵਾਲੇ ਜਲਸੇ ਵਿਚ ਜਾਣ ਤੋਂ ਨਾਂਹ ਕੀਤੀ ਤੇ ਜਦੋਂ ਤੱਕ ਸੰਜੇ ਜੋਸ਼ੀ ਦੇ ਪਾਰਟੀ ਛੱਡਣ ਦਾ ਐਲਾਨ ਨਹੀਂ ਸੀ ਹੋਇਆ, ਫੋਨ ਵੀ ਨਹੀਂ ਸੀ ਚੁੱਕ ਰਿਹਾ। ਜਦੋਂ ਇਹ ਐਲਾਨ ਹੋ ਗਿਆ, ਮੋਦੀ ਨੇ ਹੈਲੀਕਾਪਟਰ ਫੜਿਆ ਤੇ ਦੋ ਘੰਟਿਆਂ ਵਿਚ ਮੁੰਬਈ ਪਹੁੰਚ ਕੇ ਸਿੱਧਾ ਹੀ ਸਟੇਜ 'ਤੇ ਜਾ ਚੜ੍ਹਿਆ ਸੀ। ਉਹ ਸਥਿਤੀ ਅੱਜ ਵੀ ਕਾਇਮ ਹੈ।

ਕੋਈ ਨਿਤਿਨ ਗਡਕਰੀ ਬੋਲਦਾ ਹੈ ਤਾਂ ਲੋਕ ਆਖੀ ਜਾ ਰਹੇ ਹਨ ਕਿ ਨਾਗਪੁਰ ਵਾਲਿਆਂ ਦਾ ਬੁਲਾਇਆ ਬੋਲਦਾ ਹੈ। ਜਿਸ ਦਿਨ ਉਸ ਬਾਰੇ




ਮੋਦੀ ਨੇ ਜ਼ਿਦ ਫੜੀ, ਗਡਕਰੀ ਨੂੰ ਵੀ ਆਰ. ਐਸ. ਐਸ. ਅਤੇ ਭਾਜਪਾ ਨੂੰ ਕੱਢਣਾ ਪੈ ਜਾਣਾ ਹੈ ਤੇ ਉਸ ਨੂੰ ਕੱਢਣ ਦਾ ਐਲਾਨ ਕਰਨ ਦੀ ਥਾਂ ਉਸ ਨੂੰ ਖੁਦ ਛੱਡਣ ਦਾ ਐਲਾਨ ਕਰਨ ਲਈ ਮਜਬੂਰ ਕੀਤਾ ਜਾਣਾ ਹੈ। ਮੋਦੀ ਵੱਡਾ ਅਤੇ ਆਰ. ਐਸ. ਐਸ. ਵੀ ਬੌਣਾ ਹੋ ਗਿਆ ਹੈ।

ਇਸ ਵਕਤ ਜਦੋਂ ਲੋਕ ਸਭਾ ਚੋਣਾਂ ਦੀ ਧਮਕ ਪੈਣੀ ਸ਼ੁਰੂ ਹੋ ਗਈ ਹੈ, ਭਾਰਤ ਦੇ ਲੋਕ ਆਪਣੇ ਦੇਸ਼ ਦੇ ਭਵਿੱਖ ਦਾ ਨਕਸ਼ਾ ਸਮਝਣ ਦੇ ਯਤਨ ਕਰਦੇ ਪਏ ਹਨ। ਕਿਹੜੀ ਪਾਰਟੀ ਜਿੱਤ ਸਕਦੀ ਤੇ ਕੌਣ ਹਾਰ ਸਕਦੀ ਹੈ, ਇਸ ਸਬੰਧੀ ਸੂਝਵਾਨ ਨਾਗਰਿਕ ਸੋਚ ਰਹੇ ਹਨ। ਸੋਚ ਦਾ ਵੱਡਾ ਵਿਸ਼ਾ ਨਰਿੰਦਰ ਮੋਦੀ ਹੈ। ਕਾਰਨ ਇਸ ਦਾ ਇਹ ਨਹੀਂ ਕਿ ਮੋਦੀ ਫਿਰ ਪ੍ਰਧਾਨ ਮੰਤਰੀ ਬਣੇ ਜਾਂ ਨਹੀਂ, ਸਗੋਂ ਇਹ ਹੋ ਗਿਆ ਹੈ ਕਿ ਜੇ ਉਹ ਐਤਕੀਂ ਜਿੱਤੇਗਾ ਤਾਂ ਭਾਰਤ ਦਾ ਤੇ ਇਸ ਦੀ ਧਰਮ ਨਿਰਪੱਖ ਦਿੱਖ ਦਾ ਕੀ ਬਣੇਗਾ?

ਪਿਛਲੇ ਪੰਜ ਸਾਲਾਂ ਵਿਚ ਗਊ ਦਾ ਨਾਂ ਵਰਤ ਕੇ ਕਿੰਨੇ ਹੀ ਲੋਕਾਂ ਨੂੰ ਇਹ ਦੋਸ਼ ਲਾ ਕੇ ਮਾਰਿਆ ਗਿਆ ਹੈ ਕਿ ਉਹ ਗਾਂ ਦਾ ਮਾਸ ਖਾਣ ਵਾਲੇ ਹਨ ਤੇ ਇਹ ਕਦੀ ਵੇਖਿਆ ਨਹੀਂ ਗਿਆ ਕਿ ਮੰਡੀ ਤੋਂ ਉਹ ਲੋਕ ਦੁਧਾਰੂ ਗਾਂ ਪਰਿਵਾਰ ਦੀ ਦੁੱਧ ਦੀ ਲੋੜ ਪੂਰੀ ਕਰਨ ਲਈ ਲਿਆ ਰਹੇ ਹਨ। ਜਦੋਂ ਇਹ ਸਾਰਾ ਕੁਝ ਵਾਪਰਦਾ ਹੈ ਤਾਂ ਮੋਦੀ ਬੋਲਦੇ ਨਹੀਂ, ਪਰ ਜਦੋਂ ਸਭ ਕੁਝ ਹੋ ਚੁਕਾ ਹੁੰਦਾ ਹੈ, ਫਿਰ 'ਮਨ ਕੀ ਬਾਤ' ਪ੍ਰੋਗਰਾਮ ਵਿਚ ਇਹ ਕਹਿ ਦਿੰਦੇ ਹਨ ਕਿ ਏਦਾਂ ਦਾ ਕੰਮ ਕਰਨ ਵਾਲੇ ਸਾਡੇ ਬੰਦੇ ਨਹੀਂ, ਇਹ ਸਮਾਜ ਵਿਰੋਧੀ ਅਨਸਰ ਹਨ। ਨਾਲ ਆਰ. ਐਸ. ਐਸ. ਦੇ ਬੁਲਾਰੇ ਮੀਡੀਆਂ ਸਾਹਮਣੇ ਉਨ੍ਹਾਂ ਬੰਦਿਆਂ ਦਾ ਬਚਾਅ ਕਰਦੇ ਸੁਣ ਰਹੇ ਹੁੰਦੇ ਹਨ ਅਤੇ ਹੇਠਾਂ ਇਹ ਸਿਗਨਲ ਚਲਾ ਜਾਂਦਾ ਹੈ ਕਿ ਇਸ਼ਾਰਾ ਕਰ ਕੇ ਕੰਮ ਕਰਵਾਇਆ ਵੀ ਜਾਂਦਾ ਹੈ, ਗੁਜਰਾਤ ਦੇ ਦੰਗਿਆਂ ਵਾਂਗ ਆਪਣੇ ਸਿਰ ਗੱਲ ਵੀ ਕਦੇ ਨਹੀਂ ਪੈਣ ਦਿੱਤੀ ਜਾਂਦੀ ਤੇ ਦੋਸ਼ੀਆਂ ਦਾ ਬਚਾਅ ਵੀ ਕੀਤਾ ਜਾਂਦਾ ਹੈ।

ਜਿਸ ਸਰਕਾਰ ਨੇ ਪੰਜ ਸਾਲ ਇਸ ਤਰ੍ਹਾਂ ਦੇ ਕਈ ਰੰਗ ਵਿਖਾਏ ਹੋਣ, ਅਗਲੀ ਪਾਰਲੀਮੈਂਟ ਚੋਣ ਮੁੜ ਜਿੱਤ ਗਈ ਤਾਂ ਕੀ ਬਣੇਗਾ? ਜੋ ਲੋਕ ਇਹ ਚਿੰਤਾ ਕਰ ਰਹੇ ਹਨ, ਐਵੇਂ ਤਾਂ ਨਹੀਂ ਕਰਦੇ ਪਏ!

# ਤੱਥਾਂ ਦੀ ਕਹਾਣੀ ਅੰਕੜਿਆਂ ਦੀ ਜ਼ੁਬਾਨੀ

ਲੋਕ ਸਭਾ ਵਿਚ 8 ਜਨਵਰੀ 2019 ਨੂੰ ਪੇਸ਼ ਹੋਇਆ ਆਰਥਕ ਤੌਰ 'ਤੇ ਪਛੜੇ ਲੋਕਾਂ ਨੂੰ 10% ਰਾਖਵਾਂਕਰਣ ਦੇਣ ਸਬੰਧੀ ਬਿੱਲ ਪਾਸ ਕਰ ਦਿਤਾ ਗਿਆ। ਅਗਲੇ ਦਿਨ ਹੀ ਰਾਜ ਸਭਾ ਨੇ ਇਹ ਬਿੱਲ ਪਾਸ ਕਰ ਦਿਤਾ। ਦੇਸ਼ ਦੇ ਰਾਸ਼ਟਰਪਤੀ ਵਲੋਂ ਇਸੇ ਬਿੱਲ 'ਤੇ 12 ਜਨਵਰੀ 2019 ਨੂੰ ਦਸਤਖਤ ਕਰ ਦੇਣ ਨਾਲ ਇਹ ਬਿੱਲ ਕਾਨੂੰਨ ਦਾ ਰੂਪ ਧਾਰ ਚੁਕਾ ਹੈ। ਹੁਣ ਕੁਲ ਰਾਖਵਾਂਕਰਣ, ਜੋ ਪਹਿਲਾਂ 49.5% ਸੀ, ਵਧ ਕੇ 59.5% ਹੋ ਗਿਆ ਹੈ।

ਅਖੌਤੀ ਜਨ ਹਿਤ ਵਿਚ ਪਾਸ ਹੋਈ 124ਵੀਂ ਸੋਧ ਆਪਣੇ ਆਪ ਵਿਚ ਨਿਵੇਕਲੀ ਹੈ। ਭਾਵੇਂ ਮੁੱਖ ਵਿਰੋਧੀ ਪਾਰਟੀ ਕਾਂਗਰਸ ਨੇ ਇਸ ਨੂੰ ਮਹਿਜ ਚੋਣ ਸ਼ੋਸ਼ਾ ਆਖਿਆ ਹੈ, ਪਰ ਇਸ ਦਾ ਵਿਰੋਧ ਵੀ ਨਹੀਂ ਕੀਤਾ।



ਡਾ. ਅਜੀਤ ਸਿੰਘ ਕੋਟਕਪੂਰਾ
ਫੋਨ: 585-305-0443


ਆਮ ਤੌਰ 'ਤੇ ਸੰਸਦ ਮੈਂਬਰਾਂ ਦੀਆਂ ਤਨਖਾਹਾਂ ਅਤੇ ਭੱਤੇ ਆਦਿ ਵਧਾਉਣ ਲਈ ਹੀ ਸਰਬਸੰਮਤੀ ਹੁੰਦੀ ਹੈ, ਨਹੀਂ ਤਾਂ ਕਰੀਬ ਹਰ ਮਤੇ ਦਾ ਵਿਰੋਧ ਹੁੰਦਾ ਹੈ, ਸੰਸਦ ਵਿਚ ਹੰਗਾਮਾ ਹੁੰਦਾ ਹੈ ਅਤੇ ਬਿੱਲ ਗੁੰਝਲਾਂ ਦੇ ਜੰਜਾਲ ਵਿਚ ਫਸ ਜਾਂਦਾ ਹੈ।

ਭਾਰਤੀ ਅਰਥ ਵਿਵਸਥਾ ਮੁਦਰਾ ਕੇਂਦਰ ਦੇ ਅੰਕੜਿਆਂ 'ਤੇ ਝਾਤ ਮਾਰਿਆਂ ਪਤਾ ਲੱਗਦਾ ਹੈ ਕਿ ਕੁਲ ਰੁਜ਼ਗਾਰ ਦਸੰਬਰ 2017 ਦੇ 40.79 ਕਰੋੜ ਦੇ ਮੁਕਾਬਲੇ ਦਸੰਬਰ 2018 ਵਿਚ 39.70 ਲੱਖ ਰਹਿ ਗਿਆ। ਇੰਜ ਤਨਖਾਹ ਲੈਣ ਵਾਲਿਆਂ ਦੀ ਗਿਣਤੀ ਵਿਚ 37 ਲੱਖ ਦਾ ਘਾਟਾ ਦੇਖਿਆ ਗਿਆ ਹੈ। ਸਰਕਾਰੀ ਨੌਕਰੀਆਂ ਦਾ ਤਾਂ ਇਸ ਤੋਂ ਵੀ ਮਾੜਾ ਹਾਲ ਹੈ। 2016 ਤੋਂ 2017 ਤਕ ਭਰਤੀਆਂ ਤੇ ਨਿਯੁਕਤੀਆਂ 1,13,524 ਤੋਂ ਘਟ ਕੇ 1,00,933 ਹੋ ਚੁਕੀਆਂ ਹਨ। ਕੇਂਦਰ ਸਰਕਾਰ ਦੀਆਂ ਪੋਸਟਾਂ 2013-2014 ਦੇ 16.91 ਲੱਖ ਦੇ ਅੰਕੜੇ ਦੇ ਮੁਕਾਬਲੇ 2016-2017 ਤਕ ਘਟ ਕੇ 15.23 ਲੱਖ ਰਹਿ ਗਈਆਂ।

ਹੁਣੇ ਜਿਹੇ ਭਾਰਤ ਦੇ ਸਭ ਤੋਂ ਵੱਡੇ ਸੂਬੇ, ਜਿਸ ਵਿਚੋਂ ਕਦੇ ਲੋਕ ਸਭਾ ਲਈ 85 ਸੰਸਦ ਚੁਣੇ ਜਾਇਆ ਕਰਦੇ ਸਨ, ਵਿਚ ਚਪੜਾਸੀ ਲਈ ਕੇਵਲ 62 ਨੌਕਰੀਆਂ ਹੀ ਕੱਢੀਆਂ ਗਈਆਂ, ਜਿਨ੍ਹਾਂ ਲਈ ਬਿਨੈ ਪੱਤਰਾਂ ਦੀ ਗਿਣਤੀ 93,000 ਸੀ ਅਤੇ ਇਸ ਵਿਚ 3740 ਗ੍ਰੈਜੂਏਟ ਤੇ ਪੀਐਚ. ਡੀ. ਸਨ। ਜਦੋਂ ਕਿਸੇ ਦੇਸ਼ ਵਿਚ ਪ੍ਰਤੀ ਵਿਅਕਤੀ ਆਮਦਨ ਦਸ ਹਜ਼ਾਰ ਰੁਪਏ ਵੀ ਨਾ ਹੋਵੇ, ਉਥੇ ਰਾਖਵੇਂਕਰਨ ਦੀ ਹੱਦ ਨੂੰ 66,000 ਰੁਪਏ ਮਹੀਨਾ ਜਾਂ ਅੱਠ ਲੱਖ ਸਾਲਾਨਾ ਮਿਥਣਾ ਆਪਣੇ ਆਪ ਹੀ ਕਈ ਪ੍ਰਸ਼ਨਾਂ ਨੂੰ ਜਨਮ ਦਿੰਦਾ ਹੈ।

ਅੰਕੜਿਆਂ ਦੀ ਘੋਖ-ਪੜਤਾਲ ਕੀਤਿਆਂ ਪਤਾ ਲੱਗਦਾ ਹੈ ਕਿ 2017 ਵਿਚ 5.53 ਲੱਖ ਭਾਰਤੀ ਵਿਦੇਸ਼ਾਂ ਵਿਚ ਵਿਦਿਆ ਲੈ ਰਹੇ ਸਨ। ਕਥਿਤ ਖੁਸ਼ਹਾਲ ਸੂਬੇ ਪੰਜਾਬ ਵਿਚੋਂ ਹੀ 3.36 ਲੱਖ ਮੁੰਡੇ-ਕੁੜੀਆਂ ਆਈਲੈਟਸ ਦਾ ਇਮਤਿਹਾਨ ਦਿੰਦੇ ਹਨ। ਇਕ ਅੰਦਾਜ਼ੇ ਅਨੁਸਾਰ 2017 ਵਿਚ ਕੋਈ ਡੇਢ ਲੱਖ ਮੁੰਡੇ-ਕੁੜੀਆਂ ਪੜ੍ਹਾਈ ਲਈ ਵੀਜ਼ਾ ਲੈ ਕੇ ਵਿਦੇਸ਼ ਚਲੇ ਗਏ।

ਪ੍ਰਸਿਧ ਅਰਥ ਸ਼ਾਸਤਰੀ ਸ. ਸੁੱਚਾ ਸਿੰਘ ਗਿੱਲ ਅਨੁਸਾਰ ਪਿਛਲੇ ਦੋ ਸਾਲਾਂ 'ਚ 70 ਲੱਖ ਨੌਕਰੀਆਂ ਘਟ ਚੁਕੀਆਂ ਹਨ। ਉਕਤ ਅੰਕੜਿਆਂ ਨੂੰ ਦੇਖਦਿਆਂ ਮਹਿਸੂਸ ਹੁੰਦਾ ਹੈ ਕਿ 10% ਰਾਖਵਾਂਕਰਣ ਇਕ ਚੋਣ ਲਾਰਾ ਹੀ ਹੈ। ਕੰਮ




ਚਲਾਉਣ ਲਈ ਜੋ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ, ਉਨ੍ਹਾਂ ਵਿਚ ਠੇਕੇ ਦੀ ਪ੍ਰਣਾਲੀ ਹੀ ਚਲ ਰਹੀ ਹੈ ਅਤੇ ਇਸ ਪ੍ਰਣਾਲੀ ਵਿਚ ਰਾਖਵੇਂਕਰਨ ਲਈ ਕੋਈ ਥਾਂ ਨਹੀਂ ਹੈ।

ਕਾਲਜਾਂ ਦੀ ਸਥਿਤੀ 'ਤੇ ਨਜ਼ਰ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਪੰਜਾਬ 'ਚ 49 ਸਰਕਾਰੀ, 150 ਪ੍ਰਾਈਵੇਟ, 136 ਏਡਿਡ ਅਤੇ 300 ਦੇ ਕਰੀਬ ਸੈਲਫ ਫਾਈਨੈਂਸ ਕਾਲਜ ਹਨ। ਕੁਲ 1873 ਅਸਾਮੀਆਂ ਰੈਗੂਲਰ ਮਨਜ਼ੂਰ ਹਨ, ਜਿਨ੍ਹਾਂ 'ਤੇ ਰੈਗੂਲਰ 525 ਅਤੇ ਬਾਕੀ ਦੇ ਗੈਸਟ ਫੈਕਲਟੀ ਤੇ ਪਾਰਟ ਟਾਈਮ ਲੈਕਚਰਾਰ ਹਨ। ਰਵੀ ਸਿੱਧੂ ਦੇ ਭਰਤੀ ਘੁਟਾਲੇ ਪਿਛੋਂ ਕਾਲਜਾਂ 'ਚ ਭਰਤੀ ਬੰਦ ਕਰ ਦਿੱਤੀ ਗਈ ਸੀ। ਇਹ ਸਮਝ ਤੋਂ ਬਾਹਰ ਹੈ ਕਿ ਘੁਟਾਲਾ ਕਿਸੇ ਨੇ ਕੀਤਾ ਅਤੇ ਸਜ਼ਾ ਆਮ ਲੋਕਾਂ ਨੂੰ ਕਿਉਂ ਦਿੱਤੀ ਜਾ ਰਹੀ ਹੈ?

ਉਧਰ ਥੱਬਾ ਥੱਬਾ ਡਿਗਰੀਆਂ ਲੈ ਕੇ ਨੌਜੁਆਨ ਵਿਹਲੇ ਫਿਰ ਰਹੇ ਹਨ ਅਤੇ ਨਵੇਂ ਵਿਦਿਆਰਥੀਆਂ ਲਈ ਕਾਲਜਾਂ 'ਚ ਲੈਕਚਰਾਰ ਉਪਲਬਧ ਨਹੀਂ ਹਨ। ਐਡਹਾਕ ਭਰਤੀ ਸਿਸਟਮ ਚਲਾਇਆ ਜਾ ਰਿਹਾ ਹੈ। ਪਾਰਟ ਟਾਈਮ ਅਧਿਆਪਕਾਂ ਨੂੰ ਲਗਭਗ 45000-50000 ਰੁਪਏ ਮਹੀਨਾ ਦਿੱਤਾ ਜਾਂਦਾ ਹੈ, ਜਦਕਿ ਗੈਸਟ ਲੈਕਚਰਾਰਾਂ ਨੂੰ ਕੇਵਲ 21,600 ਰੁਪਏ ਮਹੀਨਾ ਦਿੱਤਾ ਜਾਂਦਾ ਹੈ। ਕੰਮ ਦੋਹਾਂ ਕਿਸਮ ਦੇ ਲੈਕਚਰਾਰਾਂ ਦਾ ਇਕੋ ਜਿਹਾ ਹੈ। ਕਾਲਜਾਂ 'ਚ ਲੈਕਚਰਾਰਾਂ ਨੂੰ ਥੋੜ੍ਹੀ ਜਿਹੀ ਤਨਖਾਹ 'ਤੇ ਰੱਖਿਆ ਜਾਂਦਾ ਹੈ। ਕਈ ਭਰਤੀ ਹੋਣ ਵਾਲੇ ਤਾਂ ਉਸ ਤੋਂ ਵੱਧ ਖਰਚ ਆਪਣੀ ਪੜ੍ਹਾਈ 'ਤੇ ਕਰ ਚੁਕੇ ਹੁੰਦੇ ਹਨ, ਜਦਕਿ ਪੁਰਾਣੇ ਲੈਕਚਰਾਰ ਇਸੇ ਕੰਮ ਲਈ ਇਨ੍ਹਾਂ ਤੋਂ ਦੁਗਣੀ ਜਾਂ ਤਿਗੁਣੀ ਤਨਖਾਹ 'ਤੇ ਕੰਮ ਕਰ ਰਹੇ ਹਨ। ਇਹ ਕੰਮ ਸਰਕਾਰੀ ਕਾਲਜਾਂ ਵਿਚ ਵੀ ਚਲ ਰਿਹਾ ਹੈ। ਸਰਕਾਰਾਂ ਨੂੰ ਇਕ ਨਮੂਨੇ ਦੇ ਰੁਜ਼ਗਾਰਦਾਤਾ ਸਮਝਿਆ ਜਾਂਦਾ ਹੈ। ਜੇ ਉਹ ਵੀ ਅਜਿਹਾ ਵਿਤਕਰਾ ਕਰਦੇ ਹਨ ਤਾਂ ਇਸ ਨੂੰ ਕਿਵੇਂ ਜਾਇਜ਼ ਠਹਿਰਾਇਆ ਜਾ ਸਕਦਾ ਹੈ?

ਸਰਕਾਰ ਨੇ ਪਹਿਲਾਂ ਦੇ ਪੂਰੀ ਤਨਖਾਹ 'ਤੇ ਕੰਮ ਕਰਨ ਵਾਲਿਆਂ ਦੀ ਤਨਖਾਹ ਘਟਾ ਕੇ ਲਗਭਗ ਤੀਜਾ ਹਿੱਸਾ ਕਰ ਦਿੱਤੀ ਹੈ, ਲਾਰਾ ਇਹ ਲਾਇਆ ਗਿਆ ਹੈ ਕਿ ਕੁਝ ਸਮੇਂ ਦੇ ਪਰਖ ਕਾਲ ਪਿਛੋਂ ਰੈਗੂਲਰ ਕਰ ਦਿੱਤਾ ਜਾਵੇਗਾ। ਇਹ ਲਾਰਾ ਪਹਿਲਾਂ ਵੀ ਲਾਇਆ ਗਿਆ ਸੀ ਪਰ ਹੁਣ ਨਵੀਂ ਸ਼ਰਤ ਲਾਈ ਗਈ ਹੈ। ਵਿਚਾਰੇ ਮੁਲਾਜ਼ਮ ਭਾਣਾ ਮੰਨ ਕੇ ਘੱਟ ਤਨਖਾਹ 'ਤੇ ਕੰਮ ਕਰ ਰਹੇ ਹਨ ਅਤੇ ਵਿਰੋਧ ਵੀ ਚਲ ਰਿਹਾ ਹੈ। ਇਸ ਤਰ੍ਹਾਂ ਨਿਗੂਣੀ ਤਨਖਾਹ 'ਤੇ ਕੰਮ ਕਰ ਕੇ ਘਰ ਦਾ ਗੁਜ਼ਾਰਾ ਕਿਵੇਂ ਚਲਾਇਆ ਜਾ ਸਕਦਾ ਹੈ?

ਆਮ ਲੋਕਾਂ ਵਲੋਂ ਇਸ ਕਿਸਮ ਦੇ ਵਿਹਾਰ ਨੂੰ ਵੇਖ ਮਹਿੰਗੀ ਪੜ੍ਹਾਈ ਤੋਂ ਪਾਸ ਵੱਟਿਆ ਜਾ ਰਿਹਾ ਹੈ। ਜਿਵੇਂ ਕਿ ਉਪਰ ਦੱਸਿਆ ਜਾ ਚੁਕਾ ਹੈ, ਉਚੇਰੀ ਪੜ੍ਹਾਈ ਲਈ ਵਿਦੇਸ਼ਾਂ ਵਲ ਚਲੇ ਜਾਣ ਦਾ ਰੁਝਾਨ ਵੱਧ ਰਿਹਾ ਹੈ। ਭਾਵੇਂ ਉਥੇ ਦੀ ਪੜ੍ਹਾਈ ਦਾ ਖਰਚ ਭਾਰਤ ਨਾਲੋਂ ਕਿਤੇ ਵੱਧ ਹੈ, ਫੇਰ ਵੀ ਕਰਜ਼ੇ ਚੁੱਕ ਕੇ ਵਿਦੇਸ਼ ਜਾਣ ਦੀ ਖਿਚ ਵੱਧ ਹੈ। ਕਿਸਾਨ ਪਹਿਲਾਂ ਹੀ ਸਰਕਾਰ ਦੀਆਂ ਗਲਤ ਨੀਤੀਆਂ ਦੇ ਸਿੱਟੇ ਵਜੋਂ ਖੁਦਕਸ਼ੀ ਕਰ ਰਿਹਾ ਹੈ। ਹੁਣ ਪੜ੍ਹੇ ਲਿਖਿਆਂ ਨਾਲ ਅਜਿਹਾ ਵਿਹਾਰ ਕੀਤਾ ਜਾ ਰਿਹਾ ਹੈ। ਹਰ ਘਰ ਲਈ ਰੁਜ਼ਗਾਰ ਦਾ ਲਾਰਾ ਲਾ ਕੇ ਬਣੀ ਸਰਕਾਰ ਇਹ ਕਹਿ ਰਹੀ ਹੈ ਕਿ ਸਭ ਨੂੰ ਨੌਕਰੀ ਦੇਣੀ ਸੰਭਵ ਨਹੀਂ ਹੈ। ਦੋ ਸਾਲ ਤਾਂ ਬੀਤ ਚੁਕੇ ਹਨ ਅਤੇ ਜਾਪਦਾ ਨਹੀਂ ਇਹ ਲਾਰਾ ਪੰਜ ਸਾਲਾਂ ਦੇ ਅੰਦਰ ਕੋਈ ਰੁਜ਼ਗਾਰ ਦੇਣ ਲਈ ਕੁਝ ਕਰੇਗਾ। ਹੁਣ ਚੋਣਾਂ ਫੇਰ ਸਿਰ 'ਤੇ ਹਨ ਅਤੇ ਸਿਆਸੀ ਪਾਰਟੀਆਂ ਨਵੇਂ ਲਾਰਿਆਂ ਨਾਲ ਆਮ ਵੋਟਰਾਂ ਨੂੰ ਉਲਝਾਉਣ ਲਈ ਤਿਆਰ ਹਨ।

ਸੋ, ਸਪਸ਼ਟ ਹੈ ਕਿ ਪੂਰੇ ਦੇਸ਼ 'ਚ ਇਕ ਕਰੋੜ ਦਸ ਲੱਖ ਨੌਕਰੀਆਂ ਘਟ ਚੁਕੀਆਂ ਹਨ ਤਾਂ 10% ਰਾਖਵਾਂਕਰਣ ਇਕ ਚੋਣ ਲਾਰੇ ਤੋਂ ਵੱਧ ਕੁਝ ਨਹੀਂ।

ਪੰਜਾਬ ਟਾਈਮਜ਼

*ਸਨਿਚਰਵਾਰ, 9 ਫਰਵਰੀ 2019*

# ਚੋਣਾਂ ਅਤੇ ਸਿਆਸੀ ਉਥਲ-ਪੁਥਲ

ਲੋਕ ਸਭਾ ਚੋਣਾਂ ਨੇ ਭਾਰਤ ਦੇ ਸਿਆਸੀ ਰੰਗ-ਰੂਪ ਨੂੰ ਵੱਖਰੀ ਪਾਣ ਚੜ੍ਹਾ ਦਿੱਤੀ ਹੈ। ਹਰ ਪਾਰਟੀ ਅਤੇ ਆਗੂ ਦੀ ਅੱਖ ਇਨ੍ਹਾਂ ਚੋਣਾਂ ਵੱਲ ਲੱਗੀ ਹੋਈ ਹੈ। ਇਸ ਦੀ ਸਭ ਤੋਂ ਉਮਦਾ ਮਿਸਾਲ ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਦੀ ਸਾਹਮਣੇ ਆਈ ਹੈ। ਉਨ੍ਹਾਂ ਹੁਣ ਟਕਸਾਲੀ ਅਕਾਲੀ ਦਲ ਦਾ ਲੜ ਫੜਿਆ ਹੈ। ਇਸ ਤੋਂ ਪਹਿਲਾਂ ਉਨ੍ਹਾਂ ਆਪਣੀ ਮਾਂ-ਪਾਰਟੀ ਕਾਂਗਰਸ ਵਿਚ ਪਰਤਣ ਦਾ ਯਤਨ ਤਾਂ ਕੀਤਾ, ਪਰ ਕਾਮਯਾਬੀ ਨਾ ਮਿਲ ਸਕੀ। ਚਿਰ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਦੀ ਤਿੱਖੀ ਨੁਕਤਾਚੀਨੀ ਕਰਨ ਕਰਕੇ ਉਸ ਨੂੰ ਕਾਂਗਰਸ ਵਿਚੋਂ ਕੱਢ ਦਿੱਤਾ ਗਿਆ ਸੀ। ਹੁਣ ਜਦੋਂ ਪੰਜਾਬ ਕਾਂਗਰਸ ਵਿਚ ਕੈਪਟਨ ਅਮਰਿੰਦਰ ਸਿੰਘ ਦੇ ਬਰਾਬਰ ਨਵਜੋਤ ਸਿੰਘ ਸਿੱਧੂ ਦਾ ਧੜਾ ਉਭਰ ਰਿਹਾ ਹੈ ਤਾਂ ਉਸ ਨੂੰ ਆਸ ਬੱਝੀ ਸੀ ਕਿ ਉਸ ਨੂੰ ਕਾਂਗਰਸ ਵਿਚ ਵਾਪਸ ਪਰਤ ਕੇ ਨਵੇਂ ਸਿਰਿਓਂ ਸਿਆਸੀ ਜੀਵਨ ਮਿਲ ਸਕੇਗਾ। ਬਰਗਾੜੀ ਇਨਸਾਫ ਮੋਰਚੇ ਨੇ ਉਹਨੂੰ ਸਿਆਸੀ ਪਿੜ ਵਿਚ ਮੁੜ ਨਿਤਰਨ ਦਾ ਚੰਗਾ ਮੌਕਾ ਮੁਹੱਈਆ ਕਰਵਾਇਆ ਹੈ। ਇਸੇ ਤਰ੍ਹਾਂ ਦੀਆਂ ਝਾਕੀਆਂ ਕੌਮੀ ਪੱਧਰ ਉਤੇ ਵੀ ਅਤੇ ਵੱਖ-ਵੱਖ ਸੂਬਿਆਂ ਵਿਚ ਵੀ ਮਿਲ ਰਹੀਆਂ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਸ ਦੇ ਵਿੱਤ ਮੰਤਰੀ ਪਿਯੂਸ਼ ਗੋਇਲ ਨੇ ਸਮੁੱਚਾ ਅੰਤ੍ਰਿਮ ਬਜਟ ਹੀ ਚੋਣਾਂ ਦੇ ਲੇਖੇ ਲਾ ਦਿੱਤਾ ਹੈ। ਇਸ ਬਜਟ ਤੋਂ ਪਹਿਲਾਂ ਵੀ ਮੋਦੀ ਸਰਕਾਰ ਨੇ ਚੋਣਾਂ ਦੇ ਹਿਸਾਬ ਨਾਲ ਕੁਝ ਐਲਾਨ ਕੀਤੇ ਹਨ ਪਰ ਅੰਤ੍ਰਿਮ ਬਜਟ ਤੋਂ ਤਾਂ ਬਿਲਕੁਲ ਸਪਸ਼ਟ ਹੋ ਗਿਆ ਹੈ ਕਿ ਇਹ ਨਿਰੋਲ ਚੋਣ ਬਜਟ ਹੈ।

ਪਿਛਲੇ ਪੰਜ ਸਾਲ ਤੋਂ ਇਹ ਸਰਕਾਰ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਦੁਹਰਾਉਂਦੀ ਆਈ ਹੈ, ਪਰ ਅਜੇ ਤੱਕ ਇਸ ਪਾਸੇ ਇਕ ਵੀ ਕਦਮ ਅਗਾਂਹ ਨਹੀਂ ਵਧਾਇਆ। ਹੁਣ ਇਕਦਮ ਐਲਾਨ ਕਰ ਮਾਰਿਆ ਹੈ ਕਿ ਦੋ ਹੈਕਟੇਅਰ ਮਾਲਕੀ ਵਾਲੇ ਕਿਸਾਨਾਂ ਨੂੰ ਹਰ ਸਾਲ ਛੇ ਹਜ਼ਾਰ ਰੁਪਏ ਦਿੱਤੇ ਜਾਇਆ ਕਰਨਗੇ। ਇਸ ਮਦਦ ਦੀ ਦੋ ਹਜ਼ਾਰ ਰੁਪਏ ਦੀ ਪਹਿਲੀ ਕਿਸ਼ਤ ਮਾਰਚ ਦੇ ਅੰਦਰ-ਅੰਦਰ ਦੇਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਇਸ ਹਿਸਾਬ ਨਾਲ ਕਿਸਾਨ ਨੂੰ ਇਹ ਰਕਮ 500 ਰੁਪਏ ਮਹੀਨਾ ਬੈਠਦੀ ਹੈ। ਇਸੇ ਕਰਕੇ ਸਭ ਸਿਆਸੀ-ਆਰਥਕ ਮਾਹਿਰਾਂ ਨੇ ਇਸ ਛੋਟ ਦਾ ਮਖੌਲ ਉਡਾਇਆ ਹੈ। ਇਸ ਵੇਲੇ ਕਿਸਾਨ ਜਿਸ ਤਰ੍ਹਾਂ ਦੇ ਸੰਕਟ ਨਾਲ ਜੂਝ ਰਹੇ ਹਨ, ਉਹਦੇ ਲਈ ਕਿਸੇ ਖਾਸ ਕਿਸਾਨ ਨੀਤੀ ਦੀ ਲੋੜ ਹੈ, ਪਰ ਸਰਕਾਰ ਨੇ ਕਿਸਾਨਾਂ ਨੂੰ ਲੁਭਾਉਣ ਲਈ ਇਹ ਐਲਾਨ ਕਰ ਮਾਰਿਆ ਹੈ। ਖੇਤੀ ਉਤੇ ਛਾਏ ਸੰਕਟ ਕਰਕੇ ਪੰਜਾਬ ਸਮੇਤ ਦੇਸ਼ ਦੇ ਕਈ ਰਾਜਾਂ ਦੇ ਕਿਸਾਨ ਖੁਦਕੁਸ਼ੀਆਂ ਦੇ ਰਾਹ ਪੈ ਗਏ ਹਨ ਪਰ ਸਰਕਾਰ ਨਾ ਤਾਂ ਫਸਲਾਂ ਦੇ ਸਹੀ ਭਾਅ ਕਿਸਾਨਾਂ ਨੂੰ ਦੇ ਸਕੀ ਹੈ ਅਤੇ ਨਾ ਹੀ ਫਸਲਾਂ ਲਈ ਕਾਰਗਰ ਮੰਡੀ ਦਾ ਪ੍ਰਬੰਧ ਹੀ ਕੀਤਾ ਗਿਆ ਹੈ। ਜਾਹਰ ਹੈ ਕਿ ਮਸਲੇ ਦੀ ਜੜ੍ਹ ਫੜਨ ਦੀ ਥਾਂ ਚੋਣਾਂ ਨੂੰ ਧਿਆਨ ਵਿਚ ਰੱਖ ਕੇ ਐਲਾਨ-ਦਰ-ਐਲਾਨ ਕੀਤੇ ਜਾ ਰਹੇ ਹਨ।

ਦੇਸ਼ ਦੇ ਸਿਆਸੀ ਹਾਲਾਤ ਹੋਰ ਵੀ ਭਿਆਨਕ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਸ ਦੀ ਸਰਕਾਰ ਦੀਆਂ ਆਪ-ਹੁਦਰੀਆਂ ਅਤੇ ਤਾਨਾਸ਼ਾਹੀ ਕਾਰਨ ਦੇਸ਼ ਭਰ ਵਿਚ ਵਿਰੋਧੀ ਪਾਰਟੀਆਂ, ਜਿਨ੍ਹਾਂ ਵਿਚ ਖੇਤਰੀ ਪਾਰਟੀਆਂ ਵੀ ਸ਼ਾਮਿਲ ਹਨ, ਇਕਜੁਟ ਹੋਣ ਦੇ ਯਤਨਾਂ ਵਿਚ ਹਨ। ਹਾਲ ਹੀ ਵਿਚ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਅਗਵਾਈ ਹੇਠ ਕੋਲਕਾਤਾ ਵਿਚ ਵਿਰੋਧੀ ਪਾਰਟੀ ਦੀ ਵੱਡੀ ਰੈਲੀ ਜਥੇਬੰਦ ਕੀਤੀ ਗਈ। ਇਸ ਪਿਛੋਂ ਮੋਦੀ ਸਰਕਾਰ ਨੇ ਤੁਰੰਤ ਹਰਕਤ ਵਿਚ ਆਉਂਦਿਆਂ ਚਿੱਟ ਫੰਡ ਘਪਲੇ ਦੇ ਬਹਾਨੇ ਪੱਛਮੀ ਬੰਗਾਲ ਵਿਚ ਸੀ.ਬੀ.ਆਈ. ਦੀ ਟੀਮ ਭੇਜ ਦਿੱਤੀ। ਇਹੀ ਸ਼ਿਕੰਜਾ ਐਨਫੋਰਸਮੈਂਟ ਡਿਪਾਰਟਮੈਂਟ ਅਤੇ ਹੋਰ ਕੇਂਦਰੀ ਸੰਸਥਾਵਾਂ ਦੀ ਦੁਰਵਰਤੋਂ ਕਰਦਿਆਂ ਵਿਰੋਧੀ ਪਾਰਟੀਆਂ ਤੇ ਇਨ੍ਹਾਂ ਦੇ ਲੀਡਰਾਂ ਖਿਲਾਫ ਲਗਾਤਾਰ ਕੱਸਿਆ ਜਾ ਰਿਹਾ ਹੈ। ਸੱਤਾਧਾਰੀ ਭਾਰਤੀ ਜਨਤਾ ਪਾਰਟੀ ਵੱਲੋਂ ਆਪਣੇ ਪੱਧਰ ਉਤੇ ਕਰਵਾਈ ਗਿਣਤੀ-ਮਿਣਤੀ ਤੋਂ ਇਹ ਤੱਥ ਸਾਫ ਹੋ ਚੁਕੇ ਹਨ ਕਿ ਜੇ ਵਿਰੋਧੀ ਧਿਰ ਇਕਜੁਟ ਹੋ ਗਈ ਤਾਂ ਅਗਲੀਆਂ ਚੋਣਾਂ ਵਿਚ ਇਸ ਦਾ ਜਿੱਤਣਾ ਅਸੰਭਵ ਨਹੀਂ ਤਾਂ ਔਖਾ ਜ਼ਰੂਰ ਹੈ। ਪਿਛੇ ਜਿਹੇ ਤਿੰਨ ਰਾਜਾਂ ਵਿਚ ਪਾਰਟੀ ਦੀ ਹਾਰ ਨੇ ਇਹ ਸੁਨੇਹਾ ਪਹਿਲਾਂ ਹੀ ਦੇ ਦਿੱਤਾ ਹੋਇਆ ਹੈ। ਦੇਸ਼ ਦੇ ਅਹਿਮ ਸੂਬੇ ਉਤਰ ਪ੍ਰਦੇਸ਼ ਵਿਚ ਸਮਾਜਵਾਦੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਆਪਸੀ ਗੱਠਜੋੜ ਕਰਕੇ ਇਸ ਦੇ ਪੈਰਾਂ ਹੇਠੋਂ ਜਮੀਨ ਪਹਿਲਾਂ ਹੀ ਖਿਸਕਾ ਚੁਕੇ ਹਨ।

ਪੰਜਾਬ ਵਿਚ ਵੀ ਇਹ ਸਿਆਸੀ ਕਵਾਇਦ ਬੇਹੱਦ ਜ਼ੋਰ-ਸ਼ੋਰ ਨਾਲ ਚੱਲ ਰਹੀ ਹੈ। ਰਾਜ ਵਿਚਲੀਆਂ ਸਭ ਸਿਆਸੀ ਧਿਰਾਂ ਆਪੋ-ਆਪਣਾ ਪਿੜ ਬੰਨਣ ਲਈ ਜੋਰ-ਅਜ਼ਮਾਈ ਕਰ ਰਹੀਆਂ ਹਨ। ਇਸ ਵਾਰ ਪੰਜਾਬ ਵਿਚ ਸਿਆਸੀ ਮਾਹੌਲ ਦਿਲਚਸਪ ਬਣ ਰਿਹਾ ਹੈ। ਰਾਜ ਦੀ ਸੱਤਾਧਾਰੀ ਪਾਰਟੀ ਕਾਂਗਰਸ ਪਿਛਲੇ ਦੋ ਸਾਲਾਂ ਦੌਰਾਨ ਕੋਈ ਖਾਸ ਕ੍ਰਿਸ਼ਮਾ ਨਹੀਂ ਕਰ ਸਕੀ ਹੈ। ਸ਼੍ਰੋਮਣੀ ਅਕਾਲੀ ਦਲ ਬੇਅਦਬੀ ਦੇ ਮਾਮਲਿਆਂ ਕਾਰਨ ਬੁਰੀ ਤਰ੍ਹਾਂ ਪਛਾੜ ਦਾ ਸਾਹਮਣਾ ਕਰ ਰਿਹਾ ਹੈ। ਆਮ ਆਦਮੀ ਪਾਰਟੀ ਦੀ ਪਾਟੋਧਾੜ ਨੇ ਵੀ ਇਸ ਦੇ ਸਿਆਸੀ ਰੰਗ ਵਿਚ ਭੰਗ ਹੀ ਪਾਇਆ ਹੈ। ਇਸ ਨਾਲੋਂ ਟੁੱਟੇ ਸੁਖਪਾਲ ਸਿੰਘ ਖਹਿਰਾ ਧੜੇ ਦੀ ਆਪਣੀ ਸਿਆਸਤ ਹੈ। ਇਕ ਹੋਰ ਡੈਮੋਕਰੈਟਿਕ ਅਲਾਇੰਸ ਵੀ ਪਿੜ ਵਿਚ ਹੈ। ਇਹੀ ਨਹੀਂ, ਭਾਰਤੀ ਜਨਤਾ ਪਾਰਟੀ ਨੇ ਪੰਜਾਬ ਨਾਲ ਸਬੰਧਤ ਵਖ-ਵਖ ਪਾਰਟੀਆਂ ਦੇ ਆਗੂਆਂ ਨਾਲ ਵੱਖਰਾ ਰਾਬਤਾ ਬਣਾਇਆ ਹੋਇਆ ਹੈ। ਇਸ ਸਾਰੇ ਸਿਆਸੀ ਮਾਹੌਲ ਵਿਚ ਊਠ ਕਿਸ ਕਰਵਟ ਬੈਠਦਾ ਹੈ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ, ਪਰ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਜਾਪਦਾ ਹੈ ਕਿ ਵੋਟਰਾਂ ਲਈ ਘਾਟੇ ਦਾ ਹੀ ਸੌਦਾ ਹੋਵੇਗਾ। ਅਸਲ ਵਿਚ ਵਾਅਦਿਆਂ ਦੀ ਝੜੀ ਤਾਂ ਹਰ ਸਿਆਸੀ ਧਿਰ ਲਾ ਦਿੰਦੀ ਹੈ, ਪਰ ਜਿੱਤਣ ਪਿਛੋਂ ਇਹ ਸਭ ਵਾਅਦੇ ਭੁੱਲ-ਭੁਲਾ ਜਾਂਦੀ ਹੈ। ਉਂਜ, ਇਸ ਵਾਰ ਸ਼ਾਇਦ ਚੰਗੀ ਗੱਲ ਇਹ ਹੋ ਜਾਵੇ ਕਿ ਡੇਰਾ ਸਿਰਸਾ ਵਾਲੇ ਕਾਂਡ ਕਾਰਨ ਡੇਰੇਦਾਰ ਖੁਲ੍ਹੇਆਮ ਕੋਈ ਭੂਮਿਕਾ ਨਾ ਨਿਭਾ ਸਕਣ। ਜੇ ਅਜਿਹਾ ਹੋਇਆ ਤਾਂ ਇਹ ਪੰਜਾਬ ਦੀ ਸਿਆਸਤ ਲਈ ਸ਼ੁਭ ਸ਼ਗਨ ਹੋਵੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਆਈ 'ਤੇ ਆਈ ਆਈਲੈਟਸ!*

ਖਬਰਾਂ ਧੋਖਿਆਂ ਵਾਲੀਆਂ ਸੁਣਦਿਆਂ ਵੀ, ਪਾਸਪੋਰਟ ਏਜੰਟਾਂ ਨੂੰ ਦਈ ਜਾਂਦੇ।
ਸਿਰ 'ਤੇ ਚਾੜ੍ਹ ਕੇ ਕਰਜ਼ੇ ਦੀ ਪੰਡ ਭਾਰੀ, ਫਾਹੇ ਅੱਡੀਆਂ ਚੁੱਕ ਕੇ ਲਈ ਜਾਂਦੇ।
ਮੂੰਹ ਮੋੜ ਕੇ ਡਿਗਰੀ ਡਿਪਲੋਮਿਆਂ ਤੋਂ, 'ਬੈਂਡ' ਲੈਣ ਦੇ ਚੱਕਰ ਵਿਚ ਪਈ ਜਾਂਦੇ।
ਹਰ ਕੋਈ ਚਾਹੇ ਵਿਦੇਸ਼ ਵਿਚ ਸੈਟ ਹੋਣਾ, ਭਾਵੇਂ ਬਾਹਰੋਂ ਪਛਤਾਉਂਦੇ ਨੇ ਕਈ ਜਾਂਦੇ।
ਕੁੜੀਆਂ-ਮੁੰਡੇ ਸਭ ਜਾਇ ਪਰਦੇਸ ਬੈਠੇ, 'ਘਰ' ਆਸਰੇ ਬਾਪ ਜਾਂ ਮਾਈ 'ਤੇ ਜੀ।
ਆਈਲੈਟਸ ਨੇ ਪੱਟ ਪੰਜਾਬ ਦਿੱਤਾ, ਆਈ ਹੋਈ ਐ ਆਪਣੀ ਆਈ 'ਤੇ ਜੀ!

# ਕਰਤਾਰਪੁਰ, ਕਿਰਤ ਅਤੇ ਕੁਦਰਤ

*ਕਰਤਾਰਪੁਰ ਲਾਂਘੇ ਦਾ ਪ੍ਰਾਜੈਕਟ ਹੌਲੀ-ਹੌਲੀ ਅਗਾਂਹ ਵਧ ਰਿਹਾ ਹੈ। ਦੋਹਾਂ ਪਾਸਿਆਂ ਦੀਆਂ ਸਰਕਾਰਾਂ ਆਪੋ-ਆਪਣੇ ਪੱਧਰ 'ਤੇ ਸਰਗਰਮ ਹਨ ਪਰ ਇਸ ਸਰਗਰਮੀ ਅੰਦਰ ਕਿਤੇ-ਕਿਤੇ ਸੌੜੀ ਸਿਆਸਤ ਦੇ ਪ੍ਰਛਾਵੇਂ ਵੀ ਝਾਤੀਆਂ ਮਾਰ ਰਹੇ ਹਨ। ਪਾਕਿਸਤਾਨ ਵੱਲੋਂ ਇਹ ਕਹਿਣਾ ਕਿ ਲਾਂਘਾ ਸਿਰਫ ਸਿੱਖ ਸ਼ਰਧਾਲੂਆਂ ਲਈ ਹੀ ਖੋਲ੍ਹਿਆ ਜਾਵੇਗਾ, ਨਾਨਕਧਾਰਾ ਨਾਲ ਵਰ ਨਹੀਂ ਮੇਚਦਾ। ਨਾਨਕਧਾਰਾ ਦਾ ਸਬੰਧ ਸਮੁੱਚੀ ਲੋਕਾਈ ਅਤੇ ਸਰਬੱਤ ਦੇ ਭਲੇ ਲਈ ਹੈ। ਉਘੇ ਲਿਖਾਰੀ ਸਵਰਾਜਬੀਰ ਨੇ ਆਪਣੇ ਇਸ ਲੇਖ ਵਿਚ ਨਾਨਕਧਾਰਾ ਦੇ ਇਸੇ ਨੁਕਤੇ ਬਾਰੇ ਕੁਝ ਗੱਲਾਂ ਸਾਂਝੀਆਂ ਕੀਤੀਆਂ ਹਨ। -ਸੰਪਾਦਕ*

ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਪਿਛਲੇ ਦਿਨੀਂ ਗੁਰੂ ਨਾਨਕ ਦੇਵ ਨਾਲ ਸਬੰਧਤ ਥਾਵਾਂ ਦੀ ਪੁਰਾਤਨ ਅਤੇ ਵਿਰਾਸਤੀ ਦਿੱਖ ਨੂੰ ਬਰਕਰਾਰ ਰੱਖਣ ਲਈ ਹਿੰਦੋਸਤਾਨ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪਾਕਿਸਤਾਨ ਦੇ ਵਜ਼ੀਰ-ਏ-ਆਜ਼ਮ ਇਮਰਾਨ ਖਾਨ ਨੂੰ ਪੱਤਰ ਲਿਖਿਆ। ਇਸ ਵਿਚ ਸਿੱਧੂ ਨੇ ਕਰਤਾਰਪੁਰ ਸਾਹਿਬ ਅਤੇ ਡੇਰਾ ਬਾਬਾ ਨਾਨਕ ਦੇ ਗੁਰਦੁਆਰਿਆਂ ਅਤੇ ਨੇੜਲੇ ਇਲਾਕਿਆਂ ਦੀ ਪੁਰਾਤਨ ਦਿੱਖ ਬਹਾਲ ਰੱਖੇ ਜਾਣ ਬਾਰੇ ਕੁਝ ਸੁਝਾਅ ਦਿੱਤੇ ਹਨ: ਇਨ੍ਹਾਂ ਸਥਾਨਾਂ ਨੂੰ ਵਿਰਾਸਤੀ ਪਿੰਡਾਂ ਦਾ ਦਰਜਾ ਦਿੱਤਾ ਜਾਏ; ਸਬੰਧਿਤ ਥਾਵਾਂ ਦਾ ਵਿਕਾਸ ਇਸ ਤਰੀਕੇ ਨਾਲ ਕੀਤਾ ਜਾਏ ਕਿ ਉਥੋਂ ਦੀ ਪਵਿਤਰਤਾ ਤੇ ਪੁਰਾਤਨਤਾ ਭੰਗ ਨਾ ਹੋਵੇ

**ਸਵਰਾਜਬੀਰ**

ਅਤੇ ਇਨ੍ਹਾਂ ਨੂੰ ਕੰਕਰੀਟ ਦੇ ਜੰਗਲ ਨਾ ਬਣਾਇਆ ਜਾਏ; ਉਹ ਜਮੀਨ, ਜਿਸ ਨੂੰ ਗੁਰੂ ਨਾਨਕ ਦੇਵ ਨੇ ਖੁਦ ਵਾਹਿਆ ਤੇ ਸਿੰਜਿਆ ਸੀ, ਉਤੇ ਕੋਈ ਉਸਾਰੀ ਨਾ ਕੀਤੀ ਜਾਏ, ਉਥੇ ਜੈਵਿਕ ਢੰਗ ਨਾਲ ਖੇਤੀ ਕੀਤੀ ਜਾਏ ਤੇ ਉਥੋਂ ਉਗਾਈ ਫਸਲ ਦਾ ਲੰਗਰ ਤਿਆਰ ਕਰਕੇ ਸੰਗਤ ਨੂੰ ਛਕਾਇਆ ਜਾਏ।

ਕਰਤਾਰਪੁਰ ਦੀ ਵਿਰਾਸਤੀ ਦਿੱਖ ਨੂੰ ਕਾਇਮ ਰੱਖਣ ਦੀ ਮੁਹਿੰਮ ਵਿਚ ਹੋਰ ਪੰਜਾਬੀ ਵੀ ਸ਼ਾਮਿਲ ਹਨ। ਬਾਲ ਸਾਹਿਤਕਾਰ ਗੁਰਮੀਤ ਕੌਰ ਦੇ ਇਕ ਲੇਖ ਵਿਚ ਵੀ ਅਜਿਹੇ ਸੁਝਾਅ ਦਿੱਤੇ ਗਏ ਹਨ: ਕਰਤਾਰਪੁਰ ਵਿਚ ਪ੍ਰਕਿਰਤੀ ਦੇ ਵਾਸੇ ਵਾਸਤੇ ਗੁਰਦੁਆਰੇ ਦੇ ਆਲੇ-ਦੁਆਲੇ ਦੇ ਖੇਤਾਂ ਨੂੰ ਨਾ ਛੇੜਿਆ ਜਾਏ ਤੇ ਉਥੇ ਅੱਧੀ ਜਮੀਨ ਵਿਚ ਵਣ ਲਾ ਦਿੱਤੇ ਜਾਣ ਅਤੇ ਬਾਕੀ ਵਿਚ ਪਹਿਲਾਂ ਵਾਂਗ ਦੇਸੀ ਖੇਤੀ ਹੁੰਦੀ ਰਹੇ; ਨਵੀਂ ਉਸਾਰੀ ਦੀ ਦਿੱਖ ਪੁਰਾਤਨ ਸਮਿਆਂ ਵਾਲੀ ਹੋਵੇ, 20-20 ਮੰਜ਼ਿਲਾਂ ਵਾਲੀ ਅੱਜ ਦੀ ਕੋਝੀ ਮਾਡਰਨ ਦਿੱਖ ਵਾਲੀ ਨਹੀਂ; ਰਿਹਾਇਸ਼ੀ ਇਮਾਰਤਾਂ ਗੁਰਦੁਆਰੇ ਤੋਂ ਚੋਖੀ ਦੂਰੀ 'ਤੇ ਬਣਾਈਆਂ ਜਾਣ; ਆਵਾਜਾਈ ਵਧੇਰੇ ਪੈਦਲ ਰੱਖੀ ਜਾਏ ਅਤੇ ਬਜ਼ੁਰਗਾਂ ਤੇ ਹੋਰ ਲੋੜਵੰਦ ਸੰਗਤ ਵਾਸਤੇ ਬਿਜਲਈ ਗੱਡੀਆਂ ਹੋਣ; ਪਲਾਸਟਿਕ ਬੈਗਾਂ, ਬੋਤਲਾਂ ਤੇ ਜੰਕ ਫੂਡ 'ਤੇ ਸਖਤ ਰੋਕ ਲੱਗੇ। ਗੁਰਮੀਤ ਕੌਰ ਨੇ ਇਹ ਵਾਸਤਾ ਵੀ ਪਾਇਆ ਹੈ: "ਰੱਬ ਦੇ ਵਾਸਤੇ ਕਰਤਾਰਪੁਰ ਨੂੰ ਕਰਤਾਰਪੁਰ ਹੀ ਰੱਖਣਾ, ਇਹਨੂੰ ਡਿਜ਼ਨੀਲੈਂਡ ਨਾ ਬਣਾ ਘੱਤਣਾ।"

ਇਨ੍ਹਾਂ ਦਿਨਾਂ ਵਿਚ ਇਹ ਚਰਚਾ ਵੀ ਸਾਹਮਣੇ ਆਈ ਕਿ ਲਾਂਘੇ ਲਈ ਪਹੁੰਚਣ 'ਤੇ ਵੀਜ਼ਾ (ਵੀਜ਼ਾ ਆਨ ਅਰਾਈਵਲ) ਸ਼ਾਇਦ ਸਿਰਫ ਸਿੱਖ ਸ਼ਰਧਾਲੂਆਂ ਨੂੰ ਹੀ ਦਿੱਤਾ ਜਾਏਗਾ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬਿਆਨ ਦੇ ਕੇ ਇਸ ਦਾ ਵਿਰੋਧ ਕੀਤਾ। ਇਸ ਤਰ੍ਹਾਂ ਦੀ ਸੋਚ ਦਾ ਵਿਰੋਧ ਜ਼ਰੂਰੀ ਹੈ ਕਿਉਂਕਿ ਗੁਰੂ ਨਾਨਕ ਦੇਵ ਮਨੁੱਖਤਾ ਦੇ ਸਾਂਝੇ ਰਹਿਬਰ ਸਨ। ਉਨ੍ਹਾਂ ਦਾ ਸੰਦੇਸ਼ ਸਿਰਫ ਸਿੱਖਾਂ ਲਈ ਹੀ ਨਹੀਂ ਸਗੋਂ ਸਾਰੀ ਮਨੁੱਖਤਾ ਵਾਸਤੇ ਹੈ। ਇਸ ਦੀ ਅਜ਼ੀਮ ਮਿਸਾਲ ਖੁਦ ਕਰਤਾਰਪੁਰ ਸਾਹਿਬ ਦੇ ਗੁਰਦੁਆਰੇ ਵਿਚ ਮਿਲਦੀ ਹੈ ਜਿਥੇ ਗੁਰੂ ਸਾਹਿਬ ਦਾ ਮਜ਼ਾਰ ਤੇ ਸਮਾਧੀ ਦੋਵੇਂ ਮੌਜੂਦ ਹਨ। ਗੁਰੂ ਸਾਹਿਬ ਦੀ ਕਰਮਭੂਮੀ ਸਿਰਫ ਪੰਜਾਬ ਤਕ ਹੀ ਸੀਮਤ ਨਹੀਂ ਸੀ ਸਗੋਂ ਉਨ੍ਹਾਂ ਨੇ ਦੂਰ-ਦਰਾਜ ਦੇ ਇਲਾਕਿਆਂ ਵਿਚ ਜਾ ਕੇ 'ਕਿਰਤ ਕਰੋ, ਵੰਡ ਛਕੋ ਤੇ ਨਾਮ ਜਪੋ' ਦਾ ਸੰਦੇਸ਼ ਦਿੱਤਾ। ਸਮਾਜਿਕ ਏਕਤਾ ਤੇ ਸਮਤਾ ਕਾਇਮ ਕਰਨ ਦਾ ਸੰਦੇਸ਼ ਉਨ੍ਹਾਂ ਦੀ ਬਾਣੀ ਵਿਚ ਥਾਂ ਥਾਂ 'ਤੇ ਮਿਲਦਾ ਹੈ। ਜਦ ਬਾਬਰ ਦਾ ਹਮਲਾ ਹੁੰਦਾ ਹੈ ਤਾਂ ਗੁਰੂ ਸਾਹਿਬ ਸਿਰਫ ਪੰਜਾਬ ਦੇ ਲੋਕਾਂ ਦੇ ਹੱਕਾਂ ਦੇ ਵਾਹਕ ਹੀ ਨਹੀਂ ਬਣਦੇ ਸਗੋਂ ਇਕ ਵੱਡੇ ਭੂਗੋਲਿਕ ਖਿੱਤੇ ਦੇ ਲੋਕਾਂ ਦੇ ਦੁੱਖ-ਦਰਦ ਨੂੰ ਜ਼ੁਬਾਨ ਦਿੰਦੇ ਹਨ ਜਿਸ ਨੂੰ ਉਹ ਆਪਣੀ ਬਾਣੀ ਵਿਚ 'ਹਿੰਦੁਸਤਾਨੁ' ਕਹਿੰਦੇ ਹਨ: "ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥" ਇਸ ਤਰ੍ਹਾਂ ਉਹ ਪੰਜਾਬ ਦੇ ਲੋਕਾਂ ਦੀ ਭਾਵੀ ਨੂੰ ਨਾਲ ਦੇ ਖੇਤਰਾਂ ਨਾਲ ਜੋੜਦੇ ਹਨ ਅਤੇ ਸਾਨੂੰ ਸੌੜੀਆਂ ਵਲਗਣਾਂ 'ਚੋਂ ਕੱਢਦੇ ਹਨ। ਇਥੇ ਇਹ ਯਾਦ ਰੱਖਣਾ ਵੀ ਬਣਦਾ ਹੈ ਕਿ ਸੰਤਾਂ, ਗੁਰੂਆਂ, ਪੀਰਾਂ, ਫਕੀਰਾਂ ਵਿਚੋਂ ਗੁਰੂ ਨਾਨਕ ਦੇਵ ਪਹਿਲੇ ਹਨ ਜੋ ਇਸ ਭੂਗੋਲਿਕ ਖਿੱਤੇ ਵਾਸਤੇ ਹਿੰਦੁਸਤਾਨੁ ਸ਼ਬਦ ਵਰਤ ਕੇ ਇਥੋਂ ਦੇ ਲੋਕਾਂ ਲਈ ਬੋਲਦੇ ਹਨ।

ਇਸੇ ਤਰ੍ਹਾਂ ਦਾ ਵਿਸ਼ਾਲ ਦ੍ਰਿਸ਼ਟੀਕੋਣ ਸਾਨੂੰ ਆਦਿ-ਗ੍ਰੰਥ ਦੀ ਸੰਪਾਦਨਾ ਵੇਲੇ ਮਿਲਦਾ ਹੈ ਜਦ ਗੁਰੂ ਅਰਜਨ ਦੇਵ ਦੂਰ-ਦੁਰਾਡੇ ਦੇ ਭਗਤਾਂ ਦੀ ਬਾਣੀ ਆਦਿ-ਗ੍ਰੰਥ ਵਿਚ ਸ਼ਾਮਿਲ ਕਰਦੇ ਹਨ। ਗੁਰੂ ਸਾਹਿਬਾਨ ਦੇ ਵਚਨ ਤੇ ਕੰਮ ਸਾਨੂੰ ਦੱਸਦੇ ਹਨ ਕਿ ਸਾਨੂੰ ਪੰਜਾਬ, ਪੰਜਾਬੀ, ਧਰਮ, ਜਾਤ, ਜਮਾਤ ਆਦਿ ਦੀਆਂ ਸੀਮਾਵਾਂ ਤਕ ਹੀ ਸੀਮਤ ਨਹੀਂ ਹੋ ਜਾਣਾ ਚਾਹੀਦਾ ਅਤੇ ਨਾਲ ਰਹਿੰਦੇ ਤੇ ਦੂਰ-ਦੁਰੇਡੇ ਵਸਦੇ, ਵੱਖ-ਵੱਖ ਧਰਮਾਂ ਨਾਲ ਸਬੰਧ ਰੱਖਦੇ ਤੇ ਵੱਖ-ਵੱਖ ਬੋਲੀਆਂ ਬੋਲਦੇ ਲੋਕਾਂ ਨਾਲ ਸਾਂਝ ਪਾਉਣੀ ਚਾਹੀਦੀ ਹੈ। ਗੁਰੂ ਨਾਨਕ ਦੇਵ ਨੇ ਉਤਰ, ਦੱਖਣ, ਪੂਰਬ, ਪੱਛਮ ਹਰ ਪਾਸੇ ਯਾਤਰਾ ਕੀਤੀ। ਮਿਸਾਲ ਵਜੋਂ ਉਹ ਉੜੀਸਾ ਵਿਚ



ਪੁਰੀ ਗਏ। ਉਥੋਂ ਦੇ ਲੋਕਾਂ ਨਾਲ ਗੋਸਟਿ ਕੀਤੀ। ਪੁਰੀ ਵਿਚ ਜਗਨਨਾਥ ਦੀ ਬਹੁਤ ਵੱਡੀ ਯਾਤਰਾ ਨਿਕਲਦੀ ਹੈ। ਉਸ ਵਿਚ ਇਹ ਝਾਕੀ ਵੇਖਣ ਨੂੰ ਮਿਲਦੀ ਰਹੀ ਹੈ ਜਿਸ ਵਿਚ ਇਹ ਬੋਲਿਆ ਜਾਂਦਾ ਸੀ- "ਕਹਾਂ ਸੇ ਆਇਆ ਨਾਨਕ ਸਾਈਂ, ਕਹਾਂ ਤੁਮਾਰਾ ਡੇਰਾ। ਕਹਾਂ ਤੁਮਾਰਾ ਗੁਰੂ ਕਾ ਗੱਦੀ, ਕੌਣ ਦੇਵ ਕਾ ਪਹਿਰਾ।" 18ਵੀਂ ਸਦੀ ਵਿਚ ਆਗਰੇ ਦਾ ਲੋਕ ਸ਼ਾਇਰ ਨਜ਼ੀਰ ਅਕਬਰਾਬਾਦੀ ਉਨ੍ਹਾਂ ਨੂੰ 'ਨਾਨਕਸ਼ਾਹ' ਕਹਿ ਕੇ ਯਾਦ ਕਰਦਾ ਹੈ ਅਤੇ 20ਵੀਂ ਸਦੀ ਵਿਚ ਮੁਹੰਮਦ ਇਕਬਾਲ 'ਮਰਦੇ ਕਾਮਲ' ਕਹਿ ਕੇ। 19ਵੀਂ ਤੇ 20ਵੀਂ ਸਦੀ ਵਿਚ ਰਾਜਾ ਰਾਮ ਮੋਹਨ ਰਾਏ, ਸਵਾਮੀ ਵਿਵੇਕਾਨੰਦ, ਦੇਬਿੰਦਰਾ ਨਾਥ, ਕੇਸ਼ਵ ਚੰਦਰ ਸੇਨ, ਰਾਬਿੰਦਰ ਨਾਥ ਟੈਗੋਰ ਅਤੇ ਹੋਰ ਬਹੁਤ ਸਾਰੇ ਚਿੰਤਕ ਗੁਰੂ ਨਾਨਕ ਦੇਵ ਦੇ ਚਿੰਤਨ ਤੋਂ ਪ੍ਰਭਾਵਿਤ ਹੁੰਦੇ ਹਨ। ਇਸ ਦੀਆਂ ਹੋਰ ਵੀ ਬਹੁਤ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਪਰ ਮੂਲ ਦਲੀਲ ਇਹੋ ਹੈ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਦਾ ਹੱਕ ਸਾਰੇ ਧਰਮਾਂ ਦੇ ਲੋਕਾਂ ਨੂੰ ਦਿੱਤਾ ਜਾਣਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਦੇ ਵਾਦ-ਵਿਵਾਦ ਤੋਂ ਬਚਣਾ ਚਾਹੀਦਾ ਹੈ।

ਵੰਡ ਤੋਂ ਪਹਿਲਾਂ ਗੁਰਦੁਆਰੇ ਕੋਲ ਤਕਰੀਬਨ ਸੌ ਏਕੜ ਜਮੀਨ ਸੀ। ਇਹ ਉਹ ਜਮੀਨ ਹੈ ਜਿਥੇ ਗੁਰੂ ਸਾਹਿਬ ਨੇ ਖੇਤੀ ਕੀਤੀ। "ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ", "ਹੋਇ ਕਿਰਸਾਣੁ ਈਮਾਨੁ ਜੰਮਾਇ", "ਇਹ ਤਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆਪਾਉ ਸਾਰਿੰਗਪਾਣੀ" ਜਿਹੇ ਬੋਲ ਕਿਰਤ, ਖੇਤੀ ਤੇ ਕਿਸਾਨੀ ਨਾਲ ਜੁੜੇ ਕੰਮਾਂ-ਕਾਰਾਂ ਵਿਚੋਂ ਹੀ ਨਿਕਲੇ ਹਨ। ਇਹ ਜਮੀਨ ਸਾਡੇ ਲਈ ਅਨਮੋਲ ਹੈ। ਹੁਣ ਇਥੋਂ ਦਾ ਪ੍ਰਬੰਧਕੀ ਟਰਸਟ ਕੁਝ ਜਮੀਨ ਵਿਚ ਦੇਸੀ/ਜੈਵਿਕ ਖੇਤੀ ਕਰਦਾ ਹੈ ਅਤੇ ਲੰਗਰ ਇਸ ਤਰੀਕੇ ਨਾਲ ਉਪਜੇ ਅੰਨ ਵਿਚੋਂ ਹੀ ਬਣਾਇਆ ਜਾਂਦਾ ਹੈ। ਗੁਰਦੁਆਰੇ ਵਿਚ ਮੁਸਲਮਾਨ ਤੇ ਇਸਾਈ ਸ਼ਰਧਾਲੂ ਵੀ ਆਉਂਦੇ ਹਨ। ਇਨ੍ਹਾਂ ਰਵਾਇਤਾਂ ਨੂੰ ਕਾਇਮ ਰੱਖਿਆ ਜਾਣਾ ਚਾਹੀਦਾ ਹੈ।

ਕਰਤਾਰਪੁਰ ਸਾਹਿਬ ਗੁਰਦੁਆਰੇ ਦੀ ਸਾਂਭ-ਸੰਭਾਲ ਦੀ ਜਿਸ ਤਰ੍ਹਾਂ ਦੀ ਮੰਗ ਕੀਤੀ ਜਾ ਰਹੀ ਹੈ, ਉਹ ਦੂਸਰੇ ਗੁਰਧਾਮਾਂ ਤੇ ਇਤਿਹਾਸਕ ਸਥਾਨਾਂ 'ਤੇ ਵੀ ਲਾਗੂ ਹੋਣੀ ਚਾਹੀਦੀ ਹੈ। ਕਈ ਵਾਰ ਅਸੀਂ ਭੁੱਲ ਜਾਂਦੇ ਹਾਂ ਕਿ ਇਨ੍ਹਾਂ ਸਥਾਨਾਂ ਦਾ ਮਹੱਤਵ ਇਤਿਹਾਸਕ ਹੈ ਅਤੇ ਇਨ੍ਹਾਂ ਦੀ ਪੁਰਾਤਨ ਦਿੱਖ ਨੂੰ ਬਰਕਰਾਰ ਰੱਖਣਾ ਇਸ ਲਈ ਜ਼ਰੂਰੀ ਹੈ ਕਿ ਜਦ ਕੋਈ ਸ਼ਰਧਾਲੂ ਇਨ੍ਹਾਂ ਦਾ ਦੀਦਾਰ ਕਰੇ ਤਾਂ ਉਸ ਨੂੰ ਆਪਣੇ ਵਿਰਸੇ ਦੀ ਯਾਦ ਆਏ। ਜੋਸ਼ ਤੇ ਉਤਸ਼ਾਹ ਵਿਚ ਅਸੀਂ ਇਨ੍ਹਾਂ ਅਸਥਾਨਾਂ ਨੂੰ ਆਧੁਨਿਕ ਤੇ ਦਿਖਾਵਾਮਈ ਬਣਾਉਣਾ ਸ਼ੁਰੂ ਕਰ ਦਿੰਦੇ ਹਾਂ; ਵੱਡੀਆਂ ਵੱਡੀਆਂ ਇਮਾਰਤਾਂ ਉਸਾਰ ਦਿੱਤੀਆਂ ਜਾਂਦੀਆਂ ਜੋ ਅੱਜ ਦੇ ਸੁਹਜ ਅਨੁਸਾਰ ਤਾਂ ਚੰਗੀਆਂ ਲੱਗਦੀਆਂ ਹਨ ਪਰ ਉਨ੍ਹਾਂ ਵਿਚੋਂ ਉਹ ਪੁਰਾਤਨਤਾ ਗਾਇਬ ਹੁੰਦੀ ਹੈ ਜਿਸ ਨੂੰ ਵੇਖ ਕੇ ਸ਼ਰਧਾਲੂ ਦੇ ਮਨ ਵਿਚ ਆਪਣੇ ਅਤੀਤ ਬਾਰੇ ਡੂੰਘੀਆਂ ਤਰਬਾਂ ਉਠਦੀਆਂ ਹਨ। ਵੈਭਵ ਤੇ ਬੇਲੋੜੀ ਸਜਾਵਟ ਬਹੁਤੀ ਵਾਰ ਸਥਾਨ ਦੀ ਇਤਿਹਾਸਕਤਾ ਤੇ ਉਸ ਦੇ ਆਂਤਰਿਕ ਸੁਹਜ ਦਾ ਮਲੀਆਮੇਟ ਕਰ ਦਿੰਦੇ ਹਨ।

ਇਸੇ ਤਰ੍ਹਾਂ ਕਈ ਗੁਰਦੁਆਰਿਆਂ ਵਿਚ ਪੁਰਾਣੇ ਚਿੱਤਰਕਾਰਾਂ ਤੇ ਨੱਕਾਸ਼ਾਂ ਦੁਆਰਾ ਗੁਰੂ ਸਾਹਿਬਾਨ ਦੇ ਚਿੱਤਰ ਬਣਾਏ ਗਏ ਅਤੇ ਨੱਕਾਸ਼ੀ ਕੀਤੀ ਗਈ ਹੈ। ਉਹ ਚਿੱਤਰ ਸਾਡੀ ਵਿਰਾਸਤ ਹਨ ਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰਨਾ ਸਾਡੀ ਜ਼ਿੰਮੇਵਾਰੀ ਬਣਦੀ ਹੈ। ਕਈ ਵਾਰ ਸਾਨੂੰ ਲੱਗਦਾ ਹੈ ਕਿ ਇਹ ਚਿੱਤਰ ਪੁਰਾਣੇ ਹੋ ਚੁੱਕੇ ਹਨ ਤੇ ਅਸੀਂ ਇਸ ਲੋਭ ਵਿਚ ਪੈ ਜਾਂਦੇ ਹਾਂ ਕਿ ਇਨ੍ਹਾਂ ਦੀ ਥਾਂ 'ਤੇ ਸੰਗਮਰਮਰ ਲਾ ਦਿੱਤਾ ਜਾਏ। ਅਸਲ ਵਿਚ ਇਹੋ ਜਿਹੇ ਚਿੱਤਰ ਤੇ ਨੱਕਾਸ਼ੀ ਬੇਸ਼ਕੀਮਤੀ ਹਨ ਕਿਉਂਕਿ ਉਹ ਸਾਡੇ ਇਤਿਹਾਸ ਨਾਲ ਪ੍ਰਣਾਏ ਹੋਏ ਹਨ। ਵਧੀਆ ਸੰਗਮਰਮਰ ਜਾਂ ਸੋਨੇ ਦੀ ਜੜਤ ਪ੍ਰਵੀਨ ਤੇ ਸ਼ਰਧਾਲੂ ਚਿੱਤਰਕਾਰਾਂ ਤੇ ਨੱਕਾਸ਼ਾਂ ਵੱਲੋਂ ਬਣਾਈਆਂ ਕਲਾਕ੍ਰਿਤਾਂ ਦੀ ਥਾਂ ਨਹੀਂ ਲੈ ਸਕਦੀ। ਇਸ ਲਈ ਡੇਰਾ ਬਾਬਾ ਨਾਨਕ ਅਤੇ ਕਰਤਾਰਪੁਰ ਸਾਹਿਬ ਦੀ ਵਿਰਾਸਤੀ ਦਿੱਖ ਬਣਾਏ ਰੱਖਣ ਲਈ ਦਿੱਤੇ ਗਏ ਸੁਝਾਵਾਂ 'ਤੇ ਸੁਹਿਰਦਤਾ ਨਾਲ ਵਿਚਾਰ ਹੋਣਾ ਚਾਹੀਦਾ ਹੈ ਅਤੇ ਹੋਰ ਧਾਰਮਿਕ ਅਤੇ ਇਤਿਹਾਸਕ ਸਥਾਨਾਂ ਦੀ ਨਵਉਸਾਰੀ ਸਮੇਂ ਵੀ ਇਨ੍ਹਾਂ ਸੁਝਾਵਾਂ ਦਾ ਧਿਆਨ ਰੱਖਣ ਦੀ ਲੋੜ ਹੈ। ਵਿਰਾਸਤੀ ਸਰੋਤਾਂ ਤੇ ਸੋਮਿਆਂ ਦੀ ਸੰਭਾਲ ਲਈ ਮਾਹਿਰ ਲੋਕਾਂ ਦੀ ਰਾਏ ਲੈਣੀ ਚਾਹੀਦੀ ਹੈ। ਦੁਨੀਆਂ ਦੇ ਕੋਨੇ ਕੋਨੇ ਵਿਚ ਮਾਹਿਰ ਆਰਕੀਟੈਕਟ ਹਨ ਜੋ ਕਿਸੇ ਸਥਾਨ ਦੀ ਪੁਰਾਤਨ ਦਿੱਖ ਨੂੰ ਕਾਇਮ ਰੱਖਣ ਵਿਚ ਸਹਾਇਤਾ ਕਰ ਸਕਦੇ ਹਨ, ਪਰ ਚੜ੍ਹਦੇ ਤੇ ਲਹਿੰਦੇ ਪੰਜਾਬ ਅਤੇ ਬਾਕੀ ਦੇ ਹਿੰਦੋਸਤਾਨ ਵਿਚ ਵੀ ਬੜੀ ਉਚ-ਪੱਧਰ ਦੇ ਇਮਾਰਤਸਾਜ਼, ਕਾਰੀਗਰ, ਚਿੱਤਰਕਾਰ ਤੇ ਨੱਕਾਸ਼ ਹਨ ਅਤੇ ਧਾਰਮਿਕ ਅਸਥਾਨਾਂ ਦੀ ਸਾਂਭ-ਸੰਭਾਲ ਕਰਦਿਆਂ ਉਨ੍ਹਾਂ ਦੀ ਕਾਰਜਕੁਸ਼ਲਤਾ ਨੂੰ ਅਣਡਿੱਠ ਨਹੀਂ ਕਰਨਾ ਚਾਹੀਦਾ। ਇਹ ਕਾਰਜ ਇਸ ਸੰਵੇਦਨਸ਼ੀਲਤਾ ਤੇ ਸੁਹਜ ਨਾਲ ਕਰਾਇਆ ਜਾਣਾ ਚਾਹੀਦਾ ਹੈ ਜਿਸ ਨਾਲ ਇਨ੍ਹਾਂ ਸਥਾਨਾਂ ਦੀ ਧਾਰਮਿਕ ਅਤੇ ਇਤਿਹਾਸਕ ਦਿੱਖ ਉਸੇ ਰੂਪ ਵਿਚ ਸੰਭਾਲੀ ਜਾ ਸਕੇ ਜਿਹੋ ਜਿਹੀ ਪੁਰਾਣੇ ਵੇਲੇ ਦੇ ਇਮਾਰਤਸਾਜ਼ਾਂ, ਕਾਰੀਗਰਾਂ, ਕਲਾਕਾਰਾਂ ਅਤੇ ਨੱਕਾਸ਼ਾਂ ਨੇ ਚਿਤਵੀ ਸੀ।

# ਹੁਣ ਗੌਡਸੇ 'ਮਹਾਤਮਾ' ਹੈ...

***ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸੰਘ ਬ੍ਰਿਗੇਡ ਦੀ ਮਸ਼ੀਨਰੀ ਦੀ ਰਫਤਾਰ ਹੁਣ ਤੇਜ਼ ਕਰ ਦਿੱਤੀ ਗਈ ਹੈ। ਇਸ ਨਾਲ ਜੁੜੀਆਂ ਵੱਖ-ਵੱਖ ਸੰਸਥਾਵਾਂ ਅਤੇ ਜਥੇਬੰਦੀਆਂ ਨਿੱਤ ਸਰਗਰਮੀ ਵਧਾ ਰਹੀਆਂ ਹਨ। ਇਸ ਦੇ ਨਾਲ ਹੀ ਅਸਹਿਮਤੀ ਵਾਲੀ ਹਰ ਆਵਾਜ਼ ਨੂੰ ਡੱਕਣ ਲਈ ਵੱਡੀ ਪੱਧਰ ਉਤੇ ਸਜ਼ਿਸ਼ਾਂ ਘੜੀਆਂ ਜਾ ਰਹੀਆਂ ਹਨ। ਇਸ ਬਾਰੇ ਵਿਸਥਾਰ ਸਹਿਤ ਟਿੱਪਣੀ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ***

**ਬੂਟਾ ਸਿੰਘ**
ਫੋਨ: +91-94634-74342

ਪਿਛਲੇ ਹਫਤੇ ਵਾਪਰੀਆਂ ਦੋ ਘਟਨਾਵਾਂ ਦੱਸਦੀਆਂ ਹਨ ਕਿ ਇਕ ਖਤਰਨਾਕ ਵਰਤਾਰਾ ਕਿਸ ਹੱਦ ਤਕ ਮੁਲਕ ਨੂੰ ਲਪੇਟ ਵਿਚ ਲੈ ਚੁੱਕਾ ਹੈ। ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਹੋਣ ਦੇ ਦਾਅਵੇਦਾਰ ਭਾਰਤ ਅੰਦਰ ਨਿਰਪੱਖ ਜਾਂਚ, ਨਿਆਂ ਲਈ ਕਾਨੂੰਨ ਦਾ ਅਮਲ ਇਸ ਕਦਰ ਖੋਖਲੇ ਹੋ ਚੁੱਕੇ ਹਨ ਕਿ ਉਨ੍ਹਾਂ ਰਾਜਕੀ ਸੰਸਥਾਵਾਂ ਨੂੰ ਸੱਤਾਧਾਰੀ ਧਿਰ ਦੀ ਇੱਛਾ ਅਨੁਸਾਰ ਬੇਹਯਾ ਹੋ ਕੇ ਕੰਮ ਕਰਨ ਤੋਂ ਭੋਰਾ ਵੀ ਗੁਰੇਜ਼ ਨਹੀਂ ਹੈ ਜਿਨ੍ਹਾਂ ਦੀ ਡਿਊਟੀ ਕਾਨੂੰਨ ਲਾਗੂ ਕਰਾਉਣਾ ਹੈ। ਜਦੋਂ ਕਾਨੂੰਨ ਲਾਗੂ ਕਰਨ ਵਾਲੇ ਹੀ ਮੁੱਖ ਲਾਕਾਨੂੰਨੀ ਤਾਕਤ ਬਣ ਜਾਣ, ਫਿਰ ਨਿਰਪੱਖ ਜਾਂਚ ਤੇ ਨਿਆਂ ਦੀ ਗੁੰਜਾਇਸ਼ ਹੀ ਕਿਥੇ ਰਹਿ ਜਾਂਦੀ ਹੈ!

30 ਜਨਵਰੀ ਨੂੰ ਜਦੋਂ ਪੂਰੇ ਮੁਲਕ ਵਿਚ ਮਹਾਤਮਾ ਗਾਂਧੀ ਦਾ 71ਵਾਂ 'ਬਲੀਦਾਨ ਦਿਵਸ' ਮਨਾਇਆ ਜਾ ਰਿਹਾ ਸੀ, ਯੂ.ਪੀ. ਦੇ ਸ਼ਹਿਰ ਅਲੀਗੜ੍ਹ ਵਿਚ ਹਿੰਦੂ ਮਹਾਂਸਭਾ ਨੇ 'ਮਹਾਤਮਾ ਨੱਥੂਰਾਮ ਗੌਡਸੇ' ਨੂੰ ਹਾਰ ਪਹਿਨਾਏ। ਗੌਡਸੇ ਵੱਲੋਂ ਗਾਂਧੀ ਦੀ ਹੱਤਿਆ ਦੇ ਦ੍ਰਿਸ਼ ਨੂੰ ਮੁੜ ਸਿਰਜਣ ਲਈ ਗੁਬਾਰਿਆਂ ਵਿਚ ਲਾਲ ਰੰਗ ਭਰ ਕੇ ਤਸਵੀਰ ਨਾਲ ਇਸ ਤਰ੍ਹਾਂ ਲਗਾਏ ਗਏ ਤਾਂ ਜੋ ਗੋਲੀਆਂ ਚਲਾਉਣ ਤੋਂ ਬਾਅਦ ਲਹੂ ਵਗਣ ਦਾ ਦ੍ਰਿਸ਼ ਸਿਰਜਿਆ ਜਾ ਸਕੇ। ਸਭਾ ਦੀ ਜਨਰਲ ਸਕੱਤਰ ਪੂਜਾ ਸ਼ਕੂਨ ਪਾਂਡੇ ਦੀ ਰਾਹਨੁਮਾਈ ਹੇਠ ਮਹਾਤਮਾ ਗਾਂਧੀ ਦੀ ਤਸਵੀਰ ਉਪਰ ਖਿਡੌਣੇ ਪਿਸਤੌਲ ਨਾਲ ਗੋਲੀਆਂ ਚਲਾ ਕੇ ਹੱਤਿਆ ਦਾ ਮੰਜ਼ਰ ਦੁਹਰਾਇਆ ਗਿਆ। 'ਗਾਂਧੀ ਮੁਰਦਾਬਾਦ', 'ਮਹਾਤਮਾ ਗੌਡਸੇ ਜ਼ਿੰਦਾਬਾਦ' ਦੇ ਨਾਅਰੇ ਲਾਏ ਗਏ ਅਤੇ ਇਸ ਪੂਰੀ ਕਾਰਵਾਈ ਦਾ ਵੀਡੀਓ ਕਲਿੱਪ ਬਣਾ ਕੇ ਵਾਇਰਲ ਕੀਤਾ ਗਿਆ। ਇਹ ਸਮਾਗਮ ਹਰ ਸਾਲ ਕਰਨ ਦਾ ਐਲਾਨ ਵੀ ਕੀਤਾ ਗਿਆ। ਪੁਲਿਸ ਮੂਕ ਦਰਸ਼ਕ ਬਣੀ ਰਹੀ। ਬਾਅਦ ਵਿਚ ਖਾਨਾਪੂਰਤੀ ਲਈ ਜੋ ਪਰਚਾ ਦਰਜ ਕੀਤਾ, ਉਸ ਵਿਚ ਵੀ ਗ੍ਰਿਫਤਾਰ ਕੀਤੇ ਸ਼ਖਸ ਨੂੰ ਇਸ ਬਹਾਨੇ ਤੁਰੰਤ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਕਿ ਉਸ ਦੀ ਸਿਹਤ ਠੀਕ ਨਹੀਂ ਹੈ। ਮੁੱਖ ਦੋਸ਼ੀ ਹਿੰਦੂ ਮਹਾਂਸਭਾ ਦੀ ਜਨਰਲ ਸਕੱਤਰ ਪੂਜਾ ਸ਼ਕੂਨ ਪਾਂਡੇ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ। ਸਾਬਕਾ ਕੇਂਦਰੀ ਮੰਤਰੀ ਉਮਾ ਭਾਰਤੀ, ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਤੇ ਹੋਰ ਸਿਖਰਲੇ ਆਗੂਆਂ ਨਾਲ ਉਸ ਦੀਆਂ ਤਸਵੀਰਾਂ ਤੋਂ ਸਾਫ ਪਤਾ ਲੱਗਦਾ ਹੈ ਕਿ ਮੁਲਕ ਦੀ ਨਿਆਂ ਪ੍ਰਣਾਲੀ ਦੇ ਸਮਾਂਤਰ ਬਣਾਈ 'ਪਲੇਠੀ ਹਿੰਦੂ ਅਦਾਲਤ' ਦੀ ਇਹ 'ਜੱਜ' ਭਗਵੇਂ ਪਰਿਵਾਰ ਦੀ ਮਾਮੂਲੀ ਹਮਾਇਤੀ ਨਹੀਂ ਸਗੋਂ ਇਕ ਕੱਟੜ ਹਿੰਦੂਤਵ ਆਗੂ ਹੈ ਜਿਸ ਦਾ ਵੱਡੇ ਭਗਵੇਂ ਧੁਨੰਤਰਾਂ ਨਾਲ ਗੂੜ੍ਹਾ ਰਿਸ਼ਤਾ ਹੈ। ਇਹ ਗਾਂਧੀ ਦੀ ਸੋਚ ਅਤੇ ਉਸ ਵੱਲੋਂ ਨਿਭਾਈ ਭੂਮਿਕਾ ਨਾਲ ਅਸਹਿਮਤੀ ਪ੍ਰਗਟਾਉਣ ਜਾਂ ਉਸ ਦੀ ਆਲੋਚਨਾ ਕਰਨ ਦਾ ਮਾਮਲਾ ਨਹੀਂ ਸੀ, ਜਿਵੇਂ ਗਾਂਧੀ ਦੇ ਬਹੁਤ ਸਾਰੇ ਸਮਕਾਲੀਆਂ ਦੇ ਸਮੇਂ ਤੋਂ ਹੀ ਉਸ ਦੀ ਭੂਮਿਕਾ ਨੂੰ ਲੈ ਕੇ ਹੁੰਦਾ ਆਇਆ ਹੈ, ਚਾਹੇ ਇਹ ਡਾ. ਅੰਬੇਡਕਰ ਸਨ, ਕਮਿਊਨਿਸਟ ਜਾਂ ਸੋਸ਼ਲਿਸਟ ਸਨ। ਇਹ ਇਤਿਹਾਸ ਨੂੰ ਉਲਟਾ ਕੇ ਅਤੇ ਆਪਣੇ ਹਿਤਾਂ ਅਨੁਸਾਰ ਮੁੜ ਲਿਖ ਕੇ ਨਫਰਤ ਦੀ ਵਿਚਾਰਧਾਰਾ ਦੀ ਤਰਜਮਾਨੀ ਕਰਨ ਵਾਲਿਆਂ ਨੂੰ ਕੌਮੀ ਨਾਇਕਾਂ ਵਜੋਂ ਸਥਾਪਤ ਕਰਨ ਦੀ ਗਿਣੀ-ਮਿਥੀ ਯੋਜਨਾ ਦਾ ਹਿੱਸਾ ਹੈ।

ਦੂਜੀ ਘਟਨਾ ਪ੍ਰੋਫੈਸਰ ਆਨੰਦ ਤੇਲਤੁੰਬੜੇ ਦੀ ਗ੍ਰਿਫਤਾਰੀ ਦੀ ਹੈ ਜੋ ਰੌਸ਼ਨ ਖਿਆਲ ਦਲਿਤ ਚਿੰਤਕ, ਮਕਬੂਲ ਕਾਲਮਨਵੀਸ ਅਤੇ ਜਮਹੂਰੀ ਹੱਕਾਂ ਦਾ ਘੁਲਾਟੀਆ ਹੈ। 26 ਮਹੱਤਵਪੂਰਨ ਕਿਤਾਬਾਂ ਦਾ ਰਚੇਤਾ ਤੇਲਤੁੰਬੜੇ, ਕੁਲ ਆਲਮ ਵਿਚ ਜਾਣਿਆ-ਪਛਾਣਿਆ ਨਾਂ ਹੈ। ਦੁਨੀਆ ਦੀਆਂ 90 ਜਥੇਬੰਦੀਆਂ, 50 ਦੇ ਕਰੀਬ ਅੰਬੇਡਕਰਵਾਦੀ ਸੰਸਥਾਵਾਂ ਅਤੇ ਨੋਮ ਚੌਮਸਕੀ, ਜਾਂ ਡਰੈਜ਼ ਵਰਗੇ ਚੋਟੀ ਦੇ ਬੁੱਧੀਜੀਵੀਆਂ ਨੇ ਉਸ ਦਾ ਮਾਮਲਾ ਸੰਯੁਕਤ ਰਾਸ਼ਟਰ ਕੋਲ ਉਠਾਇਆ ਹੈ। ਪੁਣੇ ਪੁਲਿਸ ਦਾ ਦਾਅਵਾ ਹੈ ਕਿ ਹੋਰ ਗ੍ਰਿਫਤਾਰ ਕੀਤੇ ਬੁੱਧੀਜੀਵੀਆਂ ਵਾਂਗ ਉਹ ਵੀ ਸ਼ਹਿਰੀ ਮਾਓਵਾਦੀ ਤਾਣੇ-ਬਾਣੇ ਦਾ ਹਿੱਸਾ ਹੈ ਅਤੇ ਪੁਲਿਸ ਅਨੁਸਾਰ ਉਸ ਦੇ ਪਾਬੰਦੀਸ਼ੁਦਾ ਮਾਓਵਾਦੀ ਪਾਰਟੀ ਨਾਲ ਸਬੰਧਾਂ ਦਾ ਸਬੂਤ ਇਕ ਚਿੱਠੀ ਵਿਚਲਾ ਸ਼ਬਦ 'ਕਾ. ਆਨੰਦ' ਹੈ ਜਿਨ੍ਹਾਂ ਬਾਰੇ ਦਾਅਵਾ ਕੀਤਾ ਗਿਆ ਕਿ ਪੁਲਿਸ ਨੂੰ ਇਹ ਚਿੱਠੀਆਂ ਹੋਰ ਬੁੱਧੀਜੀਵੀਆਂ ਦੇ ਕੰਪਿਊਟਰਾਂ ਵਿਚੋਂ ਮਿਲੀਆਂ ਸਨ। ਇਹ ਐਸਾ 'ਸਬੂਤ' ਹੈ ਜਿਸ ਤਹਿਤ ਮੁਲਕ ਦੇ ਕਿਸੇ ਵੀ 'ਆਨੰਦ' ਨਾਂ ਦੇ ਸ਼ਖਸ ਨੂੰ ਸ਼ਹਿਰੀ ਨਕਸਲੀ ਕਰਾਰ ਦੇ ਕੇ ਗ੍ਰਿਫਤਾਰ ਕੀਤਾ ਜਾ



ਸਕਦਾ ਹੈ। ਪ੍ਰੋਫੈਸਰ ਤੇਲਤੁੰਬੜੇ ਨੂੰ 2 ਜਨਵਰੀ ਨੂੰ ਤੜਕੇ ਸਾਢੇ ਤਿੰਨ ਵਜੇ ਨੂੰ ਮੁੰਬਈ ਹਵਾਈ ਅੱਡੇ ਉਪਰ ਜਹਾਜ ਤੋਂ ਉਤਰਦੇ ਸਾਰ ਗ੍ਰਿਫਤਾਰ ਕਰ ਲਿਆ ਗਿਆ, ਜਦੋਂ ਉਹ 'ਸ਼ਹਿਰੀ ਨਕਸਲੀ' ਮਾਮਲੇ ਸਬੰਧੀ ਬੰਬਈ ਹਾਈਕੋਰਟ ਵਿਚ ਜ਼ਮਾਨਤ ਦੀ ਚਾਰਾਜੋਈ ਕਰਨ ਲਈ ਆਏ ਸਨ। ਪੁਲਿਸ ਅਧਿਕਾਰੀਆਂ ਨੇ ਇਹ ਵੀ ਪ੍ਰਵਾਹ ਨਹੀਂ ਕੀਤੀ ਕਿ ਸੁਪਰੀਮ ਕੋਰਟ ਨੇ 11 ਫਰਵਰੀ ਤਕ ਉਸ ਨੂੰ ਗ੍ਰਿਫਤਾਰ ਨਾ ਕਰਨ ਦਾ ਆਦੇਸ਼ ਦਿੱਤਾ ਹੋਇਆ ਹੈ ਅਤੇ ਇਸ ਤੋਂ ਪਹਿਲਾਂ ਉਸ ਨੂੰ ਗ੍ਰਿਫਤਾਰ ਕਰਨਾ ਸਿੱਧੇ ਤੌਰ 'ਤੇ ਅਦਾਲਤ ਦੀ ਤੌਹੀਨ ਹੋਵੇਗਾ। ਪੁਲਿਸ ਹਰ ਹਰਬਾ ਵਰਤ ਕੇ ਉਸ ਦੀ ਜ਼ਮਾਨਤ ਰੋਕਣਾ ਚਾਹੁੰਦੀ ਹੈ।

ਇਕ ਪਾਸੇ, ਘੱਟਗਿਣਤੀਆਂ ਤੇ ਹੋਰ ਦੱਬੇ-ਕੁਚਲੇ ਹਿੱਸਿਆਂ ਖਿਲਾਫ ਖੁੱਲ੍ਹੇਆਮ ਨਫਰਤ ਫੈਲਾਉਂਦੇ ਹਿੰਦੂਤਵ ਆਗੂਆਂ ਦੇ ਹਿੰਸਾ ਦਾ ਛੱਟਾ ਦਿੰਦੇ ਭਾਸ਼ਨ ਅਤੇ ਬਿਆਨ ਹਨ, ਹਿੰਦੂਆਂ ਦੇ ਸਦੀਆਂ ਦੇ ਅਪਮਾਨ ਦਾ ਬਦਲਾ ਲੈਣ ਦੇ ਸੱਦੇ ਹਨ, ਅਸਹਿਮਤ ਆਵਾਜ਼ਾਂ ਨੂੰ ਖਾਮੋਸ਼ ਕਰਨ ਤੇ ਘੱਟਗਿਣਤੀਆਂ ਦੇ ਨਾਂ ਹੇਠ ਦਹਿਸ਼ਤਵਾਦੀ ਕਾਂਡਾਂ ਨੂੰ ਅੰਜ਼ਾਮ ਦੇਣ ਲਈ ਗੁਪਤ ਗਰੋਹ ਅਤੇ ਹਥਿਆਰਾਂ ਦੇ ਗੁਪਤ ਜ਼ਖੀਰੇ ਹਨ ਜਿਨ੍ਹਾਂ ਦੀਆਂ ਤਾਰਾਂ ਵਾਰ-ਵਾਰ ਹਿੰਦੂਤਵ ਜਥੇਬੰਦੀਆਂ ਦੇ ਆਗੂਆਂ ਨਾਲ ਜਾ ਜੁੜਦੀਆਂ ਹਨ। ਰਾਮ ਮੰਦਰ ਅਤੇ ਸ਼ਬਰੀਮਾਲਾ ਮੰਦਰ ਵਰਗੇ ਮੁੱਦਿਆਂ ਉਪਰ ਸੁਪਰੀਮ ਕੋਰਟ ਨੂੰ ਹਿੰਦੂਆਂ ਦੀਆਂ ਭਾਵਨਾਵਾਂ ਨੂੰ ਧਿਆਨ ਵਿਚ ਰੱਖਣ ਦੀਆਂ ਧਮਕੀਨੁਮਾ ਨਸੀਹਤਾਂ ਹਨ। ਇਹ ਖਾਸ ਮੁਜਰਿਮ ਕਿਉਂਕਿ ਸੱਤਾਧਾਰੀ ਸੰਘ ਬ੍ਰਿਗੇਡ ਦੇ ਆਪਣੇ ਬੰਦੇ ਹਨ ਇਸ ਲਈ ਪੁਲਿਸ ਅਤੇ ਹੋਰ ਰਾਜ ਮਸ਼ੀਨਰੀ ਨਾ ਕੇਵਲ ਉਨ੍ਹਾਂ ਦੀਆਂ ਭੜਕਾਊ ਕਾਰਵਾਈਆਂ ਨੂੰ ਦੇਖ ਕੇ ਅਣਡਿੱਠ ਕਰ ਦਿੰਦੀ ਹੈ ਸਗੋਂ ਬਹੁਤ ਸਾਰੇ ਮਾਮਲਿਆਂ ਵਿਚ ਉਨ੍ਹਾਂ ਦਾ ਹੱਥ ਵਟਾਉਂਦੀ ਨਜ਼ਰ ਆਉਂਦੀ ਹੈ। ਘੋਰ ਦਹਿਸ਼ਤਵਾਦੀ ਕਾਂਡਾਂ ਲਈ ਜ਼ਿੰਮੇਵਾਰ ਮੁਜਰਿਮਾਂ ਨੂੰ ਸਹਿਜੇ ਹੀ ਜ਼ਮਾਨਤਾਂ ਅਤੇ ਕਲੀਨ ਚਿੱਟਾਂ ਦੇ ਦਿੱਤੀਆਂ ਜਾਂਦੀਆਂ ਹਨ। ਗੌਰੀ ਲੰਕੇਸ਼-ਡਭੋਲਕਰ-ਕਲਬੁਰਗੀ ਦੇ ਮਾਮਲੇ ਨੂੰ ਛੱਡ ਕੇ ਇਨ੍ਹਾਂ ਦੇ ਮਾਮਲਿਆਂ ਵਿਚ ਕਦੇ ਵੀ ਜਾਂਚ ਏਜੰਸੀਆਂ ਵੱਲੋਂ ਦਹਿਸ਼ਤਵਾਦ ਵਿਰੋਧੀ ਕਾਨੂੰਨ ਦੀਆਂ ਧਾਰਾਵਾਂ ਨਹੀਂ ਲਗਾਈਆਂ ਗਈਆਂ। ਘੋਰ ਨਫਰਤ ਅਤੇ ਦਹਿਸ਼ਤੀ ਹਿੰਸਾ ਵਿਚ ਲੱਗੀਆਂ ਇਨ੍ਹਾਂ ਸੰਸਥਾਵਾਂ ਉਪਰ ਕਦੇ ਵੀ ਪਾਬੰਦੀਸ਼ੁਦਾ ਦਾ ਟੈਗ ਨਹੀਂ ਲਗਾਇਆ ਜਾਂਦਾ।

ਦੂਜੇ ਪਾਸੇ, ਸਮਾਜੀ ਨਿਆਂ ਅਤੇ ਦੱਬੇ-ਕੁਚਲਿਆਂ ਦੇ ਹੱਕ ਵਿਚ ਸੋਚਣ, ਲਿਖਣ ਅਤੇ ਆਵਾਜ਼ ਉਠਾਉਣ ਵਾਲੇ ਪ੍ਰੋਫੈਸਰ, ਵਕੀਲ, ਲੇਖਕ/ਚਿੰਤਕ, ਜਮਹੂਰੀ ਕਾਰਕੁਨ ਆਦਿ ਜ਼ਹੀਨ ਚਿੰਤਕ ਹਿੱਸੇ ਹਨ ਜਿਨ੍ਹਾਂ ਦੀ ਸੋਚ ਨੂੰ ਹੀ ਸਟੇਟ ਵੱਲੋਂ ਮੁਜਰਿਮ ਕਰਾਰ ਦੇ ਦਿੱਤਾ ਗਿਆ ਹੈ। ਉਹ ਜਮਹੂਰੀ ਸਪੇਸ ਸਿਲਸਿਲੇਵਾਰ ਤਰੀਕੇ ਨਾਲ ਖਤਮ ਕੀਤੀ ਜਾ ਰਹੀ ਹੈ ਜੋ ਜੰਗੇ-ਆਜ਼ਾਦੀ ਦੇ ਜ਼ਮਾਨੇ ਤੋਂ ਲੈ ਕੇ ਜਾਨ-ਹੂਲਵੇਂ ਸੰਘਰਸ਼ਾਂ ਰਾਹੀਂ ਹਾਸਲ ਕੀਤੀ ਗਈ ਸੀ। ਦਰਅਸਲ, ਇਨ੍ਹਾਂ ਬੁੱਧੀਜੀਵੀਆਂ ਖਿਲਾਫ ਘੜੇ ਫਰਜ਼ੀ ਮਾਮਲੇ ਰਾਹੀਂ ਮਿਸਾਲ ਪੇਸ਼ ਕੀਤੀ ਜਾ ਰਹੀ ਹੈ ਜਿਸ ਦਾ ਮਨੋਰਥ ਅਵਾਮੀ ਸਰੋਕਾਰਾਂ ਨਾਲ ਜੁੜੇ ਸਮੂਹ ਚਿੰਤਨਸ਼ੀਲ ਹਿੱਸਿਆਂ ਨੂੰ ਵਿਆਪਕ ਸੰਦੇਸ਼ ਦੇਣਾ ਤੇ ਖੌਫ ਦਾ ਮਾਹੌਲ ਬਣਾ ਕੇ ਉਨ੍ਹਾਂ ਦੀ ਜ਼ੁਬਾਨਬੰਦੀ ਕਰਨਾ ਹੈ।

ਘਟਨਾਵਾਂ ਫਿਲਮੀ ਕਹਾਣੀ ਵਾਂਗ ਵਾਪਰਦੀਆਂ ਹਨ। ਬੁੱਧੀਜੀਵੀਆਂ ਖਿਲਾਫ ਜੁਟਾਏ 'ਸਬੂਤ' ਅਦਾਲਤ ਵਿਚ ਪੇਸ਼ ਕਰਨ ਦੀ ਬਜਾਏ ਖਾਸ ਟੀ.ਵੀ. ਚੈਨਲਾਂ ਉਪਰ ਫਲੈਸ਼ ਕਰਕੇ ਮੀਡੀਆ ਟਰਾਇਲ ਚਲਾਇਆ ਜਾਂਦਾ ਹੈ। ਭੀਮਾ-ਕੋਰੇਗਾਓਂ ਵਿਚ ਮੁਕਾਮੀ ਪੱਧਰ 'ਤੇ ਹੋਏ ਹਿੰਸਕ ਟਕਰਾਓ ਦੇ ਮਾਮਲੇ ਵਿਚ ਦਰਜ ਕੀਤੀ ਐਫ.ਆਈ.ਆਰ. ਨੂੰ ਪਾਬੰਦੀਸ਼ੁਦਾ ਮਾਓਵਾਦੀ ਪਾਰਟੀ ਨਾਲ ਜੋੜਨ ਲਈ ਪੂਰੇ ਮਾਮਲੇ ਨੂੰ ਖਾਸ ਮੋੜ ਦਿੱਤਾ ਜਾਂਦਾ ਹੈ ਜਿਸ ਵਿਚ ਪੁਣੇ ਪੁਲਿਸ ਦੇ ਵੱਡੇ ਅਧਿਕਾਰੀ, ਸੰਘ ਦੀਆਂ ਥਿੰਕਟੈਂਕ ਸੰਸਥਾਵਾਂ ਅਤੇ ਭਗਵੀਂ ਵਿਚਾਰਧਾਰਾ ਵਾਲੇ ਫਿਲਮਸਾਜ਼ ਇਕਸੁਰ ਹੋ ਕੇ ਕੰਮ ਕਰਦਿਆਂ 'ਸ਼ਹਿਰੀ ਨਕਸਲ' ਦੀ ਮਹਾਨ ਖੋਜ ਕਰਦੇ ਦੇਖੇ ਗਏ। ਫਿਰ ਇਹ ਐਫ.ਆਈ.ਆਰ. ਪੂਰੀ ਤਰ੍ਹਾਂ ਨਾਟਕੀ ਅਮਲ ਵਿਚੋਂ ਗੁਜ਼ਰਦੀ ਹੋਈ 'ਪ੍ਰਧਾਨ ਮੰਤਰੀ ਦੀ ਹੱਤਿਆ ਦੀ ਸਾਜ਼ਿਸ਼' ਤੇ 'ਰਾਜ ਖਿਲਾਫ ਜੰਗ ਛੇੜਨ ਦੀ ਸਾਜ਼ਿਸ਼' ਵਿਚ ਬਦਲ ਜਾਂਦੀ ਹੈ ਅਤੇ ਪੂਰੇ ਮੁਲਕ ਵਿਚ ਬੁੱਧੀਜੀਵੀਆਂ ਦੀਆਂ ਗ੍ਰਿਫਤਾਰੀਆਂ ਸ਼ੁਰੂ ਹੋ ਜਾਂਦੀਆਂ ਹਨ।

ਪੁਣੇ ਪੁਲਿਸ ਵੱਲੋਂ ਇਸ ਸਾਜ਼ਿਸ਼ ਨੂੰ ਸਾਬਤ ਕਰਨ ਲਈ ਖੋਜੇ ਗਏ 'ਸਬੂਤ' 5000 ਸਫਿਆਂ 'ਤੇ ਫੈਲੇ ਹੋਏ ਹਨ। ਇਨ੍ਹਾਂ ਸਬੂਤਾਂ ਦੇ ਪੁਣੇ ਦੀ ਸੈਸ਼ਨ ਕੋਰਟ ਤੋਂ ਲੈ ਕੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਦੀ ਅਗਵਾਈ ਵਾਲੇ ਬੈਂਚਾਂ ਦੇ ਸੀਨੀਅਰ ਜੱਜ ਵੀ ਐਨੇ ਕਾਇਲ ਹਨ ਕਿ ਉਹ ਫਰਜ਼ੀ ਮਾਮਲੇ ਦੀ ਜਾਂਚ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਵਿਸ਼ੇਸ਼ ਜਾਂਚ ਟੀਮ ਬਣਾ ਕੇ ਕਰਨ (ਇਹ ਮੰਗ ਪ੍ਰੋਫੈਸਰ ਰੋਮਿਲਾ ਥਾਪਰ ਸਮੇਤ ਪੰਜ ਚੋਟੀ ਦੇ ਬੁੱਧੀਜੀਵੀਆਂ ਨੇ ਸੁਪਰੀਮ ਕੋਰਟ ਤੋਂ ਕੀਤੀ ਸੀ) ਅਤੇ ਇਸ ਐਫ.ਆਈ.ਆਰ. ਨੂੰ ਖਤਮ ਕਰਨ ਦੀਆਂ ਦਰਖਾਸਤਾਂ ਨੂੰ ਇਹ ਕਹਿ ਕੇ ਨਾਮਨਜ਼ੂਰ ਕਰ ਦਿੰਦੇ ਹਨ ਕਿ ਜਾਂਚ ਦਾ ਘੇਰਾ ਦਿਨੋ-ਦਿਨ ਵਸੀਹ ਹੁੰਦਾ ਜਾ ਰਿਹਾ ਹੈ, ਮੁਲਜ਼ਮਾਂ ਖਿਲਾਫ 'ਵਿਆਪਕ ਸਬੂਤ' ਹਨ ਅਤੇ ਇਸ ਪੜਾਅ ਉਪਰ ਜਾਂਚ ਨੂੰ ਬੰਦ ਕਰਨਾ ਵਾਜਿਬ ਨਹੀਂ; ਲੇਕਿਨ ਉਹ ਇਸ ਸਭ ਤੋਂ ਮਹੱਤਵਪੂਰਨ ਨੁਕਤੇ ਨੂੰ ਨਜ਼ਰਅੰਦਾਜ਼ ਕਰ ਰਹੇ ਹਨ ਕਿ ਇਹ ਪੂਰਾ ਕੇਸ ਸਿਆਸੀ ਤੌਰ 'ਤੇ ਪ੍ਰੇਰਿਤ ਹੈ ਅਤੇ ਪੁਲਿਸ ਵੱਲੋਂ ਜਾਂਚ ਦੇ ਅਮਲ ਨੂੰ ਸ਼ੁਰੂ ਤੋਂ ਹੀ ਖਾਸ ਮਨੋਰਥ ਤਹਿਤ ਚਲਾਇਆ ਜਾ ਰਿਹਾ ਹੈ। ਇਹ ਸਾਬਤ ਕਰਨ ਦੀ ਬਜਾਏ ਕਿ ਪੁਲਿਸ ਵੱਲੋਂ ਪੇਸ਼ ਕੀਤੀ ਸਨਸਨੀਖੇਜ਼ ਕਹਾਣੀ ਅਨੁਸਾਰ ਗ੍ਰਿਫਤਾਰ ਕੀਤੇ ਬੁੱਧੀਜੀਵੀ 'ਪ੍ਰਧਾਨ ਮੰਤਰੀ ਦੀ ਹੱਤਿਆ ਦੀ ਸਾਜ਼ਿਸ਼' ਵਿਚ ਕਿਵੇਂ ਅਤੇ ਕਿਥੇ ਸ਼ਾਮਲ ਸਨ, ਪੁਲਿਸ ਨੇ ਪੂਰੀ ਤਾਕਤ ਇਹ ਸਾਬਤ ਕਰਨ ਉਪਰ ਲਗਾਈ ਹੋਈ ਹੈ ਕਿ ਇਹ ਬੁੱਧੀਜੀਵੀ ਪਾਬੰਦੀਸ਼ੁਦਾ ਪਾਰਟੀ ਦੇ ਮੈਂਬਰ ਹਨ। ਇਸ ਪਿੱਛੇ ਇਕ ਸੋਚੀ-ਸਮਝੀ ਚਾਲ ਕੰਮ ਕਰਦੀ ਹੈ। ਉਹ ਇਹ ਕਿ ਪਾਬੰਦੀਸ਼ੁਦਾ ਜਥੇਬੰਦੀ ਨਾਲ ਸੰਬੰਧਾਂ ਨੂੰ ਅਧਾਰ ਬਣਾਕੇ ਯੂ.ਏ.ਪੀ.ਏ. (ਗ਼ੈਰਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ) ਲਗਾ ਦਿੱਤੇ ਜਾਣ ਨਾਲ ਮੁਲਜ਼ਿਮ ਲਈ ਜ਼ਮਾਨਤ ਹਾਸਲ ਕਰਕੇ ਆਪਣੀ ਕਾਨੂੰਨੀ ਡਿਫੈਂਸ ਕਰ ਸਕਣ ਦੀ ਗੁੰਜਾਇਸ਼ ਹੀ ਖਤਮ ਹੋ ਜਾਂਦੀ ਹੈ। ਜ਼ਮਾਨਤ ਪੁਲਿਸ ਦੀ ਮਨਜ਼ੂਰੀ ਉਪਰ ਨਿਰਭਰ ਹੋਣ ਕਾਰਨ ਗ੍ਰਿਫਤਾਰ ਸ਼ਖਸ ਨੂੰ ਬਿਨਾ ਮੁਕੱਦਮਾ ਚਲਾਏ ਮਨਚਾਹੇ ਸਮੇਂ ਤੱਕ ਜੇਲ੍ਹ ਵਿਚ ਡੱਕਿਆ ਜਾ ਸਕਦਾ ਹੈ। ਵੈਸੇ ਪੁਲਿਸ ਨੂੰ ਆਪਣੇ 'ਸਬੂਤਾਂ' ਉਪਰ ਐਨਾ ਕੁ ਭਰੋਸਾ ਹੈ ਕਿ ਪ੍ਰੋਫੈਸਰ ਵਰਵਰਾ ਰਾਓ ਅਤੇ ਐਡਵੋਕੇਟ ਸੁਰਿੰਦਰ ਗਾਡਲਿੰਗ ਖਿਲਾਫ ਹੁਣ ਗੜ੍ਹਚਿਰੌਲੀ ਜ਼ਿਲ੍ਹੇ ਅੰਦਰ ਇਕ ਹੋਰ ਝੂਠਾ ਕੇਸ ਦਰਜ ਕੀਤਾ ਗਿਆ ਹੈ ਤਾਂ ਜੋ ਭੀਮਾ-ਕੋਰੇਗਾਓਂ ਆਧਾਰਿਤ ਮਾਓਵਾਦੀ ਸਾਜ਼ਿਸ਼ ਦੇ ਪਹਿਲੇ ਮਾਮਲੇ ਵਿਚ ਉਨ੍ਹਾਂ ਨੂੰ ਜ਼ਮਾਨਤ ਮਿਲ ਜਾਣ ਦੀ ਸੂਰਤ ਵਿਚ ਉਨ੍ਹਾਂ ਨੂੰ ਦੂਜੇ ਕੇਸ ਦੇ ਬਹਾਨੇ ਜੇਲ੍ਹ ਤੋਂ ਬਾਹਰ ਆਉਣ ਤੋਂ ਰੋਕਿਆ ਜਾ ਸਕੇ। ਹੁਣ ਤਕ ਟਾਡਾ, ਪੋਟਾ ਅਤੇ ਯੂ.ਏ.ਪੀ.ਏ. ਕੇਸਾਂ ਵਿਚ ਇਹੀ ਹੁੰਦਾ ਆਇਆ ਹੈ।

ਪ੍ਰੋਫੈਸਰ ਤੇਲਤੁੰਬੜੇ ਦੀ ਗ੍ਰਿਫਤਾਰੀ ਪੁਣੇ ਪੁਲਿਸ ਵੱਲੋਂ ਸੁਪਰੀਮ ਕੋਰਟ ਦੇ ਹੁਕਮਾਂ ਦੀਆਂ ਧੱਜੀਆਂ ਉਡਾ ਕੇ ਕਰਨ ਲਈ ਐਨੀ ਕਾਹਲ ਕਿਉਂ ਦਿਖਾਈ ਗਈ? ਪੁਲਿਸ ਨੂੰ ਡਰ ਸੀ ਕਿ ਕਿਸੇ ਅਦਾਲਤ ਵੱਲੋਂ ਜ਼ਮਾਨਤ ਦਿੱਤੇ ਜਾਣ ਨਾਲ ਭਗਵੇਂ ਬ੍ਰਿਗੇਡ ਦੇ ਹਿਤ ਵਿਚ ਬਣਾਈ ਪੂਰੀ ਖੇਡ ਵਿਗੜ ਸਕਦੀ ਹੈ। ਅਦਾਲਤੀ ਆਦੇਸ਼ ਅਨੁਸਾਰ ਉਸ ਨੂੰ ਹੇਠਲੀ ਅਦਾਲਤ ਵਿਚੋਂ ਜ਼ਮਾਨਤ ਦੀ ਦਰਖਾਸਤ ਰੱਦ ਹੋਣ ਦੀ ਸੂਰਤ ਵਿਚ 11 ਫਰਵਰੀ ਤੋਂ ਬਾਅਦ ਹੀ ਗ੍ਰਿਫਤਾਰ ਕੀਤਾ ਜਾ ਸਕਦਾ ਸੀ। ਉਸ ਦੀ ਜ਼ਮਾਨਤ ਦੀ ਅਰਜ਼ੀ ਅਜੇ ਪੁਣੇ ਦੀ ਸੈਸ਼ਨ ਅਦਾਲਤ ਨੇ ਹੀ ਖਾਰਜ ਕੀਤੀ ਸੀ। ਇਸ ਦੌਰਾਨ ਉਹ ਆਪਣੀ ਜ਼ਮਾਨਤ ਲਈ ਹਾਈ ਕੋਰਟ ਅਤੇ ਸੁਪਰੀਮ ਕੋਰਟ ਆਦਿ 'ਯੋਗ ਅਦਾਲਤ' ਵਿਚ ਕਾਨੂੰਨੀ ਚਾਰਾਜੋਈ ਦਾ ਹੱਕ ਰੱਖਦੇ ਸਨ ਅਤੇ ਉਨ੍ਹਾਂ ਦਾ ਇਹ ਅਧਿਕਾਰ ਖੋਹਣ ਲਈ ਪੁਲਿਸ ਨੇ ਉਨ੍ਹਾਂ ਨੂੰ ਹਾਈਕੋਰਟ 'ਚ ਜ਼ਮਾਨਤ ਦੀ ਦਰਖਾਸਤ ਦੇਣ ਤੋਂ ਪਹਿਲਾਂ ਹੀ ਅਗਵਾ ਕਰਕੇ ਜੇਲ੍ਹ ਵਿਚ ਡੱਕਣ ਦਾ ਯਤਨ ਕੀਤਾ। ਇਸ ਦਾ ਹਰ ਪਾਸਿਓਂ ਜ਼ੋਰਦਾਰ ਵਿਰੋਧ ਹੋਇਆ। ਪੁਣੇ ਸੈਸ਼ਨ ਕੋਰਟ ਨੂੰ ਵੀ ਇਸ ਕਾਰਵਾਈ ਨੂੰ ਗ਼ੈਰਕਾਨੂੰਨੀ ਕਰਾਰ ਦੇਣਾ ਪਿਆ ਜਿਸ ਨੇ ਦੋ ਦਿਨ ਪਹਿਲਾਂ ਉਸ ਦੀ ਜ਼ਮਾਨਤ ਦੀ ਅਰਜ਼ੀ ਖਾਰਜ ਕਰ ਦਿੱਤੀ ਸੀ।

ਇਹ ਦੋਹਰੇ ਮਿਆਰ ਪੁਲਿਸ ਸਮੇਤ ਸਮੂਹ ਜਾਂਚ ਏਜੰਸੀਆਂ ਦੇ ਮੁਕੰਮਲ ਸਿਆਸੀਕਰਨ ਨੂੰ ਦਰਸਾਉਂਦੇ ਹਨ ਜੋ ਹੁਕਮਰਾਨ ਧਿਰ ਦੇ ਹਿਤਾਂ ਤੋਂ ਅੱਗੇ ਸੋਚ ਹੀ ਨਹੀਂ ਸਕਦੇ। ਸੀ.ਬੀ.ਆਈ. ਵਿਚ ਸ਼ੁਰੂ ਹੋਈ ਖਾਨਾਜੰਗੀ ਨੇ ਬਹੁਤ ਕੁਝ ਜੱਗ ਜ਼ਾਹਿਰ ਕਰ ਦਿੱਤਾ ਹੈ। ਹੁਕਮਰਾਨ ਧਿਰ ਕੋਲ ਆ ਰਹੀਆਂ ਚੋਣਾਂ ਦੇ ਮੱਦੇਨਜ਼ਰ ਲੋਕਾਂ ਵਿਚ ਜਾਣ ਲਈ ਝੂਠ, ਜੁਮਲਿਆਂ ਅਤੇ ਨਫਰਤ ਦੀ ਘਿਨਾਉਣੀ ਸਿਆਸਤ ਤੋਂ ਬਿਨਾ ਕੁਝ ਵੀ ਨਹੀਂ ਹੈ ਅਤੇ ਭਗਵਾਂ ਬ੍ਰਿਗੇਡ ਚੋਣਾਂ ਤੋਂ ਐਨ ਪਹਿਲਾਂ ਭਰਮਾਊ ਆਰਥਿਕ ਰਿਆਇਤਾਂ ਐਲਾਨ ਕੇ ਦੇਸ਼ ਦੇ ਨਾਗਰਿਕਾਂ ਨੂੰ ਗੁੰਮਰਾਹ ਕਰਨ ਲਈ ਮਜਬੂਰ ਹੋ ਰਿਹਾ ਹੈ। ਇਸੇ ਥੋਥ ਨੂੰ ਬਣਾਈ ਰੱਖਣ ਲਈ ਲੋਕ ਪੱਖੀ ਬੁੱਧੀਜੀਵੀਆਂ, ਆਲੋਚਕਾਂ ਅਤੇ ਅਸਹਿਮਤ ਆਵਾਜ਼ਾਂ ਦੀ ਜ਼ੁਬਾਨਬੰਦੀ ਲਈ ਹੁਕਮਰਾਨਾਂ ਦੇ ਇਸ਼ਾਰੇ 'ਤੇ ਪੁਲਿਸ ਨੂੰ ਇਸ ਕਦਰ ਸਾਜ਼ਿਸ਼ਾਂ ਰਚਣੀਆਂ ਪੈ ਰਹੀਆਂ ਹਨ ਜਿਸ ਲਈ ਪੁਲਿਸ ਅਧਿਕਾਰੀਆਂ ਨੂੰ ਪ੍ਰੋਫੈਸਰ ਆਨੰਦ ਵਰਗੇ ਜ਼ਹੀਨ ਬੁੱਧੀਜੀਵੀਆਂ ਨੂੰ ਜੇਲ੍ਹ ਵਿਚ ਸਾੜਨ ਲਈ ਸੁਪਰੀਮ ਕੋਰਟ ਦੇ ਆਦੇਸ਼ਾਂ ਨੂੰ ਪੈਰਾਂ ਵਿਚ ਰੋਲਣ ਅਤੇ ਭਗਵੇਂ ਆਗੂਆਂ ਦੀਆਂ ਦਹਿਸ਼ਤਵਾਦੀ ਕਾਰਵਾਈਆਂ ਨੂੰ ਨਜ਼ਰਅੰਦਾਜ਼ ਕਰਨ ਤੋਂ ਵੀ ਗੁਰੇਜ਼ ਨਹੀਂ ਹੈ।

# ਬੁੱਧੀਜੀਵੀਆਂ ਦਾ ਪ੍ਰਤੀਕਰਮ

***(ਮੁਲਕ ਦੇ ਜਿਨ੍ਹਾਂ ਪੰਜ ਸਿਖਰਲੇ ਬੁੱਧੀਜੀਵੀਆਂ ਨੇ ਅਗਸਤ 2018 ਵਿਚ ਹੱਕਾਂ ਦੇ ਪੰਜ ਘੁਲਾਟੀਆਂ (ਕਵੀ ਵਰਵਰਾ ਰਾਓ, ਐਡਵੋਕੇਟ ਸੁਧਾ ਭਾਰਦਵਾਜ, ਗੌਤਮ ਨਵਲੱਖਾ, ਐਡਵੋਕੇਟ ਅਰੁਣ ਫਰੇਰਾ, ਪ੍ਰੋਫੈਸਰ ਵਰਨੋਨ ਗੋਂਜ਼ਾਲਵੇਜ਼) ਦੀ ਗ੍ਰਿਫਤਾਰੀ ਖਿਲਾਫ ਸੁਪਰੀਮ ਕੋਰਟ ਵਿਚ ਪਟੀਸ਼ਨ ਪਾਈ ਸੀ, ਉਨ੍ਹਾਂ ਨੇ ਹੁਣ ਪ੍ਰੋਫੈਸਰ ਤੇਲਤੁੰਬੜੇ ਦੀ ਹਾਲੀਆ ਗ੍ਰਿਫਤਾਰੀ ਉਪਰ ਇਹ ਬਿਆਨ ਜਾਰੀ ਕੀਤਾ ਹੈ। -ਅਨਵਾਦਕ)***



***ਪ੍ਰੋਫੈਸਰ ਆਨੰਦ ਤੇਲਤੁੰਬੜੇ***

'ਭਾਵੇਂ ਮਹਾਂਰਾਸ਼ਟਰ ਪੁਲਿਸ ਵੱਲੋਂ ਸੁਪਰੀਮ ਕੋਰਟ ਤੋਂ ਨਾਬਰ ਹੋ ਕੇ ਪ੍ਰੋਫੈਸਰ ਆਨੰਦ ਤੇਲਤੁੰਬੜੇ ਦੀ ਗ਼ੈਰਕਾਨੂੰਨੀ ਗ੍ਰਿਫਤਾਰੀ ਫਿਲਹਾਲ ਟਲ ਗਈ ਹੈ, ਇਹ ਉਸ ਸੰਸਥਾ ਵੱਲੋਂ ਪੂਰੀ ਤਰ੍ਹਾਂ ਕਾਨੂੰਨ ਦੇ ਰਾਜ ਨੂੰ ਤਹਿਸ-ਨਹਿਸ ਕਰਕੇ ਕੀਤੀ ਗਈ ਹੈ ਜਿਸ ਦਾ ਫਰਜ਼ ਕਾਨੂੰਨ ਨੂੰ ਬੁਲੰਦ ਕਰਨਾ ਹੈ। ਇਸ ਨੇ ਸਹੀ ਕਾਨੂੰਨੀ ਅਮਲ ਦੀਆਂ ਸੰਵਿਧਾਨਕ ਜ਼ਾਮਨੀਆਂ ਅਤੇ ਖੁਦ ਜਮਹੂਰੀਅਤ ਨੂੰ ਮਜ਼ਾਕ ਬਣਾ ਦਿੱਤਾ ਹੈ। ਬਹੁਤ ਸਾਰਿਆਂ ਵੱਲੋਂ ਇਨ੍ਹਾਂ ਗ੍ਰਿਫਤਾਰੀਆਂ ਅਤੇ ਕਾਨੂੰਨੀ ਅਮਲ ਦੇ ਘਾਣ ਉਪਰ ਤਿੱਖੇ ਸਵਾਲ ਉਠਾਏ ਗਏ ਹਨ, ਪਰ ਇਨ੍ਹਾਂ ਗੰਭੀਰ ਸੰਸਿਆਂ ਅਤੇ ਸਿਖਰਲੀ ਜੁਡੀਸ਼ਰੀ ਦੀਆਂ ਰੋਕਾਂ ਨੂੰ ਸਰਕਾਰ ਵੱਲੋਂ ਨਜ਼ਰਅੰਦਾਜ਼ ਕੀਤਾ ਗਿਆ ਹੈ।

ਪ੍ਰੋ. ਤੇਲਤੁੰਬੜੇ ਦੀ ਗ੍ਰਿਫਤਾਰੀ ਦਿਖਾਉਂਦੀ ਹੈ ਕਿ ਲੋਕਾਂ ਨੂੰ ਠੋਸ ਸਬੂਤ ਤੋਂ ਬਿਨਾ ਹੀ ਗ੍ਰਿਫਤਾਰ ਕਰਨ ਦਾ ਤਰੀਕਾ ਹੁਣ ਸਰਕਾਰੀ ਨੀਤੀ ਬਣ ਚੁੱਕਾ ਹੈ। ਢੁਕਵੇਂ ਅਮਲ ਜਾਂ ਵਾਜਿਬ ਕਾਰਨ ਤੋਂ ਬਿਨਾ ਹੀ ਸਿੱਖਿਆ ਵਿਗਿਆਨੀਆਂ, ਬੁੱਧੀਜੀਵੀਆਂ, ਲੇਖਕਾਂ, ਵਕੀਲਾਂ ਅਤੇ ਹੋਰਾਂ ਨੂੰ ਗ੍ਰਿਫਤਾਰ ਕਰਨਾ ਆਜ਼ਾਦ ਸੋਚ ਅਤੇ ਵਿਚਾਰ ਪ੍ਰਗਟਾਵੇ ਅਤੇ ਵਿਚਾਰ-ਚਰਚਾ ਕਰਨ ਦੇ ਹੱਕ ਉਪਰ ਸਿੱਧਾ ਹਮਲਾ ਹੈ।

ਜਿਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਉਹ ਆਉਣ ਵਾਲੇ ਸਾਲਾਂ ਵਿਚ ਜੇਲ੍ਹਾਂ ਵਿਚ ਸੜਦੇ ਰਹਿਣਗੇ, ਇਸ ਤੱਥ ਨੂੰ ਦੇਖਦਿਆਂ ਕਿ ਜਿਨ੍ਹਾਂ ਪੰਜ 'ਕਾਰਕੁਨਾਂ' ਨੂੰ ਪਿਛਲੇ ਸਾਲ ਗ੍ਰਿਫਤਾਰ ਕੀਤਾ ਗਿਆ ਸੀ, ਉਹ ਵਾਜਿਬ ਅਦਾਲਤੀ ਸੁਣਵਾਈ ਤੋਂ ਬਿਨਾਂ ਹੀ ਮਹੀਨੇ ਦਰ ਮਹੀਨੇ ਜੇਲ੍ਹ ਵਿਚ ਗੁਜ਼ਾਰ ਰਹੇ ਹਨ। ਇਹ ਉਨ੍ਹਾਂ ਨਾਗਰਿਕਾਂ ਨੂੰ ਖਾਮੋਸ਼ ਕਰਨ ਦਾ ਜਾਣਿਆ-ਪਛਾਣਿਆ ਤਰੀਕਾ ਹੈ ਜੋ ਸਥਾਪਤੀ ਨਾਲ ਸਹਿਮਤ ਨਹੀਂ ਜਾਂ ਜੋ ਬੁਨਿਆਦੀ ਮਨੁੱਖੀ ਹੱਕਾਂ ਦੀ ਸਥਾਪਤੀ ਲਈ ਕੰਮ ਕਰਦੇ ਹਨ। ਇਸ ਤੋਂ ਜ਼ਾਹਿਰ ਹੈ ਕਿ ਸਟੇਟ ਸੰਵਿਧਾਨ ਨੂੰ ਉਲਟਾਉਣ ਦਾ ਚਾਹਵਾਨ ਹੈ।

ਹੁਣ ਵਕਤ ਹੈ ਕਿ ਸਰੋਕਾਰ ਰੱਖਣ ਵਾਲੇ ਨਾਗਰਿਕ ਵਾਜਿਬ ਕਾਨੂੰਨੀ ਅਮਲ ਨੂੰ ਤਹਿਸ-ਨਹਿਸ ਕੀਤੇ ਜਾਣ ਅਤੇ ਸੱਤਾ ਦੀ ਦੁਰਵਰਤੋਂ ਖਿਲਾਫ ਵਿਸ਼ਾਲ ਆਧਾਰ ਵਾਲੀ, ਪੁਰਅਮਨ ਅਤੇ ਸੰਵਿਧਾਨਕ ਵਿਰੋਧ ਲਹਿਰ ਉਸਾਰਨ। ਅਸੀਂ ਜੁਡੀਸ਼ਰੀ ਨੂੰ ਵੀ ਇਸ ਹਮਲਾਵਰ ਰੁਝਾਨ ਨੂੰ ਰੋਕਣ ਦੀ ਅਪੀਲ ਕਰਦੇ ਹਾਂ ਜੋ ਭਾਰਤ ਦੀਆਂ ਸਖਤ ਘਾਲਣਾ ਰਾਹੀਂ ਹਾਸਲ ਕੀਤੀਆਂ ਜਮਹੂਰੀ ਰਵਾਇਤਾਂ ਲਈ ਖਤਰਾ ਬਣ ਚੁੱਕਾ ਹੈ।'

***-ਰੋਮਿਲਾ ਥਾਪਰ, ਦੇਵਕੀ ਜੈਨ, ਮਾਜਾ ਦਾਰੂਵਾਲਾ, ਪ੍ਰਭਾਤ ਪਟਨਾਇਕ, ਸਤੀਸ਼ ਦੇਸ਼ਪਾਂਡੇ***

# ਚੋਣਾਂ ਤੋਂ ਪਹਿਲਾਂ ਰਾਮ ਮੰਦਿਰ ਦੇ ਮੁੱਦੇ 'ਤੇ ਕਾਹਲੀ ਪਈ ਮੋਦੀ ਸਰਕਾਰ

**ਨਵੀਂ ਦਿੱਲੀ:** ਚੋਣਾਂ ਤੋਂ ਪਹਿਲਾਂ ਮੋਦੀ ਸਰਕਾਰ ਰਾਮ ਮੰਦਿਰ ਮਾਮਲੇ ਵਿਚ ਕਾਹਲੀ ਪਈ ਜਾਪਦੀ ਹੈ। ਸਰਕਾਰ ਵੱਲੋਂ ਰਾਮ ਮੰਦਿਰ ਨਾਲ ਸਬੰਧਤ ਮਾਮਲੇ ਵਿਚ ਸੁਪਰੀਮ ਕੋਰਟ ਵਿਚ ਨਵੀਂ ਅਰਜ਼ੀ ਦਾਇਰ ਕਰ ਦਿੱਤੀ ਹੈ। ਅਰਜ਼ੀ ਵਿਚ ਸਰਕਾਰ ਨੇ ਕਿਹਾ ਹੈ ਕਿ ਅਯੁੱਧਿਆ ਦੀ ਸਿਰਫ 0.313 ਏਕੜ ਵਿਵਾਦਤ ਜ਼ਮੀਨ ਨੂੰ ਛੱਡ ਕੇ ਬਾਕੀ 67 ਏਕੜ ਜ਼ਮੀਨ ਇਸ ਦੇ ਮਾਲਕਾਂ ਨੂੰ ਵਾਪਸ ਦੇ ਦਿੱਤੀ ਜਾਏ। ਇਸ ਜ਼ਮੀਨ ਸਬੰਧੀ ਮਾਮਲਾ ਇਹ ਹੈ ਕਿ 6 ਦਸੰਬਰ, 1992 ਨੂੰ ਕੁਝ ਹਿੰਦੂਵਾਦੀ ਜਥੇਬੰਦੀਆਂ ਵੱਲੋਂ ਅਯੁੱਧਿਆ ਵਿਚ ਬਾਬਰੀ ਮਸਜਿਦ ਨੂੰ ਢਾਹ ਦਿੱਤਾ ਗਿਆ ਸੀ। ਮਸਜਿਦ ਦਾ ਢਾਂਚਾ 0.313 ਏਕੜ ਜ਼ਮੀਨ 'ਤੇ ਸੀ। ਇਹ 2.77 ਏਕੜ ਵਿਵਾਦਤ ਜ਼ਮੀਨ ਦਾ ਹੀ ਹਿੱਸਾ ਹੈ। 1993 ਵਿਚ ਇਸ ਨੂੰ ਮਿਲਾ ਕੇ ਕੇਂਦਰ ਸਰਕਾਰ ਨੇ ਨਾਲ ਦੀ ਸਾਰੀ 67 ਏਕੜ ਦੇ ਲਗਭਗ ਜ਼ਮੀਨ ਆਪਣੇ ਕਬਜ਼ੇ ਵਿਚ (ਐਕਵਾਇਰ) ਕਰ ਲਈ ਸੀ। ਇਸ ਤੋਂ ਬਾਅਦ ਸਾਲ 2003 ਵਿਚ ਸੁਪਰੀਮ ਕੋਰਟ ਨੇ ਇਸ ਜ਼ਮੀਨ ਸਬੰਧੀ ਸਥਿਤੀ ਨੂੰ ਜਿਉਂ ਦੀ ਤਿਉਂ ਬਰਕਰਾਰ ਰੱਖਣ ਦੇ ਆਦੇਸ਼ ਦਿੱਤੇ ਸਨ।



ਹੁਣ ਵਿਵਾਦਤ ਜ਼ਮੀਨ ਦਾ ਮਾਮਲਾ ਸਰਬਉੱਚ ਅਦਾਲਤ ਦੀ ਸੁਣਵਾਈ ਅਧੀਨ ਹੈ। ਬਹੁਤ ਸਾਰੀਆਂ ਹਿੰਦੂਵਾਦੀ ਜਥੇਬੰਦੀਆਂ ਇਸ ਸਬੰਧੀ ਬੇਹੱਦ ਕਾਹਲੀਆਂ ਪੈਂਦੀਆਂ ਨਜ਼ਰ ਆ ਰਹੀਆਂ ਹਨ। ਇਨ੍ਹਾਂ ਵਿਚ ਰਾਸ਼ਟਰੀ ਸੋਇਮ ਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਵੀ ਸ਼ਾਮਲ ਹਨ। ਉਨ੍ਹਾਂ ਤੋਂ ਇਲਾਵਾ ਵਿਸ਼ਵ ਹਿੰਦੂ ਪ੍ਰੀਸ਼ਦ ਨਾਲ ਸਾਧੂ-ਸੰਤ ਵੀ ਮੋਦੀ ਸਰਕਾਰ ਉਤੇ ਮੰਦਿਰ ਦੇ ਨਿਰਮਾਣ ਲਈ ਲਗਾਤਾਰ ਦਬਾਅ ਪਾਉਂਦੇ ਆ ਰਹੇ ਹਨ।

ਕੇਂਦਰ ਵਿਚ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਹੈ ਅਤੇ ਉੱਤਰ ਪ੍ਰਦੇਸ਼ ਵਿਚ ਵੀ ਭਾਜਪਾ ਦੇ ਯੋਗੀ ਅਦਿੱਤਿਆਨਾਥ ਮੁੱਖ ਮੰਤਰੀ ਹਨ। ਯੋਗੀ ਕਈ ਵਾਰ ਇਹ ਬਿਆਨ ਦੇ ਚੁੱਕੇ ਹਨ ਕਿ ਮੰਦਿਰ ਵਿਵਾਦਤ ਜਗ੍ਹਾ 'ਤੇ ਹੀ ਬਣੇਗਾ। ਉਨ੍ਹਾਂ ਨੇ ਇਥੋਂ ਤੱਕ ਵੀ ਕਹਿ ਦਿੱਤਾ ਹੈ ਕਿ ਜੇਕਰ ਅਦਾਲਤ ਇਹ ਫੈਸਲਾ ਨਹੀਂ ਕਰ ਸਕਦੀ ਤਾਂ ਅਸੀਂ 24 ਘੰਟਿਆਂ ਦੇ ਅੰਦਰ-ਅੰਦਰ ਮੰਦਿਰ ਦਾ ਨਿਰਮਾਣ ਕਰ ਦਿਆਂਗੇ।

ਦੂਸਰੇ ਪਾਸੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਹ ਬਿਆਨ ਦਿੱਤਾ ਸੀ ਕਿ ਸਰਕਾਰ ਮੰਦਿਰ ਨਿਰਮਾਣ ਲਈ ਅਦਾਲਤ ਦੇ ਫੈਸਲੇ ਦਾ ਇੰਤਜ਼ਾਰ ਕਰੇਗੀ। ਸਾਲ 2010 ਵਿਚ ਇਲਾਹਾਬਾਦ ਹਾਈ ਕੋਰਟ ਨੇ ਵਿਵਾਦਤ 2.77 ਏਕੜ ਜ਼ਮੀਨ ਨੂੰ ਸੁੰਨੀ ਵਕਫ ਬੋਰਡ, ਨਿਰਮੋਹੀ ਅਖਾੜਾ ਅਤੇ ਰਾਮ ਲੱਲਾ ਸੰਮਤੀ ਵਿਚਕਾਰ ਵੰਡ ਦੇਣ ਦਾ ਫੈਸਲਾ ਕੀਤਾ ਸੀ। ਇਸ ਫੈਸਲੇ ਨੂੰ ਵੱਖ-ਵੱਖ ਧਿਰਾਂ ਵੱਲੋਂ ਦਰਜਨਾਂ ਹੀ ਵੱਖ-ਵੱਖ ਅਪੀਲਾਂ ਰਾਹੀਂ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਗਈ ਸੀ। ਕੱਟੜਵਾਦੀ ਹਿੰਦੂਤਵੀ ਸੰਗਠਨਾਂ ਦਾ ਇਹ ਮੰਨਣਾ ਹੈ ਕਿ ਜੇਕਰ ਕੇਂਦਰ ਵਿਚ ਵੀ ਭਾਜਪਾ ਦੀ ਸਰਕਾਰ ਹੋਵੇ ਅਤੇ ਉੱਤਰ ਪ੍ਰਦੇਸ਼ ਵਿਚ ਵੀ ਇਸੇ ਪਾਰਟੀ ਦੀ ਸਰਕਾਰ ਹੋਵੇ ਤਾਂ ਪਿਛਲੇ ਸਾਢੇ ਚਾਰ ਸਾਲ ਵਿਚ ਭਾਜਪਾ ਦੇ ਚੋਣ ਮਨੋਰਥ ਪੱਤਰ ਵਿਚ ਕੀਤੇ ਗਏ ਵਾਅਦੇ ਅਨੁਸਾਰ ਮੰਦਿਰ ਦਾ ਨਿਰਮਾਣ ਕਿਉਂ ਨਹੀਂ ਹੋਇਆ? ਭਾਜਪਾ ਹੁਣ ਹਾਲਾਤ ਨੂੰ ਵੇਖਦਿਆਂ ਆਪਣੀ ਸਥਿਤੀ ਨੂੰ ਬਚਾਉਣ ਲਈ ਹੱਥ-ਪੈਰ ਮਾਰਦੀ ਨਜ਼ਰ ਆ ਰਹੀ ਹੈ, ਕਿਉਂਕਿ ਚਿਰਾਂ ਤੋਂ ਜਾਰੀ ਰਾਮ ਮੰਦਿਰ ਨਿਰਮਾਣ ਦੀ ਰਾਜਨੀਤੀ ਵਿਚ ਉਹ ਆਪ ਸ਼ਾਮਲ ਰਹੀ ਹੈ।

## ਰਾਮ ਮੰਦਿਰ ਬਣਨ ਤੱਕ ਚੈਨ ਨਾਲ ਨਹੀਂ ਬੈਠਣਗੇ ਹਿੰਦੂ: ਵੀ.ਐਚ.ਪੀ.

**ਇਲਾਹਾਬਾਦ:** ਵਿਸ਼ਵ ਹਿੰਦੂ ਪ੍ਰੀਸ਼ਦ (ਵੀ.ਐਚ.ਪੀ.) ਨੇ ਮਤਾ ਪਾਸ ਕੀਤਾ ਕਿ ਰਾਮ ਜਨਮ ਭੂਮੀ 'ਤੇ ਸ਼ਾਨਦਾਰ ਮੰਦਿਰ ਦਾ ਨਿਰਮਾਣ ਹੋਣ ਤੱਕ ਰਾਮ ਭਗਤ ਹਿੰਦੂ ਨਾ ਚੈਨ ਨਾਲ ਬੈਠਣਗੇ ਅਤੇ ਨਾ ਕਿਸੇ ਨੂੰ ਸ਼ਾਂਤੀ ਨਾਲ ਬੈਠਣ ਦੇਣਗੇ। ਵੀ.ਐਚ.ਪੀ. ਦੀ ਧਰਮ ਸੰਸਦ ਜਾਂ ਧਾਰਮਿਕ ਕੌਂਸਲ ਨੇ ਰਾਮ ਜਨਮ ਭੂਮੀ-ਬਾਬਰੀ ਮਸਜਿਦ ਵਿਵਾਦ ਦੇ ਫੈਸਲੇ 'ਚ ਦੇਰੀ ਦੀ ਨਿਖੇਧੀ ਕੀਤੀ। ਇਸ ਮੌਕੇ ਕੁਝ ਬੁਲਾਰਿਆਂ ਨੇ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਨੂੰ ਇਸ ਲਈ ਦੋਸ਼ੀ ਠਹਿਰਾਇਆ। ਮਤੇ 'ਚ ਕਿਹਾ ਗਿਆ ਕਿ ਰਾਮ ਜਨਮ ਭੂਮੀ ਟਰੱਸਟ ਦੀ ਹਾਸਲ ਕੀਤੀ ਜ਼ਮੀਨ ਉਸ ਨੂੰ ਵਾਪਸ ਕਰਨ ਦੀ ਆਗਿਆ ਦੇਣ ਲਈ ਕੇਂਦਰ ਵੱਲੋਂ ਸੁਪਰੀਮ ਕੋਰਟ 'ਚ ਅਪੀਲ ਕਰਨ ਦੇ ਕਦਮ ਦਾ ਧਰਮ ਸੰਸਦ ਸਵਾਗਤ ਕਰਦੀ ਹੈ।

# ਜੀਂਦ ਦੀ ਜ਼ਿਮਨੀ ਚੋਣ ਵਿਚ ਭਾਜਪਾ ਦੀ ਝੰਡੀ

**ਜੀਂਦ:** ਹਰਿਆਣਾ ਦੇ ਵੱਕਾਰੀ ਵਿਧਾਨ ਸਭਾ ਹਲਕੇ ਜੀਂਦ ਦੀ ਜ਼ਿਮਨੀ ਚੋਣ ਹਾਕਮ ਧਿਰ ਭਾਰਤੀ ਜਨਤਾ ਪਾਰਟੀ ਨੇ ਜਿੱਤ ਲਈ ਹੈ। ਇਨ੍ਹਾਂ ਨਤੀਜਿਆਂ 'ਚ ਨਵੀਂ ਬਣੀ ਜੇ.ਜੇ.ਪੀ. ਦੂਜੇ ਤੇ ਕਾਂਗਰਸ ਤੀਜੇ ਸਥਾਨ ਉਤੇ ਰਹੀ ਹੈ। ਇਸ ਚੋਣ 'ਚ ਪੋਲ ਹੋਈਆਂ 1,30,828 ਵੋਟਾਂ ਵਿਚੋਂ ਭਾਜਪਾ ਉਮੀਦਵਾਰ ਕ੍ਰਿਸ਼ਨ ਮਿੱਢਾ (48) ਨੇ 50,556 ਵੋਟਾਂ ਹਾਸਲ ਕਰ ਕੇ ਜਿੱਤ ਹਾਸਲ ਕੀਤੀ ਹੈ। ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਤੋਂ ਵੱਖ ਹੋ ਕੇ ਥੋੜ੍ਹਾ ਸਮਾਂ ਪਹਿਲਾਂ ਹੀ ਹੋਂਦ ਵਿਚ ਆਈ ਜਨਨਾਇਕ ਜਨਤਾ ਪਾਰਟੀ (ਜੇ.ਜੇ.ਪੀ.) ਦੇ ਉਮੀਦਵਾਰ ਦਿਗਵਿਜੈ ਸਿੰਘ ਚੌਟਾਲਾ (27) 37,631 ਵੋਟਾਂ ਹਾਸਲ ਕਰਕੇ ਦੂਜੇ ਸਥਾਨ ਉਤੇ ਰਹੇ ਜਦਕਿ ਕਾਂਗਰਸ ਦੇ ਬੁਲਾਰੇ ਤੇ ਕੈਥਲ ਤੋਂ ਵਿਧਾਇਕ ਅਤੇ ਕਾਂਗਰਸ ਉਮੀਦਵਾਰ ਰਣਦੀਪ ਸਿੰਘ ਸੁਰਜੇਵਾਲਾ 22,740 ਵੋਟਾਂ ਨਾਲ ਤੀਜੇ ਸਥਾਨ ਉਤੇ ਰਹੇ। ਭਾਜਪਾ ਦੇ ਬਾਗੀ ਸੰਸਦ ਮੈਂਬਰ ਰਾਜ ਕੁਮਾਰ ਸੈਣੀ ਵੱਲੋਂ ਨਵੀਂ ਬਣਾਈ ਗਈ ਲੋਕਤੰਤਰ ਸੁਰਕਸ਼ਾ ਪਾਰਟੀ (ਐਲ.ਐਸ.ਪੀ.) ਦੇ ਉਮੀਦਵਾਰ ਵਿਨੋਦ ਅਸ਼ਰੀ 13,852 ਵੋਟਾਂ ਨਾਲ ਚੌਥੇ ਅਤੇ ਇਨੈਲੋ ਉਮੀਦਵਾਰ ਉਮੇਦ ਸਿੰਘ ਰੇਢੂ ਨੂੰ ਸਿਰਫ 3,454 ਵੋਟਾਂ ਮਿਲੀਆਂ ਤੇ ਉਹ ਆਪਣੀ ਜ਼ਮਾਨਤ ਵੀ ਨਾ ਬਚਾ ਸਕੇ।

ਇਸ ਚੋਣ ਨਤੀਜੇ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੀਂਦ ਦੇ ਲੋਕਾਂ ਦਾ ਧੰਨਵਾਦ ਕਰਦਿਆਂ ਟਵੀਟ ਕੀਤਾ, 'ਇਹ ਅਜਿਹੀ ਸੀਟ ਹੈ ਜਿੱਥੇ ਭਾਰਤੀ ਜਨਤਾ ਪਾਰਟੀ ਨੇ ਪਹਿਲਾਂ ਕਦੀ ਵੀ ਜਿੱਤ ਹਾਸਲ ਨਹੀਂ ਕੀਤੀ।' ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਭਾਜਪਾ ਸਰਕਾਰ ਦੀਆਂ ਪਾਰਦਰਸ਼ੀ ਨੀਤੀਆਂ ਅਤੇ ਭ੍ਰਿਸ਼ਟਾਚਾਰ ਮੁਕਤ ਤੇ ਸਰਬਪੱਖੀ ਵਿਕਾਸ ਕਾਰਨ ਲੋਕਾਂ ਨੇ ਭਾਜਪਾ 'ਤੇ ਭਰੋਸਾ ਜਤਾਇਆ ਹੈ। ਉਨ੍ਹਾਂ ਕਿਹਾ ਕਿ ਭਾਜਪਾ ਸੂਬੇ ਦੀਆਂ ਸਾਰੀਆਂ 10 ਲੋਕ ਸਭਾ ਸੀਟਾਂ 'ਤੇ ਵੀ ਜਿੱਤ ਦਰਜ ਕਰੇਗੀ। ਜੇ.ਜੇ.ਪੀ. ਦੇ ਦਿਗਵਿਜੈ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਮਿਲੀਆਂ ਵੋਟਾਂ ਤੋਂ ਸਾਬਤ ਹੁੰਦਾ ਹੈ ਕਿ ਸੂਬੇ ਵਿਚ ਉਨ੍ਹਾਂ ਨੂੰ ਲੋਕ ਵੱਡੇ ਪੱਧਰ ਉਤੇ ਸਹਿਯੋਗ ਕਰ ਰਹੇ ਹਨ। ਕਾਂਗਰਸ ਉਮੀਦਵਾਰ ਸੁਰਜੇਵਾਲ ਨੇ ਕਿਹਾ ਕਿ ਲੋਕ ਸਭਾ ਚੋਣਾਂ 'ਚ ਕਾਂਗਰਸ ਸ਼ਾਨਦਾਰ ਕਾਰਗੁਜ਼ਾਰੀ ਦਿਖਾਏਗੀ ਤੇ ਕੇਂਦਰ 'ਚ ਸਰਕਾਰ ਬਣਾਏਗੀ। 345 ਵੋਟਰਾਂ ਨੇ ਨੋਟਾ ਦੀ ਵਰਤੋਂ ਕੀਤੀ ਹੈ। ਕ੍ਰਿਸ਼ਨ ਮਿੱਢਾ ਆਯੁਰਵੈਦਿਕ ਡਾਕਟਰ ਹਨ ਤੇ ਪੰਜਾਬੀ ਭਾਈਚਾਰੇ ਨਾਲ ਸਬੰਧ ਰੱਖਦੇ ਹਨ। ਇਹ ਜ਼ਿਮਨੀ ਚੋਣ ਕ੍ਰਿਸ਼ਨ ਮਿੱਢਾ ਦੇ ਪਿਤਾ ਤੇ ਇਨੈਲੋ ਦੇ ਹਰੀ ਚੰਦ ਮਿੱਢਾ ਦੇ ਦੇਹਾਂਤ ਹੋਣ ਕਾਰਨ ਕਰਵਾਈ ਗਈ ਸੀ।

## ਰਾਮਗੜ੍ਹ ਜ਼ਿਮਨੀ ਚੋਣ ਕਾਂਗਰਸ ਨੇ ਜਿੱਤੀ

**ਜੈਪੁਰ:** ਰਾਜਸਥਾਨ ਦੇ ਰਾਮਗੜ੍ਹ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਵਿਚ ਕਾਂਗਰਸ ਉਮੀਦਵਾਰ ਸ਼ਫੀਆ ਜ਼ੁਬੈਰ ਨੇ ਆਪਣੇ ਵਿਰੋਧੀ ਭਾਜਪਾ ਉਮੀਦਵਾਰ ਸੁਖਵੰਤ ਸਿੰਘ ਨੂੰ 12000 ਤੋਂ ਵੱਧ ਵੋਟਾਂ ਦੇ ਫਰਕ ਨਾਲ ਹਰਾਇਆ ਹੈ।

ਕਾਂਗਰਸ ਉਮੀਦਵਾਰ ਦੀ ਜਿੱਤ ਨਾਲ ਹੁਣ ਹਾਕਮ ਧਿਰ ਦੀਆਂ 200 ਮੈਂਬਰੀ ਵਿਧਾਨ ਸਭਾ 'ਚ ਸੌ ਸੀਟਾਂ ਹੋ ਗਈਆਂ ਹਨ ਜਦਕਿ ਇਕ ਸੀਟ ਉਨ੍ਹਾਂ ਦੇ ਭਾਈਵਾਲ ਰਾਸ਼ਟਰੀ ਲੋਕ ਦਲ ਕੋਲ ਹੈ। ਸੂਬਾਈ ਚੋਣ ਵਿਭਾਗ ਵੱਲੋਂ ਅਧਿਕਾਰਤ ਤੌਰ 'ਤੇ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਇਸ ਚੋਣ 'ਚ ਜ਼ੁਬੈਰ ਨੂੰ 44.77 ਫੀਸਦੀ ਜਦਕਿ ਭਾਜਪਾ ਉਮੀਦਵਾਰ ਸੁਖਵੰਤ ਸਿੰਘ ਨੂੰ 38.20 ਫੀਸਦੀ ਵੋਟਾਂ ਮਿਲੀਆਂ ਹਨ। ਕਾਂਗਰਸ ਉਮੀਦਵਾਰ ਨੇ ਭਾਜਪਾ ਉਮੀਦਵਾਰ ਨੂੰ 12,288 ਵੋਟਾਂ ਦੇ ਫਰਕ ਨਾਲ ਮਾਤ ਦਿੱਤੀ।

# ਦਾਗੀ ਸਿਆਸਤਦਾਨਾਂ 'ਤੇ ਚੋਣ ਕਮਿਸ਼ਨ ਨੇ ਕੱਸਿਆ ਸ਼ਿਕੰਜਾ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਦੌਰਾਨ ਉਮੀਦਵਾਰਾਂ ਵੱਲੋਂ ਚੋਣ ਕਮਿਸ਼ਨ ਨੂੰ ਹੀ ਆਪਣੇ ਅਪਰਾਧਕ ਪਿਛੋਕੜ ਬਾਰੇ ਵਿਸਥਾਰ ਵਿਚ ਜਾਣਕਾਰੀ ਦੇਣੀ ਹੋਵੇਗੀ। ਸਗੋਂ ਉਨ੍ਹਾਂ ਨੂੰ ਅਖਬਾਰਾਂ ਅਤੇ ਟੈਲੀਵਿਜ਼ਨ 'ਤੇ ਇਸ਼ਤਿਹਾਰਾਂ ਜ਼ਰੀਏ ਪੁਲਿਸ ਵੱਲੋਂ ਦਰਜ ਮਾਮਲਿਆਂ ਜਾਂ ਅਦਾਲਤਾਂ ਵਿਚ ਵਿਚਾਰ ਅਧੀਨ ਕੇਸਾਂ ਬਾਰੇ ਵੋਟਰਾਂ ਨੂੰ ਦੱਸਣਾ ਹੋਵੇਗਾ।

ਚੋਣ ਕਮਿਸ਼ਨ ਨੇ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਤਹਿਤ ਇਹ ਹਦਾਇਤਾਂ ਜਾਰੀ ਕੀਤੀਆਂ ਹਨ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਡਾ. ਐਸ ਕਰੁਣਾ ਰਾਜੂ ਵੱਲੋਂ ਰਾਜ ਦੀਆਂ ਸਾਰੀਆਂ ਸਿਆਸੀ ਧਿਰਾਂ ਨੂੰ ਵੀ ਨਵੀਆਂ ਹਦਾਇਤਾਂ ਬਾਰੇ ਜਾਣਕਾਰੀ ਦੇ ਦਿੱਤੀ ਗਈ ਹੈ।

ਮੁੱਖ ਚੋਣ ਅਧਿਕਾਰੀ ਨੇ ਦੱਸਿਆ ਕਿ ਉਮੀਦਵਾਰ ਵੱਲੋਂ ਅਪਰਾਧਕ ਪਿਛੋਕੜ ਸਬੰਧੀ ਵੋਟਰਾਂ ਨੂੰ ਜਾਗਰੂਕ ਕਰਨ ਲਈ ਪ੍ਰਚਾਰ ਦੇ ਵਰਤੇ ਗਏ ਸਾਧਨਾਂ ਬਾਰੇ ਸਬੰਧੀ ਰਿਟਰਨਿੰਗ ਅਫਸਰ ਤੇ ਚੋਣ ਅਧਿਕਾਰੀ ਵੱਲੋਂ ਵੀ ਸਹੀ ਪਾਈ ਜਾਵੇਗੀ। ਜੇਕਰ ਕੋਈ ਉਮੀਦਵਾਰ ਅਜਿਹਾ ਕਰਨ ਵਿਚ ਸਫਲ ਨਹੀਂ ਹੁੰਦਾ ਤਾਂ ਕਮਿਸ਼ਨ ਵੱਲੋਂ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਉਮੀਦਵਾਰ ਵੱਲੋਂ ਅਪਰਾਧਕ ਪਿਛੋਕੜ ਬਾਰੇ ਆਪਣੀ ਸਿਆਸੀ ਪਾਰਟੀ ਨੂੰ ਦੱਸਿਆ ਜਾਵੇਗਾ ਤੇ ਪਾਰਟੀ ਵੱਲੋਂ ਇਹ ਜਾਣਕਾਰੀ ਵੈੱਬਸਾਈਟ ਰਾਹੀਂ ਜਨਤਕ ਕੀਤੀ ਜਾਵੇਗੀ।

ਨਿਰਦੇਸ਼ਾਂ ਦੀ ਉਲੰਘਣਾ ਦੀ ਸੂਰਤ ਵਿਚ ਪਾਰਟੀ ਦੀ ਮਾਨਤਾ ਰੱਦ ਹੋ ਸਕਦੀ ਹੈ। ਚੋਣ ਕਮਿਸ਼ਨ ਨੇ ਆਉਂਦੀਆਂ ਚੋਣਾਂ ਦੌਰਾਨ ਉਮੀਦਵਾਰਾਂ ਅਤੇ ਉਨ੍ਹਾਂ ਦੇ ਪਤੀ ਜਾਂ ਪਤਨੀ ਦੀ ਆਮਦਨ ਦੇ ਸਰੋਤ, ਸਰਕਾਰੀ ਜਾਂ ਗੈਰ ਸਰਕਾਰੀ ਕੰਪਨੀਆਂ ਅਤੇ ਟਰੱਸਟਾਂ ਆਦਿ ਵਿਚ ਮੈਂਬਰਸ਼ਿਪ, ਇਕਰਾਰਨਾਮਾ ਆਦਿ ਬਾਰੇ ਜਾਣਕਾਰੀ ਦੇਣ ਸਬੰਧੀ ਇੱਕ ਤਰ੍ਹਾਂ ਨਾਲ ਹਲਫ਼ਨਾਮਾ ਹੀ ਦੇਣਾ ਪਵੇਗਾ।

ਅਪਰਾਧਕ ਪਿਛੋਕੜ ਸਬੰਧੀ ਅਖਬਾਰਾਂ ਅਤੇ ਟੈਲੀਵਿਜ਼ਨ 'ਚ ਦਿੱਤੇ ਜਾਣ ਵਾਲੇ ਇਸ਼ਤਿਹਾਰਾਂ ਦਾ ਖਰਚਾ ਉਮੀਦਵਾਰ ਦੇ ਖਾਤੇ ਵਿਚ ਹੀ ਜੋੜਿਆ ਜਾਵੇਗਾ। ਮੁੱਖ ਚੋਣ ਅਧਿਕਾਰੀ ਨੇ ਦੱਸਿਆ ਕਿ ਸਬੰਧਤ ਰਾਜਨੀਤਕ ਪਾਰਟੀ ਅਤੇ ਉਮੀਦਵਾਰ ਵੱਲੋਂ ਵੱਖੋ ਵੱਖਰੇ ਤੌਰ ਉਤੇ ਉਸ ਖੇਤਰ ਦੇ ਵੱਡੇ ਅਖਬਾਰਾਂ ਵਿਚ ਤਿੰਨ-ਤਿੰਨ ਵਾਰ 12 ਫੌਂਟ ਸਾਈਜ਼ ਵਿਚ ਅਤੇ ਸਹੀ ਸਥਾਨ ਉਤੇ ਜਾਣਕਾਰੀ ਲਾਈ ਜਾਵੇ ਅਤੇ ਇਲੈਕਟ੍ਰਾਨਿਕ ਮੀਡੀਆ ਵਿਚ ਵੀ ਇਸ਼ਤਿਹਾਰ ਤਿੰਨ-ਤਿੰਨ ਵਾਰ ਚਲਾਇਆ ਜਾਵੇ। ਜੇ ਨਾਮਜ਼ਦਗੀ ਪੱਤਰ ਵਾਪਸ ਲੈਣ ਦੀ ਤੈਅ ਮਿਤੀ ਕਿਸੇ ਮਹੀਨੇ ਦੀ 10 ਤਰੀਕ ਹੈ ਅਤੇ ਵੋਟਾਂ ਪੈਣ ਦਾ ਕਾਰਜ 24 ਤਰੀਕ ਨੂੰ ਹੋਣਾ ਹੈ ਤਾਂ ਅਪਰਾਧਕ ਪਿਛੋਕੜ ਸਬੰਧੀ ਜਾਣਕਾਰੀ ਅਖਬਾਰਾਂ ਵਿਚ ਛਪਾਉਣ ਦੀ ਕਾਰਵਾਈ ਉਸੇ ਮਹੀਨੇ ਦੀ 11 ਤਰੀਕ ਤੋਂ 22 ਤਰੀਕ ਤੱਕ ਮੁਕੰਮਲ ਕੀਤੀ ਜਾਵੇ।

# ਰੁਜ਼ਗਾਰ ਮੌਕਿਆਂ ਬਾਰੇ ਦਾਅਵਿਆਂ 'ਤੇ ਘਿਰੀ ਮੋਦੀ ਸਰਕਾਰ

**ਨਵੀਂ ਦਿੱਲੀ:** ਪਿਛਲੇ ਪੰਜ ਸਾਲਾਂ ਦੌਰਾਨ ਰੁਜ਼ਗਾਰ ਦੇ ਮੌਕਿਆਂ ਬਾਰੇ ਮੀਡੀਆ 'ਚ ਆਈ ਰਿਪੋਰਟ ਉਤੇ ਵਿਰੋਧੀ ਧਿਰ ਅਤੇ ਭਾਜਪਾ ਆਹਮੋ-ਸਾਹਮਣੇ ਆ ਗਏ ਹਨ। ਵਿਰੋਧੀ ਧਿਰ ਦਾ ਕਹਿਣਾ ਹੈ ਕਿ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦਾ ਵਾਅਦਾ ਕਰਨ ਵਾਲੀ ਮੋਦੀ ਸਰਕਾਰ ਨੇ ਕੌਮੀ ਨਮੂਨਾ ਸਰਵੇਖਣ ਦਫਤਰ (ਐਨ. ਐਸ. ਐਸ. ਓ.) ਦੀ ਰਿਪੋਰਟ ਨੂੰ ਵੀ ਰੋਕ ਲਿਆ ਹੈ ਤਾਂ ਜੋ ਨੌਕਰੀਆਂ ਦੇ ਅਸਲ ਅੰਕੜੇ ਦਾ ਖੁਲਾਸਾ ਨਾ ਹੋਵੇ।

ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸੇਧਦਿਆਂ ਦਾਅਵਾ ਕੀਤਾ ਕਿ ਹਰ ਸਾਲ ਦੋ ਕਰੋੜ ਨੌਕਰੀਆਂ ਦੇਣ ਦਾ ਵਾਅਦਾ ਕਰਨ ਵਾਲੇ ਪ੍ਰਧਾਨ ਮੰਤਰੀ ਦਾ ਰਿਪੋਰਟ ਕਾਰਡ 'ਕੌਮੀ ਆਫਤ' ਵਜੋਂ ਸਾਹਮਣੇ ਆਇਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਬੇਰੁਜ਼ਗਾਰੀ ਦੀ ਦਰ 45 ਸਾਲਾਂ 'ਚ ਸਭ ਤੋਂ ਉਪਰਲੇ ਪੱਧਰ 'ਤੇ ਹੈ। ਇਸ ਤੋਂ ਪਹਿਲਾਂ ਕਾਂਗਰਸ ਦੇ ਮੁੱਖ ਤਰਜਮਾਨ ਰਣਦੀਪ ਸੁਰਜੇਵਾਲਾ ਨੇ ਕਿਹਾ ਕਿ ਰੁਜ਼ਗਾਰ ਦੇ ਅੰਕੜੇ ਜਾਰੀ ਨਾ ਹੋਣ ਕਾਰਨ ਇਸ ਲਈ ਕੌਮੀ ਅੰਕੜਾ ਕਮਿਸ਼ਨ ਦੇ ਮੈਂਬਰਾਂ ਨੂੰ ਅਸਤੀਫੇ ਦੇਣੇ ਪਏ। ਰਿਪੋਰਟ ਮੁਤਾਬਕ ਪਿੰਡਾਂ ਦੇ 15 ਤੋਂ 29 ਸਾਲਾਂ ਦੇ ਉਮਰ ਵਰਗ 'ਚ ਬੇਰੁਜ਼ਗਾਰੀ ਦੀ ਦਰ 2017-18 ਵਿਚ ਤਿੰਨ ਗੁਣਾ ਵਧ ਕੇ 17.4 ਫੀਸਦੀ 'ਤੇ ਪਹੁੰਚ ਗਈ ਹੈ। ਪਿੰਡਾਂ 'ਚ ਮਹਿਲਾ ਬੇਰੁਜ਼ਗਾਰਾਂ ਦੀ ਦਰ ਇਸੇ ਵਕਫੇ ਦੌਰਾਨ 4.8 ਫੀਸਦੀ ਤੋਂ ਵਧ ਕੇ 13.6 ਫੀਸਦੀ 'ਤੇ ਪਹੁੰਚ ਗਈ ਹੈ।

**ਬੇਰੁਜ਼ਗਾਰੀ ਦੇ ਅੰਕੜਿਆਂ ਸਬੰਧੀ ਰਿਪੋਰਟ ਅੰਤਿਮ ਨਹੀਂ:** ਸਰਕਾਰੀ ਸਰਵੇਖਣ 'ਤੇ ਆਧਾਰਿਤ ਰਿਪੋਰਟ 'ਚ ਦਾਅਵਾ ਕੀਤਾ ਗਿਆ ਹੈ ਕਿ ਭਾਰਤ 'ਚ ਬੇਰੁਜ਼ਗਾਰੀ ਦੀ ਦਰ 2017 ਵਿਚ 45 ਸਾਲਾਂ ਵਿਚ ਸਭ ਤੋਂ ਵੱਧ 6.1 ਫੀਸਦੀ ਰਹੀ। ਉਂਜ ਸਰਕਾਰ ਨੇ ਕਿਹਾ ਹੈ ਕਿ ਇਸ ਰਿਪੋਰਟ ਨੂੰ ਅਜੇ ਪ੍ਰਵਾਨਗੀ ਨਹੀਂ ਦਿੱਤੀ ਗਈ ਹੈ। ਕੌਮੀ ਨਮੂਨਾ ਸਰਵੇਖਣ ਦਫਤਰ ਦੇ ਸਮਾਂਬੱਧ ਕਿਰਤ ਸਮਰੱਥਾ ਬਾਰੇ ਸਰਵੇਖਣ ਮੁਤਾਬਕ ਬੇਰੁਜ਼ਗਾਰੀ ਦੀ ਅਜਿਹੀ ਦਰ ਪਹਿਲਾਂ 1972-73 'ਚ ਦੇਖਣ ਨੂੰ ਮਿਲੀ ਸੀ। ਨੀਤੀ ਆਯੋਗ ਦੇ ਉਪ ਚੇਅਰਮੈਨ ਰਾਜੀਵ ਕੁਮਾਰ ਨੇ ਕਿਹਾ ਕਿ ਅਖਬਾਰ ਵੱਲੋਂ ਪ੍ਰਕਾਸ਼ਿਤ ਰਿਪੋਰਟ ਅੰਤਿਮ ਨਹੀਂ ਹੈ ਅਤੇ ਇਹ ਖਰੜਾ ਰਿਪੋਰਟ ਹੈ।

# ਭਾਰਤ 'ਚ ਚੋਣਾਂ ਤੋਂ ਪਹਿਲਾਂ ਫਿਰਕੂ ਹਿੰਸਾ ਦਾ ਖਦਸ਼ਾ

**ਵਾਸ਼ਿੰਗਟਨ:** ਅਮਰੀਕਾ ਦੀ ਖੁਫੀਆ ਏਜੰਸੀ ਦੇ ਮੁਖੀ ਨੇ ਆਪਣੇ ਸੰਸਦ ਮੈਂਬਰਾਂ ਨੂੰ ਜਾਣਕਾਰੀ ਦਿੱਤੀ ਹੈ ਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਰਤ ਨੂੰ ਫਿਰਕੂ ਤਣਾਅ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਖੁਫ਼ੀਆ ਏਜੰਸੀ ਦੇ ਡਾਇਰੈਕਟਰ ਡੈਨ ਕੋਟਸ ਨੇ ਅਮਰੀਕੀ ਸੈਨਟ ਨੂੰ ਲਿਖਤੀ ਦੱਸਿਆ ਕਿ ਭਾਜਪਾ ਜੇਕਰ ਰਾਸ਼ਟਰਵਾਦੀ ਵਿਚਾਰਧਾਰਾ ਵੱਲ ਜ਼ੋਰ ਦਿੰਦੀ ਹੈ ਤਾਂ ਭਾਰਤ 'ਚ ਸੰਸਦੀ ਚੋਣਾਂ ਤੋਂ ਪਹਿਲਾਂ ਫਿਰਕੂ ਹਿੰਸਾ ਭੜਕ ਸਕਦੀ ਹੈ।

ਕੋਟਸ ਨੇ ਸੈਨਟ ਨੂੰ ਦੱਸਿਆ ਕਿ ਮੋਦੀ ਦੇ ਕਾਰਜਕਾਲ ਦੇ ਦੌਰਾਨ ਭਾਜਪਾ ਦੀਆਂ ਨੀਤੀਆਂ ਨੇ ਪਾਰਟੀ ਦੇ ਸ਼ਾਸਿਤ ਰਾਜਾਂ 'ਚ ਫਿਰਕੂ ਤਣਾਅ ਪੈਦਾ ਕੀਤਾ ਹੈ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਹਿੰਦੂ ਰਾਸ਼ਟਰਵਾਦੀ ਪ੍ਰਚਾਰ ਦੇਖਣ ਨੂੰ ਮਿਲ ਸਕਦਾ ਹੈ ਤੇ ਆਪਣੇ ਸਮਰਥਕਾਂ ਨੂੰ ਭੜਕਾਉਣ ਲਈ ਹੇਠਲੇ ਪੱਧਰ 'ਤੇ ਹਿੰਸਾ ਭੜਕਾਈ ਜਾ ਸਕਦੀ ਹੈ। ਕੋਟਸ ਨੇ ਚੌਕਸ ਕਰਦਿਆਂ ਕਿਹਾ ਕਿ ਫਿਰਕੂ ਤਣਾਅ ਵਧਣ ਨਾਲ ਭਾਰਤੀ ਮੁਸਲਮਾਨ ਅਲੱਗ-ਥਲੱਗ ਪੈ ਸਕਦੇ ਹਨ ਜਿਸ ਦਾ ਫਾਇਦਾ ਉਠਾ ਕੇ ਇਸਲਾਮਿਕ ਅਤਿਵਾਦੀ ਭਾਰਤ 'ਚ ਆਪਣਾ ਪ੍ਰਭਾਵ ਵਧਾਉਣ ਦੀ ਕੋਸ਼ਿਸ਼ ਕਰਨਗੇ। ਉਨ੍ਹਾਂ ਕਿਹਾ ਕਿ ਸਾਡਾ ਅੰਦਾਜ਼ਾ ਹੈ ਕਿ ਘੱਟੋ-ਘੱਟ ਮਈ 2019 ਤੱਕ ਸਰਹੱਦ 'ਤੇ ਅਤਿਵਾਦ ਤੇ ਕੰਟਰੋਲ ਰੇਖਾ 'ਤੇ ਗੋਲੀਬਾਰੀ ਭਾਰਤ ਤੇ ਪਾਕਿਸਤਾਨ ਵਿਚ ਤਣਾਅ ਵਧਣ ਦਾ ਕਾਰਨ ਬਣੇਗੀ।

# ਸਾਬਕਾ ਰੱਖਿਆ ਮੰਤਰੀ ਜਾਰਜ ਫਰਨਾਂਡੇਜ਼ ਦਾ ਦੇਹਾਂਤ

**ਨਵੀਂ ਦਿੱਲੀ:** ਦੇਸ਼ ਦੇ ਸਾਬਕਾ ਰੱਖਿਆ ਮੰਤਰੀ ਜਾਰਜ ਫਰਨਾਂਡੇਜ਼ (88) ਦਾ ਦੇਹਾਂਤ ਹੋ ਗਿਆ। ਉਹ ਲੰਮੇ ਸਮੇਂ ਤੋਂ ਯਾਦ ਸ਼ਕਤੀ ਗੁਆਚਣ ਦੀ ਬਿਮਾਰੀ (ਅਲਜ਼ਾਈਮਰ) ਤੋਂ ਪੀੜਤ ਸਨ ਤੇ ਕੁਝ ਦਿਨ ਪਹਿਲਾਂ ਉਨ੍ਹਾਂ ਨੂੰ ਸਵਾਈਨ ਫਲੂ ਵੀ ਹੋ ਗਿਆ ਸੀ। ਰਾਜ ਸਭਾ ਅਤੇ ਲੋਕ ਸਭਾ ਦੇ ਮੈਂਬਰ ਰਹੇ ਫਰਨਾਂਡੇਜ਼ ਅਟਲ ਬਿਹਾਰੀ ਵਾਜਪਈ ਦੀ ਸਰਕਾਰ 'ਚ ਰੱਖਿਆ ਮੰਤਰੀ ਰਹੇ।



ਇਸ ਤੋਂ ਇਲਾਵਾ ਉਹ ਸੰਚਾਰ ਮੰਤਰੀ, ਉਦਯੋਗ ਮੰਤਰੀ, ਰੇਲ ਮੰਤਰੀ ਜਿਹੇ ਅਹਿਮ ਅਹੁਦਿਆਂ ਉਤੇ ਵੀ ਰਹੇ। ਜਾਰਜ ਫਰਨਾਂਡੇਜ਼ 14ਵੀਂ ਲੋਕ ਸਭਾ 'ਚ ਮੁਜ਼ੱਫ਼ਰਪੁਰ ਤੋਂ ਜਨਤਾ ਦਲ (ਯੂਨਾਈਟਿਡ) ਦੀ ਟਿਕਟ ਉਤੇ ਸੰਸਦ ਮੈਂਬਰ ਚੁਣੇ ਗਏ ਸਨ। ਉਨ੍ਹਾਂ ਸਮਤਾ ਪਾਰਟੀ ਦੀ ਸਥਾਪਨਾ ਵੀ ਕੀਤੀ। ਉਹ 1998 ਤੋਂ 2004 ਤੱਕ ਐਨ.ਡੀ.ਏ. ਸਰਕਾਰ ਵਿਚ ਰੱਖਿਆ ਮੰਤਰੀ ਰਹੇ। ਸੰਨ 1967 ਤੋਂ 2004 ਤੱਕ ਉਨ੍ਹਾਂ ਨੌਂ ਲੋਕ ਸਭਾ ਚੋਣਾਂ ਜਿੱਤੀਆਂ। ਫਰਨਾਂਡੇਜ਼ ਦੀ ਮੌਤ ਉਨ੍ਹਾਂ ਦੇ ਘਰ ਵਿਚ ਹੀ ਹੋਈ।

# ਬਲਬੀਰ ਸਿੰਘ ਡੁਮੇਲੀ ਦੀ ਕਿਤਾਬ 'ਮੈਂ ਮਿੱਟੀ ਦਾ ਰੂਪ' ਰਿਲੀਜ਼

**ਨਿਊ ਯਾਰਕ (ਬਿਊਰੋ):** "ਅੱਜ ਤੁਹਾਡੇ ਹੱਥਾਂ 'ਚ ਪਹੁੰਚੀ ਮੇਰੀ ਦੋਹਿਆਂ ਦੀ ਕਿਤਾਬ ਦਾ ਬੀਜ ਕਰੀਬ 12 ਸਾਲ ਪਹਿਲਾਂ ਉਦੋਂ ਮੇਰੇ ਅੰਦਰ ਬੀਜਿਆ ਗਿਆ ਸੀ, ਜਦੋਂ ਪੰਜਾਬੀ ਸਾਹਿਤ ਅਕੈਡਮੀ ਬਣੀ ਸੀ ਤੇ ਮੈਂ ਇਸ ਦੀਆਂ ਮੀਟਿੰਗਾਂ 'ਚ ਜਾਣਾ ਸ਼ੁਰੂ ਕੀਤਾ ਸੀ। ਅਕੈਡਮੀ ਦੇ ਮੈਂਬਰਾਂ ਦੇ ਉਤਸ਼ਾਹ ਤੇ ਯੋਗ ਅਗਵਾਈ ਸਦਕਾ ਮੈਂ ਕਵਿਤਾ ਲਿਖਣੀ ਸ਼ੁਰੂ ਕੀਤੀ, ਜਿਸ ਦਾ ਸਿੱਟਾ ਇਹ ਕਿਤਾਬ 'ਮੈਂ ਮਿੱਟੀ ਦਾ ਰੂਪ' ਹੈ।"

ਇਹ ਵਿਚਾਰ ਨਿਊ ਯਾਰਕ ਵਸਦੇ ਪੰਜਾਬੀ ਕਵੀ ਬਲਬੀਰ ਸਿੰਘ ਡੁਮੇਲੀ ਨੇ ਉਸ ਭਰਵੇਂ ਸਮਾਗਮ 'ਚ ਕਹੇ, ਜਿੱਥੇ ਉਸ ਦੀ ਦੋਹਿਆਂ ਦੀ ਪੁਸਤਕ 'ਮੈਂ ਮਿੱਟੀ ਦਾ ਰੂਪ' ਰਿਲੀਜ਼ ਗਈ। ਰਿਲੀਜ਼ ਦੀ ਰਸਮ ਬਜੁਰਗ ਸਰਬਾਂਗੀ ਸਾਹਿਤਕਾਰ ਡਾ. ਰਾਮਜੀ ਦਾਸ ਸੇਠੀ ਮਹਿਤਾਬ ਨੇ ਅਦਾ ਕੀਤੀ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਡਾ. ਰਾਮਜੀ ਦਾਸ ਸੇਠੀ, ਬਲਦੇਵ ਸਿੰਘ ਗਰੇਵਾਲ, ਡਾ. ਜੀਤ ਚੰਦਨ ਅਤੇ ਪੰਜਾਬੀ ਕਵੀ ਉਂਕਾਰ ਸਿੰਘ ਡੁਮੇਲੀ ਸੁਸ਼ੋਭਿਤ ਸਨ।

ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਉਂਕਾਰ ਸਿੰਘ ਡੁਮੇਲੀ ਨੇ ਆਏ ਸਾਹਿਤਕਾਰਾਂ ਤੇ ਸਾਹਿਤ ਪ੍ਰੇਮੀਆਂ ਨੂੰ 'ਜੀ ਆਇਆਂ' ਕਿਹਾ। ਉਪਰੰਤ ਕ੍ਰਿਸ਼ਨਾ ਸੋਬਤੀ ਤੇ ਸਾਥੀ ਲੁਧਿਆਣਵੀ ਦੇ ਅਕਾਲ ਚਲਾਣਾ 'ਤੇ ਦੋ ਮਿੰਟ ਦਾ ਮੌਨ ਧਾਰ ਕੇ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਸੁਰਿੰਦਰ ਸੋਹਲ ਨੇ ਬਲਬੀਰ ਸਿੰਘ ਡੁਮੇਲੀ ਦੀ ਕਾਵਿ-ਕਲਾ ਦੇ ਨਾਲ-ਨਾਲ ਪੰਜਾਬੀ ਵਿਚ ਲਿਖੇ ਜਾ ਰਹੇ ਕਾਵਿ-ਰੂਪਾਂ ਦੋਹਾ ਤੇ ਦੋਹੜਾ ਦੇ ਅੰਤਰ ਬਾਰੇ ਚਰਚਾ ਛੇੜੀ। ਡੁਮੇਲੀ-ਕਾਵਿ 'ਚ ਆਏ ਬਿੰਬਾਂ, ਦ੍ਰਿਸ਼ਟਾਂਤਾਂ, ਪ੍ਰਤੀਕਾਂ ਦਾ ਹਵਾਲੇ ਦਿੰਦਿਆਂ ਦੋਹਿਆਂ 'ਚ ਪੇਸ਼ ਮਾਨਵਵਾਦੀ ਪਹੁੰਚ ਦਾ ਜ਼ਿਕਰ ਕੀਤਾ ਅਤੇ ਆਪਣੇ ਪਰਚੇ 'ਮੈਂ ਮਿੱਟੀ ਦਾ ਰੂਪ- ਪੁਖਤਾ ਦੋਹਿਆਂ ਦਾ ਸਰੂਪ' ਵਿਚੋਂ ਅੰਸ਼ ਸਾਂਝੇ ਕੀਤੇ।

ਡਾ. ਮੱਖਣ ਸਿੰਘ ਦਾ ਲਿਖਿਆ ਪਰਚਾ 'ਸਮਾਜ-ਸਭਿਆਚਾਰ ਦਾ ਬਹੁ-ਪਰਤੀ ਵਿਸ਼ਲੇਸ਼ਣ-ਮੈਂ ਮਿੱਟੀ ਦਾ ਰੂਪ' ਨਿਊ ਯਾਰਕ ਦੀ ਅਗਾਂਹਵਧੂ ਸ਼ਖਸੀਅਤ ਮਨਮੋਹਨ ਪੂਨੀ ਨੇ ਪੜ੍ਹਿਆ। ਮੱਖਣ ਸਿੰਘ ਦੇ ਸ਼ਬਦਾਂ ਵਿਚ, "ਸ਼ਬਦ ਦੀ ਤਾਕਤ ਨੂੰ ਇਨ੍ਹਾਂ ਦੋਹਿਆਂ ਵਿਚ ਬਹੁਤ ਵਡਿਆਇਆ ਗਿਆ ਹੈ। ਸ਼ਬਦਾਂ ਰਾਹੀਂ ਕੁਲ ਆਲਮ ਵਿਚ ਵਰਤ ਰਹੇ ਮੋਹ ਦੀ ਗੱਲ ਕੀਤੀ ਗਈ ਹੈ।"

ਤੀਜਾ ਪਰਚਾ 'ਗਾਗਰ ਵਿਚ ਸਾਗਰ-ਮੈਂ ਮਿੱਟੀ ਦਾ ਰੂਪ' ਡਾ. ਸਰਦੂਲ ਸਿੰਘ ਔਜਲਾ ਦਾ ਲਿਖਿਆ ਸੀ, ਜੋ ਜਸਬੀਰ ਸਿੰਘ ਡੁਮੇਲੀ ਨੇ ਸਰੋਤਿਆਂ ਨਾਲ ਸਾਂਝਾ ਕੀਤਾ। ਡਾ. ਔਜਲਾ ਮੁਤਾਬਕ 'ਮੈਂ ਮਿੱਟੀ ਦਾ ਰੂਪ' ਵਿਚ ਜਿੱਥੇ ਦੁਨਿਆਵੀ ਰੰਗਤ ਹੈ, ਭਾਵ ਅਜੋਕੇ ਜੀਵਨ ਯਥਾਰਥ ਦੀਆਂ ਵਿਸੰਗਤੀਆਂ ਦਾ ਕਾਵਿ-ਚਿਤਰਨ ਹੋਇਆ ਹੈ, ਉਥੇ ਬਹੁਤ ਸਾਰੇ ਦੋਹੇ ਅਜਿਹੇ ਹਨ, ਜਿਨ੍ਹਾਂ ਵਿਚ ਫਲਸਫਾਨਾ ਰੰਗ ਵੀ ਮਾਣਨ ਨੂੰ ਮਿਲਦਾ ਹੈ।

ਕੋਲੰਬੀਆ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ. ਸੰਦੀਪ ਸਿੰਘ ਅਨੁਸਾਰ ਬਲਬੀਰ ਸਿੰਘ ਡੁਮੇਲੀ ਨੇ ਇਸ ਕਿਤਾਬ 'ਚ ਦੋਹਿਆਂ ਦੀ ਰਵਾਇਤ ਬਾਖ਼ੂਬੀ ਅਗਾਂਹ ਤੋਰੀ ਹੈ। ਉਸ ਨੇ ਕਿਤਾਬ ਵਿਚ ਰਹਿ ਗਈਆਂ ਟਾਈਪਿੰਗ ਦੀਆਂ ਗਲਤੀਆਂ ਵੱਲ ਵੀ ਧਿਆਨ ਦਿਵਾਇਆ।

ਜਸਵਿੰਦਰ ਸਿੰਘ ਸੰਧੂ ਨੇ ਕਿਹਾ ਕਿ ਉਨ੍ਹਾਂ ਦੀ ਬਲਬੀਰ ਨਾਲ ਦੋ ਦਹਾਕਿਆਂ ਦੀ ਮਿੱਤਰਤਾ ਹੈ, ਪਰ ਉਨ੍ਹਾਂ ਦੀ ਇਸ ਕਾਵਿ-ਮਈ ਸ਼ਖਸੀਅਤ ਦਾ ਦੀਦਾਰ ਉਹ ਪਹਿਲੀ ਵਾਰ ਕਰ ਰਹੇ ਹਨ।


ਰੇਸ਼ਮ ਸਿੰਘ ਡੁਮੇਲੀ ਨੇ ਪੁਸਤਕ ਵਿਚੋਂ ਮਨਪਸੰਦ ਦੋਹੇ ਪੜ੍ਹ ਕੇ ਸੁਣਾਏ ਤੇ ਕਿਹਾ ਕਿ ਕੁਝ ਦੋਹੇ ਤਾਂ ਏਨੇ ਗਹਿਰ-ਗੰਭੀਰ ਹਨ ਕਿ ਉਨ੍ਹਾਂ 'ਚ ਸਮਾਇਆ ਫਲਸਫਾ ਉਨ੍ਹਾਂ ਦੀ ਪਕੜ ਵਿਚ ਨਹੀਂ ਆਇਆ। ਉਂਕਾਰ ਸਿੰਘ ਡੁਮੇਲੀ ਨੇ ਕਾਵਿਕ ਅੰਦਾਜ਼ ਵਿਚ ਬਲਬੀਰ ਦੀ ਸ਼ਖਸੀਅਤ ਤੇ ਸ਼ਾਇਰੀ ਬਾਰੇ ਦਿਲਚਸਪ ਗੱਲਾਂ ਕੀਤੀਆਂ।

ਬਲਦੇਵ ਸਿੰਘ ਗਰੇਵਾਲ ਨੇ ਬਲਬੀਰ ਦੇ ਇਸ ਸ਼ੁਭ ਕਾਰਜ 'ਤੇ ਵਧਾਈ ਦਿੱਤੀ ਤੇ ਉਸ ਦੀ ਕਾਵਿ-ਕਲਾ ਦੀ ਸ਼ਲਾਘਾ ਕੀਤੀ।

ਸਮਾਗਮ ਦੇ ਪਹਿਲੇ ਪੜਾਅ ਦੇ ਅਖੀਰ ਵਿਚ ਨਿਊ ਯਾਰਕ ਵਸਦੀ ਪੰਜਾਬੀ ਸਾਹਿਤ ਤੇ ਸੰਗੀਤ ਨੂੰ ਸਮਰਪਿਤ ਹਸਤੀ ਰੀਟਾ ਕੋਹਲੀ ਨੇ 'ਮੈਂ ਮਿੱਟੀ ਦਾ ਰੂਪ' 'ਚੋਂ ਦੋਹਿਆਂ ਦਾ ਗਾਇਨ ਕਰ ਕੇ ਸਮਾਗਮ ਨੂੰ ਵੱਖਰਾ ਆਯਾਮ ਪ੍ਰਦਾਨ ਕੀਤਾ।

ਅਗਲੇ ਦੌਰ ਵਿਚ ਹੋਏ ਕਵੀ ਦਰਬਾਰ ਵਿਚ ਮਨਮੋਹਨ ਪੂਨੀ, ਰਾਜਿੰਦਰ ਜਿੰਦ, ਡਾ. ਸੰਦੀਪ ਸਿੰਘ, ਸੁਰਿੰਦਰ ਸੋਹਲ, ਸੁਰਜੀਤ ਸਿੰਘ ਘੋਲੀਆ, ਜਸਬੀਰ ਸਿੰਘ ਡੁਮੇਲੀ, ਮੀਨਾਲੀ, ਪਰਮਜੀਤ ਕੌਰ, ਉਂਕਾਰ ਸਿੰਘ ਡੁਮੇਲੀ ਅਤੇ ਬਲਬੀਰ ਸਿੰਘ ਡੁਮੇਲੀ ਤੋਂ ਇਲਾਵਾ ਕਈ ਹੋਰ ਕਵੀਆਂ ਨੇ ਕਵਿਤਾਵਾਂ ਪੜ੍ਹੀਆਂ। ਰੇਸ਼ਮ ਸਿੰਘ ਤੇ ਜਸਵਿੰਦਰ ਸਿੰਘ ਡੁਮੇਲੀ ਨੇ ਵਿਅੰਗ ਪੜ੍ਹੇ। ਸਮਾਗਮ ਦੀ ਕਾਰਵਾਈ ਡਾ. ਰਾਮਜੀ ਦਾਸ ਸੇਠੀ ਅਤੇ ਸੁਰਿੰਦਰ ਸੋਹਲ ਨੇ ਨਿਭਾਈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸਵਰਨਜੀਤ ਸਿੰਘ, ਜਸਰਾਜ ਕੌਰ, ਅਮਨ ਸੋਹਲ, ਜਸਵੰਤ ਸਿੰਘ, ਬਲਜੀਤ ਕੌਰ, ਮੋਨਿਕਾ ਬਸਰਾ, ਤਰਲੋਚਨ ਸੱਚਰ, ਦਿਲਦੀਪ ਸਿੰਘ, ਰਵਿੰਦਰ ਕੌਰ, ਰਮਨ ਡੁਮੇਲੀ, ਮਨਜੀਤ ਕੌਰ, ਗੁਰਦਰਸ਼ਨ ਸਿੰਘ, ਇੰਦਰਜੀਤ ਸਿੰਘ, ਗੁਰਪ੍ਰੀਤ ਕੌਰ, ਅਮਰਜੀਤ ਸਿੰਘ, ਜੱਸੀ ਸਿੰਘ, ਅਮਨਦੀਪ ਕੌਰ, ਸ਼ਰਨਜੀਤ ਸਿੰਘ, ਬਲਵਿੰਦਰ ਸਿੰਘ, ਮਨਜਿੰਦਰ ਕੌਰ, ਇਸ਼ਰੀਤ ਕੌਰ, ਸਮਰ ਸਿੰਘ, ਸਿਮਰਨਜੀਤ ਸਿੰਘ ਅਤੇ ਸੁਪ੍ਰੀਤ ਕੌਰ ਹਾਜ਼ਰ ਸਨ।



*ਪੁਸਤਕ ਰਿਲੀਜ਼ ਕਰਨ ਸਮੇਂ (ਖੱਬਿਓਂ ਸੱਜ) ਡਾ. ਰਾਮਜੀ ਦਾਸ ਸੇਠੀ ਮਹਿਤਾਬ, ਬਲਬੀਰ ਸਿੰਘ ਡੁਮੇਲੀ, ਰੇਸ਼ਮ ਸਿੰਘ, ਡਾ. ਜੀਤ ਸਿੰਘ ਚੰਦਨ, ਉਂਕਾਰ ਸਿੰਘ, ਸਵਰਨਜੀਤ ਸਿੰਘ, ਤਰਲੋਚਨ ਸੱਚਰ ਅਤੇ ਰੀਟਾ ਕੋਹਲੀ।*

# ਬਹਿਬਲ ਕਾਂਡ: ਤਿੰਨ ਹੋਰ ਪੁਲਿਸ ਅਧਿਕਾਰੀਆਂ ਵਿਰੁਧ ਸ਼ਿਕੰਜਾ ਕੱਸਣ ਦੀ ਤਿਆਰੀ

**ਫਰੀਦਕੋਟ:** ਅਦਾਲਤ ਨੇ ਬਹਿਬਲ ਕਾਂਡ ਵਿਚ ਘਿਰੇ ਤਿੰਨ ਪੁਲਿਸ ਅਧਿਕਾਰੀਆਂ ਬਿਕਰਮਜੀਤ ਸਿੰਘ, ਅਮਰਜੀਤ ਸਿੰਘ ਕੁਲਾਰ ਅਤੇ ਪ੍ਰਦੀਪ ਸਿੰਘ ਦੀਆਂ ਅਗਾਊਂ ਜ਼ਮਾਨਤ ਅਰਜ਼ੀਆਂ ਖਾਰਜ ਕਰ ਦਿੱਤੀਆਂ। ਹੁਣ ਉਨ੍ਹਾਂ ਦੀ ਗ੍ਰਿਫਤਾਰੀ ਦੀ ਸੰਭਾਵਨਾ ਵੱਧ ਗਈ ਹੈ ਪਰ ਉਹ ਰੂਪੋਸ਼ ਹੋ ਗਏ ਹਨ। ਵਿਸ਼ੇਸ਼ ਜਾਂਚ ਟੀਮ ਵੱਲੋਂ ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ ਦੀ ਗ੍ਰਿਫਤਾਰੀ ਮਗਰੋਂ ਇਨ੍ਹਾਂ ਅਧਿਕਾਰੀਆਂ ਨੂੰ 'ਸਿੱਟ' ਮੂਹਰੇ ਪੇਸ਼ ਹੋਣ ਲਈ ਕਿਹਾ ਗਿਆ ਸੀ।

ਐਸ.ਪੀ. ਬਿਕਰਮਜੀਤ ਸਿੰਘ, ਬਾਜਾਖਾਨਾ ਦੇ ਸਾਬਕਾ ਐਸ.ਐਚ.ਓ. ਅਮਰਜੀਤ ਸਿੰਘ ਕੁਲਾਰ ਅਤੇ ਇੰਸਪੈਕਟਰ ਪ੍ਰਦੀਪ ਸਿੰਘ ਨੇ 29 ਜਨਵਰੀ ਨੂੰ ਜਾਂਚ ਟੀਮ ਸਾਹਮਣੇ ਪੇਸ਼ ਹੋਣ ਦੀ ਥਾਂ ਸਥਾਨਕ ਸੈਸ਼ਨ ਕੋਰਟ ਵਿਚ ਅਰਜ਼ੀ ਦੇ ਕੇ ਆਪਣੀ ਗ੍ਰਿਫਤਾਰੀ ਦਾ ਖਦਸ਼ਾ ਜਤਾਇਆ ਸੀ। ਪੁਲਿਸ ਅਧਿਕਾਰੀਆਂ ਦੀਆਂ ਜ਼ਮਾਨਤ ਅਰਜ਼ੀਆਂ ਰੱਦ ਕਰਦਿਆਂ ਜੱਜ ਨੇ ਕਿਹਾ ਕਿ ਇਹ ਦੋ ਨੌਜਵਾਨਾਂ ਦੇ ਕਤਲ ਨਾਲ ਜੁੜਿਆ ਮਾਮਲਾ ਹੈ ਅਤੇ ਇਸ ਗੰਭੀਰ ਅਪਰਾਧ ਵਿਚ ਪੁਲਿਸ ਅਧਿਕਾਰੀਆਂ ਨੂੰ ਅਗਾਊਂ ਜ਼ਮਾਨਤ ਦਾ ਲਾਭ ਨਹੀਂ ਦਿੱਤਾ ਜਾ ਸਕਦਾ ਹੈ। ਐਸ.ਪੀ. ਬਿਕਰਮਜੀਤ ਸਿੰਘ ਵੱਲੋਂ ਅਦਾਲਤ ਦੇ ਸਪੁਰਦ ਕੀਤੇ ਗਏ ਪਾਸਪੋਰਟ ਦਾ ਵੀ ਉਸ ਨੂੰ ਕੋਈ ਲਾਭ ਨਹੀਂ ਮਿਲ ਸਕਿਆ।

ਅਦਾਲਤ ਨੇ ਉਸ ਨੂੰ ਆਦੇਸ਼ ਦਿੱਤਾ ਕਿ ਉਹ ਆਪਣਾ ਪਾਸਪੋਰਟ ਅਦਾਲਤ ਵਿਚੋਂ ਵਾਪਸ ਲੈ ਸਕਦਾ ਹੈ। ਇਸ ਘਟਨਾਕ੍ਰਮ ਤੋਂ ਬਾਅਦ ਪੁਲਿਸ ਅਧਿਕਾਰੀ ਰੂਪੋਸ਼ ਹੋ ਗਏ ਹਨ। ਵਿਸ਼ੇਸ਼ ਜਾਂਚ ਟੀਮ ਨੇ ਸਾਬਕਾ ਐਸ.ਐਸ.ਪੀ. ਦੀ ਗ੍ਰਿਫਤਾਰੀ ਤੋਂ ਬਾਅਦ 90 ਦਿਨਾਂ ਦੇ ਅੰਦਰ ਚਲਾਨ ਅਦਾਲਤ ਵਿਚ ਪੇਸ਼ ਕਰਨਾ ਹੈ ਅਤੇ ਇਸ ਤੋਂ ਪਹਿਲਾਂ ਉਹ ਉਕਤ ਤਿੰਨੇ ਅਧਿਕਾਰੀਆਂ ਤੋਂ ਪੁੱਛ-ਗਿੱਛ ਕਰਨਾ ਚਾਹੁੰਦੀ ਹੈ। ਜ਼ਿਕਰਯੋਗ ਹੈ ਕਿ ਬਹਿਬਲ ਕਾਂਡ ਵਿਚ ਮਾਰੇ ਗਏ ਦੋ ਸਿੱਖ ਨੌਜਵਾਨਾਂ ਦੇ ਕਤਲ ਸਬੰਧੀ ਥਾਣਾ ਬਾਜਾਖਾਨਾ ਵਿਚ ਅਕਤੂਬਰ 2015 ਵਿੱਚ ਪਰਚਾ ਦਰਜ ਹੋਇਆ ਸੀ।



## ਬਾਦਲਾਂ ਤੇ ਸੈਣੀ ਖਿਲਾਫ ਹੋਵੇ ਕਾਰਵਾਈ: ਖਹਿਰਾ

**ਫਗਵਾੜਾ:** ਪੰਜਾਬੀ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਨੇ ਆਖਿਆ ਕਿ ਪੰਜਾਬ ਦੀ ਕਾਂਗਰਸ ਸਰਕਾਰ ਨੇ ਬਰਗਾੜੀ ਕਾਂਡ 'ਚ ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ ਨੂੰ ਗ੍ਰਿਫਤਾਰ ਕਰ ਕੇ ਕਾਫੀ ਲੰਬੇ ਸਮੇਂ ਬਾਅਦ ਛੋਟੀ ਜਿਹੀ ਕਾਰਵਾਈ ਕੀਤੀ ਹੈ, ਜਿਸ ਨਾਲ ਪੰਜਾਬ ਦੇ ਲੋਕ ਸੰਤੁਸ਼ਟ ਨਹੀਂ, ਕਿਉਂਕਿ ਇਸ ਮਾਮਲੇ 'ਚ ਮੁੱਖ ਮੁਲਜ਼ਮ ਅਜੇ ਪੁਲਿਸ ਦੀ ਗ੍ਰਿਫਤ ਤੋਂ ਬਾਹਰ ਹਨ।



ਖਹਿਰਾ ਨੇ ਕਿਹਾ ਕਿ ਇਸ ਕੇਸ 'ਚ ਦੋਵੇਂ ਬਾਦਲਾਂ, ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਸਮੇਤ ਹੋਰਨਾਂ ਮੁਲਜ਼ਮਾਂ ਖਿਲਾਫ ਧਾਰਾ 302 ਤਹਿਤ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਨੂੰ ਹਾਈ ਕੋਰਟ 'ਚ ਲਿਜਾਣ ਕਾਰਨ ਇਸ ਮਾਮਲੇ ਵਿਚ ਮੁਲਜ਼ਮ ਲੰਬੇ ਸਮੇਂ ਤੋਂ ਬਾਹਰ ਘੁੰਮ ਰਹੇ ਹਨ।

## ਚੰਦੂਮਾਜਰਾ ਦਾ ਸਰਬੋਤਮ ਸੰਸਦ ਮੈਂਬਰ ਵਜੋਂ ਸਨਮਾਨ

**ਨਵੀਂ ਦਿੱਲੀ:** ਹਲਕਾ ਸ੍ਰੀ ਅਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਨੇਤਾ ਪ੍ਰੇਮ ਸਿੰਘ ਚੰਦੂਮਾਜਰਾ ਨੂੰ ਦੇਸ਼ ਦੇ ਸਰਬੋਤਮ ਸੰਸਦ ਮੈਂਬਰ ਵਜੋਂ ਸਨਮਾਨਿਤ ਕੀਤਾ ਗਿਆ ਹੈ। ਪ੍ਰਸਿੱਧ ਮੈਗਜ਼ੀਨ 'ਫੇਮ ਇੰਡੀਆ' ਵੱਲੋਂ ਕਰਵਾਏ ਸਰਵੇਖਣ ਅਨੁਸਾਰ ਚੰਦੂਮਾਜਰਾ ਦਾ ਨਾਂ ਦੇਸ਼ ਦੇ ਸਰਬੋਤਮ 25 ਮੈਂਬਰਾਂ ਦੀ ਕਤਾਰ ਵਿਚ ਦਰਜ ਕੀਤਾ ਗਿਆ।



'ਫੇਮ ਇੰਡੀਆ' ਵੱਲੋਂ ਕਰਵਾਏ ਸਰਵੇਖਣ ਅਨੁਸਾਰ ਚੰਦੂਮਾਜਰਾ ਵੱਲੋਂ ਲੋਕ ਸਭਾ ਵਿਚ ਸਭ ਤੋਂ ਵੱਧ ਸਵਾਲ ਕਰਨ, ਬਹਿਸ ਵਿਚ ਹਿੱਸਾ ਲੈਣ, ਦੇਸ਼ ਤੇ ਵਿਦੇਸ਼ ਦੇ ਮਾਮਲਿਆਂ ਦੀ ਗੱਲ ਕਰਨ ਤੋਂ ਇਲਾਵਾ ਪੰਜਾਬ, ਆਪਣੇ ਹਲਕੇ ਨਾਲ ਸਬੰਧਤ ਮੁੱਦੇ ਉਠਾਉਣ ਅਤੇ ਐਮ.ਪੀ. ਫੰਡਾਂ ਦੀ ਠੀਕ ਢੰਗ ਨਾਲ ਵਰਤੋਂ ਕਰਨ ਕਰ ਕੇ ਦੇਸ਼ ਦੇ ਪਹਿਲੇ ਉੱਚ ਕੋਟੀ ਦੇ ਸੰਸਦ ਮੈਂਬਰਾਂ ਦੀ ਸੂਚੀ ਵਿਚ ਨਾਂ ਆਉਣ 'ਤੇ ਸੰਸਦੀ ਮਾਮਲਿਆਂ ਦੇ ਮੰਤਰੀ ਨਰਿੰਦਰ ਸਿੰਘ ਤੋਮਰ ਵਲੋਂ ਸਰਬੋਤਮ ਸੰਸਦ ਮੈਂਬਰ ਦੇ ਪੁਰਸਕਾਰ ਨਾਲ ਵਿਗਿਆਨ ਭਵਨ ਨਵੀਂ ਦਿੱਲੀ ਵਿਖੇ ਸਨਮਾਨਿਤ ਕੀਤਾ ਗਿਆ।

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense
(DUI, simple battery,
domestic violence,
immigration post-
conviction relief)

Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com

## ਪਾਕਿਸਤਾਨ ਵੱਲੋਂ ਭਾਰਤ ਨੂੰ ਸਿੰਧ ਜਲ ਖੇਤਰ ਦੀ ਫੇਰੀ ਦਾ ਸੱਦਾ

**ਨਵੀਂ ਦਿੱਲੀ:** ਪਾਕਿਸਤਾਨ ਨੇ ਭਾਰਤ ਨੂੰ ਸੱਦਾ ਦਿੱਤਾ ਹੈ ਕਿ ਉਹ ਉਨ੍ਹਾਂ ਵਾਲੇ ਪਾਸੇ ਸਿੰਧ ਬੇਸਿਨ ਦਾ ਦੌਰਾ ਕਰੇ। ਜਲ ਸਰੋਤ ਮੰਤਰਾਲੇ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਸਿੰਧ ਜਲ ਸਮਝੌਤੇ ਤਹਿਤ ਦੋਹਾਂ ਮੁਲਕਾਂ ਵੱਲੋਂ ਇਕ ਦੂਜੇ ਦੇਸ਼ ਦੀ ਫੇਰੀ ਪਾਉਣੀ ਲਾਜ਼ਮੀ ਹੈ। ਦੱਸਣਾ ਬਣਦਾ ਹੈ ਕਿ ਸਿੰਧ ਕਮਿਸ਼ਨਰ ਦੀ ਅਗਵਾਈ ਵਿਚ ਆਏ ਪਾਕਿਸਤਾਨੀ ਵਫਦ ਨੇ ਚਾਰ ਰੋਜ਼ਾ ਫੇਰੀ ਤਹਿਤ ਭਾਰਤ ਵਾਲੇ ਪਾਸੇ ਚੇਨਾਬ ਬੇਸਿਨ ਦਾ ਦੌਰਾ ਕੀਤਾ ਸੀ। ਪਾਕਿਸਤਾਨੀ ਸਿੰਧ ਕਮਿਸ਼ਨਰ ਸੱਯਦ ਮੁਹੰਮਦ ਮੇਹਰ ਅਲੀ ਸ਼ਾਹ ਤੇ ਭਾਰਤੀ ਕਮਿਸ਼ਨਰ ਪੀ.ਕੇ.ਸਕਸੈਨਾ ਨੇ ਚੇਨਾਬ ਬੇਸਿਨ ਵਿਚ ਉਸਾਰੀ ਅਧੀਨ ਭਾਰਤੀ ਪਣਬਿਜਲੀ ਪ੍ਰੋਜੈਕਟਾਂ ਪਾਕਲ ਡਲ, ਰਤਲੇ ਤੇ ਲੋਅਰ ਕਾਲਨਈ ਦੀ ਫੇਰੀ ਪਾਈ। ਵਫਦ ਨੇ ਅਪਰੇਸ਼ਨ ਅਧੀਨ ਬਗਲੀਹਾਰ ਪਣਬਿਜਲੀ ਪ੍ਰੋਜੈਕਟ ਵੀ ਵੇਖਿਆ।

## ਭਾਰਤੀ ਵਿਅਕਤੀ ਨੇ ਲਾਟਰੀ ਵਿਚ ਜਿੱਤੇ 19.45 ਕਰੋੜ

**ਅਬੂ ਧਾਬੀ:** ਇਕ ਭਾਰਤੀ ਦਾ ਅਬੂ ਧਾਬੀ ਵਿਚ ਮਹੀਨਾਵਾਰ ਲਾਟਰੀ ਵਿਚ 10 ਲੱਖ ਦਰਹਾਮ (19.45 ਕਰੋੜ ਰੁਪਏ) ਦਾ ਜੈਕਪਾਟ ਲੱਗਾ ਹੈ। ਪ੍ਰਸ਼ਾਂਤ ਪੰਦਰਥਿਲ ਨੇ ਬਿੱਗ ਟਿਕਟ ਡਰਾਅ ਦੀ ਟਿਕਟ ਆਨਲਾਈਨ ਖਰੀਦੀ ਸੀ। ਇਥੇ ਇਹ ਸਭ ਤੋਂ ਵੱਡੀ ਲਾਟਰੀ ਹੈ।

# ਪਿੰਡ ਭੌਰਾ 'ਚ 'ਮਾਤਾ ਪ੍ਰਕਾਸ਼ ਕੌਰ ਯਾਦਗਾਰੀ' ਅੱਖਾਂ ਦਾ '6ਵਾਂ ਮੁਫਤ ਕੈਂਪ'

**ਸ਼ਹੀਦ ਭਗਤ ਸਿੰਘ ਨਗਰ (ਬਿਊਰੋ):** ਇਸ ਜਿਲੇ ਦੇ ਪਿੰਡ ਭੌਰਾ ਵਿਚ ਲੰਘੇ ਐਤਵਾਰ ਮਾਤਾ ਪ੍ਰਕਾਸ਼ ਕੌਰ ਯਾਦਗਾਰੀ ਟਰੱਸਟ ਵਲੋਂ 'ਸਹਾਇਤਾ ਸੰਸਥਾ', ਗ੍ਰਾਮ ਪੰਚਾਇਤ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ 6ਵਾਂ ਅੱਖਾਂ ਦਾ ਮੁਫਤ ਕੈਂਪ ਇੱਥੇ ਸਰਕਾਰੀ ਐਲੀਮੈਂਟਰੀ ਸਕੂਲ ਵਿਚ ਡਾ. ਰਜਿੰਦਰ ਸਿੰਘ ਰਾਜੀ ਦੀ ਅਗਵਾਈ ਹੇਠ ਲਾਇਆ ਗਿਆ, ਜਿਸ ਦਾ ਉਦਘਾਟਨ ਸਾਬਕਾ ਆਈ. ਜੀ. ਅਤੇ ਉਲੰਪੀਅਨ ਸੁਰਿੰਦਰ ਸਿੰਘ ਸੋਢੀ ਨੇ ਕਰਦਿਆਂ ਕਿਹਾ ਕਿ ਅਜਿਹੇ ਸਮਾਜਕ ਕਾਰਜਾਂ ਦੀ ਇਸ ਵੇਲੇ ਪੰਜਾਬ ਨੂੰ ਵੱਡੀ ਲੋੜ ਹੈ ਤੇ ਸਾਨੂੰ ਸਿਆਸੀ ਵਿਚਾਰਧਾਰਾ ਤੋਂ ਉਪਰ ਉਠ ਕੇ ਅਜਿਹੇ ਕਾਰਜਾਂ ਵਿਚ ਸਹਿਯੋਗ ਕਰਨਾ ਚਾਹੀਦਾ ਹੈ।

ਇਸ ਮੌਕੇ ਮੁੱਖ ਮਹਿਮਾਨ ਕਾਂਗਰਸ ਦੇ ਜਿਲਾ ਪ੍ਰਧਾਨ ਸਤਵੀਰ ਸਿੰਘ ਪੱਲੀ ਝਿੱਕੀ ਨੇ ਕਿਹਾ ਕਿ ਐਸ. ਅਸ਼ੋਕ ਭੌਰਾ ਅਤੇ ਉਨ੍ਹਾਂ ਦੇ ਪਰਿਵਾਰ ਵਲੋਂ ਆਪਣੀ ਮਾਤਾ ਪ੍ਰਕਾਸ਼ ਕੌਰ ਨੂੰ ਇੰਜ ਸਮਾਜ ਸੇਵਾ ਵਜੋਂ ਯਾਦ ਕਰਨਾ ਸੱਚੀਂ ਮੁੱਚੀਂ ਹੀ ਵਡਿਆਈ ਯੋਗ ਹੈ।

ਕੈਂਪ ਵਿਚ ਕਰੀਬ 400 ਮਰੀਜ਼ਾਂ ਦੀਆਂ ਅੱਖਾਂ ਦਾ ਮੁਆਇਨਾ ਕੀਤਾ ਗਿਆ, 100 ਦੇ ਕਰੀਬ ਨਜ਼ਰ ਦੀਆਂ ਐਨਕਾਂ ਦਿੱਤੀਆਂ ਗਈਆਂ ਅਤੇ 53 ਮਰੀਜ਼ਾਂ ਦੀਆਂ ਅੱਖਾਂ ਦੇ ਆਧੁਨਿਕ ਤਕਨੀਕ ਨਾਲ ਰਜਿੰਦਰਾ ਆਈ ਹਸਪਤਾਲ ਲੁਧਿਆਣਾ ਵਿਖੇ ਅਪ੍ਰੇਸ਼ਨ ਕੀਤੇ ਗਏ।



ਇਸ ਮੌਕੇ ਹੋਰਨਾਂ ਤੋਂ ਇਲਾਵਾ ਪਿੰਡ ਦੇ ਸਰਪੰਚ ਰਣਜੀਤ ਕੁਮਾਰ, ਮੈਂਬਰ ਪੰਚਾਇਤ ਲਖਵਿੰਦਰ ਕੁਮਾਰ, ਸੁਰਿੰਦਰ ਪਾਲ, ਬਿੰਦਰ ਸਿੰਘ, ਗੋਗਾ ਮੱਲ੍ਹੀ, ਬਸਪਾ ਦੇ ਸਾਬਕਾ ਜਿਲਾ ਪ੍ਰਧਾਨ ਦਵਿੰਦਰ ਸ਼ੀਂਹਮਾਰ, ਸੂਬੇਦਾਰ ਨਸੀਬ ਚੰਦ, ਮਾਸਟਰ ਪ੍ਰੇਮ ਸਿੰਘ ਸੂਰਾਪੁਰੀ, ਪ੍ਰੋ. ਸ਼ੰਕਰ ਦਾਸ ਸਮੇਤ ਇਲਾਕੇ ਦੀਆਂ ਨਾਮੀ ਸ਼ਖਸੀਅਤਾਂ ਹਾਜ਼ਰ ਸਨ।



ਕੈਂਪ ਦੇ ਮੁੱਖ ਪ੍ਰਬੰਧਕ ਐਸ. ਅਸ਼ੋਕ ਭੌਰਾ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਿਨ੍ਹਾਂ ਪਰਿਵਾਰਾਂ ਵਿਚ ਮਾਂ ਨੂੰ ਯਾਦ ਰੱਖਣ ਦਾ ਸੰਕਲਪ ਬਣਿਆ ਹੋਇਆ ਹੈ, ਉਨ੍ਹਾਂ ਪਰਿਵਾਰਾਂ ਵਿਚ ਉਦਾਸੀ ਤੇ ਗਮੀ ਦਾ ਖਦਸ਼ਾ ਕਦੇ ਵੀ ਪੈਦਾ ਨਹੀਂ ਹੁੰਦਾ। ਉਹ ਆਪਣੀ ਮਾਤਾ ਪ੍ਰਕਾਸ਼ ਕੌਰ ਨੂੰ ਯਾਦ ਕਰਨ ਲਈ ਇਹ ਸਮਾਜ ਸੇਵੀ ਕਾਰਜ ਕਰਕੇ ਆਪਣੇ ਆਪ ਨੂੰ ਧਨਭਾਗੀ ਹੋਇਆ ਸਮਝਦਾ ਹੈ। ਉਨ੍ਹਾਂ 'ਸਹਾਇਤਾ' ਸੰਸਥਾ ਦੇ ਅਮਰੀਕਾ ਸਥਿਤ ਮੁੱਖ ਸੰਚਾਲਕ ਡਾ. ਹਰਕੇਸ਼ ਸੰਧੂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਿਛਲੇ 6 ਸਾਲਾਂ ਵਿਚ ਇਸ ਸੰਸਥਾ ਨੇ ਪੰਜਾਬ ਨੂੰ ਸਿਹਤ ਸੇਵਾਵਾਂ ਦੇਣ, ਅਨਾਥਾਂ ਤੇ ਬੇਆਸਰਿਆਂ ਦਾ ਆਸਰਾ ਬਣਨ ਵਿਚ ਵੱਡੀ ਭੂਮਿਕਾ ਨਿਭਾਈ ਹੈ।

ਕਈ ਨਾਮਵਰ ਸ਼ਖਸੀਅਤਾਂ ਪਿੰਡ ਭੌਰਾ ਤੋਂ ਹਨ। ਅਕਾਲ ਤਖਤ ਦੇ ਸਾਬਕਾ ਜਥੇਦਾਰ ਮਰਹੂਮ ਗਿਆਨੀ ਸਾਧੂ ਸਿੰਘ ਭੌਰਾ ਅਤੇ ਨਾਮੀ ਢਾਡੀ ਅਵਤਾਰ ਸਿੰਘ ਭੌਰਾ ਤੋਂ ਇਲਾਵਾ ਜਲੰਧਰ ਦੇ ਅਕਾਲ ਆਈ ਹਸਪਤਾਲ ਦੇ ਮੁਖੀ ਡਾ. ਬਲਬੀਰ ਸਿੰਘ ਭੌਰਾ ਅਤੇ ਆਮ ਆਦਮੀ ਪਾਰਟੀ ਦੇ ਡਾ. ਬਲਬੀਰ ਸਿੰਘ ਵੀ ਇਸੇ ਪਿੰਡ ਦਾ ਮਾਣ ਹਨ। ਇੱਥੋਂ ਦਾ ਜੰਮਪਲ ਨੌਜਵਾਨ ਕੁਲਵੀਰ ਸਿੰਘ ਭੌਰਾ ਉਲੰਪਿਕ 'ਚ ਇੰਗਲੈਂਡ ਦੀ ਹਾਕੀ ਟੀਮ ਦਾ ਮੈਂਬਰ ਰਿਹਾ। ਅਮਰੀਕਾ ਵਸਦੇ ਪੱਤਰਕਾਰ ਤੇ ਲੇਖਕ ਐਸ. ਅਸ਼ੋਕ ਭੌਰਾ ਵੀ ਇਸੇ ਪਿੰਡ ਤੋਂ ਹਨ।







# ਦਰਿਆਵਾਂ ਦੇ ਪ੍ਰਦੂਸ਼ਿਤ ਪਾਣੀ ਨੇ ਵੰਡੀਆਂ ਬਿਮਾਰੀਆਂ

**ਚੰਡੀਗੜ੍ਹ:** ਸਤਲੁਜ ਦਰਿਆ ਦੇ ਦਿਨੋ ਦਿਨ ਪ੍ਰਦੂਸ਼ਿਤ ਹੋ ਰਹੇ ਪਾਣੀ ਨੂੰ ਬਚਾਉਣ ਲਈ ਕਿਸੇ ਵੀ ਸਰਕਾਰ ਨੇ ਕੋਈ ਅਹਿਮ ਭੂਮਿਕਾ ਨਹੀਂ ਨਿਭਾਈ, ਜਿਸ ਕਾਰਨ ਨਾ ਸਿਰਫ ਦਰਿਆਈ ਪੱਟੀ ਦੇ ਲੋਕ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਕੇ ਮੌਤ ਦੇ ਮੂੰਹ ਜਾ ਰਹੇ ਹਨ ਸਗੋਂ ਗੰਦੇ ਪਾਣੀ ਨੇ ਦਰਿਆ 'ਚ ਪਲਦੀਆਂ ਮੱਛੀਆਂ, ਕਈ ਪਰਵਾਸੀ ਪੰਛੀਆਂ ਤੇ ਜੀਵ-ਜੰਤੂਆਂ ਦੀਆਂ ਨਸਲਾਂ ਹੀ ਖਤਮ ਕਰ ਦਿੱਤੀਆਂ ਹਨ।

ਅਦਾਲਤੀ ਹੁਕਮਾਂ ਦੇ ਬਾਵਜੂਦ ਸਰਕਾਰ ਦਰਿਆ ਦੇ ਪਵਿੱਤਰ ਪਾਣੀ 'ਚ ਵੋਟ ਨੀਤੀ ਨੂੰ ਅੱਗੇ ਰੱਖ ਕੇ ਦਰਿਆ 'ਚ ਜ਼ਹਿਰ ਘੋਲਣ 'ਚ ਲੱਗੇ ਹੋਏ ਲੋਕਾਂ ਸਾਹਮਣੇ ਬੇਵੱਸ ਹੋਈ ਵਿਖਾਈ ਦੇ ਰਹੀ ਹੈ। ਬਲਾਕ ਸਿੱਧਵਾਂ ਬੇਟ ਦੇ ਪਿੰਡ ਵਲੀਪੁਰ ਖ਼ੁਰਦ ਦੇ ਕੋਲੋਂ ਬੁੱਢੇ ਨਾਲੇ ਦਾ ਗੰਦਾ ਪਾਣੀ ਪੂਰੀ ਰਫਤਾਰ ਨਾਲ ਦਰਿਆ ਸਤਲੁਜ ਦੇ ਪਾਣੀ 'ਚ ਘੁਲ ਰਿਹਾ ਹੈ, ਜਿਸ ਨੇ ਦਰਿਆ ਸਤਲੁਜ ਦੇ ਦੋਹੀਂ ਪਾਸੀ ਮਾਲਵਾ ਤੇ ਦੁਆਬਾ ਖੇਤਰ ਦੇ ਦਰਜਨਾਂ ਪਿੰਡਾਂ ਦਾ ਪਾਣੀ ਪ੍ਰਦੂਸ਼ਿਤ ਕਰਕੇ ਰੱਖ ਦਿੱਤਾ ਹੈ। ਜੇ ਵੇਖਿਆ ਜਾਵੇ ਤਾਂ ਉਕਤ ਪਿੰਡਾਂ ਵਿਚ 700 ਫੁੱਟ ਦੀ ਡੂੰਘਾਈ ਤੱਕ ਵੀ ਧਰਤੀ ਹੇਠਲਾ ਪਾਣੀ ਇਨਸਾਨੀ ਜਾਨਾਂ ਲਈ ਹੀ ਨਹੀਂ ਸਗੋਂ ਸਾਰੇ ਜੀਵ ਜੰਤੂਆਂ ਲਈ ਵੀ ਪੀਣ ਯੋਗ ਨਹੀਂ ਰਿਹਾ। ਉਕਤ ਪਿੰਡਾਂ ਦੇ ਲੋਕ ਆਪਣੇ ਘਰਾਂ 'ਚ ਲੱਗੇ ਨਲਕਿਆਂ ਦਾ ਪਾਣੀ ਪੀਣ ਕਾਰਨ ਕੈਂਸਰ, ਕਾਲਾ ਪੀਲੀਆ ਆਦਿ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਬੁੱਢੇ ਨਾਲੇ ਰਾਹੀਂ ਸਤਲੁਜ ਦਰਿਆ 'ਚ ਸ਼ਹਿਰ ਲੁਧਿਆਣਾ ਦੀਆਂ ਕਈ ਰੰਗ-ਰੰਗਾਉਣ ਵਾਲੀਆਂ ਫੈਕਟਰੀਆਂ ਦੇ ਪੈ ਰਹੇ ਗੰਦੇ ਪਾਣੀ ਕਾਰਨ ਦਰਿਆ ਦਾ ਇਹ ਪਾਣੀ ਫਸਲਾਂ ਦੇ ਯੋਗ ਨਹੀਂ ਰਿਹਾ ਹੈ ਤੇ ਲੁਧਿਆਣਾ ਦੀ ਬੁੱਕਲ 'ਚ ਇਸ ਗੰਦੇ ਪਾਣੀ ਨਾਲ ਪਲ ਰਹੀਆਂ ਸਬਜ਼ੀਆਂ ਦੀ ਵਰਤੋਂ ਕਰਨ ਨਾਲ ਤੰਦਰੁਸਤ ਲੋਕ ਵੀ ਮਰੀਜ਼ ਬਣ ਰਹੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਕਿਸੇ ਸਮੇਂ ਦਰਿਆ ਸਤਲੁਜ ਦੇ ਪਾਣੀ 'ਚ ਮੱਛੀਆਂ ਤੋਂ ਇਲਾਵਾ ਕਈ ਪਰਵਾਸੀ ਪੰਛੀਆਂ ਦੇ ਝੁੰਡ ਵਿਖਾਈ ਦਿੰਦੇ ਸਨ ਪਰ ਜਦੋਂ ਤੋਂ ਦਰਿਆ 'ਚ ਬੁੱਢੇ ਨਾਲੇ ਦਾ ਗੰਦਾ ਪਾਣੀ ਪੈ ਰਿਹਾ ਹੈ, ਉਸ ਸਮੇਂ ਤੋਂ ਕੋਈ ਜੀਵ-ਜੰਤੂ ਨਹੀਂ ਵਿਖਾਈ ਦੇ ਰਿਹਾ।

ਸਤਲੁਜ ਦਰਿਆ ਦੇ ਕੰਢੇ 'ਤੇ ਦੇਸੀ ਸ਼ਰਾਬ ਕੱਢਣ ਵਾਲੇ ਸ਼ਰਾਬ ਤਸਕਰ ਕਈ ਵਾਰ ਇਸ ਗੰਦੇ ਪਾਣੀ ਦੀ ਹੀ ਵਰਤੋਂ ਕਰ ਲੈਂਦੇ ਹਨ ਅਤੇ ਇਹ ਸ਼ਰਾਬ ਪੀਣ ਨਾਲ ਕਈ ਕੀਮਤੀ ਜਾਨਾਂ ਮੌਤ ਦੇ ਮੂੰਹ ਜਾ ਪੈਂਦੀਆਂ ਹਨ। ਦੂਜੇ ਪਾਸੇ ਭਾਵੇਂ ਕੁਝ ਸਮਾਂ ਪਹਿਲਾਂ ਹਾਈ ਕੋਰਟ ਵੱਲੋਂ ਸ਼ਹਿਰ ਲੁਧਿਆਣਾ 'ਚੋਂ ਲੰਘਦੇ ਬੁੱਢੇ ਨਾਲੇ ਦੇ ਕੋਲ ਬਣੀਆਂ ਰੰਗ ਰੰਗਾਈ ਵਾਲੀਆਂ ਫੈਕਟਰੀਆਂ ਨੂੰ ਬੁੱਢੇ ਨਾਲੇ 'ਚ ਤੇਜ਼ਾਬੀ ਪਾਣੀ ਨਾ ਪਾਉਣ ਦੇ ਸਖ਼ਤ ਨਿਰਦੇਸ਼ ਦੇ ਕੇ ਪ੍ਰਸ਼ਾਸਨ ਨੂੰ ਵੀ ਹੁਕਮ ਜਾਰੀ ਕੀਤੇ ਸਨ ਕਿ ਅਜਿਹੀਆਂ ਫੈਕਟਰੀਆਂ ਨੂੰ ਤਾਲੇ ਲਗਾ ਦਿੱਤੇ ਜਾਣ। ਭਾਵੇਂ ਉਸ ਸਮੇਂ ਸਰਕਾਰ ਨੇ ਸਖਤੀ ਵਰਤ ਕੇ ਕਈ ਫੈਕਟਰੀਆਂ ਨੂੰ ਤਾਲੇ ਜੜ ਵੀ ਦਿੱਤੇ ਸਨ ਪਰ ਫਿਰ ਸਭ ਕੁਝ ਗੋਲ-ਮੋਲ ਹੋ ਗਿਆ। ਹੈਰਾਨੀ ਦੀ ਗੱਲ ਹੈ ਕਿ ਪੰਜਾਬ ਦੇ ਪਵਿੱਤਰ ਸ਼ਹਿਰ ਸ੍ਰੀ ਅਨੰਦਪੁਰ ਸਾਹਿਬ ਤੋਂ ਪੰਜਾਬ 'ਚ ਦਾਖਲ ਹੁੰਦੇ ਦਰਿਆ ਸਤਲੁਜ ਦੇ ਦੋਹੀਂ ਪਾਸੀ ਪੰਜਾਬ ਦੀ ਹੱਦ ਤੱਕ ਕਰੀਬ 22 ਵਿਧਾਨ ਸਭਾ ਹਲਕੇ ਪੈਂਦੇ ਹਨ ਪਰ ਅਜੇ ਤੱਕ ਇਨ੍ਹਾਂ ਹਲਕਿਆਂ ਦੇ ਨੇਤਾਵਾਂ ਨੇ ਦਰਿਆ ਦੇ ਪਵਿੱਤਰ ਪਾਣੀ 'ਚ ਜ਼ਹਿਰ ਘੋਲਣ ਦਾ ਕੰਮ ਕਰ ਰਹੇ ਲੋਕਾਂ ਦੀ ਪਛਾਣ ਕਰਨ ਲਈ ਕੋਈ ਕਦਮ ਨਹੀਂ ਚੁੱਕਿਆ ਅਤੇ ਨਾ ਹੀ ਵਾਤਾਵਰਨ ਪ੍ਰੇਮੀਆਂ ਦੀ ਬਾਂਹ ਫੜੀ।

## ਪੰਜਾਬ ਕਲਾ ਪਰਿਸ਼ਦ ਵੱਲੋਂ ਅੱਠ ਸ਼ਖਸੀਅਤਾਂ ਨੂੰ 'ਪੰਜਾਬ ਗੌਰਵ ਸਨਮਾਨ'

**ਚੰਡੀਗੜ੍ਹ:** ਪੰਜਾਬ ਕਲਾ ਪਰਿਸ਼ਦ ਵੱਲੋਂ ਡਾ. ਮਹਿੰਦਰ ਸਿੰਘ ਰੰਧਾਵਾ ਕਲਾ ਅਤੇ ਸਾਹਿਤ ਉਤਸਵ ਵਿਚ ਪੰਜਾਬ ਦੀਆਂ ਉਘੀਆਂ ਹਸਤੀਆਂ ਦਾ ਸਨਮਾਨ ਕੀਤਾ ਗਿਆ, ਜਿਨ੍ਹਾਂ ਵਿਚ ਪ੍ਰਸਿੱਧ ਸਾਹਿਤਕਾਰ ਦਲੀਪ ਕੌਰ ਟਿਵਾਣਾ, ਡਾ. ਤੇਜਵੰਤ ਸਿੰਘ ਗਿੱਲ, ਪ੍ਰੇਮ ਪ੍ਰਕਾਸ਼, ਨਾਟਕਕਾਰ ਆਤਮਜੀਤ, ਸ਼ਹਰਯਾਰ, ਦੋ ਪ੍ਰਸਿੱਧ ਫੋਟੋਗ੍ਰਾਫਰ ਰਘੂ ਰਾਏ ਤੇ ਰਣਬੀਰ ਕਾਲੇਕਾ ਸ਼ਾਮਲ ਹਨ। ਇਨ੍ਹਾਂ ਸ਼ਖ਼ਸੀਅਤਾਂ ਨੂੰ 'ਪੰਜਾਬ ਗੌਰਵ ਸਨਮਾਨ' ਦਿੱਤਾ ਗਿਆ। ਇਹ ਸਨਮਾਨ ਗੁਲਜ਼ਾਰ ਸਿੰਘ ਸੰਧੂ ਨੂੰ ਵੀ ਦਿੱਤਾ ਗਿਆ, ਪਰ ਉਹ ਸਮਾਗਮ ਵਿਚ ਹਾਜ਼ਰ ਨਹੀਂ ਹੋ ਸਕੇ।

ਇਸ ਸਮਾਗਮ ਦੇ ਮੁੱਖ ਮਹਿਮਾਨ ਵਜੋਂ ਮਹਿੰਦਰ ਸਿੰਘ ਰੰਧਾਵਾ ਦੇ ਪੁੱਤ ਜਤਿੰਦਰ ਸਿੰਘ ਰੰਧਾਵਾ ਸ਼ਾਮਲ ਹੋਏ। ਪ੍ਰਸਿੱਧ ਸੂਫੀ ਗਾਇਕ ਰੱਬੀ ਸ਼ੇਰਗਿੱਲ ਨੇ ਸਮਾਂ ਬੰਨ੍ਹਿਆ। ਦੱਸਣਯੋਗ ਹੈ ਕਿ ਪੰਜਾਬ ਕਲਾ ਪਰਿਸ਼ਦ ਵੱਲੋਂ ਸੈਕਟਰ-16 ਸਥਿਤ ਪੰਜਾਬ ਕਲਾ ਭਵਨ ਦੇ ਵਿਹੜੇ ਵਿਚ 7 ਫਰਵਰੀ ਤੱਕ ਡਾ. ਮਹਿੰਦਰ ਸਿੰਘ ਰੰਧਾਵਾ ਕਲਾ ਤੇ ਸਾਹਿਤ ਉਤਸਵ ਕਰਵਾਇਆ ਜਾ ਗਿਆ।


## Friends Of Punjab Foundation




'ਮੇਰਾ ਪਿੰਡ' ਦੇ ਵਾਸੀ ਤੁਹਾਨੂੰ ਹਾਕਾਂ ਮਾਰ ਰਹੇ ਹਨ

ਗੁਰੂਆਂ ਦੀ ਧਰਤੀ ਦੇ ਵਾਸੀਆਂ ਅਤੇ ਤੁਹਾਡੇ ਬਚਪਨ ਦੀਆਂ ਯਾਦਾਂ ਨੂੰ ਅੱਜ ਤੁਹਾਡੀ ਲੋੜ ਹੈ

ਮੇਰਾ ਪਿੰਡ

ਪ੍ਰਥਮ ਪਾਤਿਸ਼ਾਹ ਗੁਰੂ ਨਾਨਕ ਦੇਵ ਜੀ ਨੇ ਆਪਣੇ ਬਚਪਨ ਤੋਂ ਲੈ ਕੇ ਜ਼ਿੰਦਗੀ ਦੇ ਆਖਰੀ ਦਿਨਾਂ ਤੱਕ ਮਨੁੱਖਤਾ ਦੀ ਸੇਵਾ ਕੀਤੀ ਅਤੇ ਗਰੀਬਾਂ ਦੀ ਮਦਦ ਕੀਤੀ। ਉਨ੍ਹਾਂ ਦਾ ਸੁਨੇਹਾ ਸੀ, "ਨਾਮ ਜਪੋ, ਕਿਰਤ ਕਰੋ, ਵੰਡ ਛਕੋ।" ਸਿੱਖੀ ਇਥੋਂ ਹੀ ਸ਼ੁਰੂ ਹੁੰਦੀ ਹੈ। ਸਾਡੇ ਵਿਚੋਂ ਬਹੁਤੇ 'ਨਾਮ ਜਪੋ' ਅਤੇ 'ਕਿਰਤ ਕਰੋ' ਦੇ ਹੁਕਮ 'ਤੇ ਤਾਂ ਪਹਿਰਾ ਦਿੰਦੇ ਹਨ, ਪਰ ਗਰੀਬਾਂ ਦੀ ਮਦਦ, ਖਾਸ ਕਰ ਜੋ ਥੁੜ੍ਹਾਂ ਦੇ ਮਾਰੇ ਹੁੰਦੇ ਹਨ, ਲਈ 'ਵੰਡ ਛਕੋ' ਦੇ ਹੁਕਮ ਨੂੰ ਵਿਸਾਰ ਛੱਡਦੇ ਹਨ।

'ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ' ਨਾਲ ਜੁੜੇ ਪਰਵਾਸੀ ਭਾਰਤੀ ਗਰੀਬਾਂ ਦੀ ਮਦਦ ਕਰਨ ਲਈ ਆਪਣੇ ਪਿੰਡਾਂ ਨੂੰ ਅਪਨਾ ਰਹੇ ਹਨ। ਬੇਔਲਾਦ ਗਰੀਬ ਬਜ਼ੁਰਗ, ਗਰੀਬ ਵਿਧਵਾਵਾਂ, ਅੰਗਹੀਣ ਅਤੇ ਗਰੀਬ ਪਰਿਵਾਰ ਦੇ ਵਿਦਿਆਰਥੀਆਂ ਨੂੰ ਮਦਦ ਮਿਲ ਰਹੀ ਹੈ। ਇਸ ਦੀਆਂ ਕੁਝ ਅਸਲ ਮਿਸਾਲਾਂ ਇਸ ਤਰ੍ਹਾਂ ਹਨ:

*ਬੇਜਮੀਨ ਵਿਧਵਾ, ਤਿੰਨ ਮੁਟਿਆਰ ਧੀਆਂ (ਜਿਨ੍ਹਾਂ ਵਿਚੋਂ ਦੋ ਅੰਗਹੀਣ ਹਨ)।

*ਐਮ. ਏ. ਦੀ ਪੜ੍ਹਾਈ ਪੂਰੀ ਕਰ ਰਹੀ ਗਰੀਬ ਨੌਜਵਾਨ ਲੜਕੀ।

*ਗਰੀਬ ਕਿਸਾਨ ਦੀ ਅਪਾਹਜ ਵਿਧਵਾ ਅਤੇ ਉਸ ਦੇ ਦੋ ਬੱਚੇ।

*ਦੋ ਬੱਚਿਆਂ ਦਾ ਬੇਜਮੀਨਾ ਬਾਪ, ਜੋ ਬੁਰੀ ਤਰ੍ਹਾਂ ਜ਼ਖਮੀ ਹੋਈ ਲੱਤ ਦਾ ਇਲਾਜ ਨਾ ਕਰਵਾ ਸਕਣ ਕਰ ਕੇ ਕੰਮ ਨਹੀਂ ਕਰ ਸਕਦਾ।

*ਪਿੰਡ ਦੇ ਅਖੌਤੀ ਮੈਡੀਕਲ ਡਾਕਟਰ ਵਲੋਂ ਗਲਤ ਇਲਾਜ ਕੀਤੇ ਜਾਣ ਕਾਰਨ ਗਰੀਬ ਪਰਿਵਾਰ ਦਾ ਇਕ ਨੌਜਵਾਨ ਵਿਦਿਆਰਥੀ, ਜਿਸ ਦੇ ਦੋਵੇਂ ਗੁਰਦੇ ਫੇਲ੍ਹ ਹੋ ਚੁਕੇ ਹਨ।

ਇਨ੍ਹਾਂ ਅਤੇ ਕਈ ਹੋਰ ਪਿੰਡਾਂ ਦੇ ਸੈਂਕੜੇ ਲੋਕਾਂ ਦੀ 'ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ' ਵਲੋਂ ਮਦਦ ਕੀਤੀ ਜਾ ਰਹੀ ਹੈ। ਫਾਊਂਡੇਸ਼ਨ ਆਪ ਕੋਈ ਪੈਸਾ ਇਕੱਠਾ ਨਹੀਂ ਕਰਦੀ, ਸਿਰਫ ਪਰਵਾਸੀ ਭਾਰਤੀਆਂ ਦੀ 'ਮੇਰਾ ਪਿੰਡ' ਯਾਨਿ ਆਪਣਾ ਪਿੰਡ ਅਪਨਾਉਣ ਵਿਚ ਮਦਦ ਕਰਦੀ ਹੈ। ਪੂਰੇ ਵੇਰਵੇ ਸਾਡੀ ਵੈਬ ਸਾਈਟ www.friendsofpunjabfoundation.org ਤੋਂ ਹਾਸਲ ਕੀਤੇ ਜਾ ਸਕਦੇ ਹਨ।

ਸਾਡੇ ਨਾਲ ਫੋਨ ਰਾਹੀਂ ਵੀ ਸੰਪਰਕ ਕੀਤਾ ਜਾ ਸਕਦਾ ਹੈ:

ਭੁਪਿੰਦਰ ਸਿੰਘ ਹੁੰਦਲ, ਫੋਨ: 630-802-2179

E-mail: hundalb@yahoo.com

# ਵਿਰਾਸਤ 'ਚ ਮਿਲੇ ਕਰਜ਼ੇ ਦੇ ਨਿਬੇੜੇ ਦਾ ਮੁੱਢ ਬੱਝਾ

**ਚੰਡੀਗੜ੍ਹ:** 15ਵੇਂ ਵਿੱਤ ਕਮਿਸ਼ਨ ਦੇ ਚੇਅਰਮੈਨ ਐਨ.ਕੇ. ਸਿੰਘ ਨੇ ਪੰਜਾਬ ਸਰਕਾਰ ਨੂੰ ਪਿਛਲੀ ਅਕਾਲੀ-ਭਾਜਪਾ ਸਰਕਾਰ ਕੋਲੋਂ ਵਿਰਾਸਤ ਵਿਚ ਮਿਲੇ ਅਨਾਜ ਦੇ 31,000 ਕਰੋੜ ਰੁਪਏ ਦੇ ਕਰਜ਼ੇ ਦਾ ਨਿਪਟਾਰਾ ਕਰਨ ਦਾ ਭਰੋਸਾ ਦਿੱਤਾ ਹੈ। ਇਸ ਵਾਸਤੇ ਕਮਿਸ਼ਨ ਦੇ ਮੈਂਬਰ ਡਾ. ਰਮੇਸ਼ ਚੰਦ ਦੀ ਅਗਵਾਈ ਹੇਠ ਕਮੇਟੀ ਬਣਾਉਣ ਦਾ ਐਲਾਨ ਕੀਤਾ ਗਿਆ ਹੈ। ਉਂਜ ਪੰਜਾਬ ਸਰਕਾਰ ਨੂੰ ਵੱਡੀ ਰਾਹਤ ਮਿਲੀ ਹੈ ਪਰ ਕਮਿਸ਼ਨ ਨੇ ਕਿਸਾਨੀ ਸਿਰ ਚੜ੍ਹੇ ਕਰਜ਼ੇ ਦੇ ਮਾਮਲੇ ਵਿਚ ਕੋਈ ਰਾਹਤ ਦੇਣ ਤੋਂ ਨਾਂਹ ਕਰ ਦਿੱਤੀ ਹੈ। ਕਮਿਸ਼ਨ ਨੇ ਕਿਹਾ ਹੈ ਕਿ ਰਾਜ ਸਰਕਾਰ ਨੂੰ ਇਸ ਦਾ ਹੱਲ ਆਪਣੇ ਪੱਧਰ 'ਤੇ ਹੀ ਕਰਨਾ ਪਵੇਗਾ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਮੰਤਰੀਆਂ ਅਤੇ ਅਧਿਕਾਰੀਆਂ ਨਾਲ ਸੂਬੇ ਦੇ ਮਸਲਿਆਂ ਬਾਰੇ ਵਿਆਪਕ ਵਿਚਾਰ ਵਟਾਂਦਰੇ ਮਗਰੋਂ ਵਿੱਤ ਕਮਿਸ਼ਨ ਦੇ ਚੇਅਰਮੈਨ ਨੇ ਕਿਹਾ ਕਿ ਸੂਬੇ ਨੇ ਅਨਾਜ ਦੇ ਮਾਮਲੇ ਵਿਚ ਦੇਸ਼ ਨੂੰ ਆਤਮ ਨਿਰਭਰ ਬਣਾਉਣ ਵਿਚ ਅਹਿਮ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਖੁਸ਼ਹਾਲ ਹੋਏ ਬਿਨਾਂ ਦੇਸ਼ ਖੁਸ਼ਹਾਲ ਨਹੀਂ ਹੋ ਸਕਦਾ। ਅਨਾਜ ਖਾਤੇ ਵਿਚ ਪੰਜਾਬ ਸਿਰ ਚੜ੍ਹੇ 31,000 ਕਰੋੜ ਦੇ ਕਰਜ਼ੇ ਬਾਰੇ ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ 12,500 ਕਰੋੜ ਰੁਪਏ ਦੇ ਮੂਲ ਨਾਲੋਂ ਵਿਆਜ 18,500 ਕਰੋੜ ਰੁਪਏ ਬਣ ਗਿਆ ਹੈ। ਇਸ ਦੇ ਨਿਪਟਾਰੇ ਲਈ ਕਮੇਟੀ ਬਣਾ ਦਿੱਤੀ ਗਈ ਹੈ ਜਿਹੜੀ ਛੇ-ਸੱਤ ਹਫਤਿਆਂ ਵਿਚ ਸੁਝਾਅ ਦੇਵੇਗੀ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਨੂੰ ਅਜਿਹੇ ਕਰਜ਼ਿਆਂ ਦੀ ਮੁੜ ਨੌਬਤ ਨਾ ਆਉਣ ਦੇਣ ਲਈ ਕਦਮ ਉਠਾਉਣੇ ਚਾਹੀਦੇ ਹਨ। ਇਸ ਸਬੰਧੀ ਸਰਕਾਰ ਵੱਲੋਂ ਉਠਾਏ ਗਏ ਕਦਮਾਂ ਨਾਲ ਕਮਿਸ਼ਨ ਨੇ ਸਹਿਮਤੀ ਜ਼ਾਹਿਰ ਕੀਤੀ ਹੈ। ਉਨ੍ਹਾਂ ਪੰਜਾਬ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਦੀ ਇਸ ਗੱਲੋਂ ਪ੍ਰਸ਼ੰਸਾ ਕੀਤੀ ਕਿ ਉਹ ਸੂਬੇ ਦੇ ਮੁੱਦਿਆਂ ਨੂੰ ਲੈ ਕੇ ਇਕਮਤ ਹਨ ਅਤੇ ਉਨ੍ਹਾਂ ਨੂੰ ਹੱਲ ਕਰਨ 'ਤੇ ਜ਼ੋਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਅਨਾਜ ਦੇ ਕਰਜ਼ੇ ਨੂੰ ਹੱਲ ਕਰਵਾਉਣ ਲਈ ਮੁੱਖ ਮੰਤਰੀ ਅਤੇ ਵਿੱਤ ਮੰਤਰੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਕੋਲ ਕਈ ਗੇੜੇ ਕੱਢੇ ਸਨ ਪਰ ਉਨ੍ਹਾਂ ਅਜੇ ਤੱਕ ਹਾਮੀ ਨਹੀਂ ਭਰੀ ਸੀ।

ਪੰਜਾਬ ਸਰਕਾਰ ਨੇ ਕਿਹਾ ਕਿ 14ਵੇਂ ਵਿੱਤ ਕਮਿਸ਼ਨ ਨੇ ਸੂਬੇ ਦੀ ਬਹੁਤ ਘੱਟ ਮਦਦ ਦੀ ਸਿਫਾਰਸ਼ ਕੀਤੀ ਸੀ ਅਤੇ 15ਵੇਂ ਵਿੱਤ ਕਮਿਸ਼ਨ ਨੂੰ ਵਧੇਰੇ ਖੁਲ੍ਹਦਿਲੀ ਨਾਲ ਸਿਫਾਰਸ਼ਾਂ ਕਰਨੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਬਿਹਤਰ ਕਾਰਗੁਜ਼ਾਰੀ ਵਾਲੇ ਸੂਬਿਆਂ ਨੂੰ ਸਜ਼ਾ ਨਹੀਂ ਦਿੱਤੀ ਜਾਣੀ ਚਾਹੀਦੀ ਹੈ। ਸੂਬੇ ਵਿਚ ਪਾਣੀ ਦੇ ਡਿੱਗ ਰਹੇ ਪੱਧਰ 'ਤੇ ਕਮਿਸ਼ਨ ਨੇ ਚਿੰਤਾ ਜ਼ਾਹਿਰ ਕਰਦਿਆਂ ਸਰਕਾਰ ਨੂੰ ਜਲਦੀ ਫਸਲੀ ਚੱਕਰ ਬਦਲਣ ਲਈ ਕਿਹਾ ਹੈ। ਸੰਕਟ ਵਿਚ ਘਿਰੇ ਸੂਬੇ ਦੇ ਕਿਸਾਨਾਂ ਦੀ ਮਦਦ ਲਈ ਕਰਜ਼ਾ ਮੁਆਫੀ ਦੇ ਸਾਰੇ ਪੱਖਾਂ 'ਤੇ ਧਿਆਨ ਦੇਣ ਦਾ ਵਾਅਦਾ ਕਰਦੇ ਹੋਏ ਕਮਿਸ਼ਨ ਨੇ ਪੰਜਾਬ ਦੀਆਂ ਵਿੱਤੀ ਹਾਲਤਾਂ ਦੀ ਮਦਦ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਕਿਸਾਨਾਂ ਦੀ ਕਰਜ਼ਾ ਮੁਆਫੀ 'ਵਿੱਤੀ ਜ਼ਿੰਮੇਵਾਰੀ ਬਜਟ ਮੈਨੇਜਮੈਂਟ ਐਕਟ' ਤਹਿਤ ਤਿੰਨ ਫੀਸਦੀ ਕਰਜ਼ਾ ਲੈ ਕੇ ਹੀ ਕਰ ਸਕਦੀ ਹੈ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਕਿਹਾ ਕਿ ਐਫ.ਸੀ.ਆਈ. ਸੂਬੇ ਵਿਚੋਂ ਫਸਲ ਦੀ ਘੱਟ ਖਰੀਦ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਐਫ.ਸੀ.ਆਈ. ਦੇ ਗੁਦਾਮ ਭਰੇ ਪਏ ਹਨ ਅਤੇ ਅਗਲੀ ਫਸਲ ਨੂੰ ਭੰਡਾਰ ਕਰਨ ਲਈ ਕੋਈ ਥਾਂ ਨਹੀਂ ਬਚੀ ਹੈ।

## ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨਾਂ ਦੇ ਕਰਜ਼ੇ 'ਤੇ ਲੀਕ ਲਈ ਪੈਕੇਜ ਮੰਗਿਆ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 15ਵੇਂ ਵਿੱਤ ਕਮਿਸ਼ਨ ਪਾਸੋਂ ਵਿਸ਼ੇਸ਼ ਕਰਜ਼ਾ ਰਾਹਤ ਪੈਕੇਜ ਦੀ ਮੰਗ ਕੀਤੀ ਹੈ ਤਾਂ ਜੋ ਸੂਬੇ ਦੇ ਅਰਥਚਾਰੇ ਨੂੰ ਮੁੜ ਮਜ਼ਬੂਤ ਬਣਾਇਆ ਜਾ ਸਕੇ। ਉਨ੍ਹਾਂ ਸੰਕਟ ਨਾਲ ਜੂਝ ਰਹੇ ਕਿਸਾਨਾਂ ਦੇ ਕਰਜ਼ੇ 'ਤੇ ਲੀਕ ਫੇਰਨ ਲਈ ਯਕਮੁਸ਼ਤ ਪੈਕੇਜ ਵੀ ਮੰਗਿਆ। ਜੀ.ਐਸ.ਟੀ. ਲਾਗੂ ਹੋਣ ਤੋਂ ਬਾਅਦ ਸੂਬੇ ਨੂੰ ਮਾਲੀਏ ਪੱਖੋਂ ਸਥਾਈ ਘਾਟਾ ਹੋਣ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਦਿੱਤਾ ਜਾਂਦਾ ਮੁਆਵਜ਼ਾ ਪਹਿਲੀ ਜੁਲਾਈ, 2022 ਤੱਕ ਖਤਮ ਹੋ ਜਾਵੇਗਾ ਜਿਸ ਤੋਂ ਬਾਅਦ ਸੂਬੇ ਦੇ ਮਾਲੀਏ ਵਿਚ ਸਾਲਾਨਾ 10,000-12,000 ਕਰੋੜ ਤੱਕ ਦੀ ਵੱਡੀ ਕਮੀ ਆਵੇਗੀ। ਇਸ ਘਾਟੇ ਦੇ ਮੱਦੇਨਜ਼ਰ ਕੇਂਦਰ ਸਰਕਾਰ, ਪੰਜਾਬ ਵਰਗੇ ਸੂਬਿਆਂ ਲਈ ਮੁਆਵਜ਼ਾ ਦੇਣਾ 30 ਜੂਨ, 2022 ਤੋਂ ਬਾਅਦ ਵੀ ਜਾਰੀ ਰੱਖੇ।



## ਸੁਪਰੀਮ ਕੋਰਟ ਵੱਲੋਂ ਫਿਲੌਰ ਤੇ ਹੋਰਾਂ ਖਿਲਾਫ ਕੇਸ 'ਤੇ ਰੋਕ

**ਚੰਡੀਗੜ੍ਹ:** ਸੁਪਰੀਮ ਕੋਰਟ ਨੇ ਪੰਜਾਬ ਦੇ ਸਾਬਕਾ ਜੇਲ੍ਹ ਮੰਤਰੀ ਸਰਵਨ ਸਿੰਘ ਫਿਲੌਰ, ਉਨ੍ਹਾਂ ਦੇ ਲੜਕੇ ਤੇ 9 ਹੋਰਾਂ ਵਿਰੁੱਧ ਮੁਹਾਲੀ ਦੀ ਸੀ.ਬੀ.ਆਈ. ਕੋਰਟ ਵਿਚ ਚੱਲ ਰਹੇ ਕੇਸ 'ਤੇ ਰੋਕ ਲਾ ਦਿੱਤੀ ਹੈ। ਸਾਬਕਾ ਮੰਤਰੀ, ਉਨ੍ਹਾਂ ਦੇ ਲੜਕੇ ਅਤੇ 9 ਹੋਰ ਵਿਅਕਤੀਆਂ ਖਿਲਾਫ ਕਾਲੇ ਧਨ ਨੂੰ ਚਿੱਟੇ ਵਿਚ ਬਦਲਣ ਸਬੰਧੀ ਕੇਸ ਮੁਹਾਲੀ ਦੀ ਸੀ.ਬੀ.ਆਈ. ਅਦਾਲਤ ਵਿਚ ਚੱਲ ਰਿਹਾ ਹੈ। ਇਹ ਕੇਸ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਜਗਦੀਸ਼ ਭੋਲਾ ਦੇ ਬਹੁ-ਕਰੋੜੀ ਡਰੱਗਜ਼ ਦੇ ਧੰਦੇ ਦੇ ਸਬੰਧ ਵਿਚ ਦਾਇਰ ਕੀਤਾ ਸੀ।

ਤਤਕਾਲੀ ਮੰਤਰੀ ਅਤੇ ਉਸ ਦੇ ਬੇਟੇ ਦਮਨਬੀਰ ਦਾ ਨਾਂ ਇਸ ਮਾਮਲੇ ਵਿਚ ਲਏ ਜਾਣ ਤੋਂ ਬਾਅਦ ਮੰਤਰੀ ਨੇ ਅਕਾਲੀ-ਭਾਜਪਾ ਗੱਠਜੋੜ ਸਰਕਾਰ ਸਮੇਂ 2014 ਵਿਚ ਅਸਤੀਫਾ ਦੇ ਦਿੱਤਾ ਸੀ ਤੇ ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਉਹ ਸਾਲ 2017 ਵਿਚ ਕਾਂਗਰਸ ਪਾਰਟੀ ਵਿਚ ਸ਼ਾਮਲ ਹੋ ਗਏ ਸਨ। ਉਨ੍ਹਾਂ ਨੇ ਕਾਂਗਰਸ ਪਾਰਟੀ ਦੀ ਟਿਕਟ ਹਾਸਲ ਕਰਨ ਦਾ ਯਤਨ ਕੀਤਾ ਸੀ, ਪਰ ਸਫਲ ਨਹੀਂ ਹੋ ਸਕੇ। ਸਾਬਕਾ ਮੰਤਰੀ ਦੇ ਲੜਕੇ ਦਮਨਬੀਰ ਸਿੰਘ ਨੇ ਸੁਪਰੀਮ ਕੋਰਟ ਵੱਲੋਂ ਕੇਸ 'ਤੇ ਰੋਕ ਲਾਉਣ ਦੇ ਫੈਸਲੇ ਦਾ ਸਵਾਗਤ ਕਰਦਿਆਂ ਦੋਸ਼ ਲਾਇਆ ਕਿ ਪਿਛਲੀ ਅਕਾਲੀ ਸਰਕਾਰ ਨੇ ਸਿਆਸੀ ਬਦਲਾਖੋਰੀ ਤਹਿਤ ਕੇਸ ਦਰਜ ਕਰਵਾਇਆ ਸੀ। ਉਨ੍ਹਾਂ ਕਿਹਾ ਕਿ ਈ.ਡੀ ਵੱਲੋਂ ਕੀਤੀ ਜਾਂਚ ਵਿਚ ਕਈ ਖਾਮੀਆਂ ਸਨ, ਇਸ ਲਈ ਸੁਪਰੀਮ ਕੋਰਟ ਜਾਣ ਤੋਂ ਇਲਾਵਾ ਹੋਰ ਕੋਈ ਰਸਤਾ ਨਹੀਂ ਸੀ।

# ਮੌੜ ਬੰਬ ਕਾਂਡ: ਜਾਂਚ 'ਚ ਢਿੱਲ ਉਤੇ ਉਠੇ ਸਵਾਲ

**ਮੌੜ ਮੰਡੀ:** ਮੌੜ ਬੰਬ ਧਮਾਕੇ ਦੀ ਜਾਂਚ ਵਿਚ ਵਰਤੀ ਜਾ ਰਹੀ ਢਿੱਲ ਉਤੇ ਸਵਾਲ ਉਠ ਰਹੇ ਹਨ। 2 ਸਾਲ ਤੋਂ ਬਾਅਦ ਵੀ ਦੋਸ਼ੀਆਂ ਨੂੰ ਕਾਬੂ ਕਰਨ ਦੀ ਥਾਂ ਸਿਰਫ ਤਸਵੀਰਾਂ ਜਾਰੀ ਕਰਕੇ ਡੰਗ ਸਾਰਿਆ ਗਿਆ ਹੈ।



ਜ਼ਿਕਰਯੋਗ ਹੈ ਕਿ 31 ਜਨਵਰੀ 2016 ਦੀ ਸ਼ਾਮ ਨੂੰ ਟਰੱਕ ਯੂਨੀਅਨ ਨੇੜਲੀ ਗਲੀ ਵਿਚ ਰਹਿਣ ਵਾਲੇ ਡਾਕਟਰ ਬਲਵੀਰ ਸਿੰਘ, ਕੀਰਤਨ ਸਿੰਘ, ਗਿਆਨ ਚੰਦ ਤੇ ਰਾਕੇਸ਼ ਕੁਮਾਰ ਦੇ ਘਰ ਹਨੇਰ ਛਾ ਗਿਆ। ਬਲਵੀਰ ਸਿੰਘ ਦਾ ਨੌਵੀਂ ਜਮਾਤ ਵਿਚ ਪੜ੍ਹਦਾ ਪੋਤਾ ਬੰਬ ਕਾਂਡ ਦੀ ਲਪੇਟ ਵਿਚ ਆ ਗਿਆ। ਉਨ੍ਹਾਂ ਦੇ ਗੁਆਂਢ ਰਹਿੰਦੀ ਮਾਤਾ ਸੁਰਜੀਤ ਕੌਰ ਨੂੰ ਆਪਣੇ ਇਕਲੌਤੇ ਪੋਤੇ ਦੇ ਵਿਛੋੜੇ ਨੇ ਅੰਨ੍ਹਾ ਕਰ ਦਿੱਤਾ। ਮਾਤਾ ਸੁਰਜੀਤ ਕੌਰ ਨੇ ਕਿਹਾ ਕਿ ਵੋਟਾਂ ਦੇ ਰੌਲੇ ਨੇ ਉਨ੍ਹਾਂ ਦੇ ਘਰ ਦਾ ਚਿਰਾਗ ਬੁਝਾ ਦਿੱਤਾ। ਉਹ ਦੋਸ਼ੀਆਂ ਨੂੰ ਫਾਂਸੀ ਚੜ੍ਹਿਆ ਦੇਖਣਾ ਚਾਹੁੰਦੇ ਹਨ। ਉਸ ਨੇ ਆਪਣੇ ਸ਼ਹੀਦ ਹੋਏ ਫੌਜੀ ਪੁੱਤਰ ਕਾਲਾ ਸਿੰਘ ਦੇ ਦੁੱਖ ਨੂੰ ਆਪਣੇ ਪੋਤਰੇ ਰਿਪਨਦੀਪ ਦਾ ਮੂੰਹ ਦੇਖ ਕੇ ਜਰ ਲਿਆ ਸੀ, ਪਰ ਮਗਰੋਂ ਪੋਤਾ ਵੀ ਨਾ ਬਚਿਆ।

ਇਸੇ ਤਰ੍ਹਾਂ ਮੌੜ ਬੰਬ ਧਮਾਕੇ ਦੀ ਭੇਟ ਚੜ੍ਹੇ ਅੱਠਵੀਂ ਜਮਾਤ ਵਿਚ ਪੜ੍ਹਦੇ ਇਕਲੌਤੇ ਪੁੱਤ ਅੰਕੁਸ਼ ਸਿੰਗਲਾ ਨੂੰ ਦੋ ਮਹੀਨਿਆਂ ਤੱਕ ਲੁਧਿਆਣਾ ਹਸਪਤਾਲ ਲੈ ਕੇ ਬੈਠੇ ਰਹੇ ਗਿਆਨ ਚੰਦ ਨੂੰ ਆਪਣੇ ਪੁੱਤ ਦੇ ਉਹ ਸ਼ਬਦ ਕਦੇ ਨਹੀਂ ਭੁੱਲਦੇ, "ਪਾਪਾ ਮੈਨੂੰ ਬਚਾ ਲਓ, ਮੈਂ ਹੁਣ ਕਦੇ ਬਾਹਰ ਖੇਡਣ ਨਹੀਂ ਜਾਵਾਂਗਾ।" ਅਜਿਹਾ ਹੀ ਹਾਲ ਆਪਣੇ ਪੁੱਤ ਸੌਰਭ ਨੂੰ ਬੰਬ ਕਾਂਡ ਵਿਚ ਗੁਆ ਦੇਣ ਵਾਲੇ ਰਾਕੇਸ਼ ਕੁਮਾਰ ਦੇ ਪਰਿਵਾਰ ਦਾ ਹੈ। ਦੋ ਮਹੀਨੇ ਹਸਪਤਾਲ ਦਾਖਲ ਰਹਿਣ ਤੋਂ ਬਾਅਦ ਮਾਰਚ 2016 ਨੂੰ ਅੰਕੁਸ਼ ਚੱਲ ਵਸਿਆ ਤਾਂ ਮੰਡੀ ਵਾਸੀਆਂ ਨੇ ਇਨਸਾਫ ਲੈਣ ਖਾਤਰ ਸੰਘਰਸ਼ ਦਾ ਰਾਹ ਫੜ ਲਿਆ। ਡਿਪਟੀ ਕਮਿਸ਼ਨਰ ਨੇ ਛੇਤੀ ਇਨਸਾਫ ਦੇਣ ਦਾ ਭਰੋਸਾ ਦਿੱਤਾ, ਪਰ ਅਜੇ ਤੱਕ ਇਨਸਾਫ ਨਹੀਂ ਮਿਲਿਆ। ਅੱਜ ਦੋ ਸਾਲਾਂ ਬਾਅਦ ਮੌੜ ਬੰਬ ਕਾਂਡ ਦੇ ਪੀੜਤਾਂ ਨੇ ਫਿਰ ਇਨਸਾਫ ਲਈ ਦੁਹਾਈ ਪਾਈ ਹੈ।

ਪਿੰਡ ਮੌੜ ਕਲਾਂ ਦੇ ਜਸਕਰਨ ਲਈ ਬੀਤੇ ਦੋ ਸਾਲ 'ਚ ਕੋਈ ਸਮਾਂ ਮੁਬਾਰਕ ਨਹੀਂ ਰਿਹਾ। ਉਸ ਨੂੰ ਇਸ ਗੱਲ ਦਾ ਚੇਤਾ ਵੀ ਨਹੀਂ ਸੀ ਕਿ ਦੋ ਸਾਲ ਪਹਿਲਾਂ ਸਿਆਸੀ ਦਿਲਚਸਪੀ ਰੱਖਦਾ ਹੋਣ ਕਾਰਨ ਕਾਂਗਰਸ ਦੀ ਰੈਲੀ ਵਿਚ ਇਕ ਵਰਕਰ ਵਜੋਂ ਸ਼ਾਮਲ ਹੋਣਾ ਉਸ ਨੂੰ ਅਪਾਹਜ ਬਣਾ ਦੇਵੇਗਾ। ਮੌੜ ਬੰਬ ਕਾਂਡ ਵਿਚ ਜ਼ਖਮੀ ਹੋਇਆ ਜਸਕਰਨ ਸਿੰਘ ਪਿਛਲੇ ਦੋ ਸਾਲਾਂ ਤੋਂ ਮੰਜੇ 'ਤੇ ਹੈ। ਜਸਕਰਨ ਦੱਸਦਾ ਹੈ ਕਿ ਧਮਾਕਾ ਇੰਨਾ ਖਤਰਨਾਕ ਸੀ ਕਿ ਹੁਣ ਉਹ ਸਰਦੀ ਵਿਚ ਵੀ ਧੁੱਪ ਨਹੀਂ ਝੱਲ ਸਕਦਾ ਤੇ ਉਸ ਦਾ ਸਰੀਰ ਮੱਚਣ ਲੱਗ ਜਾਂਦਾ ਹੈ। ਜਸਕਰਨ ਨੇ ਦੱਸਿਆ ਕਿ 'ਆਪ' ਵੱਲੋਂ ਲਾਈ 2500 ਰੁਪਏ ਦੀ ਪੈਨਸ਼ਨ ਵੀ ਉਸ ਨੂੰ ਸਿਰਫ ਦੋ ਵਾਰ ਹੀ ਮਿਲੀ। ਉਸ ਨੇ ਕੈਨੇਡਾ ਵਾਸੀ ਇਕ ਐਨ.ਆਰ.ਆਈ. ਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਉਸ ਦੀ ਮਾਲੀ ਮਦਦ ਕੀਤੀ।

## ਪੰਜਾਬ ਸਰਕਾਰ ਵੱਲੋਂ ਮੁਫਤ ਬਿਜਲੀ ਦੇਣ ਲਈ ਯੂਨਿਟਾਂ ਦੀ ਹੱਦ ਹਟਾਉਣ ਦਾ ਫੈਸਲਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਗਰੀਬੀ ਰੇਖਾ ਤੋਂ ਹੇਠਲੇ ਪਰਿਵਾਰਾਂ ਲਈ ਬਿਜਲੀ ਖਪਤ ਦੀ ਸਾਲਾਨਾ ਉਪਰਲੀ ਹੱਦ 3000 ਯੂਨਿਟ ਹਟਾਉਣ ਦਾ ਫੈਸਲਾ ਕੀਤਾ ਹੈ, ਤਾਂ ਜੋ ਇਨ੍ਹਾਂ ਸ਼੍ਰੇਣੀਆਂ ਦੇ ਘਰੇਲੂ ਖਪਤਕਾਰ ਪ੍ਰਤੀ ਮਹੀਨਾ 200 ਯੂਨਿਟ ਮੁਫਤ ਬਿਜਲੀ ਪ੍ਰਾਪਤ ਕਰਨ ਕਰ ਸਕਣ। ਇਸ ਦੇ ਨਾਲ ਇਨਕਮ ਟੈਕਸ ਅਦਾ ਕਰਨ ਵਾਲਿਆਂ ਨੂੰ ਇਸ ਛੋਟ ਤੋਂ ਬਾਹਰ ਕਰਨ ਦਾ ਫੈਸਲਾ ਕੀਤਾ ਹੈ।



ਇਸ ਫੈਸਲੇ ਨਾਲ 1.17 ਲੱਖ ਘਰੇਲੂ ਖਪਤਕਾਰ ਵਾਪਸ ਇਸ ਸਕੀਮ ਦੇ ਹੇਠ ਆ ਜਾਣਗੇ, ਜੋ ਉਪਰਲੀ ਹੱਦ ਲਾਗੂ ਕਰ ਕੇ ਇਸ ਘੇਰੇ ਵਿਚੋਂ ਬਾਹਰ ਹੋ ਗਏ ਸਨ। ਇਸ ਨਾਲ ਸਰਕਾਰੀ ਖਜ਼ਾਨੇ 'ਤੇ ਪ੍ਰਤੀ ਮਹੀਨਾ 163 ਕਰੋੜ ਰੁਪਏ ਦਾ ਵਾਧੂ ਬੋਝ ਪਵੇਗਾ। ਇਸ ਫੈਸਲੇ ਦੇ ਨਾਲ ਇਨ੍ਹਾਂ ਸ਼੍ਰੇਣੀਆਂ ਦੇ ਸਾਰੇ ਖਪਤਕਾਰਾਂ ਨੂੰ ਦੋ ਮਹੀਨੇ ਬਾਅਦ ਆਉਂਦੇ ਬਿੱਲ ਦੇ ਆਧਾਰ ਉਤੇ ਕੇਵਲ 200 ਯੂਨਿਟ ਪ੍ਰਤੀ ਮਹੀਨੇ ਤੋਂ ਵੱਧ ਖਪਤ ਕੀਤੇ ਯੂਨਿਟਾਂ ਲਈ ਭੁਗਤਾਨ ਕਰਨਾ ਪਵੇਗਾ।

ਇਸ ਦੇ ਨਾਲ ਐਸ.ਸੀ. ਘਰੇਲੂ ਖਪਤਕਾਰਾਂ, ਗੈਰ-ਐਸ.ਸੀ. ਬੀ.ਪੀ.ਐਲ. ਘਰੇਲੂ ਖਪਤਕਾਰਾਂ, ਪੱਛੜੀਆਂ ਸ਼੍ਰੇਣੀਆਂ ਦੇ ਘਰੇਲੂ ਖਪਤਕਾਰਾਂ ਦੇ 17.76 ਲੱਖ ਤੋਂ ਵੱਧ ਪਰਿਵਾਰਾਂ ਨੂੰ ਲਾਭ ਹੋਵੇਗਾ। ਇਸ ਸਬੰਧੀ ਪ੍ਰਵਾਨਿਤ ਲੋਡ ਇਕ ਕਿਲੋ ਵਾਟ ਤੱਕ ਹੋਵੇਗਾ। ਇਸ ਦੇ ਨਾਲ ਸਰਕਾਰੀ ਖਜ਼ਾਨੇ 'ਤੇ ਸਾਲਾਨਾ 1253 ਕਰੋੜ ਰੁਪਏ ਦੀ ਸਬਸਿਡੀ ਦਾ ਬੋਝ ਪਵੇਗਾ। ਪੰਜਾਬ ਵਜ਼ਾਰਤ ਨੇ ਇਸ ਸਕੀਮ ਹੇਠ ਇਨਕਮ ਟੈਕਸ ਅਦਾ ਕਰਨ ਵਾਲੇ ਸਾਰਿਆਂ ਉਤੇ ਪ੍ਰਤੀ ਮਹੀਨਾ 200 ਯੂਨਿਟ ਮੁਫਤ ਬਿਜਲੀ ਦੀ ਸਹੂਲਤ ਪ੍ਰਾਪਤ ਕਰਨ 'ਤੇ ਰੋਕ ਲਾਉਣ ਦਾ ਫੈਸਲਾ ਕੀਤਾ।

# ਭਾਈ ਰਣਜੀਤ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਚੋਣਾਂ ਲੜਨ ਦਾ ਐਲਾਨ

**ਅੰਮ੍ਰਿਤਸਰ:** ਪੰਥਕ ਅਕਾਲੀ ਲਹਿਰ ਪਾਰਟੀ ਦੇ ਪ੍ਰਧਾਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜਨ ਦਾ ਐਲਾਨ ਕੀਤਾ ਅਤੇ ਕਿਹਾ ਕਿ ਪਾਰਟੀ ਕਿਸੇ ਹੋਰ ਸਿਆਸੀ ਪਾਰਟੀ ਨਾਲ ਕਿਸੇ ਕਿਸਮ ਦਾ ਗਠਜੋੜ ਨਹੀਂ ਕਰੇਗੀ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਪੰਥਕ ਅਕਾਲੀ ਲਹਿਰ ਸਿਆਸੀ ਪਾਰਟੀ ਨਹੀਂ ਸਗੋਂ ਧਾਰਮਿਕ ਪਾਰਟੀ ਹੈ, ਜਿਸ ਦਾ ਮੰਤਵ ਸ਼੍ਰੋਮਣੀ ਕਮੇਟੀ ਨੂੰ ਬਾਦਲ ਪਰਿਵਾਰ ਤੋਂ ਬਚਾਉਣਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੀ ਰਜਿਸਟਰੇਸ਼ਨ ਕਰਵਾ ਲਈ ਗਈ ਹੈ।

ਉਨ੍ਹਾਂ ਸਪੱਸ਼ਟ ਕੀਤਾ ਕਿ ਉਨ੍ਹਾਂ ਦੀ ਪਾਰਟੀ ਲੋਕ ਸਭਾ ਚੋਣਾਂ ਵਿਚ ਨਾ ਤਾਂ ਹਿੱਸਾ ਹੀ ਲਵੇਗੀ ਅਤੇ ਨਾ ਹੀ ਕਿਸੇ ਪਾਰਟੀ ਨੂੰ ਸਮਰਥਨ ਦੇਵੇਗੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਕੇਵਲ ਧਾਰਮਿਕ ਵਿਅਕਤੀ ਹੀ ਚੋਣ ਲੜਨਗੇ। ਪਾਰਟੀ ਨੇ ਨੌਜਵਾਨਾਂ ਨੂੰ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਚਾਰਾਜੋਈ ਕਰਕੇ ਸ਼੍ਰੋਮਣੀ ਕਮੇਟੀ ਚੋਣਾਂ ਕਰਵਾਉਣ ਦੇ ਉਪਰਾਲੇ ਸ਼ੁਰੂ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਨੇ ਸ਼ਬਦ ਗੁਰੂ ਦੇ ਸਿਧਾਂਤ ਤੇ ਮੀਰੀ ਪੀਰੀ ਦੇ ਸਿਧਾਂਤ ਨੂੰ ਮਿੱਟੀ



ਵਿਚ ਰੋਲ ਦਿੱਤਾ ਹੈ। ਸ਼੍ਰੋਮਣੀ ਕਮੇਟੀ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਬਾਦਲ ਪਰਿਵਾਰ ਤੋਂ ਨਿਜਾਤ ਦਿਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਵਿਚ ਅਕਾਲੀ ਦਲ ਵਿਰੁੱਧ ਵੋਟ ਪਾਉਣ ਦੀ ਅਪੀਲ ਕੀਤੀ ਜਾਵੇਗੀ। ਮੁਤਵਾਜ਼ੀ ਜਥੇਦਾਰਾਂ ਨਾਲ ਸੰਪਰਕ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਉਨ੍ਹਾਂ ਨਾਲ ਪਾਰਟੀ ਵੱਲੋਂ ਕੋਈ ਸੰਪਰਕ ਨਹੀਂ ਕੀਤਾ ਗਿਆ। ਐਡਵੋਕੇਟ ਐਚ.ਐਸ. ਫੂਲਕਾ ਵੱਲੋਂ ਸ਼੍ਰੋਮਣੀ ਕਮੇਟੀ ਵਿਚੋਂ ਸਿਆਸੀ ਦਖਲ ਅੰਦਾਜ਼ੀ ਨੂੰ ਖਤਮ ਕਰਨ ਲਈ ਬਣਾਈ ਪਾਰਟੀ ਬਾਰੇ ਉਨ੍ਹਾਂ ਕਿਹਾ ਕਿ ਉਹ ਪਾਰਟੀ ਦਾ ਸਵਾਗਤ ਕਰਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਬਾਰੇ ਵਿਸ਼ੇਸ਼ ਜਾਂਚ ਟੀਮ (ਸਿਟ) ਵੱਲੋਂ ਸ਼ੁਰੂ ਕੀਤੀ ਜਾਂਚ ਬਾਰੇ ਉਨ੍ਹਾਂ ਕਿਹਾ ਕਿ ਇਹ ਸ਼ਲਾਘਾਯੋਗ ਕਦਮ ਹੈ। ਉਨ੍ਹਾਂ ਕਿਹਾ ਕਿ ਗੋਲੀ ਚਲਾਉਣ ਦਾ ਹੁਕਮ ਦੇਣ ਵਾਲੇ ਤੱਕ ਜਾਂਚ ਜਾਵੇਗੀ ਤਾਂ ਸਮਝਾਂਗੇ ਕਿ ਇਨਸਾਫ ਵੀ ਮਿਲੇਗਾ। ਉਨ੍ਹਾਂ ਕਿਹਾ ਕਿ ਜਾਂਚ ਟੀਮ ਕਿਸੇ ਪ੍ਰਭਾਵ ਤੋਂ ਮੁਕਤ ਹੋ ਕੇ ਕੰਮ ਕਰੇਗੀ ਤਾਂ ਸੱਚ ਸਾਹਮਣੇ ਆਵੇਗਾ। ਉਨ੍ਹਾਂ ਪਾਰਟੀ ਦੇ ਜਥੇਬੰਦਕ ਢਾਂਚੇ ਬਾਰੇ ਗੱਲ ਕਰਦਿਆਂ ਕਿਹਾ ਕਿ ਪਾਰਟੀ ਬਾਬਾ ਸਰਬਜੋਤ ਸਿੰਘ ਬੇਦੀ ਦੀ ਸਰਪ੍ਰਸਤੀ ਹੇਠ ਕੰਮ ਕਰੇਗੀ। ਸ੍ਰੀ ਜਸਜੀਤ ਸਿੰਘ ਸਮੁੰਦਰੀ ਨੂੰ ਪਾਰਟੀ ਦਾ ਸਕੱਤਰ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਵੱਡੀ ਪੱਧਰ 'ਤੇ ਪਿੰਡਾਂ ਤੇ ਸ਼ਹਿਰਾਂ ਦੇ ਨੌਜਵਾਨਾਂ ਨੂੰ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ ਹੈ।

## ਮੌੜ ਬੰਬ ਕਾਂਡ 'ਚ ਡੇਰਾ ਮੁਖੀ ਤੇ ਬਾਦਲਾਂ ਤੋਂ ਪੁੱਛਗਿੱਛ ਹੋਵੇ: ਦਲ ਖਾਲਸਾ

**ਬਠਿੰਡਾ:** ਮੌੜ ਬੰਬ ਕਾਂਡ ਦੇ ਦੋਸ਼ੀ ਡੇਰਾ ਪ੍ਰੇਮੀਆਂ ਦੀਆਂ ਪੁਲਿਸ ਵੱਲੋਂ ਜਾਰੀ ਤਸਵੀਰਾਂ 'ਤੇ ਦਲ ਖਾਲਸਾ ਦੇ ਸੀਨੀਅਰ ਮੀਤ ਪ੍ਰਧਾਨ ਬਾਬਾ ਹਰਦੀਪ ਸਿੰਘ ਬਠਿੰਡਾ ਨੇ ਮੰਗ ਕੀਤੀ ਕਿ ਇਸ ਕਾਂਡ ਲਈ ਜ਼ਿੰਮੇਵਾਰ ਮੁੱਖ ਦੋਸ਼ੀ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਤੇ ਹਨੀਪ੍ਰੀਤ ਨੂੰ ਪੁਲਿਸ ਰਿਮਾਂਡ 'ਤੇ ਲੈ ਕੇ ਪੁੱਛਗਿੱਛ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਉਸ ਵੇਲੇ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਪੰਜਾਬ ਪੁਲਿਸ ਦੇ ਮੁਖੀ ਸੁਮੇਧ ਸੈਣੀ, ਸਾਬਕਾ ਕਾਂਗਰਸੀ ਵਿਧਾਇਕ ਹਰਮਿੰਦਰ ਜੱਸੀ ਅਤੇ ਡੇਰਾ ਮੁਖੀ ਦੇ ਜੁਆਈ ਤੇ ਪੁੱਤਰ ਨੂੰ ਸ਼ਾਮਲ ਕਰਕੇ ਦੋਸ਼ੀਆਂ ਨੂੰ ਫਾਂਸੀ ਵਰਗੀਆਂ ਸਜ਼ਾਵਾਂ ਵੀ ਦਿੱਤੀਆਂ ਜਾਣ।

# ਸਾਂਝ ਦੀ ਖੇਤੀ ਦਾ ਸੁਨੇਹਾ

ਦੇਸ਼ਭਗਤੀ ਉਹ ਖੂਬੀ ਹੈ, ਜੋ ਅਸੰਭਵ ਨੂੰ ਸੰਭਵ ਤੇ ਜ਼ਿੰਦਗੀ ਨੂੰ ਆਸਾਨ ਬਣਾ ਦਿੰਦੀ ਹੈ। ਇਹ ਸਾਨੂੰ ਇਖਲਾਕੀ ਦੁਬਿਧਾਵਾਂ ਵਿਚ ਨਹੀਂ ਫਸਣ ਦਿੰਦੀ। ਜਦੋਂ ਦੁਸ਼ਮਣ ਦਾ ਕੋਈ ਸਿਪਾਹੀ ਜਾਂ ਸਿਵਲੀਅਨ, ਜੋ ਕਿਸੇ ਦਾ ਪਿਤਾ, ਭਰਾ ਜਾਂ ਪੁੱਤ, ਤੁਹਾਡੀ ਗੋਲੀ ਨਾਲ ਮਾਰਿਆ ਜਾਂਦਾ ਹੈ ਤਾਂ ਤੁਹਾਨੂੰ ਪਛਤਾਵੇ ਵਰਗੀ ਆਤਮਕ ਪੀੜ ਨਹੀਂ ਹੰਢਾਉਣੀ ਪੈਂਦੀ। ਦੇਸ਼ਭਗਤੀ ਜਿਥੇ ਅਜਿਹੀ ਹਰ ਮੌਤ ਨਜ਼ਰਅੰਦਾਜ਼ ਕਰਨਾ ਸਿਖਾਉਂਦੀ ਹੈ, ਉਥੇ ਤੁਹਾਡੇ ਅੰਦਰ ਸੂਰਮਗਤੀ ਦਾ ਅਹਿਸਾਸ ਵੀ ਜਗਾਉਂਦੀ ਹੈ। ਬੜੀ ਅਜਬ ਬਲਾਅ ਹੈ ਦੇਸ਼ ਭਗਤੀ। ਇਨਸਾਨੀਅਤ ਤੇ ਗੈਰ-ਇਨਸਾਨੀਅਤ ਦਾ ਭੇਦ ਮਿਟਾਉਣ ਵਾਲੀ। 'ਦੁਸ਼ਮਣ' ਦੇਖਦਿਆਂ ਹੀ ਸੱਭੇ ਦੁਰਭਾਵਨਾਵਾਂ ਨੂੰ ਪ੍ਰਤੱਖ ਰੂਪ ਦੇਣ ਵਾਲੀ। ਜ਼ਿੰਦਗੀ ਬਚਾਉਣ ਦੇ ਨਾਂ 'ਤੇ ਜ਼ਿੰਦੜੀ ਦੀ ਬਲੀ ਲੈਣ ਵਾਲੀ। ਕਮਾਲ (ਸ਼ਾਇਦ ਦੁਖਾਂਤ) ਦੀ ਗੱਲ ਇਹ ਕਿ ਨਾ ਪ੍ਰਾਚੀਨ ਯੁੱਗ 'ਚ ਇਸ

**ਸੁਰਿੰਦਰ ਸਿੰਘ ਤੇਜ**

ਤੋਂ ਬਿਨਾ ਗੁਜ਼ਾਰਾ ਸੀ ਤੇ ਨਾ ਹੀ ਆਧੁਨਿਕ ਯੁੱਗ 'ਚ। ਸਰਹੱਦੀ ਲਕੀਰਾਂ ਨੇ ਅਤੀਤ ਵਿਚ ਵੀ ਇਸ ਨੂੰ ਸਦੀਵਤਾ ਬਖਸ਼ੀ, ਹੁਣ ਵੀ ਉਹ ਇਸ ਨੂੰ ਸਦੀਵੀ ਬਣਾ ਰਹੀਆਂ ਹਨ।


ਇਹ ਅਲਫਾਜ਼ ਤੇ ਜਜ਼ਬਾਤ, ਹੈਪੀਮੌਨ ਜੈਕਬ ਦੀ ਕਿਤਾਬ 'ਦਿ ਲਾਈਨ ਆਫ ਕੰਟਰੋਲ' ਦਾ ਤੱਤ-ਸਾਰ ਹਨ। ਇਹ ਜਜ਼ਬਾਤ ਕਿਸੇ ਅਕਾਦਮਿਕ ਕਵਾਇਦ ਦੀ ਉਪਜ ਨਹੀਂ ਸਗੋਂ ਜੰਮੂ ਕਸ਼ਮੀਰ 'ਚ ਕੰਟਰੋਲ ਰੇਖਾ ਦੇ ਐਨ ਆਰ-ਪਾਰ ਪੈਂਦੇ ਸਰਹੱਦੀ ਇਲਾਕਿਆਂ ਦੇ ਦੌਰੇ ਤੋਂ ਉਪਜੀਆਂ ਭਾਵਨਾਵਾਂ ਦੀ ਪੈਦਾਇਸ਼ ਹਨ। ਕੰਟਰੋਲ ਰੇਖਾ ਉਹ ਸਰਹੱਦੀ ਲਕੀਰ ਹੈ ਜੋ 1947-48 ਦੀ ਹਿੰਦ-ਪਾਕਿ ਜੰਗ ਬੰਦ ਹੋਣ ਵਾਲੇ ਦਿਨ ਦੀਆਂ ਫੌਜੀ ਪੁਜ਼ੀਸ਼ਨਾਂ ਮੁਤਾਬਕ ਤੈਅ ਕੀਤੀ ਗਈ। 1971 ਦੀ ਜੰਗ ਸਮੇਂ ਭਾਰਤ ਵੱਲੋਂ ਹਥਿਆਈਆਂ ਕੁਝ ਪੁਜ਼ੀਸ਼ਨਾਂ ਮੁਤਾਬਕ 776 ਕਿਲੋਮੀਟਰ ਲੰਬੀ ਇਸ ਲਕੀਰ ਵਿਚ ਮਾਮੂਲੀ ਤਬਦੀਲੀਆਂ ਆਈਆਂ, ਪਰ ਮੋਟੇ ਤੌਰ 'ਤੇ ਨਕਸ਼ਾ 1947-48 ਦੀ ਜੰਗਬੰਦੀ ਵਾਲਾ ਹੀ ਰਿਹਾ। ਇਸ ਫੈਸਲੇ ਨੇ ਕਈ ਪਿੰਡਾਂ ਅਤੇ ਸੈਂਕੜੇ ਕੁਨਬਿਆਂ 'ਤੇ ਕਹਿਰ ਢਾਹਿਆ। ਇਕ ਪਾਸੇ ਉਹ ਇਲਾਕਾ ਹੈ, ਜਿਸ ਨੂੰ ਅਸੀਂ ਮਕਬੂਜ਼ਾ ਕਸ਼ਮੀਰ (ਪੀ.ਓ.ਕੇ.) ਕਹਿੰਦੇ ਹਾਂ; ਤੇ ਸਾਡੇ ਪਾਸੇ ਜੋ ਇਲਾਕਾ ਹੈ, ਉਸ ਨੂੰ ਪਾਕਿਸਤਾਨੀ ਮਕਬੂਜ਼ਾ ਜੰਮੂ ਕਸ਼ਮੀਰ ਦੱਸਦੇ ਹਨ। ਜੈਕਬ ਦੀ ਕਿਤਾਬ ਕੰਟਰੋਲ ਰੇਖਾ ਦੇ ਦੋਹੀਂ ਪਾਸੀਂ ਫੌਜਾਂ ਦੀ ਨਿਗਰਾਨੀ ਹੇਠ ਕੀਤੀ ਯਾਤਰਾ ਦੀ ਕਹਾਣੀ ਅਤੇ ਉਸ ਨਾਲ ਜੁੜੇ ਪ੍ਰਭਾਵ ਪੇਸ਼ ਕਰਦੀ ਹੈ। ਇਹ ਯਾਤਰਾ ਬੁਨਿਆਦੀ ਤੌਰ 'ਤੇ ਇਹ ਜਾਣਨ ਲਈ ਕੀਤੀ ਗਈ ਕਿ ਕੰਟਰੋਲ ਰੇਖਾ ਜਾਂ ਜੰਮੂ ਖਿੱਤੇ 'ਚ ਕੌਮਾਂਤਰੀ ਸਰਹੱਦ (ਜਿਸ ਨੂੰ ਪਾਕਿਸਤਾਨੀ 'ਵਰਕਿੰਗ ਬਾਊਂਡਰੀ' ਕਹਿੰਦੇ ਹਨ) ਉਤੇ ਗੋਲੀਬੰਦੀ ਦੀਆਂ ਉਲੰਘਣਾਵਾਂ ਕਿਉਂ ਤੇ ਕਿਵੇਂ ਹੁੰਦੀਆਂ ਹਨ ਅਤੇ ਦੁਵੱਲੇ ਸਬੰਧਾਂ ਨੂੰ ਇਹ ਕਿੰਨਾ ਖੋਰਾ ਲਾਉਂਦੀਆਂ ਹਨ।

ਜੈਕਬ ਅਨੁਸਾਰ ਉਹ ਪਾਕਿਸਤਾਨੀ ਕਬਜ਼ੇ ਹੇਠਲੇ ਕਸ਼ਮੀਰ ਵਿਚ ਜੰਗਬੰਦੀ ਰੇਖਾ ਨਾਲ ਲੱਗਦੇ ਇਲਾਕਿਆਂ ਦਾ ਦੌਰਾ ਕਰਨ ਵਾਲਾ ਪਹਿਲਾ ਭਾਰਤੀ ਹੈ। ਉਹ ਮੰਨਦਾ ਹੈ ਕਿ ਉਸ ਨੂੰ ਉਹੋ ਕੁਝ ਦਿਖਾਇਆ ਗਿਆ ਜੋ ਪਾਕਿਸਤਾਨੀ ਫੌਜ ਦਿਖਾਉਣਾ ਚਾਹੁੰਦੀ ਸੀ। ਉਸ ਨੂੰ ਮੱਰੀ ਤੇ ਮੁਜ਼ੱਫਰਾਬਾਦ ਵਿਚ ਪਾਕਿਸਤਾਨੀ ਕੋਰਾਂ ਦੇ ਸਦਰ ਮੁਕਾਮਾਂ ਤੋਂ ਬਿਨਾ ਕੰਟਰੋਲ ਰੇਖਾ ਦੇ ਪਾਕਿਸਤਾਨੀ ਪਾਸੇ ਪੈਂਦੇ ਪਿੰਡਾਂ ਦੇ 'ਦਰਸ਼ਨ' ਕਰਵਾਏ ਗਏ। ਇਸ ਤੋਂ ਵੱਡੀ ਗੱਲ ਉਸ ਨੂੰ 'ਪਿੰਡੀ' (ਰਾਵਲਪਿੰਡੀ) ਸਥਿਤ ਪਾਕਿਸਤਾਨੀ ਫੌਜੀ ਹੈਡਕੁਆਰਟਰ ਜਾਣ ਅਤੇ ਪਾਕਿਸਤਾਨੀ ਸਿਪਾਹਸਾਲਾਰ, ਜਨਰਲ ਕਮਰ ਜਾਵੇਦ ਬਾਜਵਾ ਦੇ ਦਫਤਰੀ ਮੁਖੀ (ਚੀਫ ਆਫ ਜਨਰਲ ਸਟਾਫ) ਨਾਲ ਮੁਲਾਕਾਤ ਕਰਨ ਦਾ ਮੌਕਾ ਮਿਲਿਆ। ਉਸ ਅਨੁਸਾਰ ਉਸ ਦੇ ਜੇ.ਐਨ.ਯੂ. ਦਾ ਪ੍ਰੋਫੈਸਰ ਤੇ ਮੋਦੀ-ਵਿਰੋਧੀ ਹੋਣ, ਕੇਰਲਾ ਦਾ ਜੰਮਪਲ ਤੇ ਇਸਾਈ ਹੋਣ ਅਤੇ ਭਾਰਤ-ਪਾਕਿਸਤਾਨ ਟਰੈਕ-2 ਸੰਵਾਦ ਨਾਲ ਦੋ ਦਹਾਕੇ ਤੋਂ ਜੁੜੇ ਹੋਣ ਵਰਗੇ ਪੱਖਾਂ ਨੇ ਪ੍ਰਮੁੱਖ ਭੂਮਿਕਾ ਨਿਭਾਈ। ਜਾਹਰ ਹੈ, ਪਾਕਿਸਤਾਨੀ ਜਰਨੈਲ 'ਪਾਰਦਰਸ਼ਤਾ' ਦੀ ਖਿੜਕੀ ਕਿਸੇ ਉਦਾਰਵਾਦੀ (ਮੋਦੀ-ਵਿਰੋਧੀ) ਅਕਾਦਮਿਕ ਵਾਸਤੇ ਖੋਲ੍ਹਣ ਲਈ ਹੀ ਤਿਆਰ ਹੋ ਸਕਦੇ ਸਨ, ਨਾਮੀ ਭਾਰਤੀ ਪੱਤਰਕਾਰ ਲਈ ਨਹੀਂ। ਪੱਤਰਕਾਰ ਮੌਕੇ ਦਾ ਲਾਭ, ਖਤਰਾ ਲੈਣ ਦੀ ਹੱਦ ਤਕ ਲੈਣ ਤੋਂ ਝਿਜਕਦੇ ਨਹੀਂ। ਅਕਾਦਮੀਸ਼ਨ, ਆਪਣੇ ਮੇਜ਼ਬਾਨਾਂ ਵੱਲੋਂ ਖਿੱਚੀ ਲਕੀਰ ਨਹੀਂ ਉਲੰਘਦੇ। ਉਨ੍ਹਾਂ ਦੇ ਅਦਬ ਦਾ ਜ਼ਬਤ, ਸ਼ਿਸ਼ਟਾਚਾਰ ਦਾ ਗੁਲਾਮ ਹੁੰਦਾ ਹੈ। ਉਨ੍ਹਾਂ ਲਈ ਬੰਦ ਦਰਵਾਜ਼ੇ ਮੁਕਾਬਲਤਨ ਛੇਤੀ ਖੁੱਲ੍ਹ ਜਾਂਦੇ ਹਨ।

ਜੈਕਬ ਨੇ ਵੀ ਮੇਜ਼ਬਾਨਾਂ ਵੱਲੋਂ ਉਲੀਕੀ ਲਕੀਰ ਨਹੀਂ ਉਲੰਘੀ। ਨਾ ਪਾਕਿਸਤਾਨੀ ਪਾਸੇ, ਨਾ ਭਾਰਤੀ ਪਾਸੇ। ਫਿਰ ਵੀ ਉਸ ਦਾ ਯਾਤਰਾਨਾਮਾ ਨਿਹਾਇਤ ਦਿਲਚਸਪ ਹੈ। ਅਤੀਤ ਤੇ ਵਰਤਮਾਨ ਦੀ ਰਲਗੱਡਤਾ ਕਿਤੇ-ਕਿਤੇ ਖਟਕਦੀ ਹੈ ਪਰ ਰੌਚਿਕਤਾ ਨੂੰ ਮੱਧਮ ਨਹੀਂ ਪੈਣ ਦਿੰਦੀ। ਉਂਜ, ਕੰਟਰੋਲ ਰੇਖਾ ਦੀ ਦੁਪਾਸੜਲੀ ਹਾਲਤ ਘੱਟ



ਹੈਪੀਮੌਨ ਜੈਕਬ




ਹੈਪੀਮੌਨ ਜੈਕਬ ਦੀ ਕਿਤਾਬ ਦਾ ਮੁਖੜਾ।

ਬਿਆਨ ਕੀਤੀ ਗਈ ਹੈ, ਪਾਕਿਸਤਾਨੀ ਪਾਸੇ ਜਾਣ ਦੀ ਮਨਜ਼ੂਰੀ ਹਾਸਲ ਕਰਨ ਦੀ ਕਵਾਇਦ ਦਾ ਬਿਰਤਾਂਤ ਜ਼ਿਆਦਾ ਲੰਮਾ ਹੈ, ਪਰ ਇਹ ਸੁਰਾਗ ਮੁਹੱਈਆ ਕਰਦਾ ਹੈ ਕਿ ਅਕਾਦਮਿਕ ਖੋਜ ਦੇ ਬਹਾਨੇ ਕਿਹੜੇ ਸ੍ਰੋਤ ਕਿਵੇਂ ਵਰਤੇ ਜਾ ਸਕਦੇ ਹਨ।

ਪਾਕਿਸਤਾਨੀ ਪਾਸੇ ਤਾਂ ਜੈਕਬ ਨੂੰ ਗਾਈਡਿਡ ਟੂਰ ਕਰਵਾਇਆ ਗਿਆ। ਭਾਰਤੀ ਨਾਗਰਿਕ ਹੋਣ ਨਾਤੇ ਭਾਰਤੀ ਪਾਸੇ ਉਸ ਨੂੰ ਵੱਧ ਆਜ਼ਾਦੀ ਮਿਲੀ। ਪਾਕਿਸਤਾਨ ਸੂਹੀਆ ਏਜੰਸੀਆਂ ਵੱਲੋਂ ਭਾਰਤੀਆਂ ਉਤੇ ਲਗਾਤਾਰ ਨਜ਼ਰ ਰੱਖੇ ਜਾਣ, ਤੇ ਕੁਢੱਬੇ ਢੰਗ ਨਾਲ ਨਜ਼ਰ ਰੱਖੇ ਜਾਣ ਦੇ ਕਿੱਸੇ ਆਪਾਂ ਦਹਾਕਿਆਂ ਤੋਂ ਪੜ੍ਹਦੇ ਸੁਣਦੇ ਆਏ ਹਾਂ। ਅਜਿਹੇ ਕਿੱਸੇ ਇਸ ਕਿਤਾਬ ਵਿਚ ਵੀ ਮੌਜੂਦ ਹਨ। ਜਾਹਰ ਹੈ, ਸਮਾਂ ਜ਼ਰੂਰ ਬਦਲ ਗਿਆ ਹੈ, ਹਿੰਦ-ਪਾਕਿ ਰਿਸ਼ਤੇ ਅੰਦਰਲੇ ਕੁਢੱਬ ਨਹੀਂ ਬਦਲੇ।

ਪਾਕਿਸਤਾਨੀ ਖਾਤਿਰਦਾਰੀ ਤੇ ਉਥੋਂ ਦੇ ਫੌਜੀ ਜਰਨੈਲਾਂ ਦੀ ਪੇਸ਼ੇਵਾਰਾਨਾ ਠੁੱਕ ਤੋਂ ਪ੍ਰਭਾਵਿਤ ਹੋਣ ਦੇ ਬਾਵਜੂਦ ਜੈਕਬ ਅੰਧ-ਰਾਸ਼ਟਰੀ ਸੱਜੇ-ਪੰਥੀਆਂ ਦੀ ਇਸ ਸੋਚ ਨਾਲ ਮੁਤਫਿਕ ਹੈ ਕਿ ਪਾਕਿਸਤਾਨ 'ਚ ਅਸਲ ਸਟੇਟ, ਫੌਜ ਹੀ ਹੈ। ਪਾਕਿਸਤਾਨੀ ਥਲ ਸੈਨਾ ਮੁਖੀ ਸੱਚਮੁੱਚ ਹੀ ਮੁਲਕ ਦਾ ਸਭ ਤੋਂ ਤਾਕਤਵਰ ਸ਼ਖਸ ਹੈ। ਫੌਜ ਸਿੱਧੇ ਢੰਗ ਨਾਲ ਭਾਵੇਂ ਕੁਝ ਵੀ ਨਾ ਕਹੇ, ਜਰਨੈਲ ਦੇ ਮੱਥੇ ਦੀ ਇਕ ਤਿਊੜੀ ਵੀ ਸਿਵਲੀਅਨ ਹਾਕਮਾਂ ਤੋਂ ਬਹੁਤ ਕੁਝ ਮਨਵਾ ਜਾਂਦੀ ਹੈ। ਸਾਡੇ ਪਾਸੇ ਸਥਿਤੀ ਉਲਟ ਹੈ: ਸਾਡੀ ਫੌਜ ਸਾਡੇ ਜਮਹੂਰੀ ਹਾਕਮਾਂ ਦੇ ਗਲਤ ਫੈਸਲਿਆਂ 'ਤੇ ਵੀ ਫੁੱਲ ਚੜ੍ਹਾਉਣ ਦੇ ਪਾਬੰਦ ਹੈ।

## ਹੈਪੀਮੌਨ ਜੈਕਬ ਦੀ ਕਿਤਾਬ 'ਲਾਈਨ ਆਫ ਕੰਟਰੋਲ' ਦੇ ਆਰ-ਪਾਰ

ਹਾਲਾਂਕਿ ਜੈਕਬ ਨੇ ਪਾਕਿਸਤਾਨੀ ਸੰਵੇਦਨਾਵਾਂ ਦਾ ਧਿਆਨ ਰੱਖਦਿਆਂ ਸੰਤੁਲਿਤ ਪਹੁੰਚ ਬਰਕਰਾਰ ਰੱਖਣ ਦੀ ਕੋਸ਼ਿਸ਼ ਕੀਤੀ ਹੈ, ਫਿਰ ਵੀ ਅਸਿੱਧੇ ਢੰਗ ਨਾਲ ਉਹ ਦੱਸ ਗਿਆ ਹੈ ਕਿ ਪਾਕਿਸਤਾਨੀ ਫੌਜ, ਗੋਲੀਬੰਦੀ ਦੀਆਂ ਉਲੰਘਣਾਵਾਂ ਕਾਰਨ ਹੁੰਦੀਆਂ ਫੌਜੀ ਮੌਤਾਂ ਦੀ ਜਾਣਕਾਰੀ ਕਿਉਂ ਨਹੀਂ ਨਸ਼ਰ ਕਰਦੀ ਤੇ ਸਿਰਫ ਸਿਵਲੀਅਨ ਮੌਤਾਂ ਦੀ ਜਾਣਕਾਰੀ ਹੀ ਮੀਡੀਆ ਨੂੰ ਕਿਉਂ ਦਿੱਤੀ ਜਾਂਦੀ ਹੈ। ਜਾਹਰ ਹੈ ਕਿ ਭਾਰਤੀ ਫੌਜ ਨੂੰ ਬਹੁਤੀ ਥਾਈਂ ਆਪਣੇ ਮੋਰਚੇ ਉਚੇਰੇ ਹੋਣ ਦਾ ਲਾਭ ਹੋ ਰਿਹਾ ਹੈ। ਭਾਰਤੀ ਪਾਸੇ ਫੌਜੀ ਨਫਰੀ ਵੀ ਵੱਧ ਹੈ ਅਤੇ ਕਿਲ੍ਹਾਬੰਦੀ ਵੀ ਜ਼ਿਆਦਾ ਹੈ। ਇਸੇ ਤੱਤ ਨੇ ਮੋਦੀ ਸਰਕਾਰ ਨੂੰ ਟਾਹਰਾਂ ਮਾਰਨ ਦੇ ਰਾਹ ਪਾਇਆ ਹੋਇਆ ਹੈ।

ਕੰਟਰੋਲ ਰੇਖਾ ਦੇ ਨਾਲ-ਨਾਲ ਬਣੇ ਫੌਜੀ ਬੰਕਰ ਦੇਖਣ ਦੀ ਜੈਕਬ ਦੀ ਖਵਾਹਿਸ਼ ਚਾਹੇ ਪਾਕਿਸਤਾਨੀ ਮੇਜ਼ਬਾਨਾਂ ਨੇ ਪੂਰੀ ਨਹੀਂ ਕੀਤੀ ਪਰ ਭਾਰਤੀ ਬੰਕਰਾਂ ਵਿਚ ਜਾਣ, ਫੌਜੀਆਂ ਨਾਲ ਖੁੱਲ੍ਹੀਆਂ ਗੱਲਾਂ ਕਰਨ, ਉਨ੍ਹਾਂ ਦੀਆਂ ਸੰਵੇਦਨਾਵਾਂ ਜਾਣਨ, ਉਨ੍ਹਾਂ ਵੱਲੋਂ ਤਿਆਰ ਚਾਹ-ਪਕੌੜੇ ਛਕਣ ਅਤੇ ਉਨ੍ਹਾਂ ਦੇ ਤੌਖਲਿਆਂ ਤੇ ਚਾਹਤਾਂ ਤੋਂ ਵਾਕਫ ਹੋਣ ਦਾ ਉਸ ਨੂੰ ਭਰਪੂਰ ਮੌਕਾ ਮਿਲਿਆ। ਬੰਕਰਨੁਮਾ ਫਾਰਵਰਡ ਪੋਸਟਾਂ 'ਤੇ ਮੌਤ ਦਾ ਖਤਰਾ ਹਰ ਸਮੇਂ ਮੰਡਰਾਉਂਦਾ ਹੋਣ ਦੇ ਬਾਵਜੂਦ ਜਵਾਨਾਂ ਵੱਲੋਂ ਦੁੱਧ ਵਾਸਤੇ ਲਵੇਰੀਆਂ ਪਾਲਣ ਵਰਗੀ ਦ੍ਰਿਸ਼ਾਵਲੀ ਘੋਰ ਬਿਪਤਾਵਾਂ ਵਿਚੋਂ ਵੀ ਸੁਖ ਦੀਆਂ ਚਿੰਦੀਆਂ ਖੋਜ ਲੈਣ ਦੀ ਇਨਸਾਨੀ ਦ੍ਰਿੜ੍ਹਤਾ ਦੀ ਮਿਸਾਲ ਹੈ। ਜੇ.ਐਨ.ਯੂ. ਵਿਚ ਨਿਸ਼ਸਤਰੀਕਰਨ ਵਰਗਾ ਵਿਸ਼ਾ ਪੜ੍ਹਾਉਣ ਦੇ ਬਾਵਜੂਦ ਜੈਕਬ, ਕੰਟਰੋਲ ਰੇਖਾ 'ਤੇ ਤਾਇਨਾਤ ਭਾਰਤੀ ਫੌਜੀ ਬਟਾਲੀਅਨਾਂ ਦੀ ਭੂਮਿਕਾ ਤੋਂ ਪ੍ਰਭਾਵਿਤ ਹੈ। ਮੰਨਦਾ ਹੈ ਕਿ ਭਾਰਤ ਵਾਲੇ ਪਾਸੇ ਜੇ ਸੜਕਾਂ ਚੰਗੀਆਂ ਹਨ, ਸਕੂਲਾਂ 'ਚ ਪੜ੍ਹਾਈ ਹੁੰਦੀ ਹੈ, ਲੋਕਾਂ ਨੂੰ ਸਿਹਤ ਸਹੂਲਤਾਂ ਮਿਲਦੀਆਂ ਹਨ ਅਤੇ ਨੌਜਵਾਨੀ ਵਿਚ ਬਿਹਤਰ ਜ਼ਿੰਦਗੀ ਦੇ ਮੌਕੇ ਲੱਭਣ ਦੀ ਚਿਣਗ ਪੈਦਾ ਹੋ ਰਹੀ ਹੈ ਤਾਂ ਇਹ ਫੌਜ ਦੀ ਕਰਤਵ-ਨਿਸ਼ਠਾ ਦੀ ਬਦੌਲਤ ਹੈ।

ਗੋਲੀਬੰਦੀ ਦੀਆਂ ਉਲੰਘਣਾਵਾਂ ਦੇ ਪ੍ਰਸੰਗ ਵਿਚ ਇਹ ਗੱਲ ਹੈਰਾਨੀਜਨਕ ਲੱਗਦੀ ਹੈ ਕਿ ਇਹ ਉਲੰਘਣਾਵਾਂ ਕਈ ਵਾਰ ਸ਼ੁਗਲੀਆ ਤੌਰ 'ਤੇ ਵੀ ਕੀਤੀਆਂ ਜਾਂਦੀਆਂ ਹਨ। ਉਂਜ, ਬਹੁਤ ਥਾਈਂ ਕੰਟਰੋਲ ਰੇਖਾ ਦੀ ਬਣਤਰ ਅਜਿਹੀ ਹੈ ਕਿ ਦੂਜੀ ਧਿਰ ਨੂੰ ਸ਼ੱਕ ਦਾ ਲਾਭ ਦਿੱਤਾ ਹੀ ਨਹੀਂ ਜਾ ਸਕਦਾ। ਬਹੁਤ ਕੁਝ ਦਿੱਲੀ ਤੇ ਇਸਲਾਮਾਬਾਦ ਵਿਚਲੇ ਸਿਆਸੀ ਤਾਪਮਾਨ ਉਤੇ ਵੀ ਨਿਰਭਰ ਕਰਦਾ ਹੈ। ਕਈ ਸਥਾਨਕ ਕਮਾਂਡਰ ਵੀ ਮਹਿਜ਼ ਨੰਬਰ ਬਣਾਉਣ ਲਈ ਗੋਲੀਬਾਰੀ ਕਰਵਾਉਂਦੇ ਰਹਿੰਦੇ ਹਨ। ਅਤਿਵਾਦੀਆਂ ਦੀ ਘੁਸਪੈਠ ਸੱਚਮੁੱਚ ਹੀ ਪ੍ਰਮੁੱਖ ਕਾਰਨ ਹੈ। ਪਾਕਿਸਤਾਨੀ ਜਰਨੈਲ ਭਾਵੇਂ ਇਹ ਕਬੂਲਣ ਲਈ ਤਿਆਰ ਨਹੀਂ ਕਿ ਉਹ ਭਾਰਤੀ ਪਾਸੇ ਘੁਸਪੈਠ ਕਰਵਾਉਂਦੇ ਹਨ, ਪਰ ਉਹ ਤਸਲੀਮ ਕਰਦੇ ਹਨ ਕਿ ਘੁਸਪੈਠ ਹੁੰਦੀ ਜ਼ਰੂਰ ਹੈ। ਘੁਸਪੈਠ ਵਾਸਤੇ ਉਹ ਆਪਣੀਆਂ ਕੌਮੀ ਨੀਤੀਆਂ ਨੂੰ ਨਹੀਂ, ਇਲਾਕਾਈ ਬਣਤਰ ਅਤੇ ਵਾਦੀ ਅੰਦਰਲੇ 'ਆਜ਼ਾਦੀ ਸੰਗਰਾਮ' ਨੂੰ ਜ਼ਿੰਮੇਵਾਰ ਦੱਸਦੇ ਹਨ। ਅਜਬ ਅਸਲੀਅਤ ਇਹ ਵੀ ਹੈ ਕਿ ਅੰਤਾਂ ਦੀ ਕਸ਼ੀਦਗੀ ਦੇ ਬਾਵਜੂਦ ਮੁਕਾਮੀ ਕਮਾਂਡਰਾਂ ਦਰਮਿਅਨ ਰਾਬਤਾ ਤੇ ਹਾਸਾ-ਠੱਠਾ ਵੀ ਚੱਲਦਾ ਰਹਿੰਦਾ ਹੈ। ਇੰਜ ਹੀ, ਮੌਕੇ ਦੀ ਨਜ਼ਾਕਤ ਮੁਤਾਬਿਕ ਨਿੱਕੀਆਂ-ਵੱਡੀਆਂ ਸਹਿਮਤੀਆਂ ਵੀ ਸੰਭਵ ਹੁੰਦੀਆਂ ਰਹਿੰਦੀਆਂ ਹਨ।

ਖਾਮੀਆਂ ਦੇ ਬਾਵਜੂਦ ਜੈਕਬ ਦੀ ਕਿਤਾਬ ਦੋਹਾਂ ਮੁਲਕਾਂ ਦੇ ਹਾਕਮਾਂ ਲਈ ਨਫਰਤਾਂ ਦੀ ਥਾਂ ਸਾਂਝ ਦੀ ਖੇਤੀ ਕਰਨ ਦਾ ਸੁਨੇਹਾ ਹੈ। ਉਸ ਦੀ ਗੱਲ 'ਚ ਦਮ ਹੈ ਕਿ ਐਲ.ਓ.ਸੀ. ਭਾਰਤੀ ਤੇ ਪਾਕਿਸਤਾਨੀ ਕੌਮਾਂ ਦੀ ਸਮੂਹਕ ਨਾਕਾਮੀ ਦੀ ਨਿਸ਼ਾਨੀ ਹੈ। ਇਸ ਨੂੰ ਅੰਧ-ਰਾਸ਼ਟਰਵਾਦ ਤੇ ਗਰਬ-ਗੁਮਾਨ ਦਾ ਪ੍ਰਤੀਕ ਬਣਾਈ ਰੱਖਣ ਦੀ ਥਾਂ ਥੋੜ੍ਹੀ ਜਿਹੀ ਇਤਫਾਕ-ਰਾਇ ਨਾਲ 2003 ਦੇ ਗੋਲੀਬੰਦੀ ਸਮਝੌਤੇ ਵਾਲੇ ਮੁਕਾਮ 'ਤੇ ਪਰਤਿਆ ਜਾ ਸਕਦਾ ਹੈ। ਅਜਿਹਾ ਕਰਨ ਨਾਲ ਅੰਧ-ਰਾਸ਼ਟਰਵਾਦੀਆਂ ਦੇ ਹਿੱਤਾਂ ਨੂੰ ਕੁਝ ਖੋਰਾ ਜ਼ਰੂਰ ਲੱਗੂ, ਪਰ ਕੰਟਰੋਲ ਰੇਖਾ ਦੇ ਦੋਹੀਂ ਪਾਸੇ ਵਸੀ ਇਨਸਾਨੀਅਤ ਦਾ ਵਡੇਰਾ ਭਲਾ ਹੋਵੇਗਾ। ਬੜਾ ਸਾਰਥਿਕ ਹੈ ਇਹ ਸੁਨੇਹਾ ਪਰ ਚੋਣਾਂ ਦੀ ਰੁੱਤ ਦੌਰਾਨ ਇਸ 'ਤੇ ਕੌਣ ਗੌਰ ਫਰਮਾਏਗਾ?

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 16 ਫਰਵਰੀ 2019 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-364



*ਨਾ ਹੀ ਸਾਨੂੰ ਫੋਨ ਦਾ, ਤੇ ਨਾ 'ਸੈਲਫੀ' ਦਾ ਚਾਅ।*
*ਫੈਲੀ ਭੇਡ-ਚਾਲ ਦਾ ਅਸੀਂ ਰਹੇ ਮਖੌਲ ਉਡਾਅ।*
*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*

## ਕੈਪਸ਼ਨ ਮੁਕਾਬਲਾ-362



ਛੱਤੀ ਪਦਾਰਥ ਹੋਵਣ ਮੂਹਰੇ
ਜਲੇਬੀ ਸਭ ਦੇ ਮਨ ਨੂੰ ਭਾਵੇ।
ਨਰਮ, ਗਰਮ, ਮਿੱਠੇ ਦੀਆਂ ਘੁੱਟਾਂ
ਨਿਆਣਾ, ਸਿਆਣਾ ਪਚਾਕੇ ਲਾ ਖਾਵੇ।
ਵਿਆਹ, ਸ਼ਾਦੀ, ਲੰਗਰ, ਭੋਗ
ਹਰ ਮੌਕੇ ਦੀ ਸ਼ਾਨ ਵਧਾਵੇ।
*-ਦਵਿੰਦਰ ਕੌਰ*

---

ਕੋਈ ਪਤਾ ਨ੍ਹੀਂ ਇਸ ਸ਼ੈਅ ਬਾਰੇ
ਸਭ ਤੋਂ ਪਹਿਲਾਂ ਕਿਸ ਨੇ ਬਣਾਈ।
ਹੈਰਾਨੀ ਵਾਲੀ ਬੁਝਾਰਤ ਇਹ ਹੈ
ਚਾਸ਼ਣੀ ਪਾਈਪ 'ਚ ਕਿਵੇਂ ਹੈ ਪਾਈ?
ਲਈਏ ਲੱਜਤ ਵੱਢ ਕੇ ਦੰਦੀਆਂ
ਮਸਾਂ ਮਸਾਂ ਅੱਜ ਅੜਿਕੇ ਆਈ।
*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਐਤਵਾਰ ਨੂੰ ਗੁਰੂ ਘਰਾਂ 'ਚ
ਵਿਦੇਸ਼ੀਂ ਲਾਣ ਪੰਜਾਬੀ ਸਕੂਲ।
ਮਾਂ ਬੋਲੀ ਨਾਲ ਜੋੜਨ ਬੱਚੇ
ਗੁਰਮਤਿ ਦੇ ਪੜ੍ਹਾਉਣ ਅਸੂਲ।
ਭਾਂਤ ਭਾਂਤ ਦੇ ਦੇਸੀ ਖਾਣੇ
ਭਰ ਭਰ ਥਾਲ ਨੇ ਲਿਆਉਂਦੇ।
ਇਕ ਪੰਥ ਦੋ ਕਾਜ ਨੇ ਹੁੰਦੇ
ਲੱਡੂ-ਜਲੇਬੀਆਂ ਰੱਜ ਕੇ ਖਾਂਦੇ।

---

ਤਾਜ਼ਾ ਤਾਜ਼ਾ ਬਣਦੀ ਦੇਖ ਕੇ
ਮੂੰਹ ਵਿਚ ਪਾਣੀ ਆਉਂਦਾ ਹੈ।
ਖਾ ਕੇ ਗਰਮਾ ਗਰਮ ਜਲੇਬੀ
ਸਰੂਰ ਜਿਹਾ ਚੜ੍ਹ ਜਾਂਦਾ ਹੈ।
ਸਭ ਮਿੱਠਿਆਂ ਦੀ ਮਾਂ ਜਲੇਬੀ
ਰੰਗ ਲਾਲੋ ਲਾਲ ਹੈ ਬਈ।
ਬੁੱਢੇ, ਜਵਾਨ, ਬੱਚੇ ਸਭ ਖਾ ਕੇ
ਕਹਿੰਦੇ, ਕਮਾਲੋ ਕਮਾਲ ਹੈ ਬਈ।
*-ਹਰਮੀਕ ਸਿੰਘ ਗਿਰਨ*
*ਫੋਨ: 209-815-8883*

---

ਢਾਈ ਵਲ ਹੁੰਦੇ ਜਲੇਬੀ ਨੂੰ
ਤੇ ਬੰਦੇ ਵਿਚ ਹਜ਼ਾਰ ਹੁੰਦੇ।
ਸਾਹਮਣੇ ਪਈ ਵੇਖ ਜਲੇਬੀ
ਕਈਆਂ ਦੇ ਦਿਲ ਬੇਈਮਾਨ ਹੁੰਦੇ।
ਮਿੱਠੇ ਨਾਲ ਭਰੀ ਵੇਖ ਜਲੇਬੀ
ਮੂੰਹ 'ਚ ਪਾਣੀ ਆਵੇ ਸਾਰਿਆਂ ਦੇ।
ਦਿਲ ਬਹੁਤ ਖਰਾਬ ਹੁੰਦੇ, ਵੇਖ
ਜਲੇਬੀਆਂ ਸੂਗਰ ਦੇ ਮਾਰਿਆਂ ਦੇ।
ਸ਼ਗਨ ਵਿਚ ਲੱਡੂ ਤੇ ਭੋਗ ਵਿਚ
ਜਲੇਬੀ ਹੁੰਦੀ ਪ੍ਰਧਾਨ ਏ।
ਹਰ ਦਿਨ, ਹਰ ਤਿਓਹਾਰ
ਜਲੇਬੀ ਦੀ ਵੱਖਰੀ ਸ਼ਾਨ ਏ।
*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-690-8403*

---

ਮੁੰਡਾ ਵੇ ਜਲੇਬੀ ਵਰਗਾ
ਐਵੇਂ ਨਹੀਂ ਕਹਾਵਤ ਬਣ ਗਈ।
ਸਭ ਮਿਠਾਈਆਂ ਦੀ ਮਾਂ ਜਲੇਬੀ
ਦੇਖੋ ਮੇਲਿਆਂ 'ਚ ਸਜੀਆਂ ਦੁਕਾਨਾਂ
ਪੰਜਾਬੀ ਦਿਸਣ ਸਦਾ ਖਾਂਦੇ ਜਲੇਬੀਆਂ।
ਸਰੀਰ ਨੂੰ ਪੂਰਾ ਸਕੂਨ ਦਿੰਦੀ
ਚੜ੍ਹ ਜਾਂਦਾ ਨਸ਼ਾ ਬਿਨ ਪੀਤਿਆਂ।
ਸਰਦੀ-ਜ਼ੁਕਾਮ ਸਭ ਚੱਕ ਦਿੰਦੀ ਜਲੇਬੀ,
ਵੱਢੋ ਪਸਤਾ ਨਸ਼ਿਆਂ ਦਾ
ਖਾਓ ਲਹਿੰਦਾ ਪੂਰ ਜਲੇਬੀਆਂ ਦਾ।
*-ਦਰਸ਼ਨਪਾਲ ਦੋਸਾਂਝ*

# ਅਮਰੀਕਾ ਵਿਚ ਟਰੱਕਾਂ ਦਾ ਮੇਲਾ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਸਵਰਗੀ ਰਾਮ ਸਰੂਪ ਅਣਖੀ ਦਾ ਬੇਟਾ ਡਾ. ਕ੍ਰਾਂਤੀਪਾਲ ਆਪਣੇ ਪਿਤਾ ਦੇ ਸ਼ੁਰੂ ਕੀਤੇ 'ਕਹਾਣੀ ਪੰਜਾਬ' ਰਸਾਲੇ ਨੂੰ ਕਾਇਮ ਰੱਖਣ ਵਿਚ ਪੂਰੀ ਤਰ੍ਹਾਂ ਸਫਲ ਹੈ। ਪਰਚੇ ਦਾ 100ਵਾਂ ਅੰਕ 400 ਪੰਨੇ ਦਾ ਯਾਦਗਾਰੀ ਅੰਕ ਹੈ। ਮੁਲ 400 ਰੁਪਏ। ਇਸ ਵਿਚ ਹੁਣ ਤੱਕ ਦੇ ਕੁੱਲ ਅੰਕਾਂ ਦੀ ਕਰੀਮ ਸ਼ਾਮਲ ਹੈ। ਜਾਣੇ-ਪਛਾਣੇ ਲੋਕਾਂ ਦੀ ਪਹਿਲੀ ਮੁਹੱਬਤ ਦੇ ਕਿੱਸੇ, ਵਿਸ਼ੇਸ਼ ਮੁਲਾਕਾਤਾਂ, ਕੁਝ ਯਾਦਾਂ, ਕੁਝ ਪ੍ਰਚਲਿਤ ਮਿਥਾਂ, ਪੰਜਾਬੀ ਤੇ ਹੋਰ ਭਾਸ਼ਾਵਾਂ ਦੀਆਂ ਚੋਣਵੀਆਂ ਕਹਾਣੀਆਂ ਤੇ ਹੋਰ ਬਿਰਤਾਂਤ-ਕਵਿਤਾਵਾਂ ਤੇ ਗੀਤ ਵੀ। ਇਸ ਵਿਚ ਛਪੀਆਂ ਅਮਰੀਕਾ/ਕੈਨੇਡਾ ਵਿਚ ਡਰਾਈਵਰੀ ਕਰ ਰਹੇ ਗੁਰਮੇਲ ਬੀਰੋਕੇ ਰਚਿਤ 'ਬਾਤਾਂ ਸੜਕ ਦੀਆਂ' ਪ੍ਰਸਿੱਧ ਪੰਜਾਬੀ ਲੇਖਕ ਬਲਦੇਵ ਸਿੰਘ ਸੜਕਨਾਮਾ ਦੀ ਰਚਨਾਕਾਰੀ ਨੂੰ ਮਾਤ ਪਾਉਂਦੀਆਂ ਹਨ। ਪੇਸ਼ ਹੈ, ਉਨ੍ਹਾਂ ਬਾਤਾਂ ਦਾ ਕੇਵਲ ਇੱਕ ਪੰਨਾ:

"ਮੇਰੀ ਤੇ ਪਾਲੇ ਦੀ ਰਿਹਾਇਸ਼ ਦੇ ਨੇੜੇ ਟਰੱਕਾਂ ਦਾ ਮੇਲਾ ਲੱਗਾ। ਅਸੀਂ ਵੇਖਣ ਗਏ। ਵਖ ਵਖ ਕੰਪਨੀਆਂ ਦੇ ਭਾਂਤ-ਸੁਭਾਂਤੇ ਟਰੱਕ। ਨਵੀਂ ਤਕਨਾਲੋਜੀ ਵਾਲੇ ਨਵੇਂ ਤੇ ਅਦਭੁੱਤ ਟਰੱਕਾਂ ਦੇ ਮਾਡਲ। ਅਜਿਹੇ ਟਰੱਕ ਵੀ ਜਿਹੜੇ ਕੁਛ ਦਹਾਕਿਆਂ ਤੱਕ ਸੜਕਾਂ 'ਤੇ ਆਉਣੇ ਸਨ।

ਮੇਲੇ 'ਚ ਟਰੱਕਾਂ ਤੋਂ ਇਲਾਵਾ ਹੋਰ ਵੀ ਬਹੁਤ ਕੁਛ ਸੀ। ਕਈ ਤਰ੍ਹਾਂ ਦੀਆਂ ਦੁਕਾਨਾਂ ਤੇ ਬਹੁਤ ਸਾਰੀਆਂ ਸੰਸਥਾਵਾਂ ਦੇ ਸਟਾਲ। ਸਭ ਤੋਂ ਵੱਧ ਜਿਸ ਸਟਾਲ ਨੇ ਸਾਡੇ ਮਨ ਦੇ ਮੀਟਰਾਂ ਦੀਆਂ ਸੂਈਆਂ ਲਾਲ ਨਿਸ਼ਾਨ ਤੱਕ ਪਹੁੰਚਾ ਦਿੱਤੀਆਂ, ਉਹ ਸਟਾਲ ਮਨੁੱਖੀ ਤਸਕਰੀ ਦੇ ਵਿਰੁਧ ਆਵਾਜ਼ ਉਠਾਉਣ ਵਾਲੀ ਸੰਸਥਾ ਦਾ ਸੀ। ਉਨ੍ਹਾਂ ਨੇ ਬੋਲਣ ਲਈ ਸਟੇਜ ਬਣਾਈ ਹੋਈ ਸੀ।

ਉਹ ਦੱਸਦੇ ਸਨ ਕਿ ਅਮਰੀਕਾ 'ਚ ਹਰ ਸਾਲ ਇੱਕ ਲੱਖ ਤੋਂ ਤਿੰਨ ਲੱਖ ਮਨੁੱਖਾਂ ਦੀ ਤਸਕਰੀ ਹੁੰਦੀ ਹੈ। ਇੱਕ ਲੱਖ ਨਾਬਾਲਗ ਕੁੜੀਆਂ ਵੇਸਵਾਗਨੀ 'ਚ ਜ਼ਬਰੀ ਧੱਕੀਆਂ ਜਾਂਦੀਆਂ ਹਨ। ਉਮਰ 12 ਤੋਂ 14 ਸਾਲ ਬਹੁਤ ਸਾਰੀਆਂ 'ਆਨਲਾਈਨ' ਵਿਕਦੀਆਂ ਹਨ। ਉਹ ਵੀ ਜਿਨ੍ਹਾਂ ਨੂੰ ਦੱਲੇ ਵੇਸਵਾਘਰਾਂ, ਕਲੱਬਾਂ ਜਾਂ ਜੂਆਘਰਾਂ 'ਚ ਵੇਚਦੇ ਹਨ। ਹਰ ਸਾਲ 32 ਬਿਲੀਅਨ ਡਾਲਰਾਂ ਦਾ ਵਪਾਰ ਹੁੰਦਾ ਹੈ।

ਸੰਸਥਾ ਦੀ ਇੱਕ ਮੈਂਬਰ ਨੇ ਦੱਸਿਆ ਕਿ ਬਹੁਤ ਸਾਰੇ ਟਰੱਕ ਡਰਾਈਵਰ ਸਾਡੇ ਮੈਂਬਰ ਹਨ। ਅਸੀਂ ਟਰੱਕ-ਸਟਾਪ, ਟਰੱਕ ਕੰਪਨੀਆਂ, ਟਰੱਕ ਡਰਾਈਵਿੰਗ ਸਕੂਲਾਂ ਤੇ ਹੋਰ ਵੀ ਬਹੁਤ ਸਾਰੇ ਸੜਕਾਂ 'ਤੇ ਚੱਲਣ ਵਾਲਿਆਂ ਨੂੰ ਆਪਣੇ ਮੈਂਬਰ ਬਣਾਉਂਦੇ ਹਾਂ ਤੇ ਉਨ੍ਹਾਂ ਨੂੰ ਦੱਸਦੇ ਹਾਂ ਕਿ ਜੇ ਕਿਤੇ ਕੋਈ ਸ਼ੱਕੀ ਦਿਸੇ ਤਾਂ ਪੁਲਿਸ ਦੀ ਮਦਦ



ਡਾ. ਕ੍ਰਾਂਤੀਪਾਲ

ਲਵੋ, ਤਾਂ ਕਿ ਕਿਸੇ ਦੀ ਜ਼ਿੰਦਗੀ ਤਬਾਹ ਹੋਣ ਤੋਂ ਬਚਾਈ ਜਾ ਸਕੇ।...ਬਹੁਤ ਸਾਰੇ ਟਰੱਕ ਡਰਾਈਵਰਾਂ ਨੇ ਬਹੁਤ ਸਾਰੀਆਂ ਕੁੜੀਆਂ ਨੂੰ ਬਚਾਇਆ ਹੈ।


ਇਨ੍ਹਾਂ ਨੂੰ ਉਨ੍ਹਾਂ ਦੇ ਨਜਦੀਕੀ ਹੀ ਮਾੜੇ ਰਾਹ ਤੋਰਦੇ ਹਨ। ਬਹੁਤ ਸਾਰੀਆਂ ਨੂੰ ਅਨਾਥਘਰਾਂ ਵਿਚੋਂ ਗਲਤ ਸਿੱਖਿਆ ਦੇ ਕੇ ਵਰਤਿਆ ਜਾਂਦਾ ਹੈ। ਕਈ ਉਹ ਵੀ ਹੁੰਦੀਆਂ ਹਨ, ਜਿਨ੍ਹਾਂ ਦੇ ਮਾਂ-ਬਾਪ ਦੀ ਆਪਸ 'ਚ ਬਣਦੀ ਨਹੀਂ ਹੁੰਦੀ ਤੇ ਉਹ ਘਰ ਤੋਂ ਬਾਹਰ ਪਿਆਰ ਲੱਭਦੀਆਂ-ਲੱਭਦੀਆਂ ਸੈਕਸ ਦੇ ਦੱਲਿਆਂ ਦੇ ਵੱਸ ਪੈ ਜਾਂਦੀਆਂ ਹਨ ਤੇ ਅੱਗੇ ਤੋਂ ਅੱਗੇ ਵਿਕਦੀਆਂ ਰਹਿੰਦੀਆਂ ਹਨ। ਜੇ ਉਹ ਦੱਲਿਆਂ ਦਾ ਕਹਿਣਾ ਨਹੀਂ ਮੰਨਦੀਆਂ ਤਾਂ ਉਨ੍ਹਾਂ ਨੂੰ ਮਾਰਿਆ-ਕੁੱਟਿਆ ਜਾਂਦਾ ਹੈ। ਡਰਾਵੇ ਦਿੱਤੇ ਜਾਂਦੇ ਹਨ। ਇਸ ਤਰ੍ਹਾਂ ਦਾ ਹੋਰ ਕਈ ਕੁਝ।

ਸੰਸਥਾ ਦੀ ਸਟੇਜ ਤੋਂ ਬਹੁਤ ਸਾਰੇ ਬੁਲਾਰੇ ਬੋਲੇ। ਉਨ੍ਹਾਂ ਵਿਚ ਟਰੱਕ-ਡਰਾਈਵਰ ਸਨ ਤੇ ਉਹ ਕੁੜੀਆਂ ਤੇ ਔਰਤਾਂ ਵੀ ਸਨ, ਜਿਨ੍ਹਾਂ ਨੇ ਵੇਸਵਾ-ਗਮਨੀ ਵਾਲਾ ਜੀਵਨ ਹੰਢਾਇਆ ਸੀ।

ਇੱਕ ਡਰਾਈਵਰ ਟਰੱਕ ਡਰਾਈਵਰਾਂ ਨੂੰ ਸੰਬੋਧਨ ਕਰ ਰਿਹਾ ਸੀ, 'ਆਪਾਂ ਲੋਕ ਜਦ ਟਰੱਕ-ਸਟਾਪ 'ਤੇ ਰੁਕਦੇ ਹਾਂ ਜਾਂ ਰੈਸਟ ਏਰੀਏ 'ਚ ਰੁਕਦੇ ਹਾਂ ਤਾਂ ਆਪਾਂ ਨੂੰ ਉਥੇ ਵਾਪਰ ਰਿਹਾ ਸਭ ਕੁਛ ਦਿਖਦਾ ਹੁੰਦਾ ਹੈ ਪਰ ਅਸੀਂ ਚੁੱਪ ਰਹਿੰਦੇ ਹਾਂ ਕਿ ਆਪਾਂ ਨੇ ਕੀ ਲੈਣਾ ਹੈ?...ਪਰ ਨਹੀਂ, ਇਹ ਠੀਕ ਨਹੀਂ। ਸਾਨੂੰ ਬੋਲਣਾ ਚਾਹੀਦਾ ਹੈ। ਜਦ ਕੋਈ ਅੱਲ੍ਹੜ ਮੁਟਿਆਰ, ਨਾਬਾਲਗ ਕੁੜੀ ਆ ਕੇ ਟਰੱਕ ਦਾ ਦਰਵਾਜਾ ਖੜਕਾਉਂਦੀ ਹੈ, ਤਾਂ ਥੋੜੇ ਕੋਲ ਤਿੰਨ ਰਾਹ ਹੁੰਦੇ ਨੇ। ਪਹਿਲਾ, ਤੁਸੀਂ ਨਾਂਹ ਕਰ ਸਕਦੇ ਹੋ। ਦੂਜਾ, ਤੁਸੀਂ ਅੰਦਰ ਵਾੜੋ...। ਤੇ ਤੀਜਾ ਰਾਹ ਉਸ ਭਲੇ ਤੇ ਸੰਵੇਦਨਾਸ਼ੀਲ ਮਨੁੱਖ ਵਾਲਾ ਹੈ, ਜਿਸ ਦੀ ਜ਼ਮੀਰ ਜਾਗਦੀ ਹੁੰਦੀ ਹੈ। ਜੋ ਸੋਚ ਸਕਦਾ ਹੈ ਕਿ ਇਹ ਕੁੜੀ ਕਿਸੇ ਦੀ ਧੀ ਭੈਣ ਹੈ। ਉਹ ਭਲਾ ਡਰਾਈਵਰ ਫੋਨ ਕਰਦਾ ਹੈ, ਤੇ ਉਸ ਭਟਕੀ ਤੇ ਕੁਰਾਹੇ ਪਾਈ ਹੋਈ ਕੁੜੀ ਨੂੰ ਨਵਾਂ ਜੀਵਨ ਦਿਵਾਉਂਦਾ ਹੈ।'

ਇੱਕ ਕੁੜੀ ਦੀ ਮਾਂ ਨੇ ਦੱਸਿਆ, 'ਮੇਰੀ ਧੀ ਤੇਰ੍ਹਾਂ ਸਾਲਾਂ ਦੀ ਸੀ। ਉਸ ਨੂੰ ਕੋਈ ਵਰਗਲਾ ਕੇ ਲੈ ਗਿਆ। ਮੈਂ ਕਿੰਨੇ ਹੀ ਸਾਲ ਉਸ ਨੂੰ ਲੱਭਦੀ ਰਹੀ। ਪਰ ਕੋਈ ਉਘ-ਸੁੱਘ ਨਾ ਮਿਲੀ। ਪੁਲਿਸ ਨੇ ਵੀ ਬਹੁਤ ਕੋਸ਼ਿਸ਼ ਕੀਤੀ। ਚਾਰ ਕੁ ਸਾਲਾਂ ਮਗਰੋਂ ਮੈਨੂੰ ਇੱਕ ਦਿਨ ਫੋਨ ਆਇਆ। ਮੇਰੀ ਧੀ, ਮੇਰੀ ਲਾਡੋ ਬੋਲ ਰਹੀ ਸੀ।...ਪਤਾ ਲੱਗਾ, ਉਸ ਨੂੰ ਕਿਸੇ ਟਰੱਕ ਡਰਾਈਵਰ ਨੇ ਬਚਾਇਆ ਸੀ। ਕੋਈ ਦੱਲਾ ਕੁੜੀ ਨੂੰ ਲੈ ਕੇ ਸੜਕ 'ਤੇ ਖੜ੍ਹਾ ਸੀ ਤੇ ਕਿਸੇ ਗਾਹਕ ਨਾਲ ਭਾਅ ਬਣਾ ਰਿਹਾ ਸੀ। ਕਿਸੇ ਚੰਗੇ ਮਨੁੱਖ ਨੇ ਪੁਲਿਸ ਬੁਲਾ ਲਈ।...ਮੇਰੀ ਧੀ ਹੁਣ ਵਿਆਹੀ ਹੋਈ ਹੈ। ਦੋ ਬੱਚੇ ਹਨ। ਮੈਂ ਨਿੱਤ ਉਸ ਡਰਾਈਵਰ ਦਾ ਸ਼ੁਕਰੀਆ ਅਦਾ ਕਰਦੀ ਹਾਂ, ਜਿਸ ਨੇ ਇਹ ਭਲਾ ਕਾਰਜ ਕੀਤਾ ਸੀ।'

ਫਿਰ ਉਹ ਅੱਖਾਂ ਭਰ ਕੇ ਦੱਸਣ ਲੱਗੀ, 'ਮੈਂ ਉਸ ਡਰਾਈਵਰ ਨੂੰ ਦੇਖਿਆ ਨਹੀਂ, ਮਿਲੀ ਨਹੀਂ ਤੇ ਨਾ ਹੀ ਕੋਈ ਸਾਡੀ ਗੱਲ ਹੋਈ ਹੈ। ਉਸ ਲਈ ਮੇਰੇ ਅੰਦਰੋਂ ਅਸੀਸਾਂ ਨਿਕਲਦੀਆਂ ਹਨ, ਜੋ ਸਾਡੇ ਲਈ ਰੱਬ ਬਣ ਕੇ ਬਹੁੜਿਆ...।'




ਇੱਕ ਸੋਹਣੀ ਜਿਹੀ ਔਰਤ ਆਪਣੀ ਹੱਡਬੀਤੀ ਦੱਸ ਰਹੀ ਸੀ, 'ਮੇਰੇ ਮਾਂ-ਬਾਪ ਦਾ ਤਲਾਕ ਹੋ ਗਿਆ। ਉਦੋਂ ਮੈਂ ਹਾਲੇ ਮਾਂ ਦੇ ਪੇਟ ਵਿਚ ਹੀ ਸਾਂ। ਜਦ ਮੈਂ ਸੁਰਤ ਸੰਭਾਲੀ ਤਾਂ ਮੇਰੀ ਮਾਂ ਕਿਸੇ ਮਰਦ ਨਾਲ ਰਹਿੰਦੀ ਸੀ। ਉਸ ਦੇ ਪੰਜ ਬੱਚੇ ਪਹਿਲੀ ਔਰਤ ਤੋਂ ਸਨ ਤੇ ਛੇਵੀਂ ਮੈਂ ਸਾਂ। ਦੂਜੇ ਸਾਰੇ ਬੱਚੇ ਮੈਥੋਂ ਵੱਡੇ ਸਨ। ਮੇਰਾ ਮਤਰੇਆ ਬਾਪ ਨਸ਼ੇ ਕਰਦਾ ਸੀ। ਬੱਚੇ ਪੂਰੇ ਢੀਠ ਕਿਸਮ ਦੇ ਸਨ। ਮੈਂ ਛੇ ਸਾਲਾਂ ਦੀ ਹੋਣ ਤੱਕ ਸਾਰੀਆਂ ਗਾਲ੍ਹਾਂ ਸਿੱਖ ਗਈ ਸਾਂ।...ਫਿਰ ਮੇਰੀ ਮਾਂ ਤੇ ਮੇਰਾ ਮਤਰੇਆ ਪਿਉ ਲੜ ਪਏ। ਅੱਡੋ ਅੱਡ ਹੋ ਗਏ। ਮੇਰੀ ਮਾਂ ਮੈਨੂੰ ਅਨਾਥ ਘਰ ਛੱਡ ਕੇ, ਪਤਾ ਨਹੀਂ ਕਿਧਰ ਚਲੀ ਗਈ। ਪੂਰੇ ਪੰਜ ਸਾਲ ਤੱਕ ਮੇਰੀ ਮਾਂ ਨੇ ਮੇਰੇ ਨਾਲ ਕੋਈ ਸੰਪਰਕ ਨਾ ਕੀਤਾ। ਨਾ ਕੋਈ ਫੋਨ, ਨਾ ਕੋਈ ਚਿੱਠੀ। ਮਿਲਣ ਤਾਂ ਕੀ ਆਉਣਾ ਸੀ।...ਜਦ ਮੈਂ ਬਾਰ੍ਹਾਂ ਸਾਲਾਂ ਦੀ ਹੋਈ, ਇੱਕ ਦਿਨ ਮੇਰੀ ਮਾਂ ਅਚਾਨਕ ਮੈਨੂੰ ਮਿਲਣ ਆ ਗਈ। ਮੈਨੂੰ ਬੜਾ ਚਾਅ ਚੜ੍ਹਿਆ। ਉਹ ਕਹਿਣ ਲੱਗੀ, ਮੈਂ ਤੈਨੂੰ ਲੈਣ ਆਈ ਹਾਂ।...ਜਿਸ ਘਰ 'ਚ ਮੇਰੀ ਮਾਂ ਰਹਿੰਦੀ ਸੀ, ਉਥੇ ਉਸ ਨਾਲ ਉਸ ਦਾ ਪ੍ਰੇਮੀ ਵੀ ਰਹਿੰਦਾ ਸੀ। ਦੋਨੋਂ ਨਸ਼ਾ ਕਰਦੇ ਸਨ। ਉਨ੍ਹਾਂ ਨੇ ਮੈਨੂੰ ਇਸ ਧੰਦੇ ਵਿਚ ਪਾ ਦਿੱਤਾ। ਮੈਂ ਉਨ੍ਹਾਂ ਵਲੋਂ ਪਹਿਨਾਏ ਚਮਕੀਲੇ ਦੇ ਭੜਕੀਲੇ ਕੱਪੜੇ ਪਾ ਕੇ ਰਸਤੇ ਵਿਚ ਜਾ ਖੜੀ ਹੁੰਦੀ। ਇੱਕ ਦਿਨ ਇੱਕ ਭਲੇ ਡਰਾਈਵਰ ਨੇ ਮੈਨੂੰ ਵੇਖਿਆ ਤੇ ਪੁਲਿਸ ਨੂੰ ਖਬਰ ਕਰ ਦਿੱਤੀ। ਮੈਨੂੰ ਸ਼ੁਰੂਆਤੀ ਦੌਰ ਵਿਚ ਹੀ ਉਸ ਭਲੇ ਪੁਰਸ਼ ਨੇ ਬਚਾ ਲਿਆ, ਜਿਸ ਨੂੰ ਮੈਂ ਉਕਾ ਹੀ ਨਹੀਂ ਸੀ ਜਾਣਦੀ।"

ਟਰੱਕਾਂ ਦੇ ਮੇਲੇ ਵਿਚਲੀਆਂ ਗੱਲਾਂ ਇਥੋਂ ਤੱਕ ਹੀ ਸੀਮਤ ਨਹੀਂ। ਤਤਸਾਰ ਇਹ ਕਿ ਕਈ ਟਰੱਕ ਡਰਾਈਵਰ ਰੱਬ ਦਾ ਰੂਪ ਹੁੰਦੇ ਹਨ। ਸਾਡੇ ਦੇਸ਼ ਵਿਚ ਵੀ ਹੋਣਗੇ। ਜ਼ਿੰਦਾਬਾਦ!

**ਅੰਤਿਕਾ:**

ਹੀਰੇ, ਜ਼ਮੁਰਦ, ਮੋਤੀ
ਗੀਟੇ ਜਿਹੇ ਨੇ ਭਾਵੇਂ,
ਪੈਂਦਾ ਹੈ ਮੁੱਲ ਆਖਿਰ,
ਅੰਦਰ ਦੀ ਰੌਸ਼ਨੀ ਦਾ।

# ਪੰਜਾਬ ਦਾ ਅਦਬੀ ਦੂਤ ਤੇ ਧਿਆਨ ਦੀ ਪੂਰਨਮਾਸ਼ੀ ਦਾ ਚੰਨ: ਪਰਮਿੰਦਰ ਸੋਢੀ

**ਅਵਤਾਰ ਸਿੰਘ (ਪ੍ਰੋ)**
ਫੋਨ: 91-94175-18384

ਉਹ ਪਰਮ ਇੰਦਰ ਹੈ ਤੇ ਇੰਦਰ ਦੇਵ ਦੀਆਂ ਪਰਮ ਬਰਕਤਾਂ ਦਾ ਵਾਰਸ। ਮਿਲਾਪੜਾ ਏਨਾ ਕਿ ਮਿਲ ਕੇ ਨਿਹਾਲ ਕਰ ਦਿੰਦਾ ਹੈ। ਉਹ ਕੁਦਰਤਨ ਕਵਿਤਾ ਪ੍ਰੇਮੀ ਹੈ ਤੇ ਬਹੁਤ ਸਾਰੇ ਕਵੀਆਂ ਤੇ ਕਵਿੱਤਰੀਆਂ ਦਾ ਪ੍ਰੇਰਣਾਸ੍ਰੋਤ ਅਤੇ ਮਦਦਗਾਰ ਹੈ।

ਉਹ ਪਰਦੇਸ ਵਿਚ ਰਹਿ ਕੇ ਵੀ ਦੇਸ ਦੀ ਸਾਰ, ਸਾਹਿਤਕ ਸਮਾਚਾਰ ਤੇ ਮਿੱਤਰਾਂ ਦੀ ਖਬਰ-ਸਾਰ ਰੱਖਦਾ ਹੈ। ਉਸ ਨੇ ਵਾਧੂ ਤੇ ਬੇਲੋੜੀਆਂ ਚੀਜ਼ਾਂ ਨੂੰ ਖਾਰਜ ਕੀਤਾ ਹੋਇਆ ਹੈ। ਉਹ ਅਦਬ ਨੂੰ ਮੁਹੱਬਤ ਤੇ ਮੁਹੱਬਤ ਨੂੰ ਅਦਬ ਸਮਝਦਾ ਹੈ। ਉਸ ਦੀ ਸ਼ਖਸੀਅਤ ਵਿਚ ਅਦਬੀ ਮੁਹੱਬਤ ਦੇ ਸਿਵਾ ਕੁਝ ਵੀ ਨਹੀਂ ਰਿਹਾ; ਉਹ ਪਾਰਦਰਸ਼ੀ ਹੋ ਗਿਆ ਹੈ।

ਉਸ ਦਾ ਹਰ ਸੰਦੇਸ਼ ਮੁਹੱਬਤ ਦਾ ਮੇਘਦੂਤ ਹੁੰਦਾ ਹੈ। ਉਹ ਖਾਲਸ ਮੁਹੱਬਤ ਦਾ ਖਾਲਸਾ ਹੈ। ਉਸ ਦੀ ਹਸਤੀ ਸੰਜਮ ਅਤੇ ਸਾਦਗੀ ਦਾ ਸਬੂਤ ਹੈ; ਇਹ ਸਬੂਤ ਉਸ ਦੇ ਚਿਹਰੇ ਦੀ ਰੌਣਕ ਹੈ; ਜ਼ੀਨਤ ਹੈ।

ਉਸ ਦੀਆਂ ਨਿੱਜੀ ਦੁੱਖ ਤਕਲੀਫਾਂ ਜਾਂ ਮੁਸ਼ਕਿਲਾਂ ਵੀ ਹੋਣਗੀਆਂ, ਪਰ ਕੋਈ ਨਹੀਂ ਜਾਣਦਾ; ਕਿਉਂਕਿ ਉਹ ਕਿਸੇ ਨੂੰ ਦੱਸਦਾ ਹੀ ਨਹੀਂ। ਉਸ ਦੇ ਹਿੱਸੇ ਤਾਂ ਸਿਰਫ ਮੁਹੱਬਤ ਆਈ ਹੈ; ਇਹੀ ਉਸ ਦੀ ਜ਼ਿੰਦਗੀ ਦਾ ਆਧਾਰ ਹੈ। ਉਸ ਦੇ ਇਸ ਆਧਾਰ ਵਿਚ ਕਈਆਂ ਦਾ ਉਧਾਰ ਛਿਪਿਆ ਹੋਇਆ ਹੈ, ਜਿਸ ਲਈ ਉਹ ਬੇਹੱਦ ਉਦਾਰ ਹੈ।

ਉਸ ਨੇ ਆਪਣੇ ਦਿਲ ਦੇ ਖੀਸੇ ਵਿਚ ਕਈਆਂ ਦੇ ਦਿਲ ਸੰਭਾਲੇ ਹੋਏ ਹਨ। ਉਸ ਦਾ ਦਿਲ, ਦਿਲਾਂ ਦਾ ਬੈਂਕ ਹੈ, ਜਿਥੇ ਦਿਲਾਂ ਨੂੰ ਮੁਹੱਬਤ ਦਾ ਵਿਆਜ ਲੱਗਦਾ ਹੈ ਅਤੇ ਜਿੱਥੋਂ ਮੁਹੱਬਤ ਦੂਣੀ-ਚੌਣੀ ਹੋ ਕੇ ਵਾਪਸ ਮਿਲਦੀ ਹੈ।

ਉਸ ਦੀ ਖੁਸ਼ ਮਿਜ਼ਾਜੀ ਦਾ ਰਾਜ ਉਸ ਦੀ ਖੁਸ਼ਖਤੀ ਵਿਚ ਵੀ ਹੈ; ਜਾਂ ਇਸ ਦੇ ਉਲਟ ਵੀ ਹੋ



ਪਰਮਿੰਦਰ ਸੋਢੀ

ਸਕਦਾ ਹੈ। ਹਰ ਅੱਖਰ ਨੂੰ ਉਹ ਅਦਬ ਨਾਲ ਲਿਖਦਾ ਹੈ। ਉਸ ਦੇ ਅੰਦਰਲਾ ਅਦੀਬ, ਅਦਬ ਦਾ ਹੀ ਪਰਿਆਇ ਹੈ।

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਉਸ ਨੇ ਡਾ. ਅਤਰ ਸਿੰਘ ਜਿਹੇ ਵਿਵੇਕਸ਼ੀਲ ਅਧਿਆਪਕ ਦੇ ਦਿਲ ਵਿਚ ਖਾਸਮ ਖਾਸ ਥਾਂ ਬਣਾ ਲਈ ਹੋਈ ਸੀ ਅਤੇ ਹਰ ਅਧਿਆਪਕ ਉਸ ਦੀ ਤੀਖਣ ਬੁੱਧ ਦੀ ਤਾਰੀਫ ਕਰਦਾ ਸੀ।

ਉਹ ਸਿਆਣਾ ਹੈ ਤੇ ਪ੍ਰੇਮ ਦਾ ਪੁਜਾਰੀ ਵੀ ਹੈ। ਪ੍ਰੇਮ ਉਸ ਨੂੰ ਜਪਾਨ ਲੈ ਤੁਰਿਆ ਤਾਂ ਉਸ ਨੇ ਸੱਤਬਚਨ ਆਖ ਦਿੱਤਾ। ਅਜਿਹਾ ਨਾ ਕਰਦਾ ਤਾਂ ਉਸ ਨੇ ਪੰਜਾਬ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦਾ ਸਭ ਤੋਂ ਸਿਆਣਾ ਅਧਿਆਪਕ ਹੋਣਾ ਸੀ; ਪੰਜਾਬੀ ਵਿਭਾਗ ਦੀ ਸ਼ਾਨ ਉਸੇ ਤਰ੍ਹਾਂ ਕਾਇਮ ਰਹਿਣੀ ਸੀ ਅਤੇ ਉਥੇ ਪੰਜਾਬੀ ਦੀ ਐਮ. ਏ., ਐਮ. ਫਿਲ. ਕਰਨ ਦਾ ਗੌਰਵ ਬਰਕਰਾਰ ਰਹਿਣਾ ਸੀ।

ਪ੍ਰੇਮ-ਖੇਡ ਦੇ ਅਵੱਲੜੇ ਸ਼ੌਂਕ ਨਾਲ ਉਹ ਦਾਣੇ-ਪਾਣੀ ਦੀ ਖੇਡ ਤੋਂ ਵੀ ਇਨਕਾਰੀ ਨਹੀਂ। ਅੱਖਾਂ ਬੰਦ ਕਰਕੇ, ਧਿਆਨ ਨਾਲ ਉਸ ਦੇ ਨੈਣ ਨਕਸ਼ ਚਿਤਵੀਏ ਤਾਂ ਉਸ ਦੇ ਅੰਦਰ ਪੰਜਾਬੀ ਪ੍ਰੇਮ ਦੇ ਵਗਦੇ ਦਰਿਆ ਦੇਖੇ ਜਾ ਸਕਦੇ ਹਨ। ਉਹ ਪ੍ਰੇਮ ਦਾ ਤਾਜ਼ਾ-ਤਰੀਨ ਸਬਕ ਹੈ।


ਉਸ ਨੇ ਮੁਢਲੀ ਸਿੱਖਿਆ ਨੰਗਲ ਟਾਉਨਸ਼ਿਪ ਤੋਂ ਹਾਸਲ ਕੀਤੀ, ਬੀ. ਏ. ਅਤੇ ਪੱਤਰਕਾਰੀ ਤੇ ਜਨ-ਸੰਚਾਰ ਦੀ ਡਿਗਰੀ ਪੰਜਾਬੀ ਯੂਨੀਵਰਸਿਟੀ, ਪਟਿਆਲੇ ਤੋਂ ਅਤੇ ਐਮ. ਏ. ਪੰਜਾਬੀ ਲਈ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੂੰ ਮਾਣ ਬਖਸ਼ਿਆ ਅਤੇ ਉਥੇ ਹੀ 'ਸ਼ੇਖ ਬਾਬਾ ਫਰੀਦ ਚੇਅਰ' ਵਿਖੇ ਦੋ ਸਾਲ 'ਭਾਰਤੀ ਮੱਧਕਾਲੀ ਕਵਿਤਾ' 'ਤੇ ਖੋਜ ਕਾਰਜ ਕੀਤਾ। NCERT ਨੇ 'ਰਾਸ਼ਟਰੀ ਬਾਲ ਸਾਹਿਤ ਪੁਰਸਕਾਰ' ਨਾਲ ਅਤੇ ਪੰਜਾਬ ਸਰਕਾਰ ਨੇ 'ਸ਼੍ਰੋਮਣੀ ਸਾਹਿਤਕਾਰ ਪੁਰਸਕਾਰ' ਨਾਲ ਨਿਵਾਜਿਆ।


ਉਹ ਕਵਿਤਾ ਦੀਆਂ ਦਸ; ਕਹਾਣੀ, ਵਾਰਤਕ ਤੇ ਫਲਸਫੇ ਦੀ ਇੱਕ ਇੱਕ ਅਤੇ ਕੋਸ਼, ਕਥਨ ਤੇ 'ਮੇਰਾ ਸ਼ਬਦਕੋਸ਼' ਲਿਖ ਚੁਕਾ ਹੈ। ਉਸ ਨੇ ਸੱਤ ਚੋਣਵੀਆਂ ਜਗਤ ਪ੍ਰਸਿੱਧ ਕਿਤਾਬਾਂ ਦਾ ਪੰਜਾਬੀ ਅਨੁਵਾਦ ਕੀਤਾ ਹੈ।


ਉਸ ਦੀਆਂ ਪ੍ਰਾਪਤੀਆਂ ਦਾ ਬਸਤਾ ਬੌਧਿਕ, ਵਿਵੇਕਸ਼ੀਲ, ਸੰਵੇਦਨਸ਼ੀਲ ਅਤੇ ਲਿਹਾਜ਼ੀ ਬਰਕਤਾਂ ਨਾਲ ਮਾਲੋਮਾਲ ਹੈ। ਉਹ ਕਿਸੇ ਚੰਨ ਦੀ ਨਿਆਈਂ ਜਪਾਨੀ 'ਧਿਆਨ' ਦਾ ਪ੍ਰਕਾਸ਼ ਪੰਜਾਬ ਵੱਲ ਪਰਤਾ ਰਿਹਾ ਹੈ। ਜਪਾਨ ਦੀ ਧਰਤੀ 'ਤੇ ਪ੍ਰੋ. ਪੂਰਨ ਸਿੰਘ ਦੇ ਨਕਸ਼ੇ ਕਦਮ ਦਾ ਹਮਰਕਾਬ ਹੋਣਾ ਉਸ ਦੀ ਸੱਚੀ, ਸੁੱਚੀ ਅਤੇ ਦਿਲੀ ਖਾਹਿਸ਼ ਹੈ।


ਆਉ ਉਸ (ਪਰਮਿੰਦਰ ਸੋਢੀ) ਨੂੰ ਆਮੀਨ ਆਖੀਏ!

###



# ਦੇਸ਼ ਧ੍ਰੋਹ ਦੇ ਕਾਨੂੰਨ ਦੀ ਸਿਆਸਤ

ਅਭੈ ਸਿੰਘ
ਫੋਨ: +91-98783-75903

ਦਿੱਲੀ ਦੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ.ਐਨ.ਯੂ.) ਦੇ 10 ਵਿਦਿਆਰਥੀਆਂ ਖਿਲਾਫ ਦੇਸ਼ ਧ੍ਰੋਹ ਦਾ ਕੇਸ ਦਰਜ ਕੀਤਾ ਗਿਆ। ਪੁਲਿਸ ਨੇ 1200 ਸਫਿਆਂ ਦੀ ਚਾਰਜਸ਼ੀਟ ਦਾਖਲ ਕੀਤੀ ਹੈ ਜਿਸ ਦੀ ਅਖਬਾਰੀ ਰਿਪੋਰਟ ਸਿਰਫ ਇੰਨੀ ਹੈ ਕਿ ਇਨ੍ਹਾਂ ਨੇ ਯੂਨੀਵਰਸਿਟੀ ਦੇ ਅਹਾਤੇ ਵਿਚ ਦੇਸ਼ ਵਿਰੋਧੀ ਨਾਹਰੇ ਲਗਾਏ ਸਨ। ਇਹ ਕੇਸ ਵਿਦਿਆਰਥੀ ਨੇਤਾ ਕਨੱਈਆ ਕੁਮਾਰ, ਉਮਰ ਖਾਲਿਦ, ਅਨਿਰਬਨ ਭੱਟਾਚਾਰੀਆ ਤੇ ਕੁਝ ਕਸ਼ਮੀਰੀ ਵਿਦਿਆਰਥੀਆਂ ਖਿਲਾਫ ਦਰਜ ਕੀਤਾ ਗਿਆ। ਪੁਲਿਸ ਮੁਤਾਬਕ 6 ਵਿਦਿਆਰਥੀਆਂ ਨੇ ਇਨ੍ਹਾਂ ਦੇ ਖਿਲਾਫ ਗਵਾਹੀਆਂ ਦਿੱਤੀਆਂ ਹਨ ਜਿਨ੍ਹਾਂ ਵਿਚੋਂ 5 ਭਾਜਪਾ ਨਾਲ ਸਬੰਧਤ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਦੇ ਅਹੁਦੇਦਾਰ ਹਨ।

ਅਖਬਾਰੀ ਖਬਰਾਂ ਮੁਤਾਬਕ ਸਿਰਫ ਇੰਨਾ ਦੱਸਿਆ ਗਿਆ ਹੈ ਕਿ ਇਨ੍ਹਾਂ ਨੇ ਭਾਰਤ ਵਿਰੋਧੀ ਅਤੇ ਇਤਰਾਜ਼ ਯੋਗ ਨਾਹਰੇ ਲਗਾਏ ਸਨ। ਆਮ ਤੌਰ 'ਤੇ ਅਜਿਹੇ ਦੋਸ਼ਾਂ ਵਿਚ ਇਹੀ ਦੱਸਿਆ ਜਾਂਦਾ ਹੈ ਕਿ ਭਾਰਤ ਵਿਰੋਧੀ ਨਾਹਰੇ ਸਨ, ਤੇ ਜਾਂ ਅਪਮਾਨਜਨਕ ਸ਼ਬਦ ਕਹੇ ਗਏ। ਚਾਹੀਦਾ ਇਹ ਹੈ ਕਿ ਨਾਹਰਿਆਂ ਜਾਂ ਅਪਮਾਨਜਨਕ ਕਹੇ ਜਾਂਦੇ ਸ਼ਬਦਾਂ ਨੂੰ ਪੂਰੀ ਤਰ੍ਹਾਂ ਪੇਸ਼ ਕੀਤਾ ਜਾਵੇ ਕਿ ਉਹ ਕੀ ਸਨ ਤਾਂ ਜੋ ਲੋਕ ਵੀ ਅਨੁਮਾਨ ਲਗਾ ਸਕਣ ਤੇ ਆਪਣੀ ਰਾਏ ਬਣਾ ਸਕਣ ਕਿ ਕੀ ਉਹ ਸੱਚਮੁਚ ਦੇਸ਼ ਵਿਰੋਧੀ ਸਨ ਕਿ ਨਹੀਂ।

ਭਾਰਤ ਵਿਚ ਦੇਸ਼ ਧ੍ਰੋਹ ਦਾ ਕਾਨੂੰਨ ਅੰਗਰੇਜ਼ਾਂ ਦੇ ਬਣਾਏ 1870 ਦੇ ਕਾਨੂੰਨ ਦਾ ਹੀ ਰੂਪ ਹੈ ਜਿਸ ਵਿਚ ਬਾਦਸ਼ਾਹ ਖਿਲਾਫ ਬਗਾਵਤ ਦੇ ਜੁਰਮ ਦੀ ਚਰਚਾ ਸੀ। ਪਿਤਾ ਪੁਰਖੀ ਰਾਜ ਬਚਾਉਣ ਵਾਸਤੇ ਸਾਰੀ ਦੁਨੀਆ ਵਿਚ ਅਜਿਹੇ ਕਾਨੂੰਨਾਂ ਦਾ ਲਿਖਤੀ ਜਾਂ ਗੈਰ ਲਿਖਤੀ ਸਿਲਸਿਲਾ ਚੱਲਦਾ ਰਿਹਾ ਹੈ। ਅੱਜ ਤਕਰੀਬਨ ਸਾਰੀ ਦੁਨੀਆਂ ਵਿਚੋਂ ਅਜਿਹੇ ਕਾਨੂੰਨ ਖਤਮ ਹੋ ਗਏ ਹਨ। ਪਹਿਲਾਂ ਪਿਤਾ ਪੁਰਖੀ ਬਾਦਸ਼ਾਹੀਆਂ ਖਤਮ ਹੋ ਗਈਆਂ ਜਾਂ ਸਿਰਫ ਨਾਮ ਦੀਆਂ ਹੀ ਰਹਿ ਗਈਆਂ, ਹੁਣ ਹੌਲੀ-ਹੌਲੀ ਦੇਸ਼, ਵਤਨ ਜਾਂ 'ਆਪਣੀ ਮਿੱਟੀ' ਦਾ ਸੰਕਲਪ ਵੀ ਧੁੰਦਲਾ ਹੁੰਦਾ ਜਾ ਰਿਹਾ ਹੈ। ਅੱਜ ਦੇ ਸਭਿਅਕ ਪੱਧਰ ਮੁਤਾਬਕ, ਸਾਰਾ ਗਲੋਬ ਹੀ ਬੰਦੇ ਦੀ 'ਆਪਣੀ ਮਿੱਟੀ' ਬਣ ਗਈ ਹੈ, ਸਾਰਾ ਸੰਸਾਰ ਹੀ ਉਸ ਦਾ ਵਤਨ ਤੇ ਕੁੱਲ ਖਲਕਤ ਉਸ ਦੀ ਕੌਮ।

ਕਿਸੇ ਵੇਲੇ ਬਾਦਸ਼ਾਹ ਰੱਬ ਦਾ ਰੂਪ ਹੁੰਦੇ ਸਨ। ਆਪਣੇ ਬਾਦਸ਼ਾਹ ਦੇ ਪ੍ਰਤਾਪ ਵਾਸਤੇ, ਉਸ ਦੇ ਝੰਡੇ ਬੁਲੰਦ ਕਰਨ ਤੇ ਉਸ ਦੀ ਸਲਤਨਤ ਨੂੰ ਦੂਰ ਦੂਰ ਤੱਕ ਪਹੁੰਚਾਉਣਾ ਬੰਦੇ ਦਾ ਫਰਜ਼ ਸੀ ਤੇ ਇਸ ਵਾਸਤੇ ਕੁਰਬਾਨ ਹੋ ਜਾਣਾ ਉਸ ਦਾ ਧਰਮ। ਫਿਰ ਬਾਦਸ਼ਾਹਤਾਂ ਨੇ ਦੇਸ਼ਾਂ ਦੇ ਰੂਪ ਧਾਰਨ ਕਰ ਲਏ। ਕਈ ਸਾਰੇ ਤਰੀਕਿਆਂ ਨਾਲ ਬੰਦੇ ਨੇ ਆਪਣੇ ਦੁਆਲੇ ਲਕੀਰਾਂ ਖਿੱਚ ਲਈਆਂ, ਖੁਦ ਉਨ੍ਹਾਂ ਲਕੀਰਾਂ ਵਿਚ ਕੈਦ ਹੋ ਗਿਆ ਤੇ ਖੁਦ ਹੀ ਉਨ੍ਹਾਂ ਲਕੀਰਾਂ ਦੀ ਰਾਖੀ ਕਰਨ ਲੱਗ ਪਿਆ। ਇਨ੍ਹਾਂ ਲਕੀਰਾਂ ਦੇ ਡਬਲ ਰਖਵਾਲੇ ਬਣ ਗਏ, ਦੋਹੀਂ ਪਾਸੇ ਤੇ ਇਕ ਦੂਜੇ ਨੂੰ ਮਾਰ ਕੇ ਮਾਣਮੱਤੀਆਂ ਸ਼ਹੀਦੀਆਂ ਪ੍ਰਾਪਤ ਕਰਨ ਲੱਗੇ। ਸਰਹੱਦਾਂ ਦੀਆਂ ਰਾਖੀਆਂ ਦੇ ਜੋਸ਼ੀਲੇ ਗੀਤ ਗਾਏ ਜਾਣ ਲੱਗੇ।

ਕਿਧਰੇ ਇਹ ਲਕੀਰਾਂ ਨਵੀਆਂ ਬਣ ਰਹੀਆਂ ਹਨ, ਕਿਧਰੇ ਪੱਕੀਆਂ ਹੋ ਰਹੀਆਂ ਹਨ, ਕਿਧਰੇ ਮਿਟ ਵੀ ਰਹੀਆਂ ਹਨ। ਬਹੁਤੀ ਜਗ੍ਹਾ ਮਿਟ ਤਾਂ ਨਹੀਂ ਰਹੀਆਂ ਪਰ ਧੁੰਦਲੀਆਂ ਹੋ ਰਹੀਆਂ ਹਨ। ਇਧਰ ਉਧਰ ਜਾਣਾ ਇੰਨਾ ਸੌਖਾ ਤੇ ਮਾਮੂਲ ਹੋ ਰਿਹਾ ਹੈ ਕਿ ਪਤਾ ਹੀ ਨਹੀਂ ਲੱਗਦਾ ਕਿ ਸਰਹੱਦ ਕਿਥੇ ਕੁ ਹੈ। ਇਸੇ ਕਰਕੇ ਅੱਜ ਯੂਰੋਪ ਵਿਚ ਸਰਹੱਦਾਂ ਦੀਆਂ ਰਾਖੀਆਂ ਦੇ ਜੋਸ਼ੀਲੇ ਗੀਤ ਨਹੀਂ, ਬਹਾਦਰ ਸਿਪਾਹੀਆਂ ਦੀਆਂ ਕੁਰਬਾਨੀਆਂ ਦੇ ਗੀਤ ਨਹੀਂ ਅਤੇ ਸਿਨਮਾਂ ਘਰਾਂ ਤੇ ਸਕੂਲਾਂ ਵਿਚ ਕੌਮੀ ਗੀਤਾਂ ਦਾ ਰੁਝਾਨ ਖਤਮ ਹੈ। ਸਿਰਫ ਟੂਰਨਾਮੈਂਟਾਂ ਵਿਚ ਹੀ ਲੋਕ ਵੱਖ ਵੱਖ ਦੇਸ਼ ਦੇ ਕੌਮੀ ਤਰਾਨੇ ਅਤੇ ਝੰਡੇ ਵੇਖਦੇ ਹਨ। ਉਥੇ ਦੇਸ਼ ਭਗਤੀ ਦੇ ਜਜ਼ਬੇ ਵਾਸਤੇ ਕੋਈ ਥਾਂ ਨਹੀਂ; ਇਸ ਨੂੰ ਜਾਤੀਵਾਦ, ਫਿਰਕਾਪ੍ਰਸਤੀ ਤੇ ਇਲਾਕਾਪ੍ਰਸਤੀ ਵਾਂਗ ਹੀ ਦੇਖਿਆ ਜਾਂਦਾ ਹੈ।

ਇਕ ਨੁੱਕਰ ਤੋਂ ਚੱਲੇ ਇਸ ਰੁਝਾਨ ਨੇ ਇਕ ਦਿਨ ਸਾਰੀ ਦੁਨੀਆ ਨੂੰ ਇਸੇ ਰਸਤੇ 'ਤੇ ਤੋਰਨਾ ਹੈ। ਫਿਰ ਕੀ ਰਹਿ ਜਾਵੇਗਾ ਦੇਸ਼ ਭਗਤੀ ਦੇ ਜਜ਼ਬੇ ਦਾ ਤੇ ਦੇਸ਼ ਧ੍ਰੋਹ ਦੇ ਕਾਨੂੰਨਾਂ ਦਾ? ਦੂਜੇ ਪਾਸੇ ਫਾਸ਼ੀਵਾਦ ਹਮੇਸ਼ਾਂ ਹੀ ਕੌਮਪ੍ਰਸਤੀ ਨੂੰ ਆਪਣਾ ਹਥਿਆਰ ਬਣਾਉਂਦਾ ਆਇਆ ਹੈ। ਇਸ ਦੀ ਤਾਜ਼ਾ ਮਿਸਾਲ ਇਹ ਹੈ ਕਿ ਨਾਗਰਿਕਤਾ ਬਿੱਲ ਪਾਸ ਹੋਣ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੁੰਬਈ ਵਿਚ ਭਾਸ਼ਨ ਕਰਦਿਆਂ ਆਪਣੀ ਹੀ ਤਰੰਗ ਵਿਚ ਸ਼ਬਦ ਬੋਲੇ- ਇਹ ਕਾਨੂੰਨ ਪਾਸ ਹੋਇਆ ਕਿ ਸਾਡੇ ਬੰਦੂ ਜੋ ਬੰਗਲਾਦੇਸ਼, ਪਾਕਿਸਤਾਨ ਜਾਂ ਅਫ਼ਗਾਨਿਸਤਾਨ ਤੋਂ ਇਥੇ ਸ਼ਰਨ ਲੈਣ ਆਏ ਹਨ, ਜੋ ਇਸ ਦੇਸ਼ ਦੀ ਮਿੱਟੀ ਨਾਲ ਸ਼ਰਧਾ ਰੱਖਦੇ ਹਨ, ਪ੍ਰੇਮ ਕਰਦੇ ਹਨ, ਭਾਰਤ ਮਾਤਾ ਕੀ ਜੈ ਬੋਲਣ ਵਾਲੇ, ਬੰਦੇ ਮਾਤ੍ਰਮ ਬੋਲਣ ਵਾਲੇ ਇਸ ਮੁਲਕ ਦੇ ਵਿਧੀਵਤ ਨਾਗਰਿਕ ਬਣ ਸਕਣਗੇ। ਉਸ ਨੇ ਇਹ ਸ਼ਬਦ ਪੂਰਾ ਸੋਚ ਸਮਝ ਕੇ ਤੇ ਇਹ ਜਾਣਦੇ ਹੋਏ ਵਰਤੇ ਹਨ ਕਿ ਭਾਰਤ ਮਾਤਾ ਦੀ ਜੈ ਅਤੇ ਬੰਦੇ ਮਾਤ੍ਰਮ ਬਾਰੇ ਵਿਵਾਦ ਹੈ।



ਦਿੱਲੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਖਿਲਾਫ ਕੇਸ ਦਾ ਪਤਾ ਲੱਗਿਆ ਹੈ ਕਿ ਉਨ੍ਹਾਂ ਉਪਰ ਦੋਸ਼ ਹੈ ਕਿ ਉਥੇ 'ਪਾਕਿਸਤਾਨ ਜ਼ਿੰਦਾਬਾਦ' ਦੇ ਨਾਹਰੇ ਲਗਾਏ ਗਏ ਤੇ ਪਾਰਲੀਮੈਂਟ ਉਪਰ ਹਮਲੇ ਦੇ ਦੋਸ਼ੀ ਅਫਜ਼ਲ ਗੁਰੂ ਦੀ ਫਾਂਸੀ ਦਾ ਵਿਰੋਧ ਕੀਤਾ ਗਿਆ। ਇਹ ਵੀ ਦੋਸ਼ ਹੈ ਕਿ ਅਫਜ਼ਲ ਗੁਰੂ ਨੂੰ 'ਸ਼ਹੀਦ' ਦੱਸਿਆ ਗਿਆ। ਇਸ ਤੋਂ ਬਾਅਦ ਇਹ ਵੀ ਖਬਰ ਹੈ ਕਿ ਭਾਜਪਾ ਦੇ ਵਿਦਿਆਰਥੀ ਵਿੰਗ ਦੇ ਹੀ ਇਕ ਕਾਰਕੁਨ ਦਾ ਬਿਆਨ ਸੀ ਕਿ 'ਪਾਕਿਸਤਾਨ ਜ਼ਿੰਦਾਬਾਦ' ਦੇ ਨਾਹਰੇ ਤਾਂ ਉਨ੍ਹਾਂ ਨੇ ਲਗਾਏ ਸਨ। ਇਥੇ ਪਹਿਲੀ ਗੱਲ ਇਹ ਹੈ ਕਿ ਇਸ ਮੁਲਕ ਵਿਚ ਪਾਕਿਸਤਾਨ ਜਾਂ ਕਿਸੇ ਵੀ ਹੋਰ ਮੁਲਕ ਦੀ ਜ਼ਿੰਦਾਬਾਦ ਦੇ ਨਾਹਰੇ ਲਗਾਉਣ ਦੀ ਨਾ ਮਨਾਹੀ ਹੈ ਤੇ ਨਾ ਹੀ ਇਹ ਗੈਰ ਕਾਨੂੰਨੀ ਹਨ। ਹਾਂ, ਜੇ ਕਿਸੇ ਨੇ ਬੇਲੋੜੇ ਹੀ ਬਿਨਾਂ ਕਿਸੇ ਪ੍ਰਸੰਗ ਤੋਂ ਪਾਕਿਸਤਾਨ ਜਾਂ ਕਿਸੇ ਹੋਰ ਮੁਲਕ ਦੀ ਜ਼ਿੰਦਾਬਾਦ ਦੇ ਨਾਹਰੇ ਲਗਾਏ ਹਨ ਤਾਂ ਉਸ ਦੀ ਨੁਕਤਾਚੀਨੀ ਕੀਤੀ ਜਾ ਸਕਦੀ ਹੈ, ਬਹਿਸ ਕਰਕੇ ਉਸ ਦੀ ਨਿੰਦਾ ਵੀ ਕੀਤੀ ਜਾ ਸਕਦੀ ਹੈ ਪਰ ਮੁਕੱਦਮਾ ਕਰਨ ਦਾ ਤਾਂ ਕੋਈ ਮਤਲਬ ਨਹੀਂ ਨਿਕਲਦਾ।

ਇਸੇ ਤਰ੍ਹਾਂ ਅਫਜ਼ਲ ਗੁਰੂ ਦੀ ਫਾਂਸੀ ਦੀ ਨਿੰਦਾ ਵੀ ਇਸ ਮੁਲਕ ਦੇ ਬਹੁਤ ਲੋਕਾਂ ਨੇ ਕੀਤੀ। ਇਨ੍ਹਾਂ ਸਤਰਾਂ ਦਾ ਲੇਖਕ ਵੀ ਲੁਧਿਆਣੇ ਦੀਆਂ ਸੜਕਾਂ ਉਪਰ ਅਫਜ਼ਲ ਦੀ ਫਾਂਸੀ ਖਿਲਾਫ ਨਿਕਲੇ ਜਲੂਸ ਵਿਚ ਸ਼ਾਮਿਲ ਸੀ ਤੇ ਦੋ ਲੇਖ, ਇਕ ਪੰਜਾਬੀ ਤੇ ਦੂਜਾ ਉਰਦੂ ਵਿਚ, ਇਸੇ ਮਸਲੇ 'ਤੇ ਛਪੇ। ਬਹੁਤ ਲੋਕਾਂ ਦਾ ਵਿਰੋਧ ਇਸ ਪੱਖੋਂ ਵੀ ਸੀ ਕਿ ਦੁਨੀਆ ਦੇ ਦੋ ਤਿਹਾਈ ਦੇਸ਼ਾਂ ਨੇ ਫਾਂਸੀ ਦੀ ਸਜ਼ਾ ਖਤਮ ਕੀਤੀ ਹੈ, ਭਾਰਤ ਨੂੰ ਵੀ ਕਰਨੀ ਚਾਹੀਦੀ ਸੀ। ਵੱਡਾ ਵਿਰੋਧ ਇਸ ਕਰਕੇ ਸੀ ਕਿ ਉਸ ਵੇਲੇ ਦੀ ਕਾਂਗਰਸ ਸਰਕਾਰ ਨੇ ਸਿਰਫ ਭਾਜਪਾ ਤੋਂ ਏਜੰਡਾ ਖੋਹਣ ਦੀ ਖਾਤਰ ਸਭ ਅਸੂਲਾਂ ਨੂੰ ਛਿੱਕੇ ਟੰਗ ਕੇ ਚੁੱਪ-ਚਪੀਤੇ ਅਫਜ਼ਲ ਗੁਰੂ ਨੂੰ ਫਾਂਸੀ ਦੇ ਦਿੱਤੀ ਸੀ। ਅਸੀਂ ਲੋਕ ਇਸ ਦੀ ਅੱਜ ਵੀ ਨਿੰਦਾ ਕਰਦੇ ਹਾਂ, ਸਾਡਾ ਹੱਕ ਹੈ। ਜਿਨ੍ਹਾਂ ਨੂੰ ਸਾਡੀ ਨਿੰਦਾ ਪਸੰਦ ਨਹੀਂ, ਉਨ੍ਹਾਂ ਨੂੰ ਸਾਡੀ ਨਿੰਦਾ ਕਰਨ ਦਾ ਵੀ ਹੱਕ ਹੈ, ਨਿਬੇੜਾ ਦਲੀਲਾਂ ਨਾਲ ਹੋਣਾ ਹੈ।

ਜਿੱਥੋਂ ਤੱਕ ਅਫਜ਼ਲ ਗੁਰੂ ਨੂੰ ਸ਼ਹੀਦ ਕਹਿਣਾ ਹੈ, ਇਸ ਬਾਰੇ ਵੀ ਮਤਭੇਦ ਹੋ ਸਕਦੇ ਹਨ, ਬਹਿਸ ਹੋ ਸਕਦੀ ਹੈ ਪਰ ਇਹ ਦੇਸ਼ ਧ੍ਰੋਹ ਦਾ ਕੇਸ ਨਹੀਂ ਬਣਦਾ। ਕੁਝ ਲੋਕ ਅਜੇ ਤੱਕ ਮੁਲਕ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤੇ ਫੌਜਾਂ ਦੇ ਸਰਬਰਾਹ ਏਐੱਸ ਵੈਦਿਆ ਦੇ ਕਾਤਲਾਂ ਦੀਆਂ ਬਰਸੀਆਂ ਮਨਾਉਂਦੇ ਹਨ। ਕਿਸੇ ਨੂੰ ਚੰਗਾ ਲੱਗੇ ਜਾਂ ਨਾ ਲੱਗੇ, ਵੱਖਰੀ ਗੱਲ ਹੈ ਪਰ ਉਨ੍ਹਾਂ ਖਿਲਾਫ ਦੇਸ਼ ਧ੍ਰੋਹ ਦੇ ਕੇਸ ਨਹੀਂ ਦਰਜ ਹੁੰਦੇ। ਪੰਜਾਬ ਦੇ ਮੁੱਖ ਮੰਤਰੀ ਅਤੇ ਉਸ ਨਾਲ ਖਲੋਤੇ 16 ਬੰਦਿਆਂ ਨੂੰ ਕਤਲ ਕਰਨ ਵਾਲੇ ਨੂੰ ਅਕਾਲੀ ਪਾਰਟੀ ਦੇ ਜ਼ੇਰੇ-ਅਸਰ ਚੱਲਦੀ ਸੰਸਥਾ ਨੇ ਜੇਲ੍ਹ ਵਿਚ ਜਾ ਕੇ ਸਿਰੋਪਾਓ ਦਿੱਤਾ ਤੇ 'ਜ਼ਿੰਦਾ ਸ਼ਹੀਦ' ਦਾ ਖਿਤਾਬ ਵੀ ਜਦੋਂ ਕਿ ਅਦਾਲਤ ਨੇ ਉਸ ਨੂੰ ਫਾਂਸੀ ਦਾ ਹੁਕਮ ਸੁਣਾਇਆ ਹੋਇਆ ਹੈ। ਇਸ ਬਾਰੇ ਭਾਜਪਾ ਨੇ ਆਪਣੇ ਵਿਚਾਰ ਕਦੇ ਨਹੀਂ ਰੱਖੇ।

ਦੇਸ਼ ਧ੍ਰੋਹ ਦੇ ਇਕ ਮੁਕਦਮੇ ਵਿਚ ਹੀ ਸਾਡੀ ਸੁਪਰੀਮ ਕੋਰਟ ਨੇ ਫੈਸਲਾ ਕੀਤਾ ਹੋਇਆ ਹੈ ਕਿ ਹਰ ਇਕ ਨੂੰ ਕਿਸੇ ਵੀ ਤਰ੍ਹਾਂ ਦੇ ਵਿਚਾਰ ਰੱਖਣ ਦੀ ਖੁੱਲ੍ਹ ਹੋਣੀ ਚਾਹੀਦੀ ਹੈ। ਸਿਰਫ ਅਜਿਹੇ ਵਿਚਾਰਾਂ ਦੀ ਮਨਾਹੀ ਹੈ ਜਿਨ੍ਹਾਂ ਵਿਚ ਹਿੰਸਾ ਜਾਂ ਮਾਰ-ਕੁਟਾਈ ਦਾ ਪ੍ਰਚਾਰ ਹੋਵੇ ਜੋ ਕਿਸੇ ਨੂੰ ਹਿੰਸਾ ਜਾਂ ਨਫਰਤ ਵਾਸਤੇ ਉਕਸਾਉਂਦਾ ਹੋਵੇ। ਵੱਡੇ ਦੁੱਖ ਦੀ ਗੱਲ ਹੈ ਕਿ ਕਿਸੇ ਜਾਤੀ ਜਾਂ ਧਰਮ ਦਾ ਨਾਮ ਲੈ ਕੇ ਨਿੰਦਿਆ ਜਾਂਦਾ ਹੈ, ਨਫਰਤ ਫੈਲਾਈ ਜਾਂਦੀ ਹੈ, ਉਸ ਬਾਰੇ ਦੇਸ਼ ਧ੍ਰੋਹ ਦਾ ਕਾਨੂੰਨ ਨਹੀਂ ਚੱਲਦਾ। ਦੇਸ਼ ਦੇ ਲੋਕਾਂ ਨੂੰ ਧਰਮ, ਜਾਤ ਜਾਂ ਇਲਾਕੇ ਦੇ ਆਧਾਰ ਤੇ ਤਕਸੀਮ ਕਰਨ ਦੇ ਉਪਰਾਲੇ ਤੋਂ ਵੱਡਾ ਦੇਸ਼ ਧ੍ਰੋਹ ਕਿਹੜਾ ਹੋ ਸਕਦਾ ਹੈ, ਲੇਕਿਨ ਉਸ ਬਾਰੇ ਕੋਈ ਕਾਨੂੰਨ ਨਹੀਂ। ਗਾਵਾਂ ਤੇ ਅਵਾਰਾ ਕੁੱਤਿਆਂ ਦੀ ਰਖਵਾਲੀ ਦੇ ਨਾਮ ਉਪਰ ਸ਼ਰੇਆਮ ਤਿੱਖੀ ਹਿੰਸਾ ਦੀਆਂ ਧਮਕੀਆਂ ਹੋ ਰਹੀਆਂ ਹਨ, ਲੇਕਿਨ ਉਨ੍ਹਾਂ ਬਾਰੇ ਕੋਈ ਦੇਸ਼ ਧ੍ਰੋਹ ਨਹੀਂ। ਗੁਆਂਢੀ ਦੇਸ਼ਾਂ ਪ੍ਰਤੀ ਨਫਰਤ ਦੇ ਨਾਹਰੇ ਤੇ ਮੁਲਕ ਨੂੰ ਲੜਾਈ ਵੱਲ ਧੱਕਣਾ ਵੱਡਾ ਦੇਸ਼ ਧ੍ਰੋਹ ਹੈ, ਲੇਕਿਨ ਉਸ ਬਾਰੇ ਵੀ ਕਾਨੂੰਨ ਨਹੀਂ।

ਅਗਰ ਇਨ੍ਹਾਂ ਵਿਦਿਆਰਥੀਆਂ ਨੇ ਆਪਣੇ ਜਲਸੇ ਵਿਚ ਕਿਸੇ ਖਿਲਾਫ ਕੁੱਟ-ਮਾਰ ਦੀ ਗੱਲ ਕੀਤੀ ਹੈ, ਕਿਸੇ ਨੂੰ ਜ਼ਬਰਦਸਤੀ ਜਲਸੇ ਵਿਚ ਸ਼ਾਮਿਲ ਕੀਤਾ ਹੈ, ਕਿਸੇ ਦਾ ਰਸਤਾ ਰੋਕਿਆ ਹੈ, ਕਿਸੇ ਨੂੰ ਇਟ ਜਾਂ ਪੱਥਰ ਮਾਰਿਆ ਹੈ, ਇਥੋਂ ਤੱਕ ਕਿ ਜੇ ਜਲਸਾ ਕਿਸੇ ਅਜਿਹੀ ਜਗ੍ਹਾ ਕੀਤਾ ਹੈ ਕਿ ਹੋਰਨਾਂ ਲੋਕਾਂ ਨੂੰ ਪਰੇਸ਼ਾਨੀ ਪੈਦਾ ਹੋਈ ਹੋਵੇ ਤਾਂ ਜ਼ਰੂਰ ਐਕਸ਼ਨ ਲਿਆ ਜਾਣਾ ਚਾਹੀਦਾ ਹੈ ਤੇ ਸਜ਼ਾਵਾਂ ਵੀ ਮਿਲਣੀਆਂ ਚਾਹੀਦੀਆਂ ਹਨ। ਲੇਕਿਨ ਜੇ ਸਿਰਫ ਵਿਚਾਰ ਪ੍ਰਗਟ ਕੀਤੇ ਜਾਣ ਦੀ ਗੱਲ ਹੈ ਤਾਂ ਉਸ ਬਾਰੇ ਬਹਿਸ ਕੀਤੀ ਜਾਣੀ ਚਾਹੀਦੀ ਹੈ।

# ਬਜਟ ਦੀਆਂ ਰਿਆਇਤਾਂ ਅਤੇ ਵੋਟਾਂ

ਅਭੈ ਕੁਮਾਰ ਦੂਬੇ

ਜਿਸ ਸਮੇਂ ਪ੍ਰਯਾਗਰਾਜ (ਅਲਾਹਾਬਾਦ) ਦੇ ਕੁੰਭ ਮੇਲੇ ਵਿਚ ਹੋ ਰਹੀ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਧਰਮ ਸੰਸਦ ਵਿਚ ਸਾਧੂ-ਸੰਤ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੇ ਪ੍ਰਧਾਨ ਮੋਹਨ ਭਾਗਵਤ ਖਿਲਾਫ ਨਾਅਰੇ ਲਗਾ ਰਹੇ ਸਨ, ਉਸ ਸਮੇਂ ਕਾਰਜਕਾਰੀ ਵਿੱਤ ਮੰਤਰੀ ਪਿਯੂਸ਼ ਗੋਇਲ ਅਗਲੀ ਚੋਣ ਜਿੱਤਣ ਦੀ ਨੀਅਤ ਨਾਲ ਅੰਤ੍ਰਿਮ ਬਜਟ ਪੇਸ਼ ਕਰ ਰਹੇ ਸਨ। ਭਾਗਵਤ ਦੀ ਕੋਸ਼ਿਸ਼ ਇਹ ਸੀ ਕਿ ਕਿਸੇ ਵੀ ਤਰ੍ਹਾਂ ਨਾਲ ਨਰਿੰਦਰ ਮੋਦੀ ਦੀ ਸਰਕਾਰ ਨੂੰ ਕੱਟੜਪੰਥੀ ਹਿੰਦੂਤਵਵਾਦੀ ਕਾਰਕੁਨਾਂ ਅਤੇ ਭਗਵਾਂਧਾਰੀਆਂ ਦੇ ਗੁੱਸੇ ਤੋਂ ਬਚਾਇਆ ਜਾਵੇ। ਇਸ ਲਈ ਉਹ ਅਪੀਲ ਕਰਨ ਲੱਗੇ ਕਿ ਜੇ ਮੰਦਰ ਨਿਰਮਾਣ ਵਿਚ 3-4 ਮਹੀਨੇ ਤੋਂ ਲੈ ਕੇ ਸਾਲ ਤੱਕ ਦੀ ਦੇਰੀ ਵੀ ਹੋ ਜਾਵੇ ਤਾਂ ਉਸ ਨੂੰ ਭੁੱਲ ਕੇ ਇਸ ਸਰਕਾਰ ਨੂੰ ਦੁਬਾਰਾ ਸੱਤਾ ਵਿਚ ਲਿਆਉਣ ਲਈ ਕੰਮ ਕਰਨਾ ਚਾਹੀਦਾ ਹੈ। ਜਿਵੇਂ ਹੀ ਉਨ੍ਹਾਂ ਨੇ ਆਪਣੇ ਵਲੋਂ ਉਭਾਰੇ ਗਏ ਇਸ ਮੁੱਦੇ ਨੂੰ ਠੰਢੇ ਬਸਤੇ ਵਿਚ ਪਾਉਣ ਦੀ ਕੋਸ਼ਿਸ਼ ਕੀਤੀ, ਉਵੇਂ ਹੀ ਉਨ੍ਹਾਂ ਦੀ ਤਿਆਰ ਕੀਤੀ ਗਈ ਭਗਵਾਂ ਫੌਜ ਦੇ ਸਿਪਾਹ-ਸਾਲਾਰ ਉਨ੍ਹਾਂ ਨੂੰ ਹੀ ਅੱਖਾਂ ਦਿਖਾਉਣ ਲੱਗੇ।

ਇਸ ਘਟਨਾ ਨੂੰ ਸੰਘ ਪਰਿਵਾਰ ਦੀ ਰਣਨੀਤਕ ਅਸਫਲਤਾ ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ। ਮੈਂ ਵੱਖ-ਵੱਖ ਮੰਚਾਂ 'ਤੇ ਵਾਰ-ਵਾਰ ਇਹ ਕਹਿ ਚੁੱਕਾ ਸੀ ਕਿ ਛੇਤੀ ਹੀ ਸੰਘ ਪਰਿਵਾਰ ਰਾਮ ਮੰਦਰ ਦੇ ਮੁੱਦੇ ਨੂੰ ਚਾਲਾਕੀ ਨਾਲ ਠੰਢੇ ਬਸਤੇ ਵਿਚ ਪਾਉਂਦਾ ਨਜ਼ਰ ਆਏਗਾ, ਅਜਿਹਾ ਹੋ ਵੀ ਰਿਹਾ ਹੈ। ਫਰਕ ਸਿਰਫ ਇਹ ਹੈ ਕਿ ਇਸ ਵਾਰ ਕਾਂਗਰਸੀਆਂ ਨੇ ਵੀ ਆਪਣੀ ਭਗਵਾਂ ਬ੍ਰਿਗੇਡ ਖੜ੍ਹੀ ਕਰ ਲਈ ਹੈ। ਕਾਂਗਰਸ ਨੇ ਸ਼ੰਕਰਾਚਾਰੀਆ ਸਵਰੂਪਾਨੰਦ ਸਰਸਵਤੀ ਦੀ ਅਗਵਾਈ ਵਿਚ ਸਮਾਨਾਂਤਰ ਧਰਮ ਸੰਸਦ ਖੜ੍ਹੀ ਕਰ ਲਈ ਹੈ, ਜਿਹੜੀ ਭਾਜਪਾ ਉਤੇ ਰਾਮ ਮੰਦਰ ਬਣਾਉਣ ਲਈ ਦਬਾਅ ਬਣਾ ਰਹੀ ਹੈ।

ਜ਼ਾਹਿਰ ਹੈ ਕਿ ਚੋਣ ਜਿੱਤਣ ਲਈ ਰਾਮ ਮੰਦਰ ਦੇ ਮੁੱਦੇ ਦੀ ਵਰਤੋਂ ਹੁਣ ਏਨੀ ਸੌਖੀ ਨਹੀਂ ਰਹਿ ਗਈ।

ਇਹੋ ਸਵਾਲ ਉਠਦਾ ਹੈ ਕਿ ਬਜਟ ਰਾਹੀਂ ਚੋਣ ਜਿੱਤਣੀ ਸੁਖਾਲੀ ਹੈ? ਅਸਲ ਵਿਚ ਜੇ ਮੋਦੀ ਇਸ ਬਜਟ ਦੇ ਦਮ 'ਤੇ ਚੋਣ ਜਿੱਤਣਾ ਚਾਹੁੰਦੇ ਹਨ ਅਤੇ ਜੇ ਜਿੱਤ ਵੀ ਲੈਂਦੇ ਹਨ ਤਾਂ ਸਾਨੂੰ ਇਸ ਸਵਾਲ 'ਤੇ ਵਿਚਾਰ ਕਰਨਾ ਹੀ ਪਵੇਗਾ। ਪੰਜ ਸਾਲ ਤੱਕ ਇਸ ਸਰਕਾਰ ਨੇ ਅਜਿਹੀਆਂ ਨੀਤੀਆਂ ਨੂੰ ਲਾਗੂ ਕੀਤਾ ਕਿ ਬਾਜ਼ਾਰ ਠੰਢਾ ਹੋ ਗਿਆ, ਨਿਵੇਸ਼ 'ਤੇ ਬਰਫ ਜੰਮ ਗਈ, ਰੁਜ਼ਗਾਰ ਪੈਦਾ ਨਹੀਂ ਹੋਇਆ, ਪੁਰਾਣੇ ਰੁਜ਼ਗਾਰਾਂ ਨੂੰ ਵੀ ਸੁਰੱਖਿਅਤ ਨਹੀਂ ਰੱਖਿਆ ਜਾ ਸਕਿਆ, ਨਾ ਮੱਧ ਵਰਗ ਦਾ ਧਿਆਨ ਰੱਖਿਆ ਗਿਆ ਅਤੇ ਨਾ ਹੀ ਕਿਸਾਨਾਂ, ਨੌਜਵਾਨਾਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਲਈ ਕੋਈ ਯਤਨ ਕੀਤਾ ਗਿਆ। ਨਤੀਜੇ ਵਜੋਂ ਸੰਸਦ ਮੈਂਬਰਾਂ ਅਤੇ ਕਾਰਕੁਨਾਂ ਵਿਚ ਸੁਸਤੀ ਆ ਗਈ। ਤਿੰਨ ਸੂਬਿਆਂ ਵਿਚ ਸਰਕਾਰ ਨਾ ਬਣਾ ਸਕਣ ਦੇ ਕਾਰਨ ਇਹ ਸੁਸਤੀ 2019 ਦੀਆਂ ਆਮ ਚੋਣਾਂ ਵਿਚ ਹਾਰ ਦੇ ਡਰ ਵਿਚ ਬਦਲ ਗਈ। ਸਰਕਾਰ ਦੇ ਸਮਰਥਕਾਂ ਨੂੰ ਵੀ ਆਪਣੀ ਵਾਪਸੀ ਦੀਆਂ ਸੰਭਾਵਨਾਵਾਂ ਕਮਜ਼ੋਰ ਲੱਗਣ ਲੱਗੀਆਂ ਹਨ। ਇਸੇ ਸੁਸਤੀ ਨੂੰ ਦੂਰ ਕਰਨ ਲਈ ਵਿੱਤ ਮੰਤਰੀ ਸਦਨ ਵਿਚ ਪੂਰੇ ਜੋਸ਼ ਨਾਲ ਚੀਕਦੇ ਨਜ਼ਰ ਆਏ ਪਰ ਕੀ ਇਹ ਸਾਰਾ ਕੁਝ 17 ਰੁਪਏ ਤੋਂ 34 ਰੁਪਏ ਦੀ ਰਾਹਤ ਨਾਲ ਬਦਲਿਆ ਜਾ ਸਕਦਾ ਹੈ? ਇਸ ਸਵਾਲ ਦੇ ਜਵਾਬ ਵਿਚ ਸਿਰਫ ਏਨਾ ਹੀ ਕਿਹਾ ਜਾ ਸਕਦਾ ਹੈ ਕਿ ਹੁਣ ਮੋਦੀ ਅਤੇ ਉਨ੍ਹਾਂ ਦੇ ਪ੍ਰਚਾਰਕਾਂ ਦੇ ਕੋਲ ਚੋਣ ਮੁਹਿੰਮ ਵਿਚ ਉਤਰਨ ਸਮੇਂ ਕੁਝ ਕਹਿਣ ਲਈ ਹੋਵੇਗਾ। ਇਹ ਵੱਖਰੀ ਗੱਲ ਹੈ ਕਿ ਇਸ ਜਵਾਬ ਵਿਚ ਹੀ ਸਰਕਾਰ ਦੇ ਪਿਛਲੇ 5 ਸਾਲਾਂ ਦੇ ਕੰਮਕਾਰ ਦੀ ਸਮੀਖਿਆ ਛੁਪੀ ਹੋਈ ਹੈ।




ਰਾਜਨੀਤੀ ਦੇ ਲੋਕ ਲੁਭਾਉਣੇ ਵਿਹਾਰ 'ਤੇ ਜੋ ਵੀ ਸਵਾਲ ਉਠਾਏ ਜਾਂਦੇ ਹੋਣ, ਉਹ ਆਖਰ ਰਾਜਨੀਤੀ ਕਰਨ ਦਾ ਇਕ ਜਾਇਜ਼ ਤਰੀਕਾ ਹੈ। ਹਰ ਨੇਤਾ ਹਰ ਪਾਰਟੀ ਨੂੰ ਕਦੇ ਨਾ ਕਦੇ ਉਸ ਦਾ ਸਹਾਰਾ ਲੈਣਾ ਹੀ ਪੈਂਦਾ ਹੈ। ਬਹੁਤੇ ਟਿੱਪਣੀਕਾਰਾਂ ਨੇ ਕਿਹਾ ਹੈ ਕਿ ਮੋਦੀ ਸਰਕਾਰ ਦਾ ਅੰਤ੍ਰਿਮ ਬਜਟ ਲੋਕ ਲੁਭਾਉਣਾ ਹੈ ਅਤੇ ਉਸ ਵਿਚ ਸਮਾਜ ਦੇ ਹਰ ਤਬਕੇ ਦਾ ਧਿਆਨ ਰੱਖਿਆ ਗਿਆ ਹੈ। ਹਰ ਕਿਸੇ ਦੀ ਜੇਬ ਵਿਚ ਕੁਝ ਨਾ ਕੁਝ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਤਾਂ ਕਿ ਜੇ ਸਰਕਾਰ ਦੇ ਪ੍ਰਤੀ ਉਨ੍ਹਾਂ ਦੇ ਅੰਦਰ ਕੋਈ ਨਿਰਾਸ਼ਾ ਹੋਵੇ ਤਾਂ ਉਹ ਉਮੀਦ ਵਿਚ ਬਦਲ ਜਾਵੇ। ਆਓ, ਅੰਤ੍ਰਿਮ ਬਜਟ ਦੇ ਲੋਕ ਲੁਭਾਉਣੇਪਣ ਦੀ ਜਾਂਚ ਕਰੀਏ, ਕਿਉਂਕਿ ਇਸ ਤੋਂ ਹੀ ਪਤਾ ਚੱਲ ਸਕੇਗਾ ਕਿ ਉਸ ਦੇ ਅੰਦਰੋਂ ਵੋਟ ਨਿਕਲਣਗੇ ਜਾਂ ਨਹੀਂ। ਇਹ ਬਜਟ 5 ਏਕੜ ਤੱਕ ਦੇ ਕਿਸਾਨਾਂ ਨੂੰ 500 ਰੁਪਏ ਮਹੀਨੇ ਦੀ ਆਮਦਨ ਮੁਹੱਈਆ ਕਰਵਾਉਂਦਾ ਹੈ, ਔਸਤਨ 5 ਲੋਕਾਂ ਦੇ ਪਰਿਵਾਰ ਲਈ ਇਹ ਆਮਦਨੀ 17 ਰੁਪਏ ਪ੍ਰਤੀਦਿਨ ਅਤੇ ਸਾਢੇ ਤਿੰਨ ਰੁਪਏ ਪ੍ਰਤੀ ਵਿਅਕਤੀ ਬਣਦੀ ਹੈ।

ਸਰਕਾਰ ਚੋਣ ਆਯੋਗ ਵਲੋਂ ਚੋਣ ਜ਼ਾਬਤਾ ਲਾਗੂ ਕੀਤੇ ਜਾਣ ਤੋਂ ਪਹਿਲਾਂ ਹੀ ਇਕ ਕਿਸ਼ਤ ਕਿਸਾਨਾਂ ਦੇ ਖਾਤਿਆਂ ਵਿਚ ਪਹੁੰਚਾਉਣ ਦੀ ਕੋਸ਼ਿਸ਼ ਕਰੇਗੀ ਪਰ ਮੁਸ਼ਕਿਲ ਇਹ ਹੈ ਕਿ ਇਹ ਰਾਹਤ ਕਿਸਾਨ ਪਰਿਵਾਰ ਦੇ ਹਰ ਮੈਂਬਰ ਨੂੰ ਇਕ ਕੱਪ ਚਾਹ ਵੀ ਨਹੀਂ ਪਿਲਾ ਸਕਦੀ। ਇਕ ਏਕੜ ਜ਼ਮੀਨ ਲਈ ਯੂਰੀਆ ਖਰੀਦਣ ਜਾਂ ਕਿਰਾਏ 'ਤੇ ਲਏ ਗਏ ਟਰੈਕਟਰ ਦੀ ਟੈਂਕੀ ਵਿਚ ਇਕ ਵਾਰ ਡੀਜ਼ਲ ਭਰਵਾਉਣ ਦੀ ਗੱਲ ਤਾਂ ਬਹੁਤ ਦੂਰ ਦੀ ਹੈ। ਤਿਲੰਗਾਨਾ ਦੀ ਸਰਕਾਰ ਕਿਸਾਨਾਂ ਨੂੰ 8 ਹਜ਼ਾਰ ਰੁਪਏ ਪ੍ਰਤੀ ਏਕੜ ਦੀ ਸਹਾਇਤਾ ਦੇ ਰਹੀ ਹੈ ਅਤੇ ਉੜੀਸਾ ਦੀ ਸਰਕਾਰ 10 ਤੋਂ ਸਾਢੇ 12 ਹਜ਼ਾਰ ਰੁਪਏ ਦੀ ਮਦਦ ਕਿਸਾਨਾਂ ਨੂੰ ਹੀ ਨਹੀਂ ਸਗੋਂ ਬਟਾਈਦਾਰਾਂ ਅਤੇ ਖੇਤ ਮਜ਼ਦੂਰਾਂ ਨੂੰ ਵੀ ਦੇ ਰਹੀ ਹੈ। ਜਿਹੜੀ ਮਦਦ ਇਨ੍ਹਾਂ ਗ਼ਰੀਬ ਸੂਬਿਆਂ ਦੀਆਂ ਸੂਬਾ ਸਰਕਾਰਾਂ ਤੋਂ ਵੀ ਘੱਟ ਹੈ ਅਤੇ ਜਿਸ ਰਕਮ ਨਾਲ ਗ਼ਰੀਬ ਕਿਸਾਨ ਆਪਣੀ ਜ਼ਿੰਦਗੀ 'ਤੇ ਭਿਣਕਦੀਆਂ ਮੱਖੀਆਂ ਤੱਕ ਵੀ ਨਹੀਂ ਉਡਾ ਸਕਦੇ, ਉਸ ਨਾਲ ਸਰਕਾਰ ਨੂੰ ਵੋਟ ਦੇਣ ਦੀ ਪ੍ਰੇਰਨਾ ਨਹੀਂ ਮਿਲ ਸਕਦੀ।

ਕਿਸਾਨਾਂ ਦੇ ਨਾਲ ਇਸ ਬਜਟ ਨੇ ਮੱਧ ਵਰਗ ਦੇ 3 ਕਰੋੜ ਕਰਦਾਤਾਵਾਂ ਨੂੰ ਵੀ ਰਾਹਤ ਦੇਣ ਦਾ ਦਾਅਵਾ ਕੀਤਾ ਹੈ। ਇਸ ਮੁਤਾਬਿਕ 5 ਲੱਖ ਤੱਕ ਦੀ ਆਮਦਨੀ 'ਤੇ ਇਕ ਕਰਦਾਤਾ ਨੂੰ 12500 ਰੁਪਏ ਦਾ ਸਾਲਾਨਾ ਲਾਭ ਹੋਵੇਗਾ, ਭਾਵ 1040 ਰੁਪਏ ਮਹੀਨੇ ਦਾ ਲਾਭ। ਇਕ ਵਾਰ ਫਿਰ 5 ਵਿਅਕਤੀਆਂ ਦੇ ਔਸਤ ਪਰਿਵਾਰ ਲਈ ਇਹ ਸਹਾਇਤਾ 34 ਰੁਪਏ ਪ੍ਰਤੀਦਿਨ ਬੈਠਦੀ ਹੈ, ਭਾਵ 6.80 ਰੁਪਏ ਪ੍ਰਤੀਦਿਨ। ਤਕਨੀਕੀ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਸਰਕਾਰ ਨੇ ਮੱਧ ਵਰਗ ਦੀ ਜੇਬ ਵਿਚ ਕੁਝ ਪੈਸਾ ਪਾਇਆ ਹੈ। ਉਹ ਇਸ ਪੈਸੇ ਨਾਲ ਕਿਹੜੀ ਖਰੀਦਦਾਰੀ ਕਰੇਗਾ ਅਤੇ ਆਪਣੇ ਜੀਵਨ ਪੱਧਰ ਨੂੰ ਕਿਸ ਪਾਸਿਉਂ ਉਚਾ ਚੁੱਕੇਗਾ? ਇਹ ਦੱਸਣ ਦੀ ਜ਼ਰੂਰਤ ਨਹੀਂ ਹੈ ਕਿ ਮੱਧ ਵਰਗ ਇਕ ਖਾਸ ਤਰ੍ਹਾਂ ਦੇ ਮਿਜਾਜ਼ ਦਾ ਮਾਲਕ ਹੁੰਦਾ ਹੈ ਅਤੇ ਉਸ ਨੂੰ ਛੋਟੀਆਂ-ਛੋਟੀਆਂ ਰਿਆਇਤਾਂ ਵੀ ਚੰਗੀਆਂ ਲਗਦੀਆਂ ਹਨ ਪਰ ਇਹ ਰਿਆਇਤ ਕੁਝ ਜ਼ਿਆਦਾ ਹੀ ਛੋਟੀ ਪ੍ਰਤੀਤ ਹੋ ਰਹੀ ਹੈ।

ਇਸੇ ਢੰਗ ਨਾਲ ਗ਼ਰੀਬ ਮਜ਼ਦੂਰਾਂ ਨੂੰ ਦਿੱਤੀ ਜਾਣ ਵਾਲੀ ਪੈਨਸ਼ਨ ਦਾ ਮਸਲਾ ਹੈ। ਸਰਕਾਰ ਉਸ ਤੋਂ 50 ਰੁਪਏ ਦਾ ਪ੍ਰੀਮੀਅਮ 2050 ਤੱਕ ਵਸੂਲ ਕਰੇਗੀ, ਉਦੋਂ ਕਿਤੇ ਜਾ ਕੇ ਉਸ ਨੂੰ ਪੈਨਸ਼ਨ ਮਿਲਣੀ ਸ਼ੁਰੂ ਹੋਵੇਗੀ। ਬਜਟ ਦਸਤਾਵੇਜ਼ ਦੇ ਅੰਕੜਿਆਂ 'ਤੇ ਧਿਆਨ ਦੇਣ ਨਾਲ ਪਤਾ ਲਗਦਾ ਹੈ ਕਿ ਕਿਸਾਨਾਂ ਅਤੇ ਮੱਧ ਵਰਗ ਨੂੰ ਦਿੱਤੀਆਂ ਗਈਆਂ ਇਨ੍ਹਾਂ ਨਾ-ਮਾਤਰ ਰਾਹਤਾਂ ਦਾ ਪੈਸਾ ਕਿਥੋਂ ਆਵੇਗਾ? ਅਟਲ ਬਿਹਾਰੀ ਦੇ ਨਾਂ 'ਤੇ ਚਲਾਈ ਗਈ ਪਿੰਡਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਦੀ ਯੋਜਨਾ, ਗੰਗਾ ਦੀ ਸਫਾਈ ਲਈ 'ਨਮਾਮੀ ਗੰਗੇ ਯੋਜਨਾ' ਅਤੇ ਅਜਿਹੀਆਂ ਹੀ ਕਈ ਯੋਜਨਾਵਾਂ ਲਈ ਪਿਛਲੇ ਬਜਟ ਵਿਚ ਜਿਹੜੀ ਰਕਮ ਵੰਡੀ ਗਈ ਸੀ, ਇਸ ਵਾਰ ਉਨ੍ਹਾਂ ਵਿਚੋਂ ਵੱਡਾ ਹਿੱਸਾ ਕੱਟ ਲਿਆ ਗਿਆ ਹੈ ਤਾਂ ਕਿ ਇਹ ਅਖੌਤੀ ਰਾਹਤ ਦਿੱਤੀ ਜਾ ਸਕੇ। ਆਪਣੇ ਵਲੋਂ ਤਾਂ ਸਰਕਾਰ ਇਹ ਦੱਸਣ ਦੀ ਜ਼ਹਿਮਤ ਵੀ ਨਹੀਂ ਉਠਾਉਣਾ ਚਾਹੁੰਦੀ ਕਿ ਉਸ ਨੇ ਅਜਿਹਾ ਕੀਤਾ ਹੈ ਅਤੇ ਬਜਟ ਖਿਲਾਫ ਬਿਆਨ ਦੇਣ ਵਾਲੇ ਕਈ ਮਾਹਿਰ ਵੀ ਇਨ੍ਹਾਂ ਪਹਿਲੂਆਂ 'ਤੇ ਗ਼ੌਰ ਨਹੀਂ ਕਰ ਸਕੇ।

# ਜ਼ਮੀਰ ਦੀ ਜ਼ਿਆਰਤ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਰਾਤ ਦੀਆਂ ਬਰਕਤਾਂ ਦਾ ਵਿਖਿਆਨ ਕੀਤਾ ਸੀ, "ਰਾਤ ਦਾ ਸਮਾਂ ਤਾਂ ਥੱਕੇ-ਹਾਰਿਆਂ ਲਈ ਅਰਾਮਗਾਹ। ਥਕਾਵਟ ਨਾਲ ਚੂਰ ਕਦਮਾਂ ਨੂੰ ਰਾਹਤ।...ਰਾਤ ਨੂੰ ਬਹੁਤਾ ਫਕੀਰ ਜਾਗਦੇ ਹਨ ਜਾਂ ਆਸ਼ਕ।" ਹਥਲੇ ਲੇਖ ਵਿਚ ਉਨ੍ਹਾਂ ਜ਼ਮੀਰ ਦੀ ਬਾਤ ਪਾਈ ਹੈ, "ਜ਼ਮੀਰ ਵਾਲੇ ਲੋਕਾਂ ਦੇ ਪਿਆਰ, ਪਾਕੀਜ਼ਗੀ ਤੇ ਪੁਖਤਗੀ ਦੇ ਪੱਲੇ ਸੱਚਾਈ, ਸਿਆਣਪ, ਸੁੰਦਰਤਾ, ਸਾਦਗੀ, ਸੁਹਜ ਤੇ ਸਹਿਜ ਹੁੰਦਾ, ਜੋ ਚਹਿਕ-ਚੇਤਨਾ, ਚਾਨਣ-ਚਿੰਗਾਰੀ ਤੇ ਚਾਅ-ਚੰਦੋਏ ਨਾਲ ਆਭਾ-ਮੰਡਲ ਸਿਰਜਦਾ, ਜਿਸ ਦੀਆਂ ਬਰਕਤਾਂ ਕਾਰਨ ਮਨੁੱਖ ਨੂੰ ਮਾਨਵੀ ਹੋਣ ਦਾ ਫਖਰ ਹੁੰਦਾ।" ਉਨ੍ਹਾਂ ਦੀ ਇਸ ਗੱਲ ਵਿਚ ਕਿੰਨਾ ਸੱਚ ਹੈ ਕਿ ਜ਼ਮੀਰ ਸਿਰਫ ਜ਼ਮੀਰ ਹੁੰਦੀ। ਇਸ ਦਾ ਕੋਈ ਧਰਮ, ਜਾਤ, ਰੰਗ, ਨਸਲ ਜਾਂ ਲਿੰਗ ਨਹੀਂ ਹੁੰਦਾ। ਤੁਸੀਂ ਖੁਦ ਹੀ ਜ਼ਮੀਰ ਅਤੇ ਇਸ ਦੇ ਖੈਰਖਾਹ। ਉਨ੍ਹਾਂ ਦੀ ਨਸੀਹਤ ਹੈ, "ਜ਼ਮੀਰ ਨੂੰ ਕਦੇ ਦਾਗੀ ਨਾ ਕਰੋ ਕਿਉਂਕਿ ਜ਼ਮੀਰ 'ਤੇ ਲੱਗਾ ਦਾਗ ਸਦੀਵ ਹੁੰਦਾ।" ਕਿਉਂਕਿ ਜ਼ਮੀਰ ਸੁੱਤੀ ਹੁੰਦੀ ਤਾਂ ਮਨੁੱਖ ਦੀ ਪਸੂ-ਬਿਰਤੀ ਜਾਗਦੀ। ਜ਼ਬਰ-ਜਨਾਹ, ਕਤਲ, ਕੁਕਰਮ ਤੇ ਕੁਲਹਿਣੇ ਵਿਚਾਰ, ਕਰਮ-ਧਰਾਤਲ ਬਣਦੇ।" -ਸੰਪਾਦਕ*

## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਜ਼ਮੀਰ, ਸੱਚੇ ਸੁੱਚੇ ਜਜ਼ਬਾਤ ਦੀ ਤਸ਼ਬੀਹ, ਭਾਵਨਾਵਾਂ ਦੀ ਸੁੱਚਮ ਦਾ ਅੰਬਾਰ, ਹਿਰਦੇ ਦੀ ਹਰਫਨ ਮੌਲਤਾ, ਮਨ ਦੀਆਂ ਤਹਿਆਂ ਦੀ ਰਹਿਮਤੀ ਖੁਦਾਈ ਤੇ ਸੱਚਾਈ ਦੀ ਭਰ ਵਗਦੀ ਨੈਂਅ।

ਜ਼ਮੀਰ, ਆਪਣੇ ਦੀਦਿਆਂ 'ਚੋਂ ਆਪਣੇ ਅਕਸ ਨੂੰ ਨਿਹਾਰਨ ਦੀ ਆਦਤ, ਆਪਣੇ ਤੋਂ ਆਪਣੇ ਤੀਕ ਦਾ ਸ਼ਾਨਾਂਮੱਤਾ ਸਫਰ ਤੇ ਆਪੇ ਦੀਆਂ ਪੈੜਾਂ ਨੂੰ ਨਿਹਾਰਨ 'ਚੋਂ ਸੰਤੁਸ਼ਟੀ ਦੀ ਜ਼ਰਖੇਜ਼ਤਾ।

ਜ਼ਮੀਰ, ਲਹੂ ਨਾਲ ਲਿਖੇ ਅੱਖਰਾਂ ਦੀ ਲੋਅ, ਮਿੱਝ ਨਾਲ ਬਣਾਈ ਕੈਨਵਸ 'ਤੇ ਪ੍ਰਗਟ ਹੋ ਰਹੇ ਇਲਾਹੀ ਅਕਾਰ ਅਤੇ ਮਨੋ-ਕਾਮਨਾਵਾਂ ਦੀਆਂ ਤਿਤਲੀਆਂ ਦੀ ਰੰਗ-ਬਰੰਗਤਾ ਵਿਚੋਂ ਭਾਵੀ ਰੰਗਤਾ ਨੂੰ ਮਹਿਸੂਸ ਕਰਨ ਦੀ ਅਦਾ।

ਜ਼ਮੀਰ, ਬੇਗੈਰਤ ਹੋ ਕੇ ਜਿਉਣ ਨਾਲੋਂ ਮਰਨ ਨੂੰ ਤਰਜੀਹ, ਸੁੱਤਿਆਂ ਵੀ ਜਾਗਣ ਦੀ ਰੁੱਤ ਮਾਣਦਾ ਜੀਅ, ਸੂਲੀ 'ਤੇ ਤੁਰਦਿਆਂ ਵੀ ਬੁੱਲਾਂ 'ਤੇ ਆਉਣ ਤੋਂ ਮੁਨਕਰ ਹੋਈ ਸੀਅ ਅਤੇ ਆਪਣੀ ਪੀੜਾ ਵਿਚੋਂ ਕਿਸੇ ਨੂੰ ਖੁਸ਼ੀ ਮਨਸਣ ਦੀ ਮਰਜ਼ੀ।

ਜ਼ਮੀਰ ਵਾਲੇ ਲੋਕਾਂ ਦੇ ਪਿਆਰ, ਪਾਕੀਜ਼ਗੀ ਤੇ ਪੁਖਤਗੀ ਦੇ ਪੱਲੇ ਸੱਚਾਈ, ਸਿਆਣਪ, ਸੁੰਦਰਤਾ, ਸਾਦਗੀ, ਸੁਹਜ ਤੇ ਸਹਿਜ ਹੁੰਦਾ, ਜੋ ਚਹਿਕ-ਚੇਤਨਾ, ਚਾਨਣ-ਚਿੰਗਾਰੀ ਤੇ ਚਾਅ-ਚੰਦੋਏ ਨਾਲ ਆਭਾ-ਮੰਡਲ ਸਿਰਜਦਾ, ਜਿਸ ਦੀਆਂ ਬਰਕਤਾਂ ਕਾਰਨ ਮਨੁੱਖ ਨੂੰ ਮਾਨਵੀ ਹੋਣ ਦਾ ਫਖਰ ਹੁੰਦਾ।

ਜ਼ਮੀਰ ਸਿਰਫ ਜ਼ਮੀਰ ਹੁੰਦੀ। ਇਸ ਦਾ ਕੋਈ ਧਰਮ, ਜਾਤ, ਰੰਗ, ਨਸਲ ਜਾਂ ਲਿੰਗ ਨਹੀਂ ਹੁੰਦਾ। ਤੁਸੀਂ ਖੁਦ ਹੀ ਜ਼ਮੀਰ ਤੇ ਇਸ ਦੇ ਖੈਰਖਾਹ।

ਧਾਰਮਕ ਸਮਾਗਮ 'ਤੇ ਬੈਠੀਆਂ ਧਾਰਮਕ ਸ਼ਖਸੀਅਤਾਂ, ਸਿਰਫ ਅਹੁਦੇਦਾਰ ਅਤੇ ਅਡੰਬਰੀ ਮਾਣ। ਗੱਲਬਾਤ ਵਿਚੋਂ ਸੰਵਾਦ ਅਤੇ ਤਰਕਸ਼ੀਲਤਾ

***ਜ਼ਮੀਰ, ਜੀਵਨ ਦੇ ਹਰ ਖੇਤਰ ਵਿਚ ਅਹਿਮ। ਇਸ ਦੀ ਮਹੱਤਤਾ ਨੂੰ ਆਪਣੀ ਕਰਮ-ਸ਼ੈਲੀ ਵਿਚ ਜਜ਼ਬ ਕਰਨ ਵਾਲੀਆਂ ਕੌਮਾਂ 'ਤੇ ਮਾਣ ਹੁੰਦਾ, ਜਦਕਿ ਮਰੀ ਜ਼ਮੀਰ ਵਾਲੇ ਲੋਕ ਤਾਂ ਕੌਮੀ ਸ਼ਹੀਦਾਂ ਨੂੰ ਹੀ ਵੇਚ ਜਾਂਦੇ। ਉਹ ਦੇਸ਼ ਦੀ ਅਜ਼ਮਤ, ਦੌਲਤ ਅਤੇ ਦਾਅਵਿਆਂ ਨੂੰ ਦਾਅ 'ਤੇ ਲਾਉਂਦੇ। ਉਨ੍ਹਾਂ ਲਈ ਕੌਮੀ ਵਿਰਾਸਤ ਜਾਂ ਦੇਸ਼ ਦੇ ਗੌਰਵ ਦੇ ਕੋਈ ਨਹੀਂ ਅਰਥ। ਖੁਦ ਦੀ ਬੋਲੀ ਲਾਉਣ ਵਾਲੇ ਬੇਜ਼ਮੀਰੇ ਹੁੰਦੇ।***

ਦਾ ਗੁੰਮ ਜਾਣਾ ਧਾਰਮਕ ਮੁਖੌਟੇ ਨੂੰ ਜੱਗ-ਜਾਹਰ ਕਰ ਰਿਹਾ। ਸੰਵੇਦਨਸ਼ੀਲ ਔਰਤ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਤੋਂ ਰੋਕਣ ਲਈ ਬੀਬੀ ਦਾਹੜੀ ਵਾਲਿਆਂ ਵਲੋਂ ਮਾਈਕ ਖੋਹਣਾ। ਗੱਦੀ-ਨਸ਼ੀਨਾਂ ਦੀ ਚਾਪਲੂਸੀ ਚੁੱਪ ਬਹੁਤ ਕੁਝ ਤਵਾਰੀਖ 'ਚ ਉਕਰ ਗਈ ਕਿ ਜਦ ਜ਼ਮੀਰ ਮਰ ਜਾਂਦੀ ਏ ਤਾਂ ਕੌਮੀ ਵਿਰਾਸਤ ਵਿਨਾਸ਼ ਦੇ ਰਾਹ ਤੁਰਦੀ। ਫਿਰ ਗਰਕ ਜਾਂਦੀਆਂ ਨੇ ਕੌਮਾਂ। ਜ਼ਮੀਰ ਦੀ ਆਵਾਜ਼ ਨੂੰ ਦਬਾਉਣ ਅਤੇ ਇਸ ਨੂੰ ਸੁਣਨ ਤੋਂ ਆਕੀ ਲੋਕ, ਸਿਰਫ ਬੌਣੇ ਲੋਕ।

ਜ਼ਮੀਰ, ਸੱਚ ਦੀ ਆਵਾਜ਼ ਦਾ ਪ੍ਰਤੱਖ ਪ੍ਰਮਾਣ, ਇਨਸਾਨੀਅਤ ਦਾ ਮਾਣ ਅਤੇ ਮਨੁੱਖੀ ਸ਼ਖਸੀਅਤ 'ਚ ਗੁੰਨ੍ਹਿਆ ਸਨਮਾਨ। ਸਾਖਸ਼ੀ ਬਿੰਬ ਵਿਚੋਂ ਆ ਰਿਹਾ ਨਿੰਮਾ-ਨਿੰਮਾ ਰੌਸ਼ਨ-ਪੈਗਾਮ।

ਜ਼ਮੀਰ, ਅੰਤਰੀਵ ਦੀ ਜ਼ੁਬਾਨ, ਹਰਫਾਂ ਦੇ ਪਿੰਡੇ ਭਾਵਾਂ ਦਾ ਲਿਬਾਸ ਅਤੇ ਸੁੱਚੀਆਂ ਸੋਚਾਂ ਨੂੰ ਸਮਿਆਂ ਦਾ ਸਾਕਸ਼ੀ ਬਣਾਉਣਾ।

ਜ਼ਮੀਰ, ਖੁਦੀ ਦੀ ਬੁਲੰਦਗੀ ਦਾ ਨਾਂ, ਖੁਦਦਾਰੀ ਦਾ ਸਿਰਲੇਖ ਅਤੇ ਮਸਤਕ 'ਤੇ ਲੇਖ-ਵਰਣਮਾਲਾ। ਖੁਦੀ ਕੋ ਕਰ ਬੁਲੰਦ ਇਤਨਾ, ਕਿ ਹਰ ਤਕਦੀਰ ਸੇ ਪਹਿਲੇ, ਖੁਦਾ ਬੰਦੇ ਸੇ ਖੁਦ ਪੂਛੇ, ਬਤਾ ਤੇਰੀ ਰਜ਼ਾ ਕਿਆ ਹੈ। (ਇਕਬਾਲ)

ਬੁਲੰਦ ਸ਼ਖਸੀਅਤ ਸਿਰਫ ਜ਼ਮੀਰ ਵਾਲੇ ਲੋਕਾਂ ਦੀ ਹੁੰਦੀ। ਉਹ ਰਾਹ ਦਸੇਰੇ। ਉਨ੍ਹਾਂ ਦੀਆਂ ਪੈੜਾਂ ਨੂੰ ਰਾਹ ਨਤਮਸਤਕ ਹੁੰਦੇ ਅਤੇ ਉਨ੍ਹਾਂ ਦੀਆਂ ਕੀਰਤੀਆਂ ਇਤਿਹਾਸ ਦਾ ਸ਼ਰਫ।

ਜ਼ਮੀਰ ਮਰ ਜਾਂਦੀ ਤਾਂ ਮਨੁੱਖ ਗੰਗੂ ਬਾਹਮਣ ਬਣਦਾ। ਦਫਨ ਹੋ ਜਾਂਦਾ ਮਾਣਮੱਤਾ ਇਤਿਹਾਸ। ਗੱਦਾਰ ਹੀ ਸਿੱਖ ਰਾਜ ਨੂੰ ਖਤਮ ਕਰਨ, ਸਿੱਖਾਂ ਦਾ ਨਾਮੋ-ਨਿਸ਼ਾਨ ਮਿਟਾਉਣ ਅਤੇ ਅੰਗਰੇਜ਼ਾਂ ਦਾ ਗੁਲਾਮ ਬਣਾਉਣ ਵਿਚ ਪ੍ਰਮੁੱਖ, ਪਰ ਸਿੱਖਾਂ ਵਿਚ ਜਿਉਂਦੀ ਗੈਰਤ ਸਦਕਾ ਉਨ੍ਹਾਂ ਨੇ ਹਰ ਹਮਲਾਵਰ ਦਾ ਮੁਕਾਬਲਾ ਕਰਦਿਆਂ, ਆਪਣੀ ਹੋਂਦ ਅਤੇ ਹਸਤੀ ਨੂੰ ਬਰਕਰਾਰ ਰੱਖਿਆ।

ਜਾਗਦੀ ਜ਼ਮੀਰ ਨੂੰ ਮਾਰਨ ਲਈ ਸਮੇਂ ਦੇ ਹਾਕਮ ਵਲੋਂ ਹਰ ਵਕਤ ਕੋਝੀਆਂ ਚਾਲਾਂ ਚੱਲੀਆਂ ਜਾਂਦੀਆਂ ਰਹੀਆਂ। ਜਦ ਕਿਸੇ ਕੌਮ ਵਿਚੋਂ ਕਰਮ-ਕੀਰਤੀ ਨੂੰ ਤਹਿਸ-ਨਹਿਸ ਕਰਕੇ ਉਸ ਨੂੰ ਮੰਗਤੇ ਬਣਾ ਦਿਤਾ ਜਾਵੇ ਤਾਂ ਜ਼ਮੀਰ ਮਰ ਜਾਂਦੀ ਅਤੇ ਕੌਮ ਦਾ ਪਤਨ ਲਾਜ਼ਮੀ ਹੁੰਦਾ। ਬੀਤੇ ਸਮੇਂ ਵਿਚ ਸਿੱਖ ਮੰਗਤਾ ਨਹੀਂ ਸੀ ਮਿਲਦਾ। ਹਰ ਸਿੱਖ ਕਿਰਤ-ਕਰਮ ਵਿਚੋਂ ਹੀ ਆਪਣੀ ਜੀਵਨ-ਜੁਗਤ ਕਮਾਉਂਦਾ ਸੀ। ਕੇਹਾ ਵਕਤ ਆ ਗਿਆ ਕਿ ਸਮੇਂ ਦੇ ਹਾਕਮ ਨੇ ਪੰਜਾਬੀਆਂ ਨੂੰ ਮੰਗਤੇ ਬਣਾ ਦਿਤਾ ਏ। ਉਹ ਖੈਰਾਤ ਦੀ ਆਸ 'ਚ ਨਸ਼ਿਆਂ ਦੀ ਦਲਦਲ 'ਚ ਗਰਕ ਗਏ ਨੇ। ਅਜਿਹਾ ਹੀ ਯੂਰਪੀਅਨ ਧਾੜਵੀਆਂ ਨੇ ਕੈਨੇਡਾ-ਅਮਰੀਕਾ ਦੇ ਮੂਲ ਬਾਸ਼ਿੰਦਿਆਂ ਨੂੰ ਮੰਗਤੇ ਬਣਾ, ਖੈਰਾਤ 'ਤੇ ਅਜਿਹਾ ਜਿਉਣਾ ਸਿਖਾਇਆ ਕਿ ਮੂਲ ਨਿਵਾਸੀਆਂ ਦੀ ਨਸਲ ਹੁਣ ਖਤਮ ਹੋਣ ਕਿਨਾਰੇ ਹੈ।

ਜ਼ਮੀਰ ਨੂੰ ਤੋੜਿਆ, ਮਰੋੜਿਆ, ਲਿਫਾਇਆ ਜਾਂ ਧਮਕਾਇਆ ਨਹੀਂ ਜਾ ਸਕਦਾ ਤੇ ਨਾ ਹੀ ਇਸ 'ਚ ਚਿੱਬ ਪਾਏ ਜਾ ਸਕਦੇ। ਬਦਰੰਗ ਨਹੀਂ ਕੀਤਾ ਜਾ ਸਕਦਾ। ਇਸ ਦੀ ਲਿਸ਼ਕਦੀ ਹੋਂਦ ਸਾਹਵੇਂ ਹਰ ਰੰਗ ਤੇ ਹਰ ਗੁਣ ਫਿੱਕਾ।

ਜ਼ਮੀਰ ਵਾਲਾ ਬੰਦਾ ਕਦੇ ਅੱਧਾ-ਅਧੂਰਾ ਨਹੀਂ ਹੁੰਦਾ। ਉਹ ਬੌਣਾ, ਬੌਂਦਲਿਆ ਜਾਂ ਬਦ-ਸ਼ਕਲ ਨਹੀਂ। ਉਸ ਲਈ ਨੀਚਤਾ ਜਾਂ ਹੀਣਤਾ ਦੇ ਕੋਈ ਅਰਥ ਨਹੀਂ। ਜਾਗਦੀ ਜ਼ਮੀਰ ਹੈ ਤਾਂ ਉਹ ਸਿਰ ਉਚਾ ਕਰਕੇ ਜਿਉਂਦਾ। ਆਪਣੀਆਂ ਸ਼ਰਤਾਂ, ਸੁਪਨਿਆਂ ਅਤੇ ਸਫਲਤਾਵਾਂ ਦੀ ਪੂਰਤੀ ਦਾ ਅਹਿਸਾਸ ਹੈ ਜ਼ਮੀਰ।

ਜ਼ਮੀਰ, ਜਾਗਦੀ ਤਾਂ ਸੁਪਨੇ ਦੀ ਅੱਖ ਖੁੱਲ੍ਹਦੀ। ਸੁਪਨਿਆਂ ਨੂੰ ਮਾਣ, ਮੁਹਾਂਦਰਾ ਤੇ ਮੁਖਾਰਬਿੰਦ ਮਿਲਦਾ, ਜਿਸ 'ਚੋਂ ਜੀਵਨੀ ਸਾਰਥਕਤਾ ਨੂੰ ਨਵੀਨ ਬੁਲੰਦੀਆਂ ਦਾ ਸਿਖਰ ਨਸੀਬ ਹੁੰਦਾ।

ਜ਼ਮੀਰ, ਜੀਵਨ ਦੇ ਹਰ ਖੇਤਰ ਵਿਚ ਅਹਿਮ। ਇਸ ਦੀ ਮਹੱਤਤਾ ਨੂੰ ਆਪਣੀ ਕਰਮ-ਸ਼ੈਲੀ ਵਿਚ ਜਜ਼ਬ ਕਰਨ ਵਾਲੀਆਂ ਕੌਮਾਂ 'ਤੇ ਮਾਣ ਹੁੰਦਾ, ਜਦਕਿ ਮਰੀ ਜ਼ਮੀਰ ਵਾਲੇ ਲੋਕ ਤਾਂ ਕੌਮੀ ਸ਼ਹੀਦਾਂ ਨੂੰ ਹੀ ਵੇਚ ਜਾਂਦੇ। ਉਹ ਦੇਸ਼ ਦੀ ਅਜ਼ਮਤ, ਦੌਲਤ ਅਤੇ ਦਾਅਵਿਆਂ ਨੂੰ ਦਾਅ 'ਤੇ ਲਾਉਂਦੇ। ਉਨ੍ਹਾਂ ਲਈ ਕੌਮੀ ਵਿਰਾਸਤ ਜਾਂ ਦੇਸ਼ ਦੇ ਗੌਰਵ ਦੇ ਕੋਈ ਨਹੀਂ ਅਰਥ। ਖੁਦ ਦੀ ਬੋਲੀ ਲਾਉਣ ਵਾਲੇ ਬੇਜ਼ਮੀਰੇ ਹੁੰਦੇ।

ਜ਼ਮੀਰ ਕਿਸੇ ਕੌਮ ਦੀ ਪਛਾਣ। ਉਹ ਜਿੰਦ ਵੇਚ ਕੇ ਵੀ ਜ਼ਮੀਰ 'ਤੇ ਦਾਗ ਨਹੀਂ ਲੱਗਣ ਦਿੰਦੇ। 'ਕੇਰਾਂ ਕਿਸੇ ਕੰਪਨੀ ਦਾ ਗੋਰਾ ਮਕੈਨਿਕ ਵਿਦੇਸ਼ ਵਿਚ ਕਿਸੇ ਪੰਜਾਬੀ ਦੇ ਘਰ ਏ. ਸੀ. ਠੀਕ ਕਰਨ ਆਇਆ। ਜਾਣ ਲੱਗਿਆਂ ਉਸ ਨੇ ਕੰਪਨੀ ਦਾ ਕਾਰਡ ਦਿਤਾ ਤਾਂ ਕਿ ਲੋੜ ਪੈਣ 'ਤੇ ਫਿਰ ਸੱਦਿਆ ਜਾ ਸਕੇ। ਪੰਜਾਬੀ ਕਹਿਣ ਲੱਗਾ, ਤੂੰ ਸਾਨੂੰ ਆਪਣਾ ਨਿੱਜੀ ਨੰਬਰ ਦੇ। ਕੰਪਨੀ ਦੀ ਥਾਂ ਤੂੰ ਹੀ ਆ ਜਾਵੀਂ ਤੇ ਖੁਦ ਪੈਸੇ ਬਣਾਈਂ। ਗੋਰਾ ਮਕੈਨਿਕ ਕਹਿਣ ਲੱਗਾ, ਮੈਂ ਕੰਪਨੀ ਲਈ ਕੰਮ ਕਰਦਾ ਹਾਂ ਤੇ ਕੰਪਨੀ ਵਲੋਂ ਹੀ ਆਵਾਂਗਾ। ਮੈਂ ਨਿੱਜੀ ਸੁਆਰਥ ਲਈ ਕੰਪਨੀ ਦੀ ਸਾਖ ਨੂੰ ਦਾਗੀ ਨਹੀਂ ਕਰ ਸਕਦਾ। ਮੇਰੇ ਲਈ ਮੇਰੀ ਜ਼ਮੀਰ ਤੇ ਕੰਪਨੀ ਅਹਿਮ ਹੈ। ਦਰਅਸਲ ਅਜੋਕਾ ਮਨੁੱਖ ਅਜਿਹਾ ਹੀ ਕਰ ਰਿਹਾ ਹੈ। ਉਹ ਅਦਾਰੇ ਦੇ ਨਾਂ 'ਤੇ ਖੁਦ ਦਾ ਫਾਇਦਾ ਕਰਦਾ, ਕਈ ਵਾਰ ਸਮੁੱਚੇ ਅਦਾਰੇ ਨੂੰ ਵੇਚ ਜਾਂਦਾ। ਮਰੀਆਂ ਜ਼ਮੀਰਾਂ ਵਾਲੇ ਲੋਕ ਅਜਿਹੀ ਕਮੀਨਗੀ 'ਤੇ ਫਖਰ ਕਰਨ ਲੱਗ ਪੈਣ ਤਾਂ ਮਨੁੱਖਤਾ ਕਿੰਜ ਜਿਉਂਦੀ ਰਹੇਗੀ?

ਜ਼ਮੀਰ ਵਾਲੇ ਲੋਕਾਂ ਲਈ ਕੱਖਾਂ ਦੀ ਕੁੱਲੀ ਵੀ ਮਹੱਲ ਦਾ ਅਹਿਸਾਸ। ਰੁੱਖੀ ਮਿੱਸੀ ਰੋਟੀ ਵਿਚੋਂ ਵੀ ਲੱਜਤ ਅਤੇ ਲਬਰੇਜ਼ਤਾ, ਮਨ-ਬੀਹੀ ਦੀ ਦਸਤਕ। ਉਨ੍ਹਾਂ ਲਈ ਜੀਵਨੀ ਲੋੜਾਂ ਦੀ ਸੀਮਤਾ ਅਤੇ ਸੁਖਨਤਾ ਸਭ ਤੋਂ ਅਹਿਮ।

ਜ਼ਮੀਰ ਵਾਲੇ ਕਦੇ ਕੰਗਾਲ ਨਹੀਂ ਹੁੰਦੇ। ਭੋਖੜੇ ਦੇ ਅਲਫਾਜ਼ ਤੋਂ ਸੱਖਣੇ। ਸਰਬੱਤ ਦੇ ਭਲੇ ਦੀ ਅਰਦਾਸ ਕਰਨ ਵਾਲੀ ਅਤੇ ਥੋੜ੍ਹੇ 'ਚੋਂ ਬਹੁਤੇ ਦਾ ਅਹਿਸਾਸ ਪੈਦਾ ਕਰਨ ਵਾਲੀ ਸਿੱਖੀ-ਰਹਿਤਲ ਨੂੰ ਨਿੱਜ ਦੇ ਘੁਣ ਨੇ ਖਾ ਲਿਆ। ਸਮੁੱਚੀ ਲੋਕਾਈ ਹੀ ਜ਼ਮੀਰ-ਹੀਣਤਾ ਵਿਚੋਂ ਖੁਦ ਨੂੰ ਪਰਿਭਾਸ਼ਤ ਅਤੇ ਵਿਸਥਾਰਨ ਲੱਗ ਪਈ ਏ, ਜੋ ਸਾਡੇ ਸਮਿਆਂ ਦਾ ਸਿਤਮ ਬਣ ਗਿਆ ਏ।

ਜ਼ਮੀਰ ਜਾਇਦਾਦ ਦੀ ਮੁਥਾਜ ਨਹੀਂ, ਸਗੋਂ ਜਜ਼ਬਿਆਂ ਦੀ ਬਾਂਦੀ। ਰੁਤਬਿਆਂ ਦੇ ਪੈਰ ਨਹੀਂ ਚੁੰਮਦੀ ਸਗੋਂ ਖੁਦ ਰੁਤਬਿਆਂ ਦਾ ਰੁਤਬਾ। ਹੀਣਤਾ ਦਾ ਉਗ ਰਿਹਾ ਭਰਮ ਨਹੀਂ ਸਗੋਂ ਹਾਸਲ ਦੀ ਹਾਜ਼ਰੀ। ਸੱਖਣੇਪਨ ਦੀ ਥਾਂ ਮਨੁੱਖ ਦਾ ਹਾਸਲ।

ਜ਼ਮੀਰਾਂ ਵਾਲੇ ਕਦੇ ਟੁੱਕੜਬੋਚ ਨਹੀਂ ਹੁੰਦੇ। ਨਹੀਂ ਲੱਗਦੀ ਉਨ੍ਹਾਂ ਦੀ ਬੋਲੀ ਅਤੇ ਨਾ ਹੀ ਉਹ ਭਾਵਾਂ ਦੀ ਮੰਡੀ ਜਾਂਦੇ। ਉਹ ਆਪਣੀ ਹੋਂਦ ਦੇ ਝੰਡਾਬਰਦਾਰ ਅਤੇ ਸਮਿਆਂ ਦਾ ਵਿਲੱਖਣ ਨਗ ਬਣਦੇ। ਸ਼ਹਿਨਸ਼ਾਹ ਵੀ ਹਮੇਸ਼ਾ ਜ਼ਮੀਰ ਵਾਲਿਆਂ ਨੂੰ ਸਲਾਮਾਂ ਕਰਦੇ।

ਜ਼ਮੀਰ ਨੂੰ ਕਦੇ ਦਾਗੀ ਨਾ ਕਰੋ ਕਿਉਂਕਿ ਜ਼ਮੀਰ 'ਤੇ ਲੱਗਾ ਦਾਗ ਸਦੀਵ ਹੁੰਦਾ। ਤੁਹਾਡੀਆਂ ਕੀਰਤੀਆਂ ਨੂੰ ਸਦਾ ਲਈ ਮਿਟਾ ਦਿੰਦਾ। ਫਿਰ ਕੋਈ ਵੀ ਚਾਰਾ ਇਸ ਦਾਗ ਨੂੰ ਮਿਟਾਉਣ, ਲਾਹੁਣ ਜਾਂ ਧੋਣ ਵਿਚ ਕਾਰਗਾਰ ਨਹੀਂ।

ਕਲਮ ਦੀ ਜ਼ਮੀਰ ਜਾਗਦੀ ਤਾਂ ਹਰਫ ਜੁਗਨੂੰ ਬਣਦੇ। ਅਰਥਾਂ 'ਚ ਸੂਰਜਾਂ ਦੀ ਅੱਖ ਖੁੱਲ੍ਹਦੀ। ਵਾਕਾਂ ਵਿਚ ਧੂਣੀਆਂ ਮੱਚਦੀਆਂ। ਇਬਾਰਤ ਵਿਚ ਸੁਰਖ-ਬੋਲਾਂ, ਹੌਂਸਲਿਆਂ ਤੇ ਹੰਭਲਿਆਂ ਦਾ ਅਜੂਬਾ ਸਿਰਜਿਆ ਜਾਂਦਾ।

ਧਰਮ ਦੀ ਜ਼ਮੀਰ ਜਾਗਦੀ ਤਾਂ ਅਧਰਮ ਦੀ ਬਹੁੜੀ ਨਿਕਲਦੀ। ਮਰਿਆਦਾਵਾਂ, ਪਾਖੰਡਾਂ ਅਤੇ ਕਰਮ-ਕਾਂਡ ਵਿਚ ਗੁਆਚੇ ਮਨੁੱਖ ਦੀ ਅੱਖ ਖੁੱਲ੍ਹਦੀ। ਫਿਰ ਨਾਨਕੀ ਹੋਕਰਾ ਸਮਾਜ ਵਿਚ ਨਵੀਆਂ ਤਰਜ਼ੀਹਾਂ, ਤਕਦੀਰਾਂ ਤੇ ਤਦਬੀਰਾਂ ਨਾਲ ਦਸਤਕ ਦਿੰਦਾ, ਜਿਸ ਦੀ ਹਾਕ ਹਾਕਮ ਦੀ ਨੀਂਦ ਹਰਾਮ ਕਰਦੀ।

ਮਰ ਗਈ ਜ਼ਮੀਰ ਵਾਲੇ ਆਪਣੀ ਖੁਦੀ ਦਾ ਭਾਰ ਢੋਂਦੇ। ਉਹ ਸਨਕੀ ਸੱਜਣਤਾਈ ਨੂੰ ਚੌਰਾਹੇ ਵਿਚ ਨੰਗਾ ਕਰਦੇ, ਜਦ ਉਹ ਸੱਜਣਾਂ ਨੂੰ ਫੁੱਲ ਮਾਰਦੇ। ਫਿਰ ਸੁਕਰਾਤ ਦੀ ਰੂਹ ਕੁਰਲਾਉਂਦੀ, 'ਸੱਜਣਾਂ ਨੇ ਫੁੱਲ ਮਾਰਿਆ, ਸਾਡੀ ਰੂਹ ਅੰਬਰਾਂ ਤੱਕ ਰੋਈ।'

ਜ਼ਮੀਰ ਮਰਦੀ ਤਾਂ ਸਮਾਜ ਸੰਤਾਪਿਆ ਜਾਂਦਾ। ਪਰਿਵਾਰਕ ਸਾਂਝਾਂ ਗਰਕ ਜਾਂਦੀਆਂ। ਅਜਿਹੇ ਵਕਤ ਕੌਮ ਤੇ ਦੇਸ਼ ਦੇ ਸਿਰ 'ਤੇ ਮੰਡਰਾ ਰਹੀ ਹੋਣੀ ਨੂੰ ਕੋਈ ਨਹੀਂ ਟਾਲ ਸਕਦਾ।

ਜ਼ਮੀਰ ਜਾਗ ਪਵੇ ਤਾਂ ਪੈਰਾਂ ਵਿਚ ਸਫਰ ਮਚਲਦਾ। ਹਾਦਸੇ, ਹਿੰਮਤ 'ਚ ਬਦਲਦੇ। ਮਰਨ-ਰੁੱਤ ਦੇ ਨਾਮ ਬਹਾਰਾਂ ਹੁੰਦੀਆਂ। ਫੁੱਲਾਂ ਦੀ ਮਹਿਕ ਤੇ ਰੰਗਤਾ ਅਰੋਕ ਹੋ ਜਾਂਦੀ।

ਜ਼ਮੀਰ ਦਾ ਹੁੰਗਾਰਾ ਸੁਣਨ ਵਾਲਾ ਬੰਦਾ, ਸਮਿਆਂ ਦਾ ਸ਼ਾਹ-ਅਸਵਾਰ। ਉਹ ਆਵੇਸ਼ ਨੂੰ ਅਗਵਾਈ ਵਿਚ ਤਬਦੀਲ ਕਰਦਾ। ਉਸ ਦੀ ਕਿਰਤ ਤੇ ਕਰਮਯੋਗਤਾ ਨੂੰ ਸਲਾਮਾਂ ਹੁੰਦੀਆਂ। ਨਵੀਂ ਤਹਿਜ਼ੀਬ ਉਸ ਦੀਆਂ ਬਲਾਵਾਂ ਉਤਾਰਦੀ।

ਜ਼ਮੀਰ ਜਾਗਦੀ ਰੱਖਣ ਵਾਲੇ ਲੋਕ ਬਹੁਤ ਕੀਮਤੀ ਤੇ ਅਹਿਮ। ਉਹ ਯੁਗ ਪਲਟਾਊ ਹੁੰਦੇ। ਉਨ੍ਹਾਂ ਦੀ ਤਮੰਨਾ ਤੇ ਤਰਜ਼ੀਹ ਨਿੱਜ ਤੋਂ ਪਾਰ ਦਾ ਸਫਰ ਕਰਦੀ। ਉਹ ਸਰਬੱਤ ਦੇ ਭਲੇ ਦੇ ਸੱਚੇ-ਸੁੱਚੇ ਵਾਰਸ।

ਜਾਗਦੀ ਜ਼ਮੀਰ ਵਾਲੇ ਲੋਕਾਂ ਲਈ ਰਿਸ਼ਤਿਆਂ ਦੀ ਪਾਕੀਜ਼ਗੀ, ਪਾਕ-ਬੰਧਨ ਅਤੇ ਸੁੱਚੇ-ਸਬੰਧਾਂ ਵਿਚਲੀ ਸਾਦਗੀ ਤੇ ਸਪੱਸ਼ਟਤਾ, ਸ੍ਰੇਸ਼ਟ ਧਰਮ। ਉਨ੍ਹਾਂ ਦੇ ਦੀਦਿਆਂ ਵਿਚ ਸ਼ਰਮ ਅਤੇ ਸਮਾਜ ਦਾ ਨਿਰਮਲ ਭੈਅ ਤਰਦਾ। ਉਹ ਸਮਾਜ ਦੀਆਂ ਮਾਣਮੱਤੀਆਂ ਰਹੁ-ਰੀਤਾਂ ਅਤੇ ਮਰਿਆਦਾਵਾਂ ਨੂੰ ਤਨਦੇਹੀ ਨਾਲ ਨਿਭਾਉਂਦੇ।

ਜਿਉਂਦੀ ਜ਼ਮੀਰ ਤਾਂ ਆਤਮਾ ਜਾਗੇ, ਸੱਚ ਭਰੇ ਅੰਗੜਾਈ। ਸਾਹਾਂ ਦੀ ਨਗਰੀ ਵਿਚ ਵਸੇਂਦੀ, ਮਹਿਕਾਂ ਦੀ ਹਰਜ਼ਾਈ। ਸਮਿਆਂ ਦੀ ਤੰਦੀ 'ਤੇ ਪੈਂਦੇ, ਸੁੱਚੇ ਤੰਦ ਲੰਮੇਰੇ। ਉਨ੍ਹਾਂ ਦੇ ਮਸਤਕ ਬਨੇਰਿਓਂ, ਉਤਰਨ ਸੁਰਖ-ਸਵੇਰੇ। ਘਰ ਦੀਆਂ ਕੰਧਾਂ ਲਈ ਬਣਨ, ਉਹ ਸੱਚੀਆਂ ਅਰਦਾਸਾਂ। ਹਰ ਕਮਰੇ ਤੇ ਹਰ ਨੁੱਕਰ ਵਿਚ, ਨਿੱਤ ਉਗਾਵਣ ਆਸਾਂ। ਵਿਹੜੇ ਦੀ ਵਡਿਆਈ ਬਣਦੇ, ਦਰਾਂ 'ਤੇ ਬੰਨੇ ਪੱਤੇ। ਸਿਰੀਂ ਉਨ੍ਹਾਂ ਦੇ ਸੋਹਣ ਦਸਤਾਰਾਂ, ਤੇ ਸਾਲੂ ਸੰਗਾਂ ਰੱਤੇ। ਮਾਂਵਾਂ ਦੀਆਂ ਮੰਨਤਾਂ ਦੀ ਹੁੰਦੇ, ਉਹ ਅਜ਼ਲੀ ਦੁਆ। ਘਰ-ਚਿਰਾਗ ਦੀ ਰੌਸ਼ਨ-ਆਭੇ, ਮੌਲੇ ਮਲੂਕੜਾ ਚਾਅ। ਅੰਬਰ-ਛੱਤ 'ਚੋਂ ਚਾਨਣ ਚੋਵੇ, ਤੇ ਬੱਦਲਾਂ ਪੱਲਿਓਂ ਨੀਰ। ਫਿਜ਼ਾ ਇੱਤਰਾਂ ਸੰਗ ਨਹਾਉਂਦੀ, ਬਣ ਬਿਰਖਾਂ ਦੀ ਤਕਦੀਰ। ਉਨ੍ਹਾਂ ਦੀ ਮਸਤਕ ਬੀਹੀ ਵਿਚ ਤੁਰਦਾ, ਤਾਰਾ ਅਨਹਦੀ ਤੋਰ। ਨੈਣੋਂ ਡੋਲੇ ਬੁੱਕਾਂ ਭਰ ਕੇ, ਸਭ ਦਰਾਂ ਲਈ ਲੋਰ। ਜ਼ਮੀਰ ਨਹੀਂ ਜਨਮ ਤੋਂ ਮਿਲਦੀ, ਇਹ ਕਮਾਉਣੀ ਪੈਂਦੀ। ਕਈ ਵਾਰ ਤਾਂ ਇਸ ਦੇ ਬਦਲੇ, ਜਿੰਦ ਵਟਾਉਣੀ ਪੈਂਦੀ। ਜ਼ਮੀਰ, ਜਿਉਣ ਦਾ ਮੂਲ-ਮੰਤਰ, ਤੇ ਜੀਵਨ ਦੀ ਜਾਚ। ਕਦੇ ਨਾ ਇਸ 'ਤੇ ਪੈਣ ਝਰੀਟਾਂ, ਕਦੇ ਨਾ ਆਵੇ ਆਚ। ਇਸ ਦੀਆਂ ਸੁੱਖਾਂ ਜੇ ਲੋਕਾਈ ਹਿਰਦੇ ਵਿਚ ਮਨਾਵੇ, ਤਾਂ ਜ਼ਮੀਰ ਦਾ ਰੰਗਲਾ ਬਿਰਖ ਵਿਹੜੇ ਦੀ ਸ਼ਾਨ ਵਧਾਵੇ।

ਜ਼ਮੀਰ ਜਦ ਮਨੁੱਖੀ ਚੇਤਨਾ ਦਾ ਹਿੱਸਾ ਬਣ ਜਾਵੇ ਤਾਂ ਮਨੁੱਖ ਸੁਚੇਤ ਹੋ, ਆਲੇ-ਦੁਆਲੇ ਵਿਚ ਵਾਪਰਦੀ ਹਰ ਕ੍ਰਿਆ/ਘਟਨਾ ਨੂੰ ਵਾਚਦਾ ਅਤੇ ਇਸ ਦੀ ਸੂਖਮਤਾ ਵਿਚੋਂ ਜੀਵਨ-ਨਾਦ ਨੂੰ ਨਿਰਦੇਸ਼ ਦਿੰਦਾ। ਪਾਕ ਜ਼ਮੀਰ ਹੀ ਔਕੜਾਂ ਅਤੇ ਕਠਿਨਾਈਆਂ ਵਿਚ ਉਸ ਦੀ ਸ਼ਕਤੀ ਬਣਦੀ।

ਕਈ ਵਾਰ ਜ਼ਮੀਰ ਨੂੰ ਜ਼ਿੰਦਾ ਰੱਖਣ ਲਈ ਪੀੜ ਦੀ ਕੁਠਾਲੀ 'ਚੋਂ ਗੁਜ਼ਰਨਾ ਜ਼ਰੂਰੀ। ਇਹ ਜ਼ਮੀਰ ਦਾ ਕ੍ਰਿਸ਼ਮਾ ਹੀ ਸੀ ਕਿ ਨਿੱਕੇ ਨਿੱਕੇ ਸਾਹਿਬਜਾਦੇ ਨੀਂਹਾਂ ਵਿਚ ਚਿਣੇ ਜਾਣ 'ਤੇ ਮਾਣ ਮਹਿਸੂਸ ਕਰਦੇ, ਖੋਪਰੀ ਲੁਹਾ ਕੇ ਮੁਸਕਰਾਉਂਦਾ ਸੀ ਭਾਈ ਤਾਰੂ ਸਿੰਘ ਅਤੇ ਸਰਬੰਸਦਾਨੀ ਨੇ ਪਰਿਵਾਰ ਨੂੰ ਵਾਰ ਕੇ ਸ਼ੁਕਰਗੁਜ਼ਾਰੀ ਵਿਚੋਂ ਜੀਵਨ ਨੂੰ ਨਵੇਂ ਸਿਰੇ ਤੋਂ ਵਿਉਂਤਿਆ।

ਜ਼ਮੀਰ ਤਾਂ ਜਾਗਦੀ ਜੇ ਸਾਡਾ ਅੰਤਰੀਵ ਜਾਗਦਾ। ਇਹ ਅੰਦਰੂਨੀ ਤਾਕਤ ਦਾ ਪ੍ਰਚੰਡ ਰੂਪ। ਸਰੀਰਕ ਮਜ਼ਬੂਤੀ ਜਾਂ ਕਮਜ਼ੋਰੀ ਦਾ ਪ੍ਰਗਟਾਵਾ ਨਹੀਂ। ਅੰਦਰੋਂ ਮਜ਼ਬੂਤ ਹੋਣ ਵਾਲੇ ਲੋਕਾਂ ਦੀ ਜਾਗਦੀ ਜ਼ਮੀਰ ਹਾਥੀਆਂ ਨਾਲ ਵੀ ਮੁਕਾਬਲਾ ਕਰਦੀ। ਕੁਝ ਕੁ ਯੋਧੇ ਹਜ਼ਾਰਾਂ ਦੁਸ਼ਮਣਾਂ ਸਾਹਮਣੇ ਢਾਲ ਬਣ ਖੜੋਂਦੇ। ਅੰਦਰ ਨੂੰ ਮਜ਼ਬੂਤ ਕਰੋ, ਬਾਹਰੀ ਮਜ਼ਬੂਤੀ ਇਸ ਦੀ ਮੁਥਾਜ ਆ।

ਮਰੀ ਹੋਈ ਜ਼ਮੀਰ ਨੂੰ ਜਾਗਦੀ ਜ਼ਮੀਰ ਵਿਚ ਬਦਲਣ ਦਾ ਕ੍ਰਿਸ਼ਮਾ ਜਦ ਖਾਲਸਾ ਸਿਰਜਣਾ ਰਾਹੀਂ ਪ੍ਰਗਟ ਹੁੰਦਾ ਤਾਂ ਕੋਈ ਕਿਆਸ ਵੀ ਨਹੀਂ ਸਕਦਾ ਕਿ ਇਹ ਕੌਮ ਜ਼ਾਬਰਾਂ ਦੀਆਂ ਜ਼ਰਬਾਂ ਨੂੰ ਮਸਲਣ ਅਤੇ ਆਪਣੀ ਖੁਦੀ ਨੂੰ ਪ੍ਰਚੰਡ ਕਰਨ ਵਿਚ ਨਵੀਂ ਬੁਲੰਦਗੀ ਦਾ ਸਿਰਨਾਵਾਂ ਬਣੇਗੀ।

ਕੌਮ ਦੀ ਤਕਦੀਰ ਉਦੋਂ ਹੀ ਬਦਲਦੀ ਜਦ ਕੌਮ ਦੇ ਵਾਰਸਾਂ ਦੀ ਜ਼ਮੀਰ ਨੂੰ ਹੋਂਦ ਦਾ ਅਹਿਸਾਸ ਹੁੰਦਾ। ਉਹ ਆਪਣੀ ਹੋਣੀ ਤੇ ਹੋਂਦ ਨੂੰ ਨਵੀਂ ਪਰਿਭਾਸ਼ਾ ਦਿੰਦੇ।

ਜ਼ਮੀਰ ਦੀ ਜ਼ਿਆਰਤ ਕਰਨ ਵਾਲੇ, ਆਪਣੇ ਜੀਵਨ ਦੇ ਖੁਦ ਸਿਰਜਣਹਾਰੇ। ਜ਼ਮੀਰ ਹੀ ਮਿਥਦੀ ਏ ਕਿ ਮਨੁੱਖ ਕਿਹੋ ਜਿਹਾ ਏ? ਉਸ ਦੀ ਔਕਾਤ ਤੇ ਅਹਿਲੇਪਣ ਦੇ ਕੀ ਅਰਥ ਨੇ?

ਜ਼ਮੀਰ ਸੁੱਤੀ ਹੁੰਦੀ ਤਾਂ ਮਨੁੱਖ ਦੀ ਪਸੂ-ਬਿਰਤੀ ਜਾਗਦੀ। ਜ਼ਬਰ-ਜਨਾਹ, ਕਤਲ, ਕੁਕਰਮ ਤੇ ਕੁਲਹਿਣੇ ਵਿਚਾਰ, ਕਰਮ-ਧਰਾਤਲ ਬਣਦੇ। ਜਦ ਜ਼ਮੀਰ ਨੂੰ ਕੋਈ ਹਲੂਣਦਾ ਤਾਂ ਉਹ ਇਨਸਾਨੀਅਤ ਦਾ ਪੈਰੋਕਾਰ ਬਣ, ਇਨਸਾਨ ਬਣਨ ਦੇ ਰਾਹ ਤੁਰਦਾ।

ਕੁਝ ਲੋਕ ਅੱਖਾਂ ਖੁੱਲ੍ਹੀਆਂ ਰੱਖ ਕੇ ਵੀ ਅੰਨ੍ਹੇ ਹੁੰਦੇ, ਜਦਕਿ ਕੁਝ ਜੋਤ-ਹੀਣ ਹੋ ਕੇ ਚਾਰ-ਚੁਫੇਰੇ ਦੀ ਨਜ਼ਰ ਰੱਖਦੇ। ਜਿੰਦਾ ਜ਼ਮੀਰਾਂ ਦੇ ਫੈਸਲੇ, ਕੌਮਾਂ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਦੇ।

ਜ਼ਮੀਰ ਦੀ ਅਵੱਗਿਆ ਨਾਲੋਂ ਮੌਤ ਦੀ ਤੰਦੀ 'ਤੇ ਲਟਕਣਾ ਜਦ ਕਿਸੇ ਵਿਅਕਤੀ ਦੀ ਤਰਜ਼ੀਹ ਬਣ ਜਾਵੇ ਤਾਂ ਹਾਕਮ ਦੇ ਪੈਰਾਂ ਹੇਠੋਂ ਮਿੱਟੀ ਖਿਸਕਣੀ ਸ਼ੁਰੂ ਹੋ ਜਾਂਦੀ। ਜ਼ਮੀਰ, ਇਨਕਲਾਬ ਦੀ ਨੀਂਹ ਹੁੰਦੀ।

ਜ਼ਮੀਰ, ਧਿਆਨ ਅਤੇ ਸ਼ਕਤੀ ਨੂੰ ਸਾਕਾਰਾਤਮਕ ਰੂਪ ਵਿਚ ਸੁਚਾਰੂ ਉਦਮ ਲਈ ਵਰਤਦਿਆਂ ਨਵੀਆਂ ਪ੍ਰਾਪਤੀਆਂ ਸਿਰਜੀਆਂ ਜਾਂਦੀਆਂ। ਇਤਿਹਾਸ ਸਿਰਫ ਜਾਗਦੀ ਜ਼ਮੀਰ ਵਾਲੇ ਲੋਕ ਹੀ ਸਿਰਜਦੇ। ਮਰੀ ਜ਼ਮੀਰ ਵਾਲੇ ਤਾਂ ਕਬਰਾਂ ਹੁੰਦੇ ਜਿਸ 'ਤੇ ਕੋਈ ਦੀਵਾ ਵੀ ਨਹੀਂ ਜਗਾਉਂਦਾ।

ਜ਼ਮੀਰ ਨੂੰ ਜਿਉਂਦੀ ਰੱਖਣਾ, ਤੁਸੀਂ ਹਮੇਸ਼ਾ ਜਿਉਂਦੇ ਰਹੋਗੇ।

***ਜਿਉਂਦੀ ਜ਼ਮੀਰ ਤਾਂ ਆਤਮਾ ਜਾਗੇ, ਸੱਚ ਭਰੇ ਅੰਗੜਾਈ।
ਸਾਹਾਂ ਦੀ ਨਗਰੀ ਵਿਚ ਵਸੇਂਦੀ, ਮਹਿਕਾਂ ਦੀ ਹਰਜ਼ਾਈ।
ਸਮਿਆਂ ਦੀ ਤੰਦੀ 'ਤੇ ਪੈਂਦੇ, ਸੁੱਚੇ ਤੰਦ ਲੰਮੇਰੇ।
ਉਨ੍ਹਾਂ ਦੇ ਮਸਤਕ ਬਨੇਰਿਓਂ, ਉਤਰਨ ਸੁਰਖ-ਸਵੇਰੇ।
ਘਰ ਦੀਆਂ ਕੰਧਾਂ ਲਈ ਬਣਨ, ਉਹ ਸੱਚੀਆਂ ਅਰਦਾਸਾਂ।
ਹਰ ਕਮਰੇ ਤੇ ਹਰ ਨੁੱਕਰ ਵਿਚ, ਨਿੱਤ ਉਗਾਵਣ ਆਸਾਂ।
ਵਿਹੜੇ ਦੀ ਵਡਿਆਈ ਬਣਦੇ, ਦਰਾਂ 'ਤੇ ਬੰਨੇ ਪੱਤੇ।
ਸਿਰੀਂ ਉਨ੍ਹਾਂ ਦੇ ਸੋਹਣ ਦਸਤਾਰਾਂ, ਤੇ ਸਾਲੂ ਸੰਗਾਂ ਰੱਤੇ।
ਮਾਂਵਾਂ ਦੀਆਂ ਮੰਨਤਾਂ ਦੀ ਹੁੰਦੇ, ਉਹ ਅਜ਼ਲੀ ਦੁਆ।
ਘਰ-ਚਿਰਾਗ ਦੀ ਰੌਸ਼ਨ-ਆਭੇ, ਮੌਲੇ ਮਲੂਕੜਾ ਚਾਅ।
ਅੰਬਰ-ਛੱਤ 'ਚੋਂ ਚਾਨਣ ਚੋਵੇ, ਤੇ ਬੱਦਲਾਂ ਪੱਲਿਓਂ ਨੀਰ।
ਫਿਜ਼ਾ ਇੱਤਰਾਂ ਸੰਗ ਨਹਾਉਂਦੀ, ਬਣ ਬਿਰਖਾਂ ਦੀ ਤਕਦੀਰ।
ਉਨ੍ਹਾਂ ਦੀ ਮਸਤਕ ਬੀਹੀ ਵਿਚ ਤੁਰਦਾ, ਤਾਰਾ ਅਨਹਦੀ ਤੋਰ।
ਨੈਣੋਂ ਡੋਲੇ ਬੁੱਕਾਂ ਭਰ ਕੇ, ਸਭ ਦਰਾਂ ਲਈ ਲੋਰ।
ਜ਼ਮੀਰ ਨਹੀਂ ਜਨਮ ਤੋਂ ਮਿਲਦੀ, ਇਹ ਕਮਾਉਣੀ ਪੈਂਦੀ।
ਕਈ ਵਾਰ ਤਾਂ ਇਸ ਦੇ ਬਦਲੇ, ਜਿੰਦ ਵਟਾਉਣੀ ਪੈਂਦੀ।
ਜ਼ਮੀਰ, ਜਿਉਣ ਦਾ ਮੂਲ-ਮੰਤਰ, ਤੇ ਜੀਵਨ ਦੀ ਜਾਚ।
ਕਦੇ ਨਾ ਇਸ 'ਤੇ ਪੈਣ ਝਰੀਟਾਂ, ਕਦੇ ਨਾ ਆਵੇ ਆਚ।***

# ਸਥਾਪਤ-ਸੰਸਥਾਗਤ ਧਰਮ ਬਨਾਮ ਧਰਮ ਅਤੇ ਇਨਸਾਨੀਅਤ

***ਦੁਨੀਆਂ ਵਿਚ ਸ਼ਾਇਦ ਹੀ ਕਿਸੇ ਧਰਮ ਦੇ ਬਾਨੀ ਮਹਾਂਪੁਰਖ ਨੇ ਧਰਮ ਨੂੰ ਵਲਗਣਾਂ ਵਿਚ ਕੈਦ ਕਰਨ ਜਾਂ ਦੂਜੇ ਧਰਮਾਂ ਦੇ ਲੋਕਾਂ ਨਾਲ ਨਫਰਤ ਕਰਨ ਦੀ ਗੱਲ ਕੀਤੀ ਹੋਵੇ। ਸ਼ੁਰੂ ਵਿਚ ਹਰ ਧਰਮ ਬੰਧਨਾਂ ਦੀ ਕੈਦ ਤੋਂ ਮੁਕਤ ਹੁੰਦਾ ਹੈ, ਪਰ ਹੌਲੀ ਹੌਲੀ ਸਵਾਰਥੀ ਹਿੱਤ ਉਸ ਨੂੰ ਵਲਗਣਾਂ ਵਿਚ ਕੈਦ ਕਰ ਲੈਂਦੇ ਹਨ। ਇਹੋ ਕੈਦ ਹੀ ਧਰਮ ਨੂੰ ਸਥਾਪਤੀ ਦਾ ਧਰਮ ਬਣਾ ਦਿੰਦੀ ਹੈ। ਇਸ ਲੇਖ ਵਿਚ ਨੰਦ ਸਿੰਘ ਬਰਾੜ ਨੇ ਵਿਸ਼ਵ ਧਰਮਾਂ ਦੇ ਸੰਦਰਭ ਵਿਚ ਇਤਿਹਾਸ ਦੀਆਂ ਪਰਤਾਂ ਫਰੋਲਦਿਆਂ ਪੁਣ-ਛਾਣ ਕੀਤੀ ਹੈ ਕਿ ਕਿਵੇਂ ਸਮੁੱਚੇ ਸੰਸਾਰ ਨੂੰ ਬੇਗਮਪੁਰਾ ਬਣਿਆ ਲੋਚਣ ਵਾਲਾ ਸੱਚਾ-ਸੁੱਚਾ ਸਿੱਖ ਧਰਮ ਵੀ ਹੁਣ ਸਥਾਪਤ ਧਰਮ ਬਣ ਕੇ ਰਹਿ ਗਿਆ ਹੈ, ਜਿਸ ਦੀ ਸ਼ੁਰੂਆਤ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ ਹੋਈ ਹੈ। ਇਹ ਲੰਮਾ ਲੇਖ ਅਸੀਂ ਦੋ ਕਿਸ਼ਤਾਂ ਵਿਚ ਛਾਪ ਰਹੇ ਹਾਂ। ਪੇਸ਼ ਹੈ, ਪਹਿਲੀ ਕਿਸ਼ਤ। -ਸੰਪਾਦਕ***

ਪਹਿਲੀ ਨਜ਼ਰੇ ਦੇਖਿਆਂ ਸਥਾਪਤ ਧਰਮ ਅਤੇ ਨਿਰੋਲ ਧਰਮ ਵਿਚ ਭਾਵੇਂ ਫਰਕ ਨਹੀਂ ਲਗਦਾ, ਪਰ ਗੌਰ ਨਾਲ ਦੇਖਿਆਂ ਇਨ੍ਹਾਂ ਵਿਚ ਬਹੁਤ ਅੰਤਰ ਹੁੰਦਾ ਹੈ ਤੇ ਬਹੁਤੀ ਵਾਰ ਤਾਂ ਇਹ ਇਕ ਦੂਜੇ ਦੇ ਵਿਰੁਧ ਖੜੇ ਨਜ਼ਰ ਆਉਂਦੇ ਹਨ। ਇਹ ਠੀਕ ਹੈ ਕਿ ਧਰਮ ਦਾ ਨਾਂ ਸੁਣ ਕੇ ਹਰੇਕ ਦੇ ਮਨ ਵਿਚ ਸਕੂਨ ਮਹਿਸੂਸ ਹੁੰਦਾ ਹੈ ਅਤੇ ਲਗਦਾ ਹੈ ਜਿਵੇਂ ਉਸ ਦਾ ਆਪਣਾ ਧਰਮ ਭਾਵ ਆਪਣਾ ਸਥਾਪਤ ਧਰਮ ਹੀ ਅਸਲ ਧਰਮ ਹੈ।

ਸਥਾਪਤ ਧਰਮ ਕਿਸੇ ਇਕ ਜਾਂ ਦੂਜੇ ਵਰਗ ਜਾਂ ਸੱਭਿਆਚਾਰ ਲਈ ਹੁੰਦਾ ਹੈ ਅਤੇ ਇਹ ਉਸ ਵਰਗ ਦੀ ਅੰਦਰੂਨੀ ਤੇ ਬਾਹਰੀ ਸ਼ੈਲੀ ਨੂੰ ਦਰਸਾਉਂਦਾ ਹੈ, ਜਿਵੇਂ ਉਸ ਸਥਾਪਤ ਧਰਮ ਦੇ ਪ੍ਰਾਣੀਆਂ ਨੇ ਕਿਵੇਂ ਰਹਿਣਾ ਹੈ, ਕੀ ਖਾਣਾ ਹੈ, ਕਿਸ ਤਰ੍ਹਾਂ ਦਾ ਪਹਿਰਾਵਾ ਪਹਿਨਣਾ ਹੈ, ਕਿਸ ਤਰ੍ਹਾਂ ਜੀਵਨ ਦੇ ਬਾਕੀ ਕਾਰ ਵਿਹਾਰ ਅਤੇ ਸੰਸਕਾਰ ਕਰਨੇ ਹਨ, ਕਿਸ ਤਰ੍ਹਾਂ ਆਪਣੇ ਇਸ਼ਟ ਦੀ ਪੂਜਾ ਅਰਚਨਾ ਕਰਨੀ ਹੈ। ਸਭ ਤੋਂ ਅਹਿਮ

**ਨੰਦ ਸਿੰਘ ਬਰਾੜ**
**ਵਟਸਐਪ: 916-501-3974**
**nandsbrar@gmail.com**

ਕਿ ਕਿਸ ਤਰ੍ਹਾਂ ਬਾਕੀ ਸੰਸਾਰ ਨਾਲੋਂ ਆਪਣੀ ਵੱਖਰੀ ਹੋਂਦ ਬਣਾ ਕੇ ਰੱਖਣੀ ਹੈ।

ਜਿਥੇ ਨਿਰੋਲ ਧਰਮ ਸਮੁੱਚੀ ਮਾਨਵਤਾ ਵਿਚ ਪ੍ਰੇਮ ਪਿਆਰ ਅਤੇ ਇਕਸੁਰਤਾ ਬਣਾ ਕੇ ਸਮੁੱਚੇ ਸੰਸਾਰ ਨੂੰ ਬੇਗਮਪੁਰਾ ਬਣਿਆ ਲੋਚਦਾ ਹੈ, ਉਥੇ ਸਥਾਪਤ ਧਰਮ ਮਾਨਵਤਾ ਨੂੰ ਧੜਿਆਂ ਵਿਚ ਵੰਡਦਾ ਹੈ। ਸਮੁੱਚੀ ਦੁਨੀਆਂ ਦੇ ਸਾਰੇ ਸਥਾਪਤ ਧਰਮਾਂ ਦੇ ਸਿਧਾਂਤ ਭਾਵੇਂ ਦੇਖਣ ਨੂੰ ਸੱਚੇ ਸੁੱਚੇ ਧਰਮ ਵਾਲੇ ਹੀ ਲਗਦੇ ਹਨ, ਪਰ ਹਕੀਕਤ ਵਿਚ ਉਹ ਓਦਾਂ ਦੇ ਬਣ ਜਾਂਦੇ ਹਨ ਜਿਵੇਂ ਪੁਜਾਰੀ ਕਹਿੰਦਾ ਹੈ ਅਤੇ ਹੌਲੀ ਹੌਲੀ ਪੁਜਾਰੀ ਹੀ ਧਰਮ ਦਾ ਸਭ ਕੁਝ ਬਣ ਜਾਂਦਾ ਹੈ (ਪੁਜਾਰੀ ਦਾ ਨਾਂ ਕੋਈ ਵੀ ਹੋ ਸਕਦਾ ਹੈ, ਜੋ ਸਥਾਪਤ ਧਰਮ ਅਨੁਸਾਰ ਬਦਲਦਾ ਰਹਿੰਦਾ ਹੈ)। ਧਰਮ ਜਦੋਂ ਪੂਰੀ ਤਰ੍ਹਾਂ ਸਥਾਪਤ ਹੋ ਜਾਂਦਾ ਹੈ ਤਾਂ ਪੈਰੋਕਾਰ ਤੇ ਆਮ ਲੋਕ, ਜਿਨ੍ਹਾਂ ਲਈ ਮਹਾਂਪੁਰਖਾਂ ਨੇ ਕੁਰਬਾਨੀਆਂ ਕੀਤੀਆਂ, ਅਣਗੌਲੇ ਹੋ ਜਾਂਦੇ ਹਨ। ਇਸ ਤੋਂ ਵੀ ਅੱਗੇ ਜਦੋਂ ਮੌਕੇ ਦੀ ਹਕੂਮਤ ਦੀ ਮਿਲੀਭੁਗਤ ਨਾਲ ਸਥਾਪਤ ਧਰਮ ਇਕ ਸੰਸਥਾਗਤ ਧਰਮ ਬਣ ਜਾਂਦਾ ਹੈ ਤਾਂ ਆਮ ਲੋਕ ਉਸ ਵਿਚੋਂ ਲਗਪਗ ਮਨਫੀ ਹੋ ਜਾਂਦੇ ਹਨ ਤੇ ਸੰਸਥਾਗਤ ਧਰਮ ਦੀ ਸਾਰੀ ਤਾਕਤ ਸਿਰਫ ਕੁਝ ਲੋਕਾਂ ਦੇ ਹੱਥਾਂ ਵਿਚ ਆ ਜਾਂਦੀ ਹੈ।

ਸਥਾਪਤ ਧਰਮ ਦੇ ਉਲਟ ਸੱਚਾ ਧਰਮ ਸਮੁੱਚੀ ਮਾਨਵਤਾ ਲਈ ਸਰਬ ਸਾਂਝਾ ਹੁੰਦਾ ਹੈ। ਅਸਲ ਵਿਚ ਇਹ ਇਕ ਸੱਚੇ ਸੁੱਚੇ ਜਜ਼ਬੇ ਦਾ ਅਹਿਸਾਸ ਹੈ, ਜੋ ਸਮੁੱਚੀ ਦੁਨੀਆਂ ਦੇ ਹਰ ਮਨੁੱਖ ਵਿਚ ਜਮਾਂਦਰੂ ਹੁੰਦਾ ਹੈ। ਇਹ ਜਜ਼ਬਾ ਸਾਡੀ ਜਮੀਰ ਦੀ ਆਵਾਜ਼ ਹੁੰਦਾ ਹੈ। ਇਸ ਅਨੁਸਾਰ ਧਰਮ ਇਕ ਅਜਿਹੀ ਜੀਵਨ ਜਾਚ ਦਾ ਸੰਕਲਪ ਹੈ, ਜੋ ਸਮੁੱਚੀ ਮਾਨਵਤਾ ਦੇ ਭਲੇ ਲਈ ਹੁੰਦਾ ਹੈ, ਭਾਵ ਸੱਚ ਬੋਲਣਾ ਅਤੇ ਹਮੇਸ਼ਾ ਸੱਚੇ ਰਹਿਣਾ, ਕਿਸੇ ਦਾ ਹੱਕ ਨਾ ਮਾਰਨਾ, ਸਰਬਤ ਦਾ ਭਲਾ ਚਾਹੁਣਾ, ਨੇਕ ਕਮਾਈ ਕਰਨੀ, ਕਿਸੇ ਨਾਲ ਧੋਖਾ ਫਰੇਬ ਨਾ ਕਰਨਾ, ਸਭ ਨੂੰ ਬਰਾਬਰ ਸਮਝਦਿਆਂ ਕਿਸੇ ਤਰ੍ਹਾਂ ਦਾ ਭਿੰਨ ਭੇਦ ਨਾ ਕਰਨਾ ਆਦਿ।

ਇਸ ਤਰ੍ਹਾਂ ਦੇ ਜਜ਼ਬੇ ਨਾਲ ਮਨੁੱਖ ਦੀ ਨਸਲ, ਕੌਮ, ਦੇਸ਼, ਧਰਮ, ਮਜ਼ਹਬ, ਰੰਗ, ਲਿੰਗ ਆਦਿ ਦਾ ਕੋਈ ਸਬੰਧ ਨਹੀਂ ਹੁੰਦਾ। ਇਥੋਂ ਤੱਕ ਕਿ ਰੱਬ ਦੀ ਹੋਂਦ ਵਿਚ ਵਿਸ਼ਵਾਸ ਰੱਖਣ ਜਾਂ ਨਾ ਰੱਖਣ ਨਾਲ ਵੀ ਇਸ ਜਜ਼ਬੇ 'ਤੇ ਕੋਈ ਪ੍ਰਭਾਵ ਨਹੀਂ ਪੈਂਦਾ। ਹਰ ਮਨੁੱਖ ਦੀ ਅੰਤਰ ਆਤਮਾ ਦੀ ਆਵਾਜ਼ ਵਾਲਾ ਇਹ ਸੱਚਾ ਧਰਮ ਉਦੋਂ ਤੱਕ ਸਹੀ ਅਰਥਾਂ ਵਿਚ ਧਰਮ ਰਹਿੰਦਾ ਹੈ, ਜਦੋਂ ਤੱਕ ਉਹ ਕਿਸੇ ਇਕ ਵਰਗ ਨਾਲ ਸਬੰਧਤ ਇਕ ਖਾਸ ਨਾਂ ਵਾਲੇ ਧਰਮ ਜਿਵੇਂ ਈਸਾਈ, ਮੁਸਲਮਾਨ, ਹਿੰਦੂ, ਸਿੱਖ ਆਦਿ ਧਰਮ ਦਾ ਹਿੱਸਾ ਨਹੀਂ ਬਣ ਜਾਂਦਾ।

ਇਹ ਸੱਚ ਹੈ ਕਿ ਸਮੁੱਚੇ ਸੰਸਾਰ ਦੇ ਮਹਾਂਪੁਰਖਾਂ ਨੇ ਕਦੇ ਵੀ ਕੋਈ ਸਥਾਪਤ ਧਰਮ ਸ਼ੁਰੂ ਨਹੀਂ ਕੀਤਾ, ਜਿਨ੍ਹਾਂ ਨਾਲ ਉਨ੍ਹਾਂ ਦਾ ਨਾਂ ਜੁੜਦਾ ਹੈ, ਸਗੋਂ ਇਹ ਸਥਾਪਤ ਧਰਮ ਤਾਂ ਉਨ੍ਹਾਂ ਤੋਂ ਸੈਂਕੜੇ ਸਾਲ ਮਗਰੋਂ ਹੋਂਦ ਵਿਚ ਆਏ। ਇਸ ਸੱਚਾਈ ਨੂੰ ਘੋਖਣ ਵਾਸਤੇ ਸਭ ਤੋਂ ਨਵੇਂ ਧਰਮ, ਸਿੱਖ ਧਰਮ ਨੂੰ ਲੈ ਸਕਦੇ ਹਾਂ ਜਿਸ ਕੋਲ ਪੈਂਤੀ ਮਹਾਂਪੁਰਖਾਂ ਦੀ ਆਪਣੀ ਬਾਣੀ ਮੌਜੂਦ ਹੈ।

ਗੁਰਬਾਣੀ ਦੇ ਆਧਾਰ 'ਤੇ ਇਕ ਉਘੇ ਲੇਖਕ ਅਤੇ ਬੁੱਧੀਜੀਵੀ ਸ. ਹਾਕਮ ਸਿੰਘ ਨੇ 'ਪੰਜਾਬ ਟਾਈਮਜ਼' ਵਿਚ ਲਿਖੇ ਇਕ ਲੇਖ 'ਖਾਲਿਸਤਾਨ ਬਾਰੇ ਕੁਝ ਵਿਚਾਰ' ਵਿਚ ਇਸ ਗੱਲ ਨੂੰ ਚੰਗੀ ਤਰ੍ਹਾਂ ਸਪਸ਼ਟ ਕੀਤਾ ਹੈ। ਉਨ੍ਹਾਂ ਅਨੁਸਾਰ "ਖਾਲਿਸਤਾਨ ਦੀ ਸਥਾਪਨਾ ਤਾਂ ਦੂਰ ਦੀ ਗੱਲ ਹੈ, ਗੁਰਬਾਣੀ ਵਿਚ ਤਾਂ ਸਿੱਖ ਧਰਮ ਦੀ ਕੋਈ ਸੰਸਥਾ ਸੰਗਠਨ ਕਰਨ ਦਾ ਉਪਦੇਸ਼ ਵੀ ਨਹੀਂ ਹੈ। ਗੁਰੂ ਸਾਹਿਬਾਨ ਨੇ ਵੀ ਕੋਈ ਸੰਸਥਾਗਤ ਜਾਂ ਸਮਾਜਕ ਸਿੱਖ ਧਰਮ ਸਥਾਪਤ ਨਹੀਂ ਸੀ ਕੀਤਾ।" ਉਨ੍ਹਾਂ ਦੀ ਲਿਖਤ ਦੀ ਸੱਚਾਈ ਇਸ ਗੱਲ ਤੋਂ ਸਪਸ਼ਟ ਹੁੰਦੀ ਹੈ ਕਿ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਮੁੱਚੇ ਗੁਰੂ ਕਾਲ ਦੌਰਾਨ ਅਤੇ ਲਗਪਗ ਡੇਢ ਸਦੀ ਪਿੱਛੋਂ ਤੱਕ ਵੀ ਸਥਾਪਤ ਸਿੱਖ ਧਰਮ ਦਾ ਹਵਾਲਾ ਨਹੀਂ ਮਿਲਦਾ। ਇਸ ਸਬੰਧੀ ਕੁਝ ਹਵਾਲੇ ਗੁਰਬਾਣੀ ਵਿਚੋਂ ਅਤੇ ਕੁਝ ਪ੍ਰਚਲਿਤ ਸਿੱਖ ਇਤਿਹਾਸਕ ਕਥਾਵਾਂ ਵਿਚੋਂ ਲੈ ਸਕਦੇ ਹਾਂ।

ਅਸੀਂ ਆਮ ਹੀ ਕੁਝ ਪ੍ਰਚਾਰਕਾਂ ਤੋਂ ਕੂਪ੍ਰਚਾਰ ਸੁਣਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਆਪਣੇ ਧਾਰਮਕ ਪ੍ਰਚਾਰ ਦੌਰਾਨ ਸੁਨੇਹਾ ਦਿੰਦੇ ਸਨ ਕਿ ਹਰ ਮੁਸਲਮਾਨ ਨੂੰ ਪੱਕਾ ਮੁਸਲਮਾਨ ਅਤੇ ਹਰ ਹਿੰਦੂ ਨੂੰ ਪੂਰਾ ਹਿੰਦੂ ਬਣਨਾ ਚਾਹੀਦਾ ਹੈ, ਪ੍ਰੰਤੂ ਗੁਰੂ ਜੀ ਨੇ ਬਾਣੀ ਰਾਹੀਂ ਹਰ ਮਨੁੱਖ ਨੂੰ ਕਿਸੇ ਸਥਾਪਤ ਧਰਮ ਦੀਆਂ ਪਰੰਪਰਾਵਾਂ ਅਤੇ ਕਰਮ-ਕਾਂਡਾਂ ਅਨੁਸਾਰ ਪੱਕੇ ਰਹਿਣ ਦੀ ਥਾਂ ਸ਼ੁਭ ਕਰਮਾਂ ਤੇ ਉਚੇ ਆਚਰਣ ਉਤੇ ਚਲਣ 'ਤੇ ਜ਼ੋਰ ਦਿੱਤਾ। ਜਿਵੇਂ ਇਸਲਾਮ ਵਿਚ ਹਰ ਮੁਸਲਮਾਨ ਲਈ ਪੰਜ ਵਕਤ ਦੀ ਨਮਾਜ ਅਦਾ ਕਰਨੀ ਜਰੂਰੀ ਧਾਰਮਕ ਕਰਮ ਗਿਣਿਆ ਜਾਂਦਾ ਹੈ, ਪਰ ਗੁਰੂ ਜੀ ਨੇ ਇਸ ਪਰੰਪਰਾ ਨੂੰ ਝੂਠਾ ਅਡੰਬਰ ਦੱਸਦਿਆਂ ਹੇਠ ਲਿਖੇ ਅਨੁਸਾਰ ਵਿਹਾਰ ਕਰਨ ਦੀ ਸਿਖਿਆ ਦਿੱਤੀ:

ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥
ਪਹਿਲਾ ਸਚੁ ਹਲਾਲ ਦੁਇ
ਤੀਜਾ ਖੈਰ ਖੁਦਾਇ॥
ਚਉਥੀ ਨੀਅਤਿ ਰਾਸਿ ਮਨੁ
ਪੰਜਵੀ ਸਿਫਤਿ ਸਨਾਇ॥
ਕਰਣੀ ਕਲਮਾ ਆਖਿ ਕੈ
ਤਾਂ ਮੁਸਲਮਾਣੁ ਸਦਾਇ॥
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ॥

ਇਸੇ ਤਰ੍ਹਾਂ ਹਿੰਦੂਆਂ ਦੀ ਬਹੁਤ ਹੀ ਪਵਿੱਤਰ ਰਸਮ, ਜੋ ਹਰ ਹਿੰਦੂ ਲਈ ਲਾਜ਼ਮੀ ਸੀ ਤੇ ਹੈ, ਜਨੇਊ ਧਾਰਨ ਕਰਨ ਨੂੰ ਵੀ ਗੁਰੂ ਸਾਹਿਬ ਨੇ ਇਕ ਫੋਕੀ ਰਸਮ ਗਰਦਾਨਿਆ:

ਚਉਕੜਿ ਮੁਲਿ ਅਣਾਇਆ
ਬਹਿ ਚਉਕੈ ਪਾਇਆ॥
ਸਿਖਾ ਕੰਨਿ ਚੜਾਈਆ
ਗੁਰੁ ਬ੍ਰਾਹਮਣੁ ਥੀਆ॥
ਓਹੁ ਮੁਆ ਓਹੁ ਝੜਿ ਪਇਆ
ਵੇਤਗਾ ਗਇਆ॥

ਇਹੀ ਨਹੀਂ, ਉਨ੍ਹਾਂ ਇਸ ਦੀ ਥਾਂ ਅਸਲੀ ਜਨੇਊ ਭਾਵ ਹਰ ਮਨੁੱਖ ਨੂੰ ਉਚੇ ਸੁੱਚੇ ਇਖਲਾਕ ਅਤੇ ਸਦਾਚਾਰਕ ਕਦਰਾਂ-ਕੀਮਤਾਂ ਵਲ ਪ੍ਰੇਰਿਆ:

ਦਇਆ ਕਪਾਹ ਸੰਤੋਖੁ ਸੂਤੁ
ਜਤੁ ਗੰਢੀ ਸਤੁ ਵਟੁ॥
ਇਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥
ਨਾ ਇਹੁ ਤੁਟੈ ਨ ਮਲੁ ਲਗੈ
ਨਾ ਇਹੁ ਜਲੈ ਨ ਜਾਇ॥
ਧੰਨੁ ਸੁ ਮਾਣਸ ਨਾਨਕਾ
ਜੋ ਗਲਿ ਚਲੇ ਪਾਇ॥

ਗੁਰੂ ਜੀ ਨੇ ਇਨ੍ਹਾਂ ਦੋਹਾਂ ਸਥਾਪਤ ਧਰਮਾਂ ਦੇ ਹੀ ਥੋਥੇਪਨ ਨੂੰ ਉਜਾਗਰ ਨਹੀਂ ਕੀਤਾ, ਸਗੋਂ ਉਸ ਸਮੇਂ ਦੇ ਸਾਰੇ ਸਥਾਪਤ ਧਰਮਾਂ ਨੂੰ ਮਾਨਵਤਾ ਲਈ ਉਜਾੜੇ ਦਾ ਰਾਹ ਦੱਸਿਆ:

ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਹਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥
ਤੀਨੇ ਓਜਾੜੇ ਕਾ ਬੰਧੁ॥

ਗੁਰਬਾਣੀ ਦੇ ਇਨ੍ਹਾਂ ਹਵਾਲਿਆਂ ਤੋਂ ਸਪਸ਼ਟ ਹੈ ਕਿ ਗੁਰੂ ਜੀ ਨੇ ਉਸ ਸਮੇਂ ਦੇ ਸਥਾਪਤ ਧਰਮਾਂ ਦੇ ਝੂਠੇ ਵਿਖਾਵੇ ਅਤੇ ਕਰਮ-ਕਾਂਡ ਦਾ ਸਿਰਫ ਪੋਲ ਹੀ ਨਹੀਂ ਖੋਲ੍ਹਿਆ, ਸਗੋਂ ਉਨ੍ਹਾਂ ਨੂੰ ਮਾਨਵਤਾ ਲਈ ਉਜਾੜੇ ਦੇ ਜਿੰਮੇਵਾਰ ਵੀ ਗਰਦਾਨਿਆ। ਐਸੇ ਵਿਚ ਉਨ੍ਹਾਂ ਵਲੋਂ ਕੋਈ ਹੋਰ ਸਥਾਪਤ ਧਰਮ ਸ਼ੁਰੂ ਕਰਨ ਬਾਰੇ ਸੋਚਣਾ ਵੀ ਸਿਆਣਪ ਨਹੀਂ ਲੱਗਦੀ।

ਗੁਰਬਾਣੀ ਤੋਂ ਬਿਨਾ ਹੇਠ ਲਿਖੀਆਂ ਕੁਝ ਪ੍ਰਚਲਿਤ ਸਿੱਖ ਇਤਿਹਾਸਕ ਕਥਾਵਾਂ ਵੀ ਇਹੀ ਦੱਸਦੀਆਂ ਹਨ ਕਿ ਸਥਾਪਤ ਸਿੱਖ ਧਰਮ ਦੀ ਸਥਾਪਨਾ ਗੁਰੂ ਕਾਲ ਦੌਰਾਨ ਨਹੀਂ, ਸਗੋਂ ਪਿੱਛੋਂ ਜਾ ਕੇ ਹੋਈ ਹੈ।

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਬੰਧੀ ਜਹਾਂਗੀਰ ਬਾਦਸ਼ਾਹ ਦੀ ਡਾਇਰੀ (ਤੁਜ਼ਕ-ਏ-ਜਹਾਂਗੀਰੀ) ਦਾ ਹਵਾਲਾ ਦਿੱਤਾ ਜਾਂਦਾ ਹੈ, ਜਿਸ ਵਿਚ ਉਸ ਨੇ ਲਿਖਿਆ ਸੀ ਕਿ ਹਿੰਦੂਆਂ ਦਾ ਇਕ ਪੀਰ ਬਹੁਤ ਸਾਰੇ ਹਿੰਦੂਆਂ ਨੂੰ ਆਪਣੇ ਮਗਰ ਲਾਈ ਫਿਰਦਾ ਹੈ। ਇਥੋਂ ਤੱਕ ਕਿ ਕੁਝ ਅਨਭੋਲ ਮੁਸਲਮਾਨ ਵੀ ਉਸ ਦੇ ਛਲਾਵੇ ਵਿਚ ਆਏ ਹੋਏ ਹਨ। ਇਸ ਲਈ ਉਸ ਦੀ ਇਹ ਝੂਠ ਦੀ ਦੁਕਾਨ ਬੰਦ ਕਰਾਉਣੀ ਚਾਹੀਦੀ ਹੈ। (ਡਾਇਰੀ ਵਿਚ ਸਿੱਖ ਧਰਮ ਦਾ ਵੇਰਵਾ ਨਹੀਂ ਮਿਲਦਾ)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਮੰਨੀਆਂ ਪ੍ਰਮੰਨੀਆਂ ਸਿੱਖ ਸੰਪਰਦਾਵਾਂ ਅਤੇ ਸੰਤ ਸਮਾਜ ਵਲੋਂ ਸ. ਸੰਤੋਖ ਸਿੰਘ ਰਚਿਤ 'ਸੂਰਜ ਪ੍ਰਕਾਸ਼ ਗ੍ਰੰਥ' ਇਕ ਪ੍ਰਮਾਣਿਕ ਇਤਿਹਾਸਕ ਗ੍ਰੰਥ ਮੰਨਿਆ ਜਾਂਦਾ ਹੈ, ਜਿਸ ਵਿਚ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਵਾਕਿਆ ਬਿਆਨ ਕਰਦਿਆਂ ਸ. ਸੰਤੋਖ ਸਿੰਘ ਔਰੰਗਜ਼ੇਬ ਦੀਆਂ ਤਿੰਨ ਸ਼ਰਤਾਂ ਦੀ ਗੱਲ ਕਰਦੇ ਹਨ। ਪਹਿਲੀ, ਇਸਲਾਮ ਧਰਮ ਕਬੂਲਣਾ; ਦੂਜੀ, ਕੋਈ ਕਰਾਮਾਤ ਕਰਕੇ ਵਖਾਉਣੀ ਅਤੇ ਤੀਜੀ, ਮੌਤ ਕਬੂਲ ਕਰਨੀ। ਪਹਿਲੀ ਸ਼ਰਤ ਸਬੰਧੀ ਸੰਤੋਖ ਸਿੰਘ ਗੁਰੂ ਜੀ ਦੇ ਮੂੰਹੋਂ ਅਖਵਾਉਂਦੇ ਹਨ ਕਿ ਮੈਂ ਆਪਣਾ ਹਿੰਦੂ ਧਰਮ ਨਹੀਂ ਛੱਡਣਾ, ਜੋ ਸਮੁੱਚੀ ਸ੍ਰਿਸ਼ਟੀ ਦਾ ਸ੍ਰੇਸ਼ਟ ਧਰਮ ਹੈ।

ਸਾਡੇ ਇਤਿਹਾਸ ਵਿਚ ਚਮਕੌਰ ਦੀ ਗੜ੍ਹੀ ਦੀ ਅਸਾਵੀਂ ਜੰਗ ਬਹੁਤ ਵਿਚਿੱਤਰ ਅਤੇ ਅਹਿਮ ਜੰਗ ਹੈ। ਇਸ ਜੰਗ ਵਿਚ ਗੁਰੂ ਗੋਬਿੰਦ ਸਿੰਘ ਜੀ ਸਿਰਫ 40 ਸਿੰਘਾਂ ਨਾਲ ਦੁਸ਼ਮਣ ਦੀ ਲੱਖਾਂ ਦੀ ਫੌਜ ਦਾ ਮੁਕਾਬਲਾ ਸਵੇਰੇ ਤੋਂ ਸ਼ਾਮ ਤੱਕ ਕਰਦੇ ਰਹੇ, ਪਰ ਦੁਸ਼ਮਣ ਨੂੰ ਗੜ੍ਹੀ ਦੇ ਨੇੜੇ ਨਾ ਢੁਕਣ ਦਿੱਤਾ। ਇਸ ਘਮਸਾਣ ਦੀ ਜੰਗ ਵਿਚ ਬਹੁਤ ਸਾਰੇ ਸਿੰਘ ਅਤੇ ਗੁਰੂ ਜੀ ਦੇ ਦੋਵੇਂ ਵੱਡੇ ਪੁੱਤਰ ਵੀ ਸ਼ਹੀਦ ਹੋ ਗਏ। ਐਸੇ ਹਾਲਾਤ ਵਿਚ ਸਿੰਘਾਂ ਨੇ ਸੋਚਿਆ ਕਿ ਗੁਰੂ ਜੀ ਨੂੰ ਉਥੋਂ ਸੁਰੱਖਿਅਤ ਕੱਢ ਦਿੱਤਾ ਜਾਵੇ ਤਾਂ ਜੋ ਉਹ ਫਿਰ ਤੋਂ ਤਿਆਰੀ ਕਰ ਸਕਣ। ਇਸ ਲਈ ਪੰਜ ਸਿੰਘਾਂ ਨੇ ਇਕੱਠੇ ਹੋ ਕੇ ਪੰਜ ਪਿਆਰਿਆਂ ਦੇ ਰੂਪ ਵਿਚ ਗੁਰੂ ਜੀ ਨੂੰ ਗੜ੍ਹੀ ਛੱਡਣ ਦੀ ਹਦਾਇਤ ਕਰ ਦਿੱਤੀ, ਜੋ ਗੁਰੂ ਜੀ ਨੂੰ ਮੰਨਣੀ ਪਈ। ਇਸ ਤਰ੍ਹਾਂ ਹਨੇਰੇ ਹੋਏ ਤੋਂ ਗੁਰੂ ਜੀ ਦੋ ਸਿੰਘਾਂ ਨਾਲ ਗੜ੍ਹੀ ਤੋਂ ਬਾਹਰ ਪਹੁੰਚ ਗਏ ਅਤੇ ਕੁਝ ਦੂਰ ਜਾ ਕੇ ਇਕ ਟਿੱਲੇ ਤੋਂ ਲਲਕਾਰਿਆ, "ਪੀਰ-ਏ-ਹਿੰਦ ਚਲਿਆ ਜੇ, ਜੇ ਕਿਸੇ ਦੀ ਹਿੰਮਤ ਹੈ ਤਾਂ ਫੜ ਲਓ।" ਇਥੇ ਵੀ ਗੁਰੂ ਜੀ ਨੇ ਕਿਸੇ ਇਕ ਧਰਮ ਦੀ ਗੱਲ ਨਹੀਂ ਕੀਤੀ ਸਗੋਂ ਆਪਣੇ ਆਪ ਨੂੰ ਸਮੁੱਚੇ ਹਿੰਦ ਦਾ ਪੀਰ ਕਿਹਾ।

ਵਿਦਵਾਨ ਪ੍ਰਚਾਰਕ ਸੁਖਪ੍ਰੀਤ ਸਿੰਘ ਉਦੋਕੇ ਸਿੱਖ ਇਤਿਹਾਸ ਦੀ ਇਕ ਮੰਨੀ ਪ੍ਰਮੰਨੀ ਸ਼ਖਸੀਅਤ ਹਨ। ਉਹ ਯੂਟਿਊਬ 'ਤੇ ਬੰਦਾ ਸਿੰਘ ਬਹਾਦਰ ਬਾਰੇ ਆਪਣੇ ਇਕ ਵਿਖਿਆਨ ਵਿਚ ਇਕ ਹਵਾਲਾ ਦਿੰਦੇ ਹਨ ਕਿ ਬੰਦਾ ਸਿੰਘ ਬਹਾਦਰ ਦੀ ਫੌਜ 'ਚ ਕੁਝ ਸਿੰਘਾਂ ਨੂੰ ਨਮਾਜ਼ੀ ਸਿੰਘ ਕਿਹਾ ਜਾਂਦਾ ਸੀ। ਇਹ ਸਿੰਘ ਸਜੇ ਹੋਏ ਮੁਸਲਮਾਨ ਸਨ, ਜੋ ਆਪਣੀ ਨਮਾਜ ਅਦਾ ਕਰ ਸਕਦੇ ਸਨ ਭਾਵ ਫੌਜ ਦੇ ਸਿੰਘ ਸਜਣ ਦੇ ਬਾਵਜੂਦ ਹਰੇਕ ਨੂੰ ਆਪਣਾ ਧਰਮ ਮੰਨਣ ਦੀ ਪੂਰੀ ਆਜ਼ਾਦੀ ਸੀ।

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਪਿੱਛੋਂ ਸਿੰਘਾਂ ਲਈ ਸਮਾਂ ਬਹੁਤ ਭਿਆਨਕ ਸੀ। ਉਨ੍ਹਾਂ ਨੂੰ ਘਰ ਘਾਟ ਛੱਡ ਕੇ ਜੰਗਲਾਂ ਵਿਚ ਲੁਕਣਾ ਪਿਆ, ਜਿਥੇ ਉਹ ਜਥਿਆਂ ਦੇ ਰੂਪ ਵਿਚ ਵਿਚਰਦੇ ਸਨ। ਸਿੰਘਾਂ ਵਾਸਤੇ ਤਾਂ ਇਹ ਸਮਾਂ ਭਿਆਨਕ ਸੀ ਹੀ, ਆਮ ਲੋਕਾਂ 'ਤੇ ਵੀ ਹਾਕਮਾਂ ਅਤੇ ਜਰਵਾਣਿਆਂ ਦਾ ਜਬਰ ਜ਼ੁਲਮ ਸਿਖਰ 'ਤੇ ਸੀ।

***ਸਥਾਪਤ ਧਰਮ ਦੇ ਉਲਟ ਸੱਚਾ ਧਰਮ ਸਮੁੱਚੀ ਮਾਨਵਤਾ ਲਈ ਸਰਬ ਸਾਂਝਾ ਹੁੰਦਾ ਹੈ। ਅਸਲ ਵਿਚ ਇਹ ਇਕ ਸੱਚੇ ਸੁੱਚੇ ਜਜ਼ਬੇ ਦਾ ਅਹਿਸਾਸ ਹੈ, ਜੋ ਸਮੁੱਚੀ ਦੁਨੀਆਂ ਦੇ ਹਰ ਮਨੁੱਖ ਵਿਚ ਜਮਾਂਦਰੂ ਹੁੰਦਾ ਹੈ। ਇਹ ਜਜ਼ਬਾ ਸਾਡੀ ਜਮੀਰ ਦੀ ਆਵਾਜ਼ ਹੁੰਦਾ ਹੈ। ਇਸ ਅਨੁਸਾਰ ਧਰਮ ਇਕ ਅਜਿਹੀ ਜੀਵਨ ਜਾਚ ਦਾ ਸੰਕਲਪ ਹੈ, ਜੋ ਸਮੁੱਚੀ ਮਾਨਵਤਾ ਦੇ ਭਲੇ ਲਈ ਹੁੰਦਾ ਹੈ, ਭਾਵ ਸੱਚ ਬੋਲਣਾ ਅਤੇ ਹਮੇਸ਼ਾ ਸੱਚੇ ਰਹਿਣਾ, ਕਿਸੇ ਦਾ ਹੱਕ ਨਾ ਮਾਰਨਾ, ਸਰਬਤ ਦਾ ਭਲਾ ਚਾਹੁਣਾ, ਨੇਕ ਕਮਾਈ ਕਰਨੀ, ਕਿਸੇ ਨਾਲ ਧੋਖਾ ਫਰੇਬ ਨਾ ਕਰਨਾ, ਸਭ ਨੂੰ ਬਰਾਬਰ ਸਮਝਦਿਆਂ ਕਿਸੇ ਤਰ੍ਹਾਂ ਦਾ ਭਿੰਨ ਭੇਦ ਨਾ ਕਰਨਾ ਆਦਿ।***

ਜਦੋਂ ਜੰਗਲਾਂ ਵਿਚ ਵਿਚਰਦੇ ਸਿੰਘਾਂ ਨੂੰ ਕਿਸੇ ਜਾਬਰ ਦੇ ਅੱਤ ਦੇ ਜ਼ੁਲਮਾਂ ਬਾਰੇ ਪਤਾ ਲਗਦਾ ਤਾਂ ਉਹ ਆਪਣੀ ਜਾਨ ਤਲੀ 'ਤੇ ਰੱਖ ਕੇ ਜਾਬਰਾਂ ਨੂੰ ਉਨ੍ਹਾਂ ਦੇ ਜ਼ੁਲਮਾਂ ਦੀ ਸਜ਼ਾ ਦਿੰਦੇ ਅਤੇ ਲੋਕਾਂ ਨੂੰ ਜ਼ੁਲਮਾਂ ਤੋਂ ਛੁਟਕਾਰਾ ਦਿਵਾਉਂਦੇ। ਉਨ੍ਹਾਂ ਦੇ ਇਨ੍ਹਾਂ ਬਹਾਦਰੀ ਅਤੇ ਨਿਰਸਵਾਰਥ ਕਾਰਨਾਮਿਆਂ ਕਰਕੇ ਆਮ ਲੋਕਾਂ ਦੇ ਮਨਾਂ ਵਿਚ ਉਨ੍ਹਾਂ ਪ੍ਰਤੀ ਆਦਰ ਸਤਿਕਾਰ ਦਿਨੋਂ ਦਿਨ ਵਧਣ ਕਰਕੇ ਅਨੇਕਾਂ ਉਤਸ਼ਾਹੀ ਨੌਜਵਾਨ ਵੀ ਉਨ੍ਹਾਂ ਵਾਂਗ ਆਪਾ ਵਾਰਨ ਲਈ ਸਿੰਘ ਸਜ ਕੇ ਉਨ੍ਹਾਂ ਵਿਚ ਸ਼ਾਮਲ ਹੋ ਜਾਂਦੇ ਸਨ। ਇਨ੍ਹਾਂ ਵਿਚ ਬਹੁਤੇ ਹਿੰਦੂ ਅਤੇ ਕੁਝ ਮੁਸਲਮਾਨ ਵੀ ਸਨ, ਪਰ ਅਜਿਹਾ ਕਰਨ ਨਾਲ ਉਨ੍ਹਾਂ ਦੇ ਪਰਿਵਾਰਕ ਧਰਮ ਵਿਚ ਕੋਈ ਪਰਿਵਰਤਨ ਨਹੀਂ ਸੀ ਹੁੰਦਾ।

ਉਕਤ ਕੁਝ ਇਕ ਹਵਾਲੇ ਹਾਕਮ ਸਿੰਘ ਦੇ ਕਥਨ ਦੇ ਪਹਿਲੇ ਹਿੱਸੇ ਨੂੰ ਸਹੀ ਸਿੱਧ ਕਰਦੇ ਹਨ, ਜਿਸ ਵਿਚ ਉਨ੍ਹਾਂ ਲਿਖਿਆ ਸੀ ਕਿ ਗੁਰੂ ਸਾਹਿਬਾਨ ਨੇ ਕੋਈ ਵੱਖਰਾ ਧਰਮ ਸਥਾਪਤ ਨਹੀਂ ਸੀ ਕੀਤਾ, ਪਰ ਮੈਂ ਉਨ੍ਹਾਂ ਦੇ ਕਥਨ ਦੇ ਦੂਸਰੇ ਭਾਗ ਨਾਲ ਸਹਿਮਤ ਨਹੀਂ ਹੋ ਸਕਿਆ ਜਿਸ ਬਾਰੇ ਉਨ੍ਹਾਂ ਲਿਖਿਆ ਹੈ, "ਸੰਸਥਾਗਤ ਸਿੱਖ ਧਰਮ ਗੁਰੂ ਸਾਹਿਬਾਨ ਦੇ ਪਰਿਵਾਰਕ ਵਿਰੋਧੀਆਂ ਨੇ ਗੁਰਗੱਦੀ, ਗੁਰਬਾਣੀ, ਪੋਥੀ ਅਤੇ ਸੰਪਤੀ ਦੀ ਮਲਕੀਅਤ ਨੂੰ ਲੈ ਕੇ ਨਿੱਜੀ ਲਾਭ ਲਈ ਸਥਾਪਤ ਕੀਤਾ ਸੀ, ਜੋ ਰਹਿਤ ਮਰਿਆਦਾ ਦੀ ਪਰੰਪਰਾ ਦੇ ਰੂਪ ਵਿਚ ਅੱਜ ਵੀ ਪ੍ਰਚਲਿਤ ਹੈ।"

ਮੈਂ ਹਾਕਮ ਸਿੰਘ ਨੂੰ ਜਾਤੀ ਤੌਰ 'ਤੇ ਤਾਂ ਨਹੀਂ ਜਾਣਦਾ, ਪ੍ਰੰਤੂ ਉਨ੍ਹਾਂ ਦੀਆਂ ਲਿਖਤਾਂ ਪੜ੍ਹ ਕੇ ਅਤੇ ਦੂਜੇ ਵਿਦਵਾਨਾਂ ਵਲੋਂ ਉਨ੍ਹਾਂ ਬਾਰੇ ਲਿਖਿਆ ਪੜ੍ਹ ਕੇ ਪਤਾ ਲਗਦਾ ਹੈ ਕਿ ਉਹ ਅਨੁਭਵੀ ਅਤੇ ਡੂੰਘੇ ਅਧਿਐਨ ਵਾਲੇ ਬੁੱਧੀਜੀਵੀ ਹਨ। ਇਸ ਕਰਕੇ ਮੈਂ ਉਨ੍ਹਾਂ ਦੀ ਗੱਲ ਨਾਲ ਸਹਿਮਤ ਨਾ ਹੋ ਸਕਣ ਦੀ ਗੁਸਤਾਖੀ ਲਈ ਮੁਆਫੀ ਚਾਹੁੰਦਾ ਹਾਂ।

ਮੈਨੂੰ ਲੱਗਦਾ ਹੈ ਕਿ ਜਿਨ੍ਹਾਂ ਨੂੰ ਹਾਕਮ ਸਿੰਘ ਨੇ ਧਰਮ ਸਥਾਪਤ ਕਰਨ ਦੇ ਜਿੰਮੇਵਾਰ ਦੱਸਿਆ ਹੈ, ਉਨ੍ਹਾਂ ਵਲੋਂ ਵੱਖ ਵੱਖ ਕੇਂਦਰਾਂ 'ਤੇ ਕਬਜ਼ੇ ਕਰਕੇ ਪੂਜਾ ਇਕੱਠੀ ਕਰਨ ਵਾਸਤੇ ਧਾਰਮਕ ਕੇਂਦਰ (ਦੁਕਾਨਾਂ) ਤਾਂ ਬਣਾਏ ਹੋ ਸਕਦੇ ਹਨ, ਪਰ ਉਨ੍ਹਾਂ ਦੀ ਹੈਸੀਅਤ ਕਿਸੇ ਧਰਮ ਦੀ ਸਥਾਪਨਾ ਕਰਨ ਦੀ ਨਹੀਂ ਹੋ ਸਕਦੀ, ਕਿਉਂਕਿ ਕਿਸੇ ਧਰਮ ਨੂੰ ਸਥਾਪਤ ਕਰਨ ਵਾਸਤੇ ਰਾਜ ਦਾ ਹੋਣਾ ਜਰੂਰੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਤੋਂ ਬਿਨਾ ਬਹੁਤ ਸਾਰੇ ਹੋਰ ਮਹਾਂਪੁਰਖਾਂ ਦੀ ਬਾਣੀ ਦਰਜ ਹੈ। ਇਨ੍ਹਾਂ ਵਿਚੋਂ ਭਗਤ ਨਾਮਦੇਵ, ਭਗਤ ਰਵਿਦਾਸ, ਭਗਤ ਕਬੀਰ ਦੀ ਬਾਣੀ ਗੁਰੂ ਸਾਹਿਬਾਨ ਵਾਂਗ ਹੀ ਪੂਰੀ ਇਨਕਲਾਬੀ ਬਾਣੀ ਹੈ ਅਤੇ ਉਨ੍ਹਾਂ ਦੇ ਪੈਰੋਕਾਰ ਵੀ ਮੌਜੂਦ ਹਨ, ਪਰ ਇਨ੍ਹਾਂ ਮਹਾਂਪੁਰਖਾਂ ਦੇ ਨਾਂ 'ਤੇ ਕੋਈ ਧਰਮ ਸਥਾਪਤ ਨਹੀਂ ਹੋਇਆ, ਕਿਉਂਕਿ ਉਨ੍ਹਾਂ ਦੇ ਪੈਰੋਕਾਰਾਂ ਦਾ ਕਦੇ ਕੋਈ ਰਾਜ ਸਥਾਪਤ ਨਹੀਂ ਹੋਇਆ।

ਇਕ ਨਾਮੀ ਲੇਖਕ 'ਯੁਵਾਲ ਹਰਾਰੀ' ਨੇ ਆਪਣੀ ਪੁਸਤਕ 'ਸੇਪੀਐਂਜ' ਵਿਚ ਇਸੇ ਤਰ੍ਹਾਂ ਦਾ ਇੰਕਸ਼ਾਫ ਕੀਤਾ ਹੈ (ਸੇਪੀਐਂਜ ਮਨੁੱਖ ਦਾ ਵਿਗਿਆਨਕ ਨਾਂ ਹੈ)। ਉਸ ਦੀ ਇਹ ਪੁਸਤਕ ਮਨੁੱਖ ਦੇ ਸਮੁੱਚੇ ਵਿਕਾਸ ਦੀ ਕਹਾਣੀ ਹੈ, ਭਾਵ ਮਨੁੱਖ ਜੰਗਲੀ ਜੀਵਨ ਤੋਂ ਕਿਹੜੇ ਕਿਹੜੇ ਪੜਾਵਾਂ ਰਾਹੀਂ ਅੱਜ ਦਾ ਵਿਕਸਿਤ ਮਨੁੱਖ ਬਣਿਆ। ਪਹਿਲਾਂ ਮਨੁੱਖ ਕਬੀਲਿਆਂ ਵਿਚ ਰਹਿੰਦਾ ਸੀ, ਫਿਰ ਸ਼ਹਿਰ ਹੋਂਦ ਵਿਚ ਆਏ ਅਤੇ ਫਿਰ ਸਟੇਟ। ਹਰਾਰੀ ਮੁਤਾਬਕ ਸਟੇਟ ਨੇ ਆਪਣੀ ਹੋਂਦ ਬਰਕਰਾਰ ਰੱਖਣ ਲਈ ਅਤੇ ਲੋਕਾਂ ਨੂੰ ਅਨੁਸ਼ਾਸਨ ਤੇ ਕੰਟਰੋਲ ਵਿਚ ਰੱਖਣ ਲਈ ਆਪਣੀ ਲੋੜ ਅਨੁਸਾਰ ਸਥਾਪਤ ਧਰਮ ਸ਼ੁਰੂ ਕੀਤਾ। ਇਹ ਉਸ ਵੇਲੇ ਦੀ ਲੋੜ ਹੋ ਸਕਦੀ ਹੈ, ਕਿਉਂਕਿ ਉਸ ਵੇਲੇ ਕੋਈ ਵਿਸਤ੍ਰਿਤ ਕਾਨੂੰਨ ਨਹੀਂ ਸੀ ਅਤੇ ਲੋਕਾਂ ਨੂੰ ਆਪਸ ਵਿਚ ਜੋੜ ਕੇ ਤੇ ਅਨੁਸ਼ਾਸਨ ਵਿਚ ਰੱਖਣ ਲਈ ਧਰਮ ਹੀ ਇਕ ਕਾਰਗਰ ਸੰਸਥਾ ਸਾਬਤ ਹੋਈ ਹੋਵੇਗੀ। ਇਹ ਵੀ ਠੀਕ ਹੈ ਕਿ ਪਿੱਛੋਂ ਜਾ ਕੇ ਇਸ ਦੀ ਬਹੁਤ ਦੁਰਵਰਤੋਂ ਹੁੰਦੀ ਰਹੀ। ਜਿਵੇਂ ਕਿ ਹਾਕਮ ਸਿੰਘ ਨੇ ਵੀ ਆਪਣੇ ਇੱਕ ਲੇਖ ਵਿਚ ਪੁਰਾਣੀ ਸਟੇਟ ਅਤੇ ਧਰਮ ਦੇ ਆਪਸੀ ਸਬੰਧਾਂ ਨੂੰ ਸਪਸ਼ਟ ਕਰਦਿਆਂ ਲਿਖਿਆ ਹੈ, "ਮਨੁੱਖੀ ਸਮਾਜ ਵਿਚ ਬੇਚੈਨੀ ਅਤੇ ਵਿਦਰੋਹ ਦੀ ਭਾਵਨਾ ਪੈਦਾ ਹੋਣੀ ਸੁਭਾਵਿਕ ਹੈ। ਇਸ ਲਈ ਸ਼ਾਸਕ ਜਨਤਾ ਨੂੰ ਸੰਤੁਸ਼ਟ ਅਤੇ ਅਧੀਨ ਰੱਖਣ ਲਈ ਪੁਜਾਰੀਆਂ ਦੀ ਮਦਦ ਲੈਂਦੇ ਸਨ। ਪੁਜਾਰੀ ਵੀ ਆਪਣੇ ਸ਼ਰਧਾਲੂ ਵਧਾਉਣ, ਤਾਕਤਵਰ ਅਤੇ ਧਨਾਢ ਬਣਨ ਲਈ ਰਾਜ/ਸਰਕਾਰ ਦੀ ਮਦਦ ਦੇ ਅਭਿਲਾਸ਼ੀ ਰਹਿੰਦੇ ਸਨ।" ਇਹ ਵਰਤਾਰਾ, ਜੋ ਪੁਰਾਣੇ ਜ਼ਮਾਨੇ ਦੀ ਸੱਚਾਈ ਸੀ, ਅੱਜ ਵੀ ਓਨਾ ਹੀ ਸਹੀ ਹੈ।

ਇਹ ਤਾਂ ਸਪਸ਼ਟ ਹੈ ਕਿ ਧਰਮ ਨੂੰ ਸਥਾਪਤ ਕਰਨ ਲਈ ਰਾਜ ਦਾ ਹੋਣਾ ਜਰੂਰੀ ਹੈ। ਨਾਲ ਹੀ ਇਹ ਵੀ ਚੇਤੇ ਰੱਖਣਾ ਚਾਹੀਦਾ ਹੈ ਕਿ ਸੱਚਾ ਸੁੱਚਾ ਧਰਮ ਜਦੋਂ ਸਥਾਪਤ ਧਰਮ ਵਿਚ ਤਬਦੀਲ ਹੋ ਜਾਂਦਾ ਹੈ ਤਾਂ ਇਸ ਵਿਚ ਧਰਮ ਦੇ ਮਾਨਵ ਭਲਾਈ ਵਾਲੇ ਅਸਲੀ ਸਿਧਾਂਤ ਗਾਇਬ ਹੋ ਜਾਂਦੇ ਹਨ। ਫਿਰ ਇਹ ਹਾਕਮਾਂ ਤੇ ਪੁਜਾਰੀਆਂ ਦੇ ਹੱਕ ਵਿਚ ਭੁਗਤਦਾ ਹੈ ਅਤੇ ਉਨ੍ਹਾਂ ਦੇ ਹੱਥੋਂ ਆਮ ਲੋਕਾਂ ਦੀ ਲੁੱਟ ਤੇ ਕੁੱਟ ਦਾ ਹਥਿਆਰ ਬਣ ਜਾਂਦਾ ਹੈ। ਇਹ ਦੋਹਿਰਾ ਵੀ ਇਸੇ ਸੱਚਾਈ ਨੂੰ ਸਪਸ਼ਟ ਕਰਦਾ ਲਗਦਾ ਹੈ, "ਰਾਜ ਬਿਨਾ ਨਹਿ ਧਰਮ ਚਲੈ ਹੈਂ, ਧਰਮ ਬਿਨਾ ਸਭ ਦਲੈ ਮਲੈ ਹੈਂ।"

ਪਹਿਲੇ ਸਿੱਖ ਰਾਜ ਦੇ ਸ਼ਾਸਕ ਮਹਾਰਾਜਾ ਰਣਜੀਤ ਸਿੰਘ ਸਨ। ਉਹ ਬੜੇ ਨਿੱਡਰ, ਦਲੇਰ, ਸਿਆਣੇ, ਮਕਬੂਲ ਤੇ ਹਰਮਨ ਪਿਆਰੇ ਰਾਜੇ ਵਜੋਂ ਮਸ਼ਹੂਰ ਹਨ। ਅੱਜ ਵੀ ਲੋਕ ਉਨ੍ਹਾਂ ਨੂੰ ਇਕ ਨਮੂਨੇ ਦੇ ਰਾਜੇ ਵਜੋਂ ਸਤਿਕਾਰ ਦਿੰਦੇ ਹਨ। ਉਨ੍ਹਾਂ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਨਾਂ ਤੋਂ ਬਿਨਾ ਸਿੰਘ ਸਾਹਿਬ, ਸਰਕਾਰ-ਏ-ਖਾਲਸਾ, ਸ਼ੇਰ-ਏ-ਪੰਜਾਬ ਆਦਿ ਨਾਂਵਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਇਸ ਕਰਕੇ ਇਹ ਸਮਝਣਾ ਮੁਸ਼ਕਿਲ ਲਗਦਾ ਹੈ ਕਿ ਅਜਿਹੇ ਹਰਮਨ ਪਿਆਰੇ ਅਤੇ ਮਹਾਨ ਰਾਜੇ ਨੂੰ, ਗੁਰੂ ਗ੍ਰੰਥ ਸਾਹਿਬ, ਜਿਸ ਵਿਚ ਸਮੁੱਚੀ ਮਾਨਵਤਾ ਨੂੰ ਉੱਤਮ ਜੀਵਨ ਜਾਚ ਸਿਖਾਉਣ ਵਾਲੇ ਸਿਧਾਂਤ ਦਰਜ ਹਨ, ਪੁਜਾਰੀਆਂ ਹਵਾਲੇ ਕਰਨ ਦੀ ਲੋੜ ਕਿਉਂ ਪਈ? ਜਿਨ੍ਹਾਂ ਇਸ ਦੇ ਸਿਧਾਂਤ ਪ੍ਰਚਾਰਨ ਦੀ ਥਾਂ ਇਸ ਨੂੰ ਸਿਰਫ ਪੂਜਣ ਯੋਗ ਬਣਾ ਕੇ ਕਮਾਈ ਦਾ ਸਾਧਨ ਬਣਾ ਦੇਣਾ ਸੀ। ਪਰ ਹੈ ਇਹ ਸੱਚਾਈ, ਕਿਉਂਕਿ ਜਦੋਂ ਅਸੀਂ ਮਹਾਰਾਜਾ ਰਣਜੀਤ ਸਿੰਘ ਦੇ ਸਮੁੱਚੇ ਜੀਵਨ ਵਿਚ ਸਮੇਂ ਦੇ ਨਾਲ ਨਾਲ ਆਏ ਵੱਡੇ ਬਦਲਾਓ ਦੇਖਦੇ ਹਾਂ ਤਾਂ ਇਸ ਤੱਥ ਦੀ ਪੁਸ਼ਟੀ ਹੁੰਦੀ ਐ ਕਿ ਪੈਸਾ ਅਤੇ ਸ਼ਕਤੀ ਮਨੁੱਖ ਨੂੰ ਕਿਸ ਤਰ੍ਹਾਂ ਆਪਣੇ ਅਕੀਦੇ ਤੋਂ ਥਿੜਕਾ ਦਿੰਦੇ ਹਨ। ਇਸ ਨੂੰ ਸਮਝਣ ਵਾਸਤੇ

*(ਅਗਲੇ ਸਫੇ 'ਤੇ ਜਾਰੀ)*

ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਵਿਚੋਂ ਕੁਝ ਚੋਣਵੇਂ ਹਵਾਲੇ ਪੇਸ਼ ਹਨ:

ਬਚਪਨ ਵਿਚ ਰਣਜੀਤ ਸਿੰਘ ਚੇਚਕ ਦਾ ਸ਼ਿਕਾਰ ਹੋ ਗਏ, ਜਿਸ ਕਾਰਨ ਉਨ੍ਹਾਂ ਦੀ ਇਕ ਅੱਖ ਚਲੀ ਗਈ ਅਤੇ ਚਿਹਰੇ 'ਤੇ ਮਾਤਾ ਦੇ ਦਾਗ ਪੈ ਗਏ। ਇਸ ਨਾਲ ਉਨ੍ਹਾਂ ਦੀ ਦਿੱਖ ਭਾਵੇਂ ਸੋਹਣੀ ਨਾ ਰਹੀ ਪਰ ਸਲੀਕੇ ਅਤੇ ਵਿਹਾਰ ਕਰਕੇ ਉਹ ਆਪਣੇ ਹਾਣੀਆਂ ਤੇ ਵੱਡਿਆਂ ਵਿਚ ਹਮੇਸ਼ਾ ਖਿੱਚ ਦਾ ਕੇਂਦਰ ਬਣੇ ਰਹੇ। ਮਿੱਠਬੋਲੜੇ ਸੁਭਾਅ ਦੇ ਨਾਲ ਨਾਲ ਸੰਸਕਾਰੀ ਗੁਣ ਉਨ੍ਹਾਂ ਆਪਣੀ ਦਾਦੀ ਦੇਸਾਂ ਤੋਂ ਪ੍ਰਾਪਤ ਕੀਤੇ। ਬਚਪਨ ਤੋਂ ਉਨ੍ਹਾਂ ਦਾ ਧਿਆਨ ਪੜ੍ਹਾਈ ਦੀ ਥਾਂ ਯੁੱਧ ਕਲਾ ਸਿੱਖਣ ਵੱਲ ਸੀ। ਛੋਟੀ ਉਮਰੇ ਹੀ ਉਹ ਤਲਵਾਰਬਾਜ਼ੀ, ਘੋੜ ਸਵਾਰੀ ਅਤੇ ਯੁੱਧ ਕਲਾ ਵਿਚ ਕਾਫੀ ਮਾਹਰ ਹੋ ਗਏ। ਇਸ ਸਿਖਲਾਈ ਵਿਚ ਉਨ੍ਹਾਂ ਦੀ ਹੋਣ ਵਾਲੀ ਸੱਸ ਸਦਾ ਕੌਰ ਦਾ ਬਹੁਤ ਯੋਗਦਾਨ ਸੀ, ਜੋ ਆਪ ਇੱਕ ਬਹਾਦੁਰ ਯੋਧਾ ਸਨ।

ਸਿਰਫ ਦਸ ਸਾਲ ਦੀ ਉਮਰੇ ਉਨ੍ਹਾਂ ਆਪਣੇ ਪਿਤਾ ਨਾਲ ਪਹਿਲੀ ਲੜਾਈ ਵਿਚ ਭਾਗ ਲਿਆ। ਤੇਰਾਂ ਸਾਲ ਦੀ ਉਮਰੇ ਇੱਕ ਲੜਾਈ ਵਿਚ ਉਨ੍ਹਾਂ ਇੱਕ ਬਹਾਦਰ ਮੁਗਲ ਜਰਨੈਲ ਹਸ਼ਮਤ ਖਾਨ ਦਾ ਸਿਰ ਕਲਮ ਕਰਕੇ ਬਹਾਦਰੀ ਦਾ ਸਬੂਤ ਦਿੱਤਾ। ਇਸੇ ਸਾਲ ਪਿਤਾ ਦੀ ਮੌਤ ਹੋਣ ਕਾਰਨ ਰਣਜੀਤ ਸਿੰਘ ਨੂੰ ਸ਼ੁੱਕਰਚੱਕੀਆ ਮਿਸਲ ਦਾ ਮੁਖੀ ਥਾਪਿਆ ਗਿਆ। ਉਸ ਤੋਂ ਦੋ ਸਾਲ ਮਗਰੋਂ ਉਨ੍ਹਾਂ ਦੀ ਸ਼ਾਦੀ ਸਦਾ ਕੌਰ ਦੀ ਧੀ ਨਾਲ ਹੋ ਗਈ, ਜੋ ਦੋਹਾਂ ਮਿਸਲਾਂ ਦੀ ਨੇਤਾਤਾ ਬਣਾਉਣ ਲਈ ਉਨ੍ਹਾਂ ਦੇ ਬਚਪਨ ਵਿਚ ਹੀ ਤੈਅ ਹੋ ਗਈ ਸੀ। ਸ਼ਾਦੀ ਨੂੰ ਅਜੇ ਦੋ ਸਾਲ ਹੀ ਹੋਏ ਸਨ, ਜਦੋਂ ਅਹਿਮਦ ਸ਼ਾਹ ਅਬਦਾਲੀ ਦੇ ਪੋਤਰੇ ਸ਼ਾਹ ਜ਼ਮਨ ਨੇ ਇੱਕ ਵੱਡੇ ਹਮਲੇ ਦੀ ਯੋਜਨਾ ਤਹਿਤ ਲਾਹੌਰ ਦੇ ਕਿਲ੍ਹੇ ਵਿਚ ਆ ਡੇਰਾ ਲਾਇਆ।

ਇਸ ਦੀ ਖਬਰ ਰਣਜੀਤ ਸਿੰਘ ਨੂੰ ਲੱਗੀ ਤਾਂ ਉਹ ਆਪਣੀ ਫੌਜ ਲੈ ਕੇ ਲਾਹੌਰ ਪਹੁੰਚ ਗਿਆ। ਰਣਜੀਤ ਸਿੰਘ ਦੀ ਮਦਦ ਵਾਸਤੇ ਉਸ ਦੀ ਸੱਸ ਵੀ ਪੂਰੀ ਤਿਆਰੀ ਨਾਲ ਉਸ ਦੇ ਨਾਲ ਸੀ। ਰਣਜੀਤ ਸਿੰਘ ਨੇ ਕਿਲ੍ਹੇ ਦੇ ਬਾਹਰੋਂ ਸ਼ਾਹ ਜ਼ਮਨ ਨੂੰ ਲਲਕਾਰਿਆ। ਉਸ ਦੀ ਦਲੇਰੀ ਤੋਂ ਸ਼ਾਹ ਐਨਾ ਖੌਫਜ਼ਦਾ ਹੋ ਗਿਆ ਕਿ ਉਸ ਦੀ ਮੁਕਾਬਲਾ ਕਰਨ ਦੀ ਹਿੰਮਤ ਹੀ ਨਾ ਪਈ ਅਤੇ ਕਾਬਲ ਵਾਪਸ ਜਾਣ ਲਈ ਮਜਬੂਰ ਹੋ ਗਿਆ। ਇਸ ਜਿੱਤ ਨੇ ਰਣਜੀਤ ਦੀ ਹਰ ਪਾਸੇ ਵਾਹ ਵਾਹ ਕਰਵਾ ਦਿੱਤੀ, ਕਿਉਂਕਿ ਉਹ ਪਹਿਲਾ ਭਾਰਤੀ ਸ਼ਾਸਕ ਸੀ, ਜਿਸ ਨੇ ਅਬਦਾਲੀਆਂ ਨੂੰ ਸਾਹਮਣਿਓਂ ਲਲਕਾਰਿਆ ਸੀ।

ਅਗਲੇ ਸਾਲ ਤਾਕਤ ਵਧਾਉਣ ਲਈ ਉਨ੍ਹਾਂ ਨਕਈ ਮਿਸਲ ਦੀ ਦਾਤਾਰ ਕੌਰ ਨਾਲ ਸ਼ਾਦੀ ਕਰ ਲਈ ਅਤੇ ਇਸ ਤਰ੍ਹਾਂ ਰਣਜੀਤ ਸਿੰਘ ਦੀ ਹਕੂਮਤ ਤਿੰਨ ਮਿਸਲਾਂ 'ਤੇ ਹੋ ਗਈ। ਇਥੋਂ ਤੱਕ ਸਭ ਠੀਕ ਠਾਕ ਚੱਲ ਰਿਹਾ ਸੀ। ਰਾਜ ਕਾਜ ਦਾ ਸਾਰਾ ਕੰਮ ਖਾਲਸਾਈ ਰਵਾਇਤਾਂ ਅਨੁਸਾਰ ਚਲਦਾ ਸੀ। ਸਾਰੇ ਅਹਿਮ ਫੈਸਲੇ, ਨਿਯੁਕਤੀਆਂ ਆਦਿ ਮੰਤਰੀ ਮੰਡਲ ਦੀ ਸਹਿਮਤੀ ਨਾਲ ਹੁੰਦੇ ਸਨ। ਰਣਜੀਤ ਸਿੰਘ ਆਪਣੇ ਆਪ ਨੂੰ ਰਾਜਾ ਜਾਂ ਮਹਾਰਾਜਾ ਅਖਵਾਉਣ ਨਾਲੋਂ ਸਿੰਘ ਸਾਹਿਬ ਅਖਵਾ ਕੇ ਖੁਸ਼ ਹੁੰਦਾ ਅਤੇ ਸਰਕਾਰ ਦਾ ਨਾਂ ਵੀ ਖਾਲਸਾ ਸਰਕਾਰ ਸੀ। ਜਨਤਾ ਵੀ ਪਿਛਲੇ ਲੰਮੇ ਸਮੇਂ ਦੇ ਜ਼ੁਲਮ ਤੇ ਤਸ਼ੱਦਦ ਦੇ ਦੌਰ ਤੋਂ ਪਿੱਛੋਂ ਅਮਨ ਅਮਾਨ ਦੇ ਰਾਜ ਵਿਚ ਪੂਰੀ ਤਰ੍ਹਾਂ ਸੰਤੁਸ਼ਟ ਸੀ। ਆਲੇ-ਦੁਆਲੇ ਦੀਆਂ ਬਹੁਤੀਆਂ ਮਿਸਲਾਂ ਦੇ ਹਾਕਮ ਪੂਰੀ ਤਰ੍ਹਾਂ ਲੋਕ ਪੱਖੀ ਨਹੀਂ ਸਨ ਰਹੇ, ਸਗੋਂ ਕਈ ਤਾਂ ਪਹਿਲਾਂ ਨਾਲੋਂ ਵੀ ਵੱਧ ਜ਼ੁਲਮੀ ਬਣੇ ਹੋਏ ਸਨ। ਇਸ ਕਰਕੇ ਉਥੋਂ ਦੇ ਲੋਕ ਵੀ ਚਾਹੁੰਦੇ ਸਨ ਕਿ ਕਿਤੇ ਉਨ੍ਹਾਂ ਦਾ ਹਾਕਮ ਵੀ ਰਣਜੀਤ ਸਿੰਘ ਹੀ ਹੋਵੇ। ਇਨ੍ਹਾਂ ਹਾਲਤਾਂ ਵਿਚ ਹੀ ਲਾਹੌਰ ਦੇ ਪਤਵੰਤੇ ਰਣਜੀਤ ਸਿੰਘ ਕੋਲ ਆਏ ਅਤੇ ਫਰਿਆਦ ਕੀਤੀ ਕਿ ਜੇ ਰਣਜੀਤ ਸਿੰਘ ਲਾਹੌਰ 'ਤੇ ਕਬਜ਼ਾ ਕਰੇ ਤਾਂ ਉਹ ਪੂਰਾ ਸਾਥ ਦੇਣਗੇ।

ਰਣਜੀਤ ਸਿੰਘ ਨੇ ਆਪਣੇ ਰਾਜ ਦਰਬਾਰੀਆਂ ਨਾਲ ਸਲਾਹ ਪਿਛੋਂ ਆਪਣੀ ਤੇ ਆਪਣੀ ਸੱਸ ਦੀ ਸਾਂਝੀ ਫੌਜ ਨਾਲ ਲਾਹੌਰ 'ਤੇ ਕਬਜਾ ਕਰ ਲਿਆ। ਅਗਲੇ ਸਾਲ ਕਸ਼ਮੀਰ ਦਾ ਹਾਕਮ ਆਪ ਹੀ ਉਨ੍ਹਾਂ ਦੀ ਸ਼ਰਨ ਵਿਚ ਆ ਗਿਆ। ਛੇਤੀ ਹੀ ਉਨ੍ਹਾਂ ਅੰਮ੍ਰਿਤਸਰ 'ਤੇ ਵੀ ਕਬਜਾ ਕਰ ਲਿਆ, ਜਿਸ ਵਿਚ ਅਕਾਲੀ ਫੂਲਾ ਸਿੰਘ ਨੇ ਵੀ ਉਨ੍ਹਾਂ ਦਾ ਰਾਹ ਨਾ ਰੋਕਿਆ।

ਐਡੀ ਛੋਟੀ ਉਮਰ ਵਿਚ ਲਗਾਤਾਰ ਜਿੱਤਾਂ ਨੇ ਰਣਜੀਤ ਸਿੰਘ ਅੰਦਰ ਹਉਮੈ ਭਰ ਦਿੱਤੀ ਅਤੇ ਉਹ ਆਪਣੇ ਆਪ ਨੂੰ ਅਜਿੱਤ ਸਮਝਣ ਲੱਗਾ। ਹੁਣ ਉਹ ਆਪਣੇ ਦਰਬਾਰੀਆਂ ਦੀ ਪ੍ਰਵਾਹ ਕੀਤੇ ਬਿਨਾ ਅਹਿਮ ਫੈਸਲਿਆਂ ਦਾ ਸਿਧਾ ਐਲਾਨ ਹੀ ਕਰਨ ਲੱਗਾ। ਕੁਝ ਇੱਕ ਵਾਰ ਸਿਆਣੇ, ਅਨੁਭਵੀ ਅਤੇ ਖਾਲਸਾ ਸਰਕਾਰ ਦੇ ਖੈਰ-ਖੁਆਹ ਦਰਬਾਰੀਆਂ ਨੇ ਕਿਸੇ ਕਿਸੇ ਗਲਤ ਫੈਸਲੇ ਬਾਰੇ ਰਣਜੀਤ ਸਿੰਘ ਨੂੰ ਸੁਚੇਤ ਕਰਨ ਦੀ ਕੋਸ਼ਿਸ਼ ਵੀ ਕੀਤੀ, ਪਰ ਉਨ੍ਹਾਂ ਦੇ ਪੱਲੇ ਨਮੋਸ਼ੀ ਹੀ ਪਈ। ਅਜਿਹੇ ਹਾਲਾਤ ਵਿਚ ਸੱਚੇ-ਸੁੱਚੇ ਅਤੇ ਖੈਰ-ਖੁਆਹ ਲੋਕ ਆਪ ਹੀ ਪਿੱਛੇ ਹਟਣੇ ਸ਼ੁਰੂ ਹੋ ਜਾਂਦੇ ਹਨ ਅਤੇ ਹਾਕਮ ਚਮਚਿਆਂ ਵਿਚ ਘਿਰ ਜਾਂਦਾ ਹੈ, ਜੋ ਹਾਕਮ ਦੇ ਦਿਨ ਨੂੰ ਰਾਤ ਅਤੇ ਰਾਤ ਨੂੰ ਦਿਨ ਕਹੇ ਨੂੰ ਪੂਰੀ ਤਰ੍ਹਾਂ ਸਾਬਤ ਕਰਨ ਦੀ ਹਰ ਵਾਹ ਲਾ ਦਿੰਦੇ ਹਨ।

ਇਹੋ ਕੁਝ ਰਣਜੀਤ ਸਿੰਘ ਨਾਲ ਹੋਇਆ ਜਾਪਦਾ ਹੈ। ਚਮਚਿਆਂ ਬਾਰੇ ਆਪਾਂ ਸਾਰੇ ਜਾਣਦੇ ਹਾਂ ਕਿ ਹਾਕਮ ਦੀ ਚਮਚਾਗਿਰੀ ਪਿੱਛੇ ਉਨ੍ਹਾਂ ਦੇ ਆਪਣੇ ਮੁਫਾਦ ਹੁੰਦੇ ਹਨ। ਉਹ ਹਾਕਮ ਦੀਆਂ ਕਮਜ਼ੋਰੀ ਵਾਲੀਆਂ ਇੱਛਾਵਾਂ ਜਾਣ ਲੈਂਦੇ ਹਨ, ਪਰ ਹਾਕਮ ਨੂੰ ਉਨ੍ਹਾਂ ਤੋਂ ਰੋਕਣ ਦੀ ਥਾਂ ਅਜਿਹੀਆਂ ਹਰਕਤਾਂ ਕਰਨ ਲਈ ਉਕਸਾਉਂਦੇ ਰਹਿੰਦੇ ਹਨ। ਜਿਵੇਂ ਸ਼ਰਾਬ ਦੀ ਲੱਤ ਤਾਂ ਰਣਜੀਤ ਸਿੰਘ ਨੂੰ ਛੋਟੀ ਉਮਰੇ ਹੀ ਲੱਗ ਗਈ ਸੀ, ਪਰ ਹੁਣ ਇਨ੍ਹਾਂ ਵਲੋਂ ਉਸ ਨੂੰ ਨਾਚ ਗਾਣਿਆਂ ਅਤੇ ਮੁਜਰਿਆਂ ਵੱਲ ਉਕਸਾਇਆ ਗਿਆ ਲਗਦਾ ਹੈ। ਇਸ ਦੌਰਾਨ ਰਣਜੀਤ ਸਿੰਘ ਇੱਕ ਨਾਚੀ ਮੋਰਾਂ 'ਤੇ ਮੋਹਿਤ ਹੋ ਗਿਆ ਅਤੇ ਉਸ ਦਾ ਬਹੁਤ ਸਮਾਂ ਮੋਰਾਂ ਨਾਲ ਬੀਤਣ ਲੱਗਾ। ਇਸ ਦਾ ਪਤਵੰਤੇ ਦਰਬਾਰੀਆਂ ਨੇ ਬੁਰਾ ਮਨਾਇਆ ਅਤੇ ਵਿਰੋਧ ਵੀ ਕੀਤਾ। ਜਨਤਾ ਵਿਚ ਵੀ ਉਨ੍ਹਾਂ ਦੀਆਂ ਇਨ੍ਹਾਂ ਹਰਕਤਾਂ ਦਾ ਬਹੁਤ ਬੁਰਾ ਅਸਰ ਹੋਇਆ, ਕਿਉਂਕਿ ਉਹ ਰਣਜੀਤ ਸਿੰਘ ਵਰਗੇ ਨੇਕ ਅਤੇ ਉਦਪਾਏ ਦੇ ਰਾਜੇ ਤੋਂ ਅਜਿਹੀ ਉਮੀਦ ਨਹੀਂ ਸੀ ਕਰਦੇ, ਨਿਹੰਗ ਮੁਖੀ ਅਕਾਲੀ ਫੂਲਾ ਸਿੰਘ ਨੇ ਵੀ ਉਨ੍ਹਾਂ ਨੂੰ ਖਾਲਸਾਈ ਕਦਰਾਂ-ਕੀਮਤਾਂ ਦੇ ਉਲਟ ਹਰਕਤਾਂ ਤੋਂ ਬਾਜ਼ ਆਉਣ ਲਈ ਸਖਤ ਸੁਨੇਹਾ ਘੱਲਿਆ, ਪਰ ਉਨ੍ਹਾਂ ਕਿਸੇ ਦੀ ਵੀ ਪ੍ਰਵਾਹ ਨਾ ਕਰਦਿਆਂ ਮੋਰਾਂ ਨਾਲ ਸ਼ਾਦੀ ਕਰ ਲਈ।

ਸਭ ਪਾਸਿਓਂ ਵਿਰੋਧ ਦੀ ਆਵਾਜ਼ ਨੇ ਰਣਜੀਤ ਸਿੰਘ ਨੂੰ ਬੇਚੈਨ ਕਰ ਦਿੱਤਾ। ਦਰਬਾਰੀਆਂ ਦੇ ਵਿਰੋਧ ਦਾ ਉਸ ਨੂੰ ਬਹੁਤਾ ਫਿਕਰ ਨਹੀਂ ਸੀ ਕਿਉਂਕਿ ਉਹ ਤਾਂ ਇੱਕ ਤਰ੍ਹਾਂ ਨਾਲ ਉਸ ਦੇ ਮੁਲਾਜ਼ਮ ਹੋਣ ਕਰਕੇ ਉਸ ਦੇ ਕੰਟਰੋਲ ਵਿਚ ਹੀ ਸਨ, ਪਰ ਦੂਜਿਆਂ ਦੋ ਧਿਰਾਂ ਉਸ ਦੇ ਸਿੱਧੇ ਕੰਟਰੋਲ ਵਿਚ ਨਹੀਂ ਸਨ, ਇੱਕ ਅਕਾਲੀ ਫੂਲਾ ਸਿੰਘ, ਜੋ ਇੱਕ ਆਜ਼ਾਦ ਅਤੇ ਲੋਕਾਂ ਵਿਚ ਸਤਿਕਾਰਤ ਤੇ ਮੰਨੀ ਪ੍ਰਮੰਨੀ ਹਸਤੀ ਸਨ, ਅਤੇ ਦੂਜੇ ਆਮ ਲੋਕ। ਇਸ ਵਾਸਤੇ ਉਨ੍ਹਾਂ ਅਕਾਲੀ ਫੂਲਾ ਸਿੰਘ ਦਾ ਅਸਰ ਘਟਾਉਣ ਅਤੇ ਆਮ ਜਨਤਾ ਨੂੰ ਸੰਤੁਸ਼ਟ ਤੇ ਕੰਟਰੋਲ ਵਿਚ ਰੱਖਣ ਲਈ ਆਪਣੇ ਚਮਚਿਆਂ ਦੀ ਮਦਦ ਨਾਲ ਪੁਰਾਣੇ ਇੱਕ ਪੁਰਖੀ ਰਾਜਿਆਂ ਵਾਂਗ ਪੁਜਾਰੀਆਂ ਨੂੰ ਵਿਚਕਾਰ ਲਿਆਉਣ ਵਾਲਾ ਤਰੀਕਾ ਅਪਨਾਇਆ। ਇਸ ਵਾਸਤੇ ਉਨ੍ਹਾਂ ਪੁਜਾਰੀਆਂ ਦੀ ਮਹੱਤਤਾ ਫਿਰ ਤੋਂ ਸੁਰਜੀਤ ਕਰਨ ਵਾਸਤੇ ਇੱਕ ਪ੍ਰਮੁੱਖ ਪੁਜਾਰੀ ਸਾਹਿਬ ਸਿੰਘ ਬੇਦੀ, ਜੋ ਗੁਰੂ ਨਾਨਕ ਦੇਵ ਜੀ ਦੇ ਵੰਸ਼ ਵਿਚੋਂ ਸਨ, ਤੋਂ ਮੱਥੇ 'ਤੇ ਸੰਧੂਰ ਦਾ ਟਿੱਕਾ ਲਗਵਾ ਕੇ ਮਹਾਰਾਜਾ ਦਾ ਖਿਤਾਬ ਹਾਸਲ ਕੀਤਾ ਅਤੇ ਖਾਲਸਾ ਸਰਕਾਰ ਦਾ ਨਾਂ ਬਦਲ ਕੇ ਲਾਹੌਰ ਦਰਬਾਰ ਕਰ ਦਿੱਤਾ। ਨਾਲ ਹੀ ਉਸ ਨੇ ਹਰੀ ਮੰਦਿਰ ਵਿਚ ਕਾਸ਼ੀ (ਬਨਾਰਸ) ਤੋਂ ਬਾਕਾਇਦਾ ਅਨੁਭਵੀ ਪੁਜਾਰੀ ਲਿਆ ਕੇ ਨਿਯੁਕਤ ਕਰਨੇ ਸ਼ੁਰੂ ਕਰ ਦਿੱਤੇ।



ਮਹਾਰਾਜਾ ਰਣਜੀਤ ਸਿੰਘ ਦਾ ਇਕ ਚਿੱਤਰ

***ਐਡੀ ਛੋਟੀ ਉਮਰ ਵਿਚ ਲਗਾਤਾਰ ਜਿੱਤਾਂ ਨੇ ਰਣਜੀਤ ਸਿੰਘ ਅੰਦਰ ਹਉਮੈ ਭਰ ਦਿੱਤੀ ਅਤੇ ਉਹ ਆਪਣੇ ਆਪ ਨੂੰ ਅਜਿੱਤ ਸਮਝਣ ਲੱਗਾ। ਹੁਣ ਉਹ ਆਪਣੇ ਦਰਬਾਰੀਆਂ ਦੀ ਪ੍ਰਵਾਹ ਕੀਤੇ ਬਿਨਾ ਅਹਿਮ ਫੈਸਲਿਆਂ ਦਾ ਸਿੱਧਾ ਐਲਾਨ ਹੀ ਕਰਨ ਲੱਗਾ। ਕੁਝ ਇੱਕ ਵਾਰ ਸਿਆਣੇ, ਅਨੁਭਵੀ ਅਤੇ ਖਾਲਸਾ ਸਰਕਾਰ ਦੇ ਖੈਰ-ਖੁਆਹ ਦਰਬਾਰੀਆਂ ਨੇ ਕਿਸੇ ਕਿਸੇ ਗਲਤ ਫੈਸਲੇ ਬਾਰੇ ਰਣਜੀਤ ਸਿੰਘ ਨੂੰ ਸੁਚੇਤ ਕਰਨ ਦੀ ਕੋਸ਼ਿਸ਼ ਵੀ ਕੀਤੀ, ਪਰ ਉਨ੍ਹਾਂ ਦੇ ਪੱਲੇ ਨਮੋਸ਼ੀ ਹੀ ਪਈ। ਅਜਿਹੇ ਹਾਲਾਤ ਵਿਚ ਸੱਚੇ-ਸੁੱਚੇ ਅਤੇ ਖੈਰ-ਖੁਆਹ ਲੋਕ ਆਪ ਹੀ ਪਿੱਛੇ ਹਟਣੇ ਸ਼ੁਰੂ ਹੋ ਜਾਂਦੇ ਹਨ ਅਤੇ ਹਾਕਮ ਚਮਚਿਆਂ ਵਿਚ ਘਿਰ ਜਾਂਦਾ ਹੈ, ਜੋ ਹਾਕਮ ਦੇ ਦਿਨ ਨੂੰ ਰਾਤ ਅਤੇ ਰਾਤ ਨੂੰ ਦਿਨ ਕਹੇ ਨੂੰ ਪੂਰੀ ਤਰ੍ਹਾਂ ਸਾਬਤ ਕਰਨ ਦੀ ਹਰ ਵਾਹ ਲਾ ਦਿੰਦੇ ਹਨ।***

ਹਰੀ ਮੰਦਿਰ ਵਿਚ ਹਰ ਸਾਲ ਵਿਸਾਖੀ ਅਤੇ ਦੀਵਾਲੀ ਮੌਕੇ ਸਰਬੱਤ ਖਾਲਸਾ ਸੰਮੇਲਨ ਹੁੰਦਾ ਸੀ, ਜਿਸ ਵਿਚ ਸਮਾਜ ਨੂੰ ਪੇਸ਼ ਸਮੱਸਿਆਵਾਂ ਤੇ ਉਨ੍ਹਾਂ ਦੇ ਹੱਲ ਲਈ ਵਿਚਾਰਾਂ ਹੁੰਦੀਆਂ ਅਤੇ ਖਾਲਸਾਈ ਸਿਧਾਂਤਾਂ 'ਤੇ ਆਧਾਰਤ ਅਗਲੀ ਰਣਨੀਤੀ ਬਾਰੇ ਫੈਸਲੇ ਲਏ ਜਾਂਦੇ ਸਨ। ਇਹ ਸਰਬੱਤ ਖਾਲਸਾ ਮਹਾਰਾਜੇ ਦੇ ਇੱਕ ਪੁਰਖੀ ਰਾਜ ਨੂੰ ਠੀਕ ਨਹੀਂ ਸੀ ਬੈਠ ਸਕਦਾ। ਇਸ ਲਈ ਉਨ੍ਹਾਂ 1805 ਵਿਚ ਪੁਜਾਰੀਆਂ ਤੋਂ ਪ੍ਰਚਾਰ ਕਰਵਾ ਕੇ ਕਿ ਖਾਲਸਾ ਰਾਜ ਸਥਾਪਤ ਹੋਣ ਕਰਕੇ ਹੁਣ ਇਸ ਦੀ ਲੋੜ ਨਹੀਂ ਰਹੀ, ਆਪਣੇ ਇਕੋ ਹੁਕਮ ਨਾਲ ਸਰਬੱਤ ਖਾਲਸਾ ਸੰਮੇਲਨ ਬੰਦ ਕਰਵਾ ਦਿੱਤਾ, ਜਿਸ ਨੂੰ ਪਹਿਲੀਆਂ ਮੁਗਲ ਹਕੂਮਤਾਂ ਆਪਣੇ ਸਾਰੇ ਯਤਨਾਂ ਦੇ ਬਾਵਜੂਦ ਬੰਦ ਨਹੀਂ ਸਨ ਕਰਵਾ ਸਕੀਆਂ। ਇੰਨਾ ਹੀ ਨਹੀਂ, ਉਨ੍ਹਾਂ ਪੁਜਾਰੀਆਂ ਵਾਸਤੇ ਮੱਸਿਆ, ਸੰਗਰਾਂਦ ਤੇ ਹੋਰ ਅਨੇਕਾਂ ਵਿਪਰੀ ਦਿਹਾੜੇ ਸ਼ੁਰੂ ਕਰਵਾ ਕੇ ਉਨ੍ਹਾਂ ਦੀ ਪੂਜਾ ਵਧਾਉਣ ਦੀ ਖਾਤਰ ਇਸ ਰੂਹਾਨੀ ਕੇਂਦਰ ਹਰੀ ਮੰਦਿਰ, ਜਿਥੋਂ ਲੋਕ ਸਿੱਖਿਆ, ਸੇਧ ਅਤੇ ਅਗਵਾਈ ਲੈਂਦੇ ਸਨ, ਨੂੰ ਇੱਕ ਪੂਜਾ ਦਾ ਕੇਂਦਰ ਬਣਾ ਦਿੱਤਾ।

ਹਰੀ ਮੰਦਿਰ ਨੂੰ ਪੂਰੀ ਤਰ੍ਹਾਂ ਪੁਜਾਰੀਵਾਦ ਦਾ ਕੇਂਦਰ ਬਣਾਉਣ ਵਿਚ ਸਭ ਤੋਂ ਵੱਡਾ ਅੜਿੱਕਾ ਗੁਰੂ ਗ੍ਰੰਥ ਸਾਹਿਬ ਦਾ ਸਿਧਾਂਤ ਸੀ। ਇਸ ਵਾਸਤੇ ਪੁਜਾਰੀਆਂ ਨੇ ਮਹਾਰਾਜੇ ਦੀ ਮਿਲੀਭੁਗਤ ਨਾਲ ਲੋਕਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਪਹੁੰਚ ਤੋਂ ਦੂਰ ਕਰਨ ਵਾਸਤੇ ਤਰ੍ਹਾਂ ਤਰ੍ਹਾਂ ਦੇ ਵਹਿਮ, ਜਿਵੇਂ ਉਚਾਰਨ ਬਿਲਕੁਲ ਸ਼ੁੱਧ ਹੋਣਾ ਜਰੂਰੀ ਹੈ, ਤਾਬਿਆ ਵਿਚ ਬੈਠਣ ਵਾਲੇ ਦਾ ਪਾਕ ਪਵਿੱਤਰ ਹੋਣਾ ਲਾਜਮੀ ਹੈ ਅਤੇ ਹੋਰ ਕਈ ਵਹਿਮਾਂ-ਭਰਮਾਂ ਦਾ ਮਰਿਆਦਾਵਾਂ ਦੇ ਨਾਂ 'ਤੇ ਪ੍ਰਚਾਰ ਕਰਕੇ ਲੋਕਾਂ ਵਿਚ ਇੱਕ ਸਾਜਿਸ਼ੀ ਡਰ ਬੈਠਾ ਦਿੱਤਾ ਕਿ ਅਜਿਹਾ ਨਾ ਕਰਨ ਨਾਲ ਮਨੁੱਖ ਘੋਰ ਪਾਪਾਂ ਦਾ ਭਾਗੀ ਬਣਦਾ ਹੈ, ਜਿਨ੍ਹਾਂ ਦਾ ਕੋਈ ਤੋੜ ਨਹੀਂ। ਉਨ੍ਹਾਂ ਦੀ ਇਹ ਤਰਕੀਬ ਬਹੁਤ ਕਾਰਗਰ ਸਾਬਤ ਹੋਈ, ਕਿਉਂਕਿ ਇਸ ਨਾਲ ਲੋਕ ਗੁਰੂ ਗ੍ਰੰਥ ਸਾਹਿਬ ਨੂੰ ਆਪ ਪੜ੍ਹ ਕੇ ਵਿਚਾਰਨਾ ਤਾਂ ਦੂਰ ਦੀ ਗੱਲ, ਇਸ ਦੀ ਤਾਬਿਆ ਬੈਠ ਕੇ ਚੌਰ ਕਰਨ ਤੋਂ ਵੀ ਮਾਨਸਿਕ ਤੌਰ ਤੇ ਖੌਫਜ਼ਦਾ ਹੁੰਦੇ ਗਏ ਅਤੇ ਉਹ ਸਿਰਫ ਸ਼ਰਧਾ ਨਾਲ ਮੱਥਾ ਟੇਕਣ ਤੱਕ ਸੀਮਤ ਹੋ ਗਏ। ਐਨਾ ਹੀ ਨਹੀਂ, ਉਨ੍ਹਾਂ ਗੁਰੂ ਗ੍ਰੰਥ ਸਾਹਿਬ ਦੇ ਅਸਲੀ ਸਿਧਾਂਤ ਨੂੰ ਪਿੱਛੇ ਕਰਨ ਲਈ ਸਰਕਾਰ ਦੀ ਸਰਪ੍ਰਸਤੀ, ਮਿਲੀਭੁਗਤ ਅਤੇ ਮਦਦ ਨਾਲ ਗੁਰੂ ਸਾਹਿਬਾਨ ਅਤੇ ਗੁਰ ਇਤਿਹਾਸ ਨਾਲ ਜੋੜ ਕੇ ਤਰ੍ਹਾਂ ਤਰ੍ਹਾਂ ਦੀਆਂ ਮਨੋਕਲਪਿਤ, ਮਿਥਿਹਾਸਕ, ਵਹਿਮਾਂ-ਭਰਮਾਂ ਅਤੇ ਕਰਾਮਾਤਾਂ ਨਾਲ ਭਰਪੂਰ ਕਥਾਵਾਂ ਵਾਲੀਆਂ ਲਿਖਤਾਂ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ, ਜਿਨ੍ਹਾਂ ਦਾ ਨਾਂ ਤਾਂ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨਾਲ ਅਤੇ ਨਾ ਹੀ ਗੁਰੂ ਇਤਿਹਾਸ ਨਾਲ ਸਬੰਧ ਸੀ।

ਕਈ ਪੁਸਤਕਾਂ ਅਤੇ ਗ੍ਰੰਥਾਂ ਵਿਚ ਤਾਂ ਗੁਰੂ ਸਾਹਿਬਾਨ ਨੂੰ ਰਾਜਿਆਂ ਤੇ ਰਾਜਕੁਮਾਰਾਂ ਵਰਗੇ ਸ਼ੌਕ ਪਾਲਦੇ ਵਿਖਾਇਆ ਗਿਆ ਤਾਂ ਜੋ ਮੌਜੂਦਾ ਰਾਜਿਆਂ ਤੇ ਰਾਜਕੁਮਾਰਾਂ ਤੋਂ ਗੁਰੂ ਸਾਹਿਬਾਨ ਵਾਲਾ ਹੀ ਪ੍ਰਭਾਵ ਪਵੇ। ਇਸ ਤਰ੍ਹਾਂ ਅਨੇਕਾਂ ਅਜਿਹੀਆਂ ਕਥਾਵਾਂ ਵਾਲੀਆਂ ਪੁਸਤਕਾਂ ਅਤੇ ਗ੍ਰੰਥ ਹੋਂਦ ਵਿਚ ਲਿਆਂਦੇ ਤੇ ਪ੍ਰਚਾਰੇ ਗਏ, ਜੋ ਲੋਕਾਂ ਨੂੰ ਗੁਰੂ ਸਾਹਿਬਾਨ ਦੇ ਸਿਧਾਂਤਾਂ ਅਤੇ ਸਿਖਿਆਵਾਂ ਦੇ ਉਲਟ ਫਿਰ ਤੋਂ ਵਹਿਮਾਂ-ਭਰਮਾਂ, ਕਰਾਮਾਤਾਂ ਅਤੇ ਕਰਮ-ਕਾਂਡ ਦੇ ਜਾਲ ਵਿਚ ਫਸਾਉਣ ਲਈ ਸਹਾਈ ਹੋਏ।


ਇੱਕ ਘਟਨਾ ਜੋ ਰਣਜੀਤ ਸਿੰਘ ਅਤੇ ਮੋਰਾਂ ਨਾਲ ਸਬੰਧਤ ਆਮ ਹੀ ਪ੍ਰਚਾਰੀ ਜਾਂਦੀ ਹੈ ਕਿ ਅਕਾਲੀ ਫੂਲਾ ਸਿੰਘ ਨੇ ਮਹਾਰਾਜੇ ਨੂੰ ਮੋਰਾਂ ਨਾਲ ਸਬੰਧਾਂ ਤੋਂ ਵਰਜਿਆ ਸੀ, ਪਰ ਰਣਜੀਤ ਸਿੰਘ ਨੇ ਕੋਈ ਪ੍ਰਵਾਹ ਨਾ ਕੀਤੀ ਅਤੇ ਮੋਰਾਂ ਨਾਲ ਸ਼ਾਦੀ ਕਰ ਲਈ। ਕਿਹਾ ਜਾਂਦਾ ਹੈ ਕਿ ਇੱਕ ਦਿਨ ਮਹਾਰਾਜਾ ਦਰਬਾਰ ਸਾਹਿਬ ਆਇਆ ਤਾਂ ਅਕਾਲੀ ਫੂਲਾ ਸਿੰਘ ਦੇ ਕਾਬੂ ਆ ਗਿਆ। ਉਨ੍ਹਾਂ ਉਸ ਨੂੰ ਮੋਰਾਂ ਨਾਲ ਸਬੰਧਾਂ ਦੀ ਸਜ਼ਾ ਦੇਣ ਵਾਸਤੇ ਦਰਖਤ ਨਾਲ ਬੰਨ ਕੇ ਕੋੜਿਆਂ ਦੀ ਸਜ਼ਾ ਸੁਣਾ ਦਿੱਤੀ। ਮਹਾਰਾਜੇ ਨੇ ਪੂਰੀ ਹਲੀਮੀ ਨਾਲ ਸਜ਼ਾ ਪ੍ਰਵਾਨ ਕਰ ਲਈ। ਮਹਾਰਾਜੇ ਦੀ ਹਲੀਮੀ ਦੇਖ ਕੇ ਸੰਗਤ ਨੇ ਅਕਾਲੀ ਫੂਲਾ ਸਿੰਘ ਨੂੰ ਮਹਾਰਾਜੇ ਨੂੰ ਇੱਕ ਵਾਰ ਮੁਆਫ ਕਰਨ ਦੀ ਬੇਨਤੀ ਕੀਤੀ, ਜੋ ਉਨ੍ਹਾਂ ਪ੍ਰਵਾਨ ਕਰ ਲਈ ਅਤੇ ਮਹਾਰਾਜੇ ਨੂੰ ਅੱਗੇ ਤੋਂ ਅਜਿਹੀ ਗਲਤੀ ਨਾ ਕਰਨ ਦੀ ਚਿਤਾਵਨੀ ਦੇ ਕੇ ਛੱਡ ਦਿੱਤਾ।

ਕੁਝ ਇੱਕ ਕਥਾਕਾਰ ਅਕਾਲ ਤਖਤ ਦੀ ਮਹਾਨਤਾ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਵਾਸਤੇ ਇਹ ਵੀ ਕਹਿੰਦੇ ਹਨ ਕਿ ਅਕਾਲ ਤਖਤ ਦੇ ਜਥੇਦਾਰ ਅਕਾਲੀ ਫੂਲਾ ਸਿੰਘ ਨੇ ਮਹਾਰਾਜੇ ਨੂੰ ਅਕਾਲ ਤਖਤ 'ਤੇ ਤਲਬ ਕੀਤਾ ਸੀ। ਮਹਾਰਾਜਾ ਆਪਣੀ ਗਲਤੀ ਦੀ ਸਜ਼ਾ ਭੁਗਤਣ ਅਤੇ ਭੁੱਲ ਬਖਸ਼ਾਉਣ ਲਈ ਆਪ ਹਾਜਰ ਹੋਇਆ ਸੀ, ਪਰ ਡਾ. ਹਰਜਿੰਦਰ ਸਿੰਘ ਦਿਲਗੀਰ, ਜੋ ਇੱਕ ਉਘੇ ਸਿੱਖ ਇਤਿਹਾਸਕਾਰ ਤੇ ਫਿਲਾਸਫਰ ਹਨ, ਅਨੁਸਾਰ ਅਜਿਹੀ ਕਿਸੇ ਘਟਨਾ ਦਾ ਸਬੂਤ ਨਹੀਂ ਮਿਲਦਾ ਅਤੇ ਉਹ ਇਹ ਵੀ ਦਸਦੇ ਹਨ ਕਿ ਉਸ ਸਮੇਂ ਤੱਕ ਅਕਾਲ ਤਖਤ ਦੇ ਜਥੇਦਾਰ ਦੀ ਕੋਈ ਪਦਵੀ ਵੀ ਹੋਂਦ ਵਿਚ ਨਹੀਂ ਸੀ ਆਈ। ਡਾ. ਦਿਲਗੀਰ ਤੱਥਾਂ 'ਤੇ ਆਧਾਰਤ ਹੀ ਗੱਲ ਕਰਦੇ ਹਨ, ਸੋ ਉਨ੍ਹਾਂ ਦੀ ਗੱਲ ਪੂਰਾ ਪੂਰਾ ਵਜਨ ਰਖਦੀ ਹੈ ਕਿ ਅਜਿਹੀ ਘਟਨਾ ਅਸਲ ਵਿਚ ਹੋਈ ਹੀ ਨਹੀਂ। ਉਂਜ ਵੀ ਇਹ ਇੱਕ ਆਮ ਧਾਰਨਾ ਹੈ ਕਿ ਜਦੋਂ ਕੋਈ ਗਲਤੀ ਮੰਨ ਕੇ ਅਤੇ ਅੱਗੇ ਤੋਂ ਗਲਤੀ ਨਾ ਕਰਨ ਦਾ ਵਾਅਦਾ ਕਰਦਾ ਹੈ ਤਾਂ ਆਮ ਤੌਰ 'ਤੇ ਉਹ ਮੁੜ ਗਲਤੀ ਨਹੀਂ ਕਰਦਾ, ਪਰ ਇਥੇ ਤਾਂ ਇਉਂ ਲੱਗਦਾ ਹੈ ਜਿਵੇਂ ਰਣਜੀਤ ਸਿੰਘ ਦਾ ਤਾਂ ਇਸ ਤੋਂ ਪਿੱਛੋਂ ਅਜਿਹੀਆਂ ਗੈਰ ਇਖਲਾਕੀ ਹਰਕਤਾਂ ਕਰਨ ਦਾ ਝਾਕਾ ਹੀ ਖੁੱਲ੍ਹ ਗਿਆ ਹੁੰਦਾ ਹੈ। ਇਸ ਲਈ ਇਹ ਕਹਾਣੀ ਹਾਕਮਾਂ ਤੇ ਪੁਜਾਰੀਆਂ ਦੀ ਮਿਲੀਭੁਗਤ ਅਤੇ ਡਰਾਮੇਬਾਜੀ ਅਨੁਸਾਰ ਘੜੀ ਗਈ ਲਗਦੀ ਹੈ, ਕਿਉਂਕਿ ਇਸ ਪ੍ਰਚਾਰ ਨਾਲ ਜਿਥੇ ਮਹਾਰਾਜਾ ਰਣਜੀਤ ਸਿੰਘ ਵਿਰੁਧ ਚਲ ਰਿਹਾ ਰੋਹ ਸ਼ਾਂਤ ਹੋ ਗਿਆ, ਉਥੇ ਪੁਜਾਰੀਆਂ ਦੀ ਵੀ ਭੱਲ ਬਣ ਗਈ ਕਿ ਉਨ੍ਹਾਂ ਮੂਹਰੇ ਤਾਂ ਰਣਜੀਤ ਸਿੰਘ ਵੀ ਪਾਣੀ ਭਰਦਾ ਹੈ।

(ਬਾਕੀ ਅਗਲੇ ਅੰਕ 'ਚ)

## ਲਿਖਤੁਮ

# ਬਲੀ ਦੇ ਬੱਕਰੇ ਦੀ ਭਾਲ?



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਇਮਾਰਤਸਾਜ਼ੀ ਦੇ ਮਾਹਰਾਂ ਨੇ ਹਾਕਮ ਨੂੰ ਮਨ੍ਹਾਂ ਕੀਤਾ ਕਿ ਬਹੁਤ ਜ਼ਿਆਦਾ ਸੇਮ ਹੋਣ ਕਾਰਨ ਉਹ ਇਥੇ ਕੰਧ ਨਾ ਬਣਾਵੇ ਪਰ ਹਾਕਮ ਨੂੰ ਕੰਧ ਬਣਵਾ ਕੇ ਤਕੜਾ ਸਿਆਸੀ ਲਾਭ ਹੋਣਾ ਸੀ। ਇਸ ਕਰਕੇ ਉਹ ਟਲਿਆ ਨਾ। ਰਾਜ-ਮਦ ਦੇ ਨਸ਼ੇ 'ਚ ਚੂਰ ਹੋਏ ਨੇ ਫਟਾ-ਫਟ ਕੰਧ ਚਿਣਵਾ ਦਿੱਤੀ ਪਰ ਹੋਇਆ ਉਹੀ ਜਿਸ ਦਾ ਮਾਹਰਾਂ ਨੂੰ ਖਦਸ਼ਾ ਸੀ। ਕੁਝ ਦਿਨਾਂ ਬਾਅਦ ਹੀ ਸੁੱਕੇ ਅੰਬਰ ਕੰਧ ਡਿਗ ਪਈ। ਸਿਰਫ ਕੰਧ ਡਿਗਣ ਦਾ ਹੀ ਨੁਕਸਾਨ ਨਹੀਂ ਹੋਇਆ, ਸਗੋਂ ਲਾਗੇ ਰਸਤਾ ਹੋਣ ਕਾਰਨ ਮਲਬੇ ਥੱਲੇ ਆ ਕੇ ਨਗਰ ਦੇ ਦੋ ਬੰਦੇ ਵੀ ਮਾਰੇ ਗਏ।

ਦੋ ਨਿਰਦੋਸ਼ ਮਰਨ ਕਰਕੇ ਨਗਰ ਵਿਚ ਹਾਹਾਕਾਰ ਮੱਚ ਗਈ। ਲੋਕਾਂ ਨੇ ਇਕੱਠੇ ਹੋ ਕੇ ਰਾਜੇ ਦਾ ਪਿੱਟ-ਸਿਆਪਾ ਕਰਨਾ ਸ਼ੁਰੂ ਕਰ ਦਿੱਤਾ। ਲੋਕਾਂ ਦਾ ਨਿਤ ਵਧਦਾ ਰੋਹ ਵੇਖ ਕੇ ਰਾਜੇ ਨੇ ਐਲਾਨ ਕਰ ਦਿੱਤਾ ਕਿ ਦੋਸ਼ੀ ਬਖਸ਼ੇ ਨਹੀਂ ਜਾਣਗੇ। ਜਦ ਤਕ ਗੁਨਾਹਗਾਰਾਂ ਨੂੰ ਲੱਭ ਕੇ ਸਜ਼ਾ ਨਹੀਂ ਦਿੱਤੀ ਜਾਂਦੀ, ਮੈਂ ਚੈਨ ਨਾਲ ਨਹੀਂ ਬੈਠਾਂਗਾ। ਉਸ ਨੇ ਆਪਣੇ ਮਾਤਹਿਤ ਰਹੇ ਇਕ ਅਫਸਰ ਨੂੰ ਅਮਲਾ-ਫੈਲਾ ਦੇ ਕੇ 'ਇਨਕੁਆਰੀ ਕਮਿਸ਼ਨ' ਕਾਇਮ ਕਰ ਦਿੱਤਾ।

ਮਾਮਲੇ ਦੀ ਜਾਂਚ-ਪੜਤਾਲ ਕਰਕੇ ਕਮਿਸ਼ਨ ਨੇ ਸਿੱਟਾ ਕੱਢਿਆ ਕਿ ਜਿਸ ਠੇਕੇਦਾਰ ਨੂੰ ਕੰਧ ਬਣਾਉਣ ਦਾ ਠੇਕਾ ਦਿੱਤਾ ਗਿਆ ਸੀ, ਕਸੂਰਵਾਰ ਉਹ ਹੈ, ਦੋ ਬੰਦਿਆਂ ਦੀ ਮੌਤ ਉਹਦੇ ਸਿਰ ਲਗਦੀ ਹੈ। ਠੇਕੇਦਾਰ ਹਾਜ਼ਰ ਹੋਇਆ। ਉਹ ਕਹਿੰਦਾ ਗੁਨਾਹ ਮੇਰਾ ਨਹੀਂ, ਜਿਨ੍ਹਾਂ ਰਾਜ ਮਿਸਤਰੀਆਂ ਨੇ ਕੰਧ ਬਣਾਈ ਹੈ, ਉਹ ਦੋਸ਼ੀ ਹਨ। ਠੇਕੇਦਾਰ ਛੱਡ ਦਿੱਤਾ ਗਿਆ ਤੇ ਰਾਜ ਮਿਸਤਰੀ ਬੰਨ ਲਿਆਂਦੇ ਗਏ।

ਰਾਜ ਮਿਸਤਰੀ ਕਹਿਣ ਲੱਗੇ ਕਿ ਮਹਾਰਾਜ! ਸਾਡਾ ਕੋਈ ਕਸੂਰ ਨਹੀਂ, ਜਿਹੋ ਜਿਹਾ ਮਸਾਲਾ ਸਾਨੂੰ ਮਜ਼ਦੂਰ ਲਿਆ ਕੇ ਫੜਾਈ ਗਏ, ਅਸੀਂ ਉਹਦੇ ਨਾਲ ਹੀ ਇੱਟਾਂ ਦੀ ਚਿਣਾਈ ਕਰੀ ਗਏ। ਸੋ, ਤੁਹਾਡੇ ਮੁਲਜ਼ਮ ਮਜ਼ਦੂਰ ਹਨ। ਝੱਟ ਹੀ ਮਜ਼ਦੂਰਾਂ ਦੀ ਵੀ ਸ਼ਨਾਖਤ ਹੋ ਗਈ। ਉਨ੍ਹਾਂ ਨੇ ਹੋਰ ਹੀ 'ਕਹਾਣੀ' ਪਾ ਦਿੱਤੀ। ਉਹ ਕਹਿੰਦੇ, ਜਦ ਅਸੀਂ ਮਸਾਲਾ ਵਗੈਰਾ ਰਲਾ ਰਹੇ ਸਾਂ, ਤਦ ਲਾਗੇ ਮੁਜਰਾ ਹੋ ਰਿਹਾ ਸੀ। ਸਾਡਾ ਸਭ ਦਾ ਧਿਆਨ ਤਾਂ ਨ੍ਰਿਤਕੀ ਦੀ ਸੁੰਦਰਤਾ ਅਤੇ ਉਸ ਦੀਆਂ ਸ਼ੋਖ ਅਦਾਵਾਂ ਵੱਲ ਹੀ ਲੱਗਾ ਰਿਹਾ।

ਹੁਣ ਪੜਤਾਲੀਆ ਕਮਿਸ਼ਨ ਨੇ ਬਾਕੀ ਸਾਰੇ ਜਣੇ ਬਰੀ ਕਰ ਦਿੱਤੇ ਅਤੇ ਨ੍ਰਿਤਕੀ ਦੇ ਸੰਮਨ ਕੱਢ ਦਿੱਤੇ। ਦੋ ਬੰਦਿਆਂ ਦਾ ਕਤਲ ਉਹਦੇ ਮੱਥੇ ਮੜ੍ਹਦਿਆਂ ਉਸ ਨੂੰ ਪੁੱਛਿਆ ਗਿਆ ਕਿ ਜੇ ਤੂੰ ਉਥੇ ਨਾ ਨੱਚ ਰਹੀ ਹੁੰਦੀ ਤਾਂ ਕੰਧ ਪੱਕੀ ਬਣਦੀ ਅਤੇ ਦੋ ਬੰਦੇ ਨਾ ਮਰਦੇ।

ਨ੍ਰਿਤਕੀ ਨੇ ਜਵਾਬ ਦੇ ਕੇ ਕਹਾਣੀ ਦਾ ਰੁਖ ਹੀ ਮੋੜ ਦਿੱਤਾ। ਉਹ ਆਜਜ਼ੀ ਨਾਲ ਬੋਲੀ, ਮੈਨੂੰ ਨੱਚਣ ਦਾ ਸ਼ੌਕ ਨਹੀਂ ਸੀ ਚੜ੍ਹਿਆ ਹੋਇਆ, ਮੈਂ ਤਾਂ ਹਾਕਮ ਦੇ ਹੁਕਮ ਦੀ ਬੱਧੀ ਉਸ ਦਿਨ ਨੱਚੀ ਸੀ।

ਬਚਪਨ 'ਚ ਜਿਸ ਕਥਾਕਾਰ ਮੂੰਹੋਂ ਮੈਂ ਇਹ 'ਸਾਖੀ' ਸੁਣੀ ਸੀ, ਉਸ ਨੇ 'ਤਕੜੇ ਦਾ ਸੱਤੀਂ ਵੀਹੀਂ ਸੌ' ਵਾਲਾ ਅਖਾਣ ਬੋਲਦਿਆਂ ਗੱਲ ਇਥੇ ਮੁਕਾਈ ਸੀ ਕਿ ਜਦੋਂ ਨ੍ਰਿਤਕੀ ਦੇ ਬਿਆਨ ਅਨੁਸਾਰ ਕਤਲ ਦੀ ਸੂਈ ਹੁਕਮਰਾਨ ਵੱਲ ਘੁੰਮਣ ਲੱਗੀ ਤਾਂ ਉਸ ਨੇ ਫੌਰਨ ਹਰਕਤ ਵਿਚ ਆਉਂਦਿਆਂ ਸਭ ਤੋਂ ਪਹਿਲਾਂ ਧਰਮ ਮੰਦਿਰ ਵਿਚ ਜਾ ਕੇ ਖੂਬ ਪੂਜਾ-ਅਰਚਨਾ ਕੀਤੀ ਅਤੇ ਭਗਵਾਨ ਤੋਂ ਕਿਸੇ ਭੁੱਲ-ਚੁੱਕ ਦੀ ਖਿਮਾ ਜਾਚਨਾ ਕੀਤੀ।

ਫਿਰ ਇਹ ਅਨੋਖਾ 'ਨਿਆਂ' ਕਰਦਿਆਂ ਧਾਗੇ ਨਾਲ ਆਪਣੇ ਗਲੇ ਦੀ ਗੋਲਾਈ/ਮੋਟਾਈ ਨਾਪੀ ਅਤੇ ਧਾਗਾ ਅਹਿਲਕਾਰਾਂ ਨੂੰ ਫੜਾਉਂਦਿਆਂ ਹੁਕਮ ਦਿੱਤਾ ਕਿ ਜਿਸ ਕਿਸੇ ਵੀ ਪਰਦੇਸੀ ਦਾ ਗਲਾ ਮੇਰੇ ਇਸ ਨਾਪ ਦੇ ਫਿੱਟ ਆ ਜਾਏ, ਉਸ ਨੂੰ ਜਲਦੀ ਤੋਂ ਜਲਦੀ ਫਾਂਸੀ ਲਾ ਦਿਉ।

## ਵਿਗਸਦੀ ਮਨੁੱਖੀ ਸੱਭਿਅਤਾ

# ਸਾਗਰ ਵਿਚ ਤਰਦੇ ਸ਼ਹਿਰ ਅਤੇ ਅੰਬਰੀਂ ਉਡਦੀਆਂ ਇਮਾਰਤਾਂ

ਇਨਸਾਨ ਆਪਣੇ ਜੀਵਨ ਨੂੰ ਵਿਗਿਆਨ ਅਤੇ ਤਕਨੀਕ ਰਾਹੀਂ ਜਿੱਥੇ ਬੇਹੱਦ ਸੁਖਾਲਾ ਤੇ ਮਾਨਣਯੋਗ ਬਣਾ ਰਿਹਾ ਹੈ, ਉਥੇ ਦਿਮਾਗ ਦੀਆਂ ਡੂੰਘੀਆਂ ਤਹਿਆਂ ਵਿਚ ਵੱਸਦੀ ਸਨਕ ਅਤੇ ਉਸ ਤੋਂ ਪੈਦਾ ਹੋਏ ਸ਼ੌਕਾਂ ਦੀ ਪੂਰਤੀ ਲਈ ਅਜੀਬ ਤੇ ਹੈਰਾਨਕੁਨ ਤਜਰਬੇ ਕਰਨ ਵਿਚ ਵੀ ਰੁੱਝਾ ਹੋਇਆ ਹੈ। ਐਸੇ ਤਜਰਬਿਆਂ ਦੇ ਚੱਲਦਿਆਂ ਇਸ ਯੁੱਗ ਵਿਚ ਵੱਸ ਰਹੀ ਦੁਨੀਆਂ ਨੇੜ ਭਵਿੱਖ ਵਿਚ ਹੀ ਸ਼ਹਿਰੀਕਰਨ ਅਤੇ ਇਮਾਰਤਸਾਜ਼ੀ ਦੇ ਦਿਲਚਸਪ

**ਯਾਦਵਿੰਦਰ ਸਿੰਘ ਸਤਕੋਹਾ, ਪੋਲੈਂਡ**
ਫੋਨ: +0048-516732105
yadsatkoha@yahoo.com

ਤੇ ਆਧੁਨਿਕ ਰੂਪ ਦੇ ਰੂਬਰੂ ਹੋਣ ਜਾ ਰਹੀ ਹੈ। ਦੁਨੀਆਂ ਦੇ ਤਰੱਕੀਸ਼ੁਦਾ ਮੁਲਕ ਖਾਸ ਕਰ ਪੱਛਮੀ ਦੇਸ਼ ਜ਼ਮੀਨਦੋਜ਼ ਸ਼ਹਿਰਾਂ, ਬਾਜ਼ਾਰਾਂ, ਹੋਟਲਾਂ, ਸੜਕਾਂ ਅਤੇ ਟਰਾਂਸਪੋਰਟ ਪ੍ਰਬੰਧ ਦਾ ਨਿਰਮਾਣ ਤਾਂ ਪਹਿਲਾਂ ਹੀ ਕਰ ਚੁਕੇ ਹਨ। ਅਮਰੀਕਾ ਅਤੇ ਚੀਨ ਵਰਗੇ ਦੇਸ਼ਾਂ ਨੇ ਸਮੁੰਦਰ ਵਿਚ ਬਨਾਉਟੀ ਟਾਪੂ ਬਣਾਉਣ ਦੇ ਤਜਰਬੇ ਵੀ ਸਫਲਤਾ ਨਾਲ ਨਿਭਾ ਲਏ ਹਨ। ਇਸ ਤੋਂ ਅਗਲਾ ਕਦਮ ਸਾਗਰ ਵਿਚ ਨਿਰੰਤਰ ਤਰਦੇ ਤੇ ਸਮੇਂ ਸਮੇਂ ਆਪਣੀ ਸਥਿਤੀ ਬਦਲ



ਸਕਣ ਵਾਲੇ ਸ਼ਹਿਰਾਂ ਅਤੇ ਅੰਬਰ ਵਿਚ ਨਿਰੰਤਰ ਉਡਦੀਆਂ ਇਮਾਰਤਾਂ ਦੇ ਰੂਪ ਵਿਚ ਸਾਹਮਣੇ ਆਉਣ ਜਾ ਰਿਹਾ ਹੈ।

'ਬਿਜ਼ਨਸ ਇਨਸਾਈਡਰ' ਪਰਚੇ ਵਿਚ ਛਪੀ ਇਕ ਰਿਪੋਰਟ ਮੁਤਾਬਕ ਨਿਊ ਯਾਰਕ ਸਥਿਤ ਆਧੁਨਿਕ ਇਮਾਰਤਸਾਜ਼ੀ ਲਈ ਜਾਣੀ ਜਾਂਦੀ ਮਸ਼ਹੂਰ ਡਿਜ਼ਾਈਨ ਕੰਪਨੀ 'ਕਲਾਊਡਜ਼ ਆਰਕੀਟੈਕਚਰ' ਵੱਲੋਂ ਇਕ ਐਸੀ ਟਾਵਰਨੁਮਾ ਇਮਾਰਤ ਤਿਆਰ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ, ਜਿਸ ਦੀਆਂ ਨੀਂਹਾਂ ਧਰਤੀ ਵਿਚ ਨਹੀਂ ਹੋਣਗੀਆਂ ਸਗੋਂ ਇਹ ਨਿਰੰਤਰ ਹਵਾ ਵਿਚ ਉਡਦੀ ਰਹੇਗੀ। ਇਹ ਸੋਚ ਕੇ ਦਿਮਾਗ ਦਾ ਚਕਰਾ ਜਾਣਾ ਸੁਭਾਵਿਕ ਹੈ, ਏਨੇ ਵੱਡੇ ਟਾਵਰ ਦਾ ਲਗਾਤਾਰ ਹਵਾ ਵਿਚ ਉਡਣਾ ਸੰਭਵ ਕਿਵੇਂ ਹੋਵੇਗਾ?

ਦਰਅਸਲ ਇਹ ਇਮਾਰਤ ਧਰਤੀ ਤੋਂ ਕਰੀਬ ਤੀਹ ਹਜ਼ਾਰ ਮੀਲ ਉਚੇ ਖਲਾਅ ਵਿਚ ਤਰ ਰਹੇ ਇਕ ਉਪਗ੍ਰਹਿ ਨਾਲ ਇਕ ਬਹੁਤ ਮਜ਼ਬੂਤ ਅਤੇ ਹਜ਼ਾਰਾਂ ਮੀਲਾਂ ਲੰਬੀ ਕੇਬਲ ਤਾਰ ਨਾਲ ਟੰਗੀ ਹੋਵੇਗੀ। ਧਰਤੀ ਤੋਂ ਕੁਝ ਮੀਲ ਉਚੀ ਉਡਦੀ ਇਹ ਇਮਾਰਤ ਹੁਣ ਤੱਕ ਦਾ ਤਾਮੀਰ ਹੋਇਆ ਸਭ ਤੋਂ ਲੰਮਾ ਟਾਵਰ ਹੋਵੇਗਾ। ਕਿਉਂਕਿ ਇਹ ਇਮਾਰਤ ਧਰਤੀ ਤੋਂ ਉਪਰ ਉਡੇਗੀ। ਸੋ ਇਸ ਨੂੰ ਧਰਤੀ ਦੇ ਉਤਰੀ ਅਤੇ ਦੱਖਣੀ ਗੋਲਾਅਰਧ ਹਵਾਈ ਰਸਤੇ 'ਤੇ ਨਿਰੰਤਰ ਗਤੀਸ਼ੀਲ ਰੱਖਿਆ ਜਾਵੇਗਾ। ਅਸਮਾਨ ਵਿਚ ਤਰਦੀ ਇਹ ਇਮਾਰਤ ਰੋਜ਼ ਹਜ਼ਾਰਾਂ ਮੀਲਾਂ ਦਾ ਸਫਰ ਕਰੇਗੀ, ਇਸ ਦੇ ਅੰਦਰ ਵੱਸਦੇ ਲੋਕ ਹਰ ਪਲ ਨਵੇਂ ਅਤੇ ਬਦਲਦੇ ਜਾ ਰਹੇ ਭੂ-ਦ੍ਰਿਸ਼ਾਂ ਨੂੰ ਮਾਣਨਗੇ। ਇਹ ਸੌਰ-ਊਰਜਾ ਨਾਲ ਹੀ ਚਲਾਈ ਜਾਵੇਗੀ, ਸੋ ਇਸ ਦੀ ਸਾਰੀ ਕਾਰਜ ਪ੍ਰਣਾਲੀ ਪੂਰੀ ਤਰ੍ਹਾਂ ਪ੍ਰਦੂਸ਼ਣ ਮੁਕਤ ਹੋਵੇਗੀ। ਆਰਕੀਟੈਕਚਰ ਆਫਿਸ ਵੱਲੋਂ ਇਹ ਇਮਾਰਤ ਦੁਬਈ ਵਿਚ ਤਿਆਰ ਕਰਨ ਦੀ ਵਿਉਂਤਬੰਦੀ ਕੀਤੀ ਜਾ ਰਹੀ ਹੈ ਕਿਉਂਕਿ ਦੁਬਈ ਵਿਚ ਪਹਿਲਾਂ ਤੋਂ ਹੀ ਦੁਨੀਆਂ ਦੀਆਂ ਸਭ ਤੋਂ ਉਚੀਆਂ ਇਮਾਰਤਾਂ ਉਸਾਰਨ ਦਾ ਢੁਕਵਾਂ ਪ੍ਰਬੰਧ ਮੌਜੂਦ ਹੈ। ਦੂਸਰਾ ਕਾਰਨ ਇਹ ਵੀ ਹੈ ਕਿ ਦੁਬਈ ਵਿਚ ਏਨੇ ਉਚੇ ਅਤੇ ਆਧੁਨਿਕ ਟਾਵਰ ਦਾ ਨਿਰਮਾਣ ਕਰਨਾ ਅਮਰੀਕਾ ਦੀ ਨਿਸਬਤ ਚਾਰ ਗੁਣਾ ਸਸਤਾ ਹੈ।

ਵੈਸੇ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਇਹ ਇਮਾਰਤ ਦੁਨੀਆਂ ਦੇ ਕਿਸ ਹਿੱਸੇ ਵਿਚ ਤਿਆਰ ਹੋਣੀ ਚਾਹੀਦੀ ਹੈ ਕਿਉਂਕਿ ਇਸ ਨੂੰ ਕਿਸੇ ਸਥਾਨ ਤੋਂ ਵੀ ਉਪਗ੍ਰਹਿ ਨਾਲ ਜੋੜ ਕੇ ਹਵਾ ਵਿਚ ਚੁਕ ਲਿਆ ਜਾਵੇਗਾ ਅਤੇ ਇਹ ਆਪਣੀ ਅੰਤਹੀਣ ਉਡਾਣ 'ਤੇ ਰਵਾਨਾ ਹੋ ਜਾਵੇਗੀ।

ਇਹ ਇਮਾਰਤ ਆਪਣੇ ਆਪ ਵਿਚ ਇਕ ਅਜੂਬਾ ਹੋਵੇਗੀ। ਵੱਖ ਵੱਖ ਭਾਗਾਂ ਵਿਚ ਵੰਡੇ ਇਸ ਵਿਸ਼ਾਲ ਟਾਵਰ ਵਿਚ ਜ਼ਿੰਦਗੀ ਲਈ ਲੋੜੀਂਦੀਆਂ ਸਭ ਸੁੱਖ ਸਹੂਲਤਾਂ ਮੌਜੂਦ ਹੋਣਗੀਆਂ। ਇਹ ਇਕ ਕਿਸਮ ਦੀ ਆਤਮ ਨਿਰਭਰ ਇਕਾਈ ਦੇ ਰੂਪ ਵਿਚ ਹੋਵੇਗਾ ਜਿਸ ਅੰਦਰ ਸ਼ਾਪਿੰਗ ਮਾਲ, ਰੈਸਤਰਾਂ, ਦਫਤਰ, ਘਰ, ਕਲੱਬ, ਸਵਿਮਿੰਗ ਪੂਲ, ਖੇਡ-ਘਰ ਇੱਥੋਂ ਤੱਕ ਕੇ ਧਾਰਮਕ ਸਥਾਨ ਵੀ ਮੌਜੂਦ ਹੋਣਗੇ। ਕਿਉਂਕਿ ਇਹ ਇਮਾਰਤ ਹਮੇਸ਼ਾਂ ਹਵਾ ਵਿਚ ਹੀ ਰਹੇਗੀ, ਸੋ ਇਸ ਵਿਚ ਖਾਸ ਤੌਰ 'ਤੇ ਤਿਆਰ ਉਪ-ਉਡਾਣਾਂ ਰਾਹੀਂ ਹੀ ਦਾਖਲ ਹੋਇਆ ਜਾ ਸਕੇਗਾ ਅਤੇ ਮੁੜ ਧਰਤੀ 'ਤੇ ਉਤਰਨ ਲਈ ਖਾਸ ਪੈਰਾਸ਼ੂਟ ਦਾ ਇਸਤੇਮਾਲ ਕੀਤਾ ਜਾਵੇਗਾ। ਇਮਾਰਤ ਦੇ ਵਸਨੀਕਾਂ ਲਈ ਪਾਣੀ ਵਾਸਤੇ ਨਮੀ ਭਰਪੂਰ ਬੱਦਲਾਂ ਤੋਂ ਪਾਣੀ ਸੋਖਣ ਦੀ ਤਕਨੀਕ ਦਾ ਇਸਤੇਮਾਲ ਕੀਤਾ ਜਾਵੇਗਾ। ਇਮਾਰਤ ਦੀ ਕੁੱਲ ਉਚਾਈ ਜਾਂ ਕਹਿ ਲਉ ਲੰਬਾਈ ਬਾਰੇ ਅਜੇ ਸਟੀਕ ਫੈਸਲਾ ਨਹੀਂ ਲਿਆ ਗਿਆ ਪਰ ਇੱਕ ਅੰਦਾਜ਼ੇ ਮੁਤਾਬਕ ਇਹ ਦੁਨੀਆਂ ਦੀ ਸਭ ਤੋਂ ਉਚੀ ਇਮਾਰਤ ਬੁਰਜ ਖਲੀਫਾ, ਜਿਸ ਦੀ ਉਚਾਈ 868 ਮੀਟਰ ਹੈ, ਤੋਂ ਵੀ ਕਈ ਗੁਣਾ ਉਚੀ ਹੋਵੇਗੀ।


ਭਾਵੇਂ ਮੌਜੂਦਾ ਸਮੇਂ ਵਿਚ ਇਸ ਸਾਰੀ ਵਿਉਂਤਬੰਦੀ ਨੂੰ ਵਿਗਿਆਨ ਦੀ ਇਕ ਸਨਕ ਅਤੇ ਗੈਰ-ਸੰਭਾਵਿਤ ਪ੍ਰਾਜੈਕਟ ਵਜੋਂ ਵੇਖਿਆ ਜਾ ਰਿਹਾ ਹੈ ਪਰ ਨਾਸਾ ਨੇ ਇਸ ਮਿਸ਼ਨ ਵਿਚ ਵਰਤੇ ਜਾਣ ਵਾਲੇ ਉਪਗ੍ਰਹਿ ਦੀ ਸਥਿਤੀ ਅਤੇ ਵਿਉਂਤ ਤੈਅ ਕਰਨ ਲਈ 2021 ਤੱਕ ਦੀ ਸਮਾਂ ਹੱਦ ਨਿਸ਼ਚਿਤ ਕਰ ਦਿੱਤੀ ਹੈ। ਇਸ ਤੋਂ ਇਲਾਵਾ ਕਲਾਊਡਜ਼ ਆਰਕੀਟੈਕਚਰ ਨੇ ਆਪਣੀ ਨਿੱਜੀ ਵੈਬਸਾਈਟ ਉਤੇ ਇਕ ਖਾਸ ਕਾਲਮ ਬਣਾ ਕੇ ਇਸ ਸਾਰੇ ਪ੍ਰਾਜੈਕਟ ਬਾਰੇ ਐਨੀਮੇਸ਼ਨ ਵੀਡੀਓ ਰਾਹੀਂ ਕਾਫੀ ਬਾਰੀਕ ਜਾਣਕਾਰੀ ਮੁਹੱਈਆ ਕਰਵਾਈ ਹੈ, ਜੋ ਵੇਖਣ ਤੇ ਜਾਣਨਯੋਗ ਹੈ। ਕੰਪਨੀ ਨੇ ਤਾਂ ਇਸ ਟਾਵਰ ਦਾ ਨਾਂ ਵੀ ਜਾਰੀ ਕਰ ਦਿੱਤਾ ਗਿਆ ਹੈ, 'ਐਨਾਲੇਮਾ।' ਇਹ ਸ਼ਬਦ ਖਗੋਲ ਵਿਚ ਘੁੰਮਦੇ ਗ੍ਰਹਿ-ਨਛੱਤਰਾਂ ਦੀ ਚਾਲ ਦੀ ਵਿਆਖਿਆ ਕਰਨ ਲਈ ਵਰਤਿਆ ਜਾਂਦਾ ਹੈ।

ਇਸ ਵਿਸ਼ਾਲ ਪ੍ਰਾਜੈਕਟ ਨਾਲ ਕਈ ਕਿਸਮ ਦੀਆਂ ਹੋਰ ਉਲਝਣਾਂ ਵੀ ਹਨ ਜਿਵੇਂ ਕਿ ਇਸ ਦੇ ਹਵਾਈ ਰਸਤੇ ਵਿਚ ਆਉਣ ਵਾਲੇ ਸਭ ਦੇਸ਼ਾਂ ਦੀ ਮਨਜ਼ੂਰੀ ਤੋਂ ਬਿਨਾ ਇਸ ਨੂੰ ਉਡਾਣ 'ਤੇ ਰਵਾਨਾ ਨਹੀਂ ਕੀਤਾ ਜਾ ਸਕੇਗਾ, ਵਗੈਰਾ। ਸੋ ਇਸ ਅਜੂਬੇ ਨੂੰ ਪੂਰੀ ਤਰ੍ਹਾਂ ਸਾਕਾਰ ਹੋਇਆ ਵੇਖਣ ਲਈ ਅਜੇ ਲੰਮੀ ਉਡੀਕ ਕਰਨੀ ਪਵੇਗੀ ਅਤੇ ਇਹ ਪ੍ਰਾਜੈਕਟ ਬਹੁਤ ਸਾਰੇ ਤਕਨੀਕੀ ਪੜਾਵਾਂ ਤੇ ਅਧਿਕਾਰਤ ਮਨਜ਼ੂਰੀਆਂ ਦੀ ਲੰਮੀ ਸੂਚੀ ਰਾਹੀਂ ਗੁਜ਼ਰਦਾ ਪ੍ਰਵਾਨ ਚੜ੍ਹੇਗਾ।

ਅੰਬਰੀਂ ਉਡਦੀ ਇਮਾਰਤ ਦੀ ਚਰਚਾ ਤੋਂ ਬਾਅਦ ਸਾਗਰ ਦੇ ਸੀਨੇ 'ਤੇ ਨਿਰੰਤਰ ਤੈਰ ਰਹੇ ਦੁਨੀਆਂ ਦੇ ਸਭ ਤੋਂ ਪਹਿਲੇ ਸ਼ਹਿਰ ਦੇ ਨਿਰਮਾਣ ਦੀ ਯੋਜਨਾ ਬਾਰੇ ਜਾਣਨਾ ਵੀ ਘੱਟ ਦਿਲਚਸਪ ਨਹੀਂ ਹੈ। ਇਹ ਸ਼ਹਿਰ ਸਮੁੰਦਰ ਵਿਚ ਨਿਰਮਾਣ ਕਰਨ ਲਈ ਜਾਣੀ ਜਾਂਦੀ ਮਸ਼ਹੂਰ ਅਮਰੀਕਨ ਕੰਪਨੀ 'ਸੀਅ ਸਟੀਡਿੰਗ' ਤਿਆਰ ਕਰ ਰਹੀ ਹੈ। ਕੰਪਨੀ ਦੇ ਮੁਖੀ ਜੋਏ ਕੁਇਰਕ ਨੇ 2020 ਤੱਕ ਇਹ ਸ਼ਹਿਰ ਤਿਆਰ ਕਰਨ ਦੀ ਸਮਾਂ ਹੱਦ ਨਿਸ਼ਚਿਤ ਕਰਨ ਦਾ ਅਧਿਕਾਰਤ ਐਲਾਨ ਕੀਤਾ ਹੈ ਅਤੇ ਅਖਬਾਰ 'ਨਿਊ ਯਾਰਕ ਟਾਈਮਜ਼' ਵਿਚ ਦਿੱਤੀ ਇਕ ਇੰਟਰਵਿਊ ਰਾਹੀਂ ਇਸ ਪ੍ਰਾਜੈਕਟ ਦੇ ਵੇਰਵੇ ਵੀ ਬਿਆਨ ਕੀਤੇ ਹਨ। ਇਹ ਸ਼ਹਿਰ ਪੈਸੇਫਿਕ ਸਾਗਰ ਅੰਦਰ ਫਰੈਂਚ ਪੋਲੈਂਸੀਆ ਦੇ ਤਾਹਿਤੀ ਨਾਂ ਦੇ ਸਮੁੰਦਰੀ ਟਾਪੂ ਦੇ ਨੇੜੇ ਤੈਰੇਗਾ। ਇਸ ਪ੍ਰਾਜੈਕਟ ਨੂੰ ਸ਼ੁਰੂ ਕਰਨ ਲਈ ਫਰੈਂਚ ਪੋਲੈਂਸੀਆ ਸਰਕਾਰ ਤੇ ਸੀਅ ਸਟੀਡਿੰਗ ਵਿਚਾਲੇ ਮਨਜ਼ੂਰੀ ਅਤੇ ਸਮਝੌਤਾ ਹੋ ਚੁਕਾ ਹੈ।

ਸ਼ਹਿਰ ਦੀ ਉਸਾਰੀ ਲਈ ਸਭ ਤੋਂ ਪਹਿਲਾਂ ਸਮੁੰਦਰ ਵਿਚ ਤਰ ਰਹੇ ਗਿਆਰਾਂ ਵੱਖ ਵੱਖ ਪਲੇਟਫਾਰਮ ਬਣਾਏ ਜਾਣਗੇ ਜਿਨ੍ਹਾਂ ਦੀ ਲੰਬਾਈ ਤੇ ਚੌੜਾਈ ਪੰਜਾਹ ਮੀਟਰ ਹੋਵੇਗੀ ਅਤੇ ਇਨ੍ਹਾਂ ਵਿਚੋਂ ਕੁਝ ਆਇਤਾਕਾਰ ਅਤੇ ਕੁਝ ਪੰਜ ਨੁਕਤੀ ਅਕਾਰ ਦੇ ਹੋਣਗੇ। ਇਨ੍ਹਾਂ ਉਪਰਲੀ ਪਰਤ ਮਜ਼ਬੂਤ ਕੰਕਰੀਟ ਦੀ ਬਣਾਈ ਜਾਵੇਗੀ, ਜਿਸ ਉਤੇ ਤਿੰਨ ਮੰਜ਼ਿਲਾ ਅਪਾਰਟਮੈਂਟ, ਹੋਟਲ, ਹਸਪਤਾਲ, ਸ਼ਾਪਿੰਗ ਮਾਲ ਅਤੇ ਦਫਤਰ ਬਣਾਏ ਜਾ ਸਕਣਗੇ। ਸ਼ਹਿਰ ਦੀ ਦਿਲਚਸਪ ਖੂਬੀ ਇਹ ਹੋਵੇਗੀ ਕਿ ਸਾਗਰ 'ਤੇ ਨਿਰੰਤਰ ਤਰ ਰਹੇ ਪਲੇਟਫਾਰਮਾਂ ਦੀ ਸਥਿਤੀ ਨੂੰ ਸ਼ਹਿਰ ਵਾਸੀਆਂ ਦੀ ਸਹੂਲਤ ਅਨੁਸਾਰ ਅੱਗੇ-ਪਿੱਛੇ ਕਰ ਲੈਣਾ ਜਾਂ ਬਦਲ ਲੈਣਾ ਮੁਨਾਸਿਬ ਹੋਵੇਗਾ। ਮਿਸਾਲ ਵਜੋਂ ਜੇ ਸ਼ਾਪਿੰਗ ਮਾਲ ਹਸਪਤਾਲ ਦੇ ਨੇੜੇ ਹੈ ਤਾਂ ਹਫਤੇ ਦੇ ਆਖਰੀ ਦਿਨਾਂ ਵਿਚ ਸ਼ਾਪਿੰਗ ਮਾਲ ਦੀ ਗਹਿਮਾ ਗਹਿਮੀ ਅਤੇ ਰੌਲੇ ਰੱਪੇ ਤੋਂ ਬਚਣ ਲਈ ਹਸਪਤਾਲ ਨੂੰ ਸ਼ਹਿਰ ਦੇ ਕਿਸੇ ਹੋਰ ਕੋਨੇ ਵੱਲ ਸਰਕਾ ਦੇਣਾ ਸੰਭਵ ਹੋਵੇਗਾ। ਹਰ ਪਲੇਟਫਾਰਮ ਦੇ ਨਿਰਮਾਣ ਵਿਚ 15 ਮਿਲੀਅਨ ਅਮਰੀਕਨ ਡਾਲਰ ਦਾ ਖਰਚਾ ਆਉਣ ਦੀ ਸੰਭਾਵਨਾ ਹੈ। ਵੈਸੇ ਸੀਅ ਸਟੀਡਿੰਗ ਦਾ ਕਹਿਣਾ ਹੈ ਕਿ ਇਹ ਕੋਈ ਮਹਿੰਗਾ ਸੌਦਾ ਨਹੀਂ ਹੈ ਕਿਉਂਕਿ ਲੰਦਨ ਜਾਂ ਨਿਊ ਯਾਰਕ ਸ਼ਹਿਰਾਂ ਵਿਚ ਵੀ ਜੇ ਪੰਜਾਹ ਮੀਟਰ ਦਾ ਆਇਤਾਕਾਰ ਪਲਾਟ ਖਰੀਦਣਾ ਹੋਵੇ ਤਾਂ ਏਨਾ ਕੁ ਖਰਚਾ ਆ ਹੀ ਜਾਂਦਾ ਹੈ। ਸ਼ਹਿਰ ਬਿਜਲੀ ਊਰਜਾ ਦੇ ਉਤਪਾਦਨ ਦੇ ਮਾਮਲੇ ਵਿਚ ਵੀ ਪੂਰੀ ਤਰ੍ਹਾਂ ਸਵੈ-ਨਿਰਭਰ ਹੋਵੇਗਾ। ਪਾਣੀ ਵਾਸਤੇ ਸਮੁੰਦਰੀ ਪਾਣੀ ਨੂੰ ਫਿਲਟਰ ਕਰਨ ਲਈ ਆਧੁਨਿਕ ਤਕਨੀਕ ਦੀ ਵਰਤੋਂ ਕੀਤੀ ਜਾਵੇਗੀ।

ਸ਼ੁਰੂ ਵਿਚ ਇਸ ਸ਼ਹਿਰ 'ਚ ਤਿੰਨ ਸੌ ਲੋਕ ਵਸਾਉਣ ਦੀ ਯੋਜਨਾ ਹੈ ਪਰ ਸੀਅ ਸਟੀਡਿੰਗ ਦਾ



ਦਾਅਵਾ ਹੈ ਕਿ ਇਸ ਸ਼ਹਿਰ ਦੀ ਉਸਾਰੀ ਤੇ ਵਾਧਾ ਨਿਰੰਤਰ ਜਾਰੀ ਰਹੇਗਾ ਅਤੇ 2050 ਤੱਕ ਇਸ ਦੀ ਆਬਾਦੀ ਦਸ ਲੱਖ ਤੋਂ ਵੀ ਵੱਧ ਹੋਵੇਗੀ। ਕੰਪਨੀ ਵੱਲੋਂ ਪਿਛਲੇ ਪੰਜ ਸਾਲ ਤੋਂ ਲਗਾਤਾਰ ਇਸ ਦਿਸ਼ਾ ਵਿਚ ਖੋਜ ਤੇ ਤਜਰਬੇ ਕੀਤੇ ਜਾ ਰਹੇ ਸਨ। ਕੰਪਨੀ ਦਾ ਦਾਅਵਾ ਹੈ ਕਿ ਇਸ ਸ਼ਹਿਰ 'ਚ ਵੱਸਣ ਲਈ ਹਜ਼ਾਰਾਂ ਲੋਕਾਂ ਵੱਲੋਂ ਵੈਬਸਾਈਟ ਰਾਹੀਂ ਅਰਜ਼ੀਆਂ ਭੇਜੀਆਂ ਜਾ ਰਹੀਆਂ ਹਨ।

ਜੋਏ ਕੁਇਰਕ ਦਾ ਕਹਿਣਾ ਹੈ ਕਿ ਸਾਗਰ ਉਤੇ ਤਰਦੇ ਸ਼ਹਿਰਾਂ ਦੇ ਰੂਪ ਨਾਲ ਅਸੀਂ ਭਵਿੱਖ ਅੰਦਰ ਦੁਨੀਆਂ ਨੂੰ ਇਕ ਨਵਾਂ ਜੀਵਨ ਢੰਗ ਦੇਣ ਜਾ ਰਹੇ ਹਾਂ ਜਿਸ ਨਾਲ ਰਾਜਨੀਤੀ ਅਤੇ ਸਮਾਜ ਦੀਆਂ ਸਥਾਪਤ ਕਦਰਾਂ-ਕੀਮਤਾਂ ਵਿਚ ਬਦਲਾਓ ਅਤੇ ਨਵੀਨਤਾ ਵਾਪਰੇਗੀ। ਇਹ ਸ਼ਹਿਰ ਸੁਤੰਤਰ ਸਰਕਾਰਾਂ ਦੇ ਅਧੀਨ ਚੱਲਣਗੇ ਅਤੇ ਸ਼ਹਿਰੀ ਲੋਕਤੰਤਰੀ ਢੰਗ ਨਾਲ ਆਪਣੀ ਸਰਕਾਰ ਚੁਣ ਸਕਣਗੇ। ਮੰਨ ਲਉ, ਸ਼ਹਿਰ ਦੀ ਇਕ ਕਾਲੋਨੀ ਜਾਂ ਭਾਈਚਾਰਾ ਸ਼ਹਿਰ ਦੀ ਸਰਕਾਰ ਦੀ ਕਿਸੇ ਨੀਤੀ ਨਾਲ ਸਹਿਮਤ ਨਹੀਂ ਹੈ ਜਾਂ ਉਨ੍ਹਾਂ ਦੀ ਕੋਈ ਜਾਇਜ਼ ਮੰਗ ਨਹੀਂ ਮੰਨੀ ਜਾ ਰਹੀ ਤਾਂ ਉਨ੍ਹਾਂ ਕੋਲ ਆਪਣੀ ਕਾਲੋਨੀ ਨੂੰ ਸ਼ਹਿਰ ਤੋਂ ਵੱਖ ਕਰਕੇ ਕਿਸੇ ਦੂਸਰੇ ਸ਼ਹਿਰ ਨਾਲ ਜੋੜ ਸਕਣ ਦਾ ਬਦਲ ਮੌਜੂਦ ਰਹੇਗਾ, ਜੋ ਕਿ ਜ਼ਮੀਨ 'ਤੇ ਵੱਸਦੇ ਸ਼ਹਿਰੀਆਂ ਕੋਲ ਕਦੇ ਵੀ ਨਹੀਂ ਹੁੰਦਾ। ਸੋ, ਇਸ ਤਰ੍ਹਾਂ ਦਾ ਰਾਜਨੀਤਕ ਪ੍ਰਬੰਧ ਮਨੁੱਖੀ ਹੱਕਾਂ ਅਤੇ ਆਜ਼ਾਦੀ ਲਈ ਨਵੀਆਂ ਸੰਭਾਵਨਾਵਾਂ ਦੀ ਤਾਮੀਰ ਕਰੇਗਾ।

ਫਰੈਂਚ ਪੋਲੈਂਸੀਆ ਸਰਕਾਰ ਇਸ ਪ੍ਰਾਜੈਕਟ ਨੂੰ ਨਿੱਜੀ ਦਿਲਚਸਪੀ ਨਾਲ ਤਾਮੀਰ ਕਰਵਾ ਰਹੀ ਹੈ, ਜਿਸ ਦਾ ਇਕ ਖਾਸ ਕਾਰਨ ਆਲਮੀ ਤਪਸ਼ ਕਾਰਨ ਵਧ ਰਹੇ ਸਮੁੰਦਰੀ ਪਾਣੀ ਦੇ ਪੱਧਰ ਦੇ ਖਤਰੇ ਤੋਂ ਬਚਣਾ ਵੀ ਹੈ। ਫਰੈਂਚ ਪੋਲੈਂਸੀਆ ਪੈਸੇਫਿਕ ਸਾਗਰ ਅੰਦਰ 118 ਛੋਟੇ ਛੋਟੇ ਟਾਪੂਆਂ ਦਾ ਸਮੂਹ ਹੈ ਅਤੇ ਸਮੁੰਦਰੀ ਪਾਣੀ ਦੇ ਵਧ ਰਹੇ ਪੱਧਰ ਪ੍ਰਤੀ ਫਿਕਰਮੰਦ ਹੈ। ਬਿਨਾ ਸ਼ੱਕ ਸਾਗਰ 'ਤੇ ਤੈਰਦੇ ਸ਼ਹਿਰ ਸਮੁੰਦਰੀ ਪਾਣੀ ਦੇ ਵਧ ਰਹੇ ਪੱਧਰ ਦੇ ਖਤਰੇ ਦਾ ਬਹੁਤ ਹੀ ਸੁਯੋਗ ਹੱਲ ਬਣ ਸਕਦੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਜੇ ਇਹ ਵਿਉਂਤਬੰਦੀ ਸਫਲ ਹੋ ਗਈ ਤਾਂ ਸਾਰੀ ਦੁਨੀਆਂ ਦੇ ਦੇਸ਼ ਇਸ ਖੇਤਰ ਵਿਚ ਭਾਰੀ ਨਿਵੇਸ਼ ਕਰਨਗੇ ਕਿਉਂਕਿ ਸਮੁੰਦਰੀ ਪਾਣੀ ਦੇ ਵਧ ਰਹੇ ਪੱਧਰ ਦਾ ਖਤਰਾ ਸਾਰੇ ਵਿਸ਼ਵ ਦੇ ਸਿਰ 'ਤੇ ਮੰਡਰਾ ਰਿਹਾ ਹੈ।

ਜਾਹਰ ਹੈ ਕਿ ਅਸੀਂ ਮਨੁੱਖੀ ਸੱਭਿਅਤਾ ਦੇ ਜੀਵਨ ਢੰਗ ਦੀ ਪਹਿਲਾਂ ਤੋਂ ਵੀ ਵੱਧ ਆਧੁਨਿਕ, ਤਕਨੀਕੀ ਅਤੇ ਵਿਗਿਆਨਕ ਤਬਦੀਲੀ ਦੇ ਕੰਢੇ ਖੜ੍ਹੇ ਹਾਂ। ਸਮਾਂ ਹੀ ਦੱਸੇਗਾ ਕਿ ਮਨੁੱਖ ਵਲੋਂ ਵਿਗਿਆਨ ਰਾਹੀਂ ਸਿਰਜੇ ਜਾ ਰਹੇ ਖੁਦ ਦੇ ਭਵਿੱਖ ਅੰਦਰ ਕੀ ਕੀ ਕ੍ਰਿਸ਼ਮੇ ਲੁਕੇ ਪਏ ਹਨ? ਜਾਪਦਾ ਹੈ ਕਿ ਅੱਜ ਤੱਕ ਧਰਤੀ ਦਾ ਪੁੱਤਰ ਅਖਵਾਉਂਦਾ ਇਨਸਾਨ ਹੁਣ ਅੰਬਰ ਦਾ ਬੇਟਾ ਜਾਂ ਸਾਗਰ ਦੀ ਔਲਾਦ ਵਰਗੇ ਲਕਬਾਂ ਨਾਲ ਵੀ ਜਾਣਿਆ ਜਾਇਆ ਕਰੇਗਾ।

## ਮਿਨੀ ਕਹਾਣੀ

### ਪੱਕੀ ਫਸਲ

"ਕੀ ਲੋਹੜਾ ਮਾਰਿਆ, ਦੁਨੀਆਂ ਨੂੰ ਸ਼ਰਮ ਤਾਂ ਕੋਈ ਰਹੀ ਹੀ ਨਹੀਂ, ਉਜੜੇ ਘਰਾਂ ਨੂੰ ਤਕਾਈ ਜਾਂਦੇ ਆ।" ਮਾਸਟਰ ਜੰਗ ਬਹਾਦਰ ਆਪਣੇ ਸੁਭਾਅ ਦੇ ਉਲਟ ਉਚੀ ਉਚੀ ਮੰਦਾ-ਚੰਗਾ ਬੋਲਦਾ ਜਾ ਰਿਹਾ ਸੀ। ਬਹੁਤ ਸਾਰੇ ਲੋਕ ਵੀ ਉਧਰ ਨੂੰ ਕਾਹਲੀ- ਕਾਹਲੀ ਜਾ ਰਹੇ ਸਨ।

"ਕੀ ਹੋਇਆ ਚਾਚਾ?" ਛਿੰਦਾ ਇਕਦਮ ਹੈਰਾਨ ਜਿਹਾ ਹੋ ਦਰਵਾਜੇ ਅੱਗੇ ਮੰਜੀ ਡਾਹੀ ਬੈਠੇ ਬੱਲਾ ਸਿੰਘ ਕੋਲ ਜਾ ਖੜ੍ਹਾ ਹੋਇਆ।

"ਹੈਂ! ਤੈਨੂੰ ਪਤਾ ਨਹੀਂ। ਕਿੱਥੇ ਰਹਿਨੈਂ? ਆਹ ਗਿੰਦਰ ਦਾ ਮੂੰਹ ਚੱਕ ਜਿਹਾ, ਕੀ ਉਹਨੂੰ ਆਂਹਦੇ ਆ ਸੰਨੀ-ਸੁੰਨੀ, ਦੇਬੇ ਦੇ ਘਰੇ ਦਿਨ ਦੀਵੀਂ ਜਾ ਵੜਿਆ...ਕੁੜੀ ਨੂੰ ਜਾ ਹੱਥ ਪਾਇਆ। ਮਾਂ ਤਾਂ ਵਿਚਾਰੀ ਗਈ ਸੀ ਕੰਮ ਧੰਦੇ। ਉਹ ਤਾਂ ਦੇਬੇ ਦਾ ਸਹੁਰਾ ਨਾ ਹੁੰਦਾ ਤਾਂ...ਬੁੜ੍ਹੇ ਦੇ ਸੱਟਾਂ ਮਾਰ ਭੱਜ ਗਿਆ, ਚਲੋ ਕੁੜੀ ਦੀ ਇੱਜਤ ਬਚ ਗਈ।" ਬੱਲਾ ਸਿੰਘ ਨੇ ਸਾਰੀ ਕਹਾਣੀ ਸੁਣਾ ਦਿੱਤੀ।

ਛੇ ਕੁ ਮਹੀਨੇ ਪਹਿਲਾਂ ਹੀ ਦੇਬਾ ਕਰਜੇ ਹੱਥੋਂ ਦੁਖੀ ਹੋਇਆ ਖੁਦਕੁਸ਼ੀ ਕਰ ਗਿਆ ਸੀ। ਦੇਬੇ ਦੀ ਕੁੜੀ ਵਿਆਹੁਣ ਜੋਗੀ ਸੀ ਤੇ ਮੁੰਡਾ ਅਜੇ ਛੋਟਾ ਸੀ।

ਛਿੰਦਾ ਇਕਦਮ ਠਠੰਬਰ ਗਿਆ। ਇਸ ਵਾਰ ਵੀ ਬਹੁਤਾ ਮੀਂਹ ਪੈਣ ਕਾਰਨ ਉਸ ਵਾਂਗ ਕਈ ਘਰਾਂ ਦੀ ਫਸਲ ਮਾਰੀ ਗਈ ਸੀ। ਸਿਰ 'ਤੇ ਕਰਜੇ ਦੀ ਵਧਦੀ ਪੰਡ ਅਤੇ ਘਰੇ ਜੁਆਨ ਹੋ ਰਹੀਆਂ ਦੋਨੋਂ ਕੁੜੀਆਂ। ਥੋੜ੍ਹੀ ਜਮੀਨ ਕਰਕੇ ਗੁਜ਼ਾਰਾ ਤਾਂ ਪਹਿਲਾਂ ਹੀ ਔਖਾ ਸੀ, ਹੁਣ ਤਾਂ ਕੁਝ ਪੱਲੇ ਹੀ ਨਹੀਂ ਸੀ ਰਹਿ ਗਿਆ। 'ਬੈਂਕ ਅਤੇ ਆੜ੍ਹਤੀਆਂ ਨੂੰ ਕਿਹੜਾ ਮੂੰਹ ਵਿਖਾਊਂ, ਇਸ ਜ਼ਿੰਦਗੀ ਨਾਲੋਂ ਤਾਂ ਮੌਤ ਚੰਗੀ' ਸੋਚ ਉਹ ਮਨ ਵਿਚ ਬੁਰੀ ਧਾਰ ਖੇਤ ਵੱਲ ਨੂੰ ਤੁਰ ਪਿਆ ਸੀ। ਦੇਬੇ ਦੇ ਘਰ ਵਾਪਰੀ ਘਟਨਾ ਨੇ ਉਸ ਨੂੰ ਸੋਚਣ ਲਾ ਦਿੱਤਾ।

"ਮੇਰੀਆਂ ਕੁੜੀਆਂ ਵੀ ਜੁਆਨ ਹੋ ਰਹੀਆਂ...ਮੇਰੇ ਬਾਅਦ ਉਨ੍ਹਾਂ ਨੂੰ ਵੀ ਲੋਕ...।" ਸੋਚ ਉਹ ਕੰਬ ਗਿਆ।

"ਕਿਵੇਂ ਛਿੰਦਿਆ ਚੁੱਪ ਜਿਹਾ ਹੋ ਗਿਆਂ, ਨਾਲੇ ਐਸ ਵੇਲੇ ਕਿੱਧਰ ਚੱਲਿਆ ਸੀ?" ਬੱਲਾ ਸਿੰਘ ਨੇ ਚੁੱਪ ਤੋੜਦਿਆਂ ਪੁੱਛਿਆ।

"ਬਸ ਚਾਚਾ ਖੇਤ...।" ਉਸ ਨੇ ਉਖੜਿਆ ਜਿਹਾ ਜਵਾਬ ਦਿੱਤਾ।

"ਪੁੱਤ ਖੇਤ ਕੀ ਹੈ? ਐਨਾ ਫਿਕਰ ਨਾ ਲਾ, ਸਾਲ-ਛਿਮਾਹੀ ਫਸਲ ਫੇਰ ਆ ਜੂ। ਜ਼ਿੰਦਗੀ 'ਚ ਉਤਰਾਅ-ਚੜਾਅ ਆਉਂਦੇ ਹੀ ਰਹਿੰਦੇ ਆ। ਘਰੇ ਜੁਆਕਾਂ ਦਾ ਖਿਆਲ ਰੱਖੋ...ਧੀਆਂ-ਧਿਆਣੀਆਂ ਵੀ ਪੱਕੀ ਫਸਲ ਵਾਂਗ ਰਾਖੀ ਮੰਗਦੀਆਂ।" ਬੱਲਾ ਸਿੰਘ ਨੇ ਉਸ ਦੀ ਉਖੜੀ ਹਾਲਤ ਵੇਖ ਖਬਰਦਾਰ ਕੀਤਾ ਸੀ। ਛਿੰਦਾ ਮਾੜੀ ਸੋਚ ਪਾਸੇ ਰੱਖ, ਮਰਦਾਂ ਬਾਝੋਂ ਖਾਲੀ ਘਰਾਂ ਦੀ ਹਾਲਤ ਵੇਖ, ਚੱਕਵੇਂ ਪੈਰੀਂ ਘਰ ਪਰਤ ਆਇਆ ਸੀ।

*-ਗੁਰਮੀਤ ਸਿੰਘ ਮਰਾੜ੍ਹ*
*ਫੋਨ: 91-95014-00397*

## ਲਤੀਫਾ

ਇਕ ਜਲਸੇ ਵਿਚ ਸਿਆਸੀ ਨੇਤਾ ਕਾਫੀ ਦੇਰ ਤਕ ਭਾਸ਼ਣ ਦਿੰਦਾ ਰਿਹਾ। ਜਦੋਂ ਸਰੋਤਿਆਂ ਨੇ ਤਾੜੀਆਂ ਨਾ ਵਜਾਈਆਂ ਤਾਂ ਖਿਝ ਕੇ ਬੋਲਿਆ, "ਮੈਨੂੰ ਲਗਦਾ ਹੈ, ਤੁਹਾਨੂੰ ਲੋਕਾਂ ਨੂੰ ਮੇਰੀ ਗੱਲ ਦੀ ਸਮਝ ਨਹੀਂ ਆਈ।"

ਸਰੋਤਿਆਂ ਵਿਚੋਂ ਇਕ ਨਿਧੜਕ ਉਠ ਕੇ ਬੋਲਿਆ, "ਨੇਤਾ ਜੀ, ਤੁਸੀਂ ਆਪਣਾ ਭਾਸ਼ਣ ਰਿਕਾਰਡ ਕਰ ਕੇ ਫੇਰ ਸੁਣੋ ਤਾਂ ਦੱਸਣਾ ਕਿ ਤੁਹਾਨੂੰ ਸਮਝ ਆਈ।"


*-ਵਾਸਦੇਵ ਸਿੰਘ ਪਰਹਾਰ*
*ਫੋਨ: 206-434-1155*

# ਜੰਗ ਦੇ ਨਿਸ਼ਾਨ

***ਜੰਗ ਬਾਰੇ ਕਿਸੇ ਨੇ ਠੀਕ ਹੀ ਕਿਹਾ ਹੈ ਕਿ ਜੰਗ ਸਿਆਸਤਦਾਨ ਕਰਵਾਉਂਦੇ ਹਨ, ਨੌਕਰਸ਼ਾਹੀ ਇਸ ਨੂੰ ਔਖਾ ਬਣਾਉਂਦੀ ਹੈ ਅਤੇ ਫੌਜੀ ਲੜਦੇ-ਮਰਦੇ ਹਨ। ਜੰਗ ਨਾਲ ਹੁੰਦੀ ਤਬਾਹੀ ਦਾ ਕਦੀ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਚੀਜ਼ਾਂ-ਵਸਤਾਂ ਦਾ ਨੁਕਸਾਨ ਤਾਂ ਮਿਣਿਆ ਜਾ ਸਕਦਾ ਹੈ ਪਰ ਮਨੁੱਖੀ ਮਨ 'ਤੇ ਪਏ ਅਸਰ ਨੂੰ ਕਿਸੇ ਵੀ ਢੰਗ ਨਾਲ ਮਿਣਿਆ ਨਹੀਂ ਜਾ ਸਕਦਾ। ਜੰਗ ਦੀ ਕਰੂਰਤਾ ਬਾਰੇ ਕਰਨਲ ਬਲਬੀਰ ਸਿੰਘ ਸਰਾਂ ਦੀ ਸੁਣਾਈ ਇਹ ਕਥਾ ਝੰਜੋੜਨ ਵਾਲੀ ਹੈ। -ਸੰਪਾਦਕ***

ਵੀਹਵੀਂ ਸਦੀ ਦੇ 60ਵਿਆਂ ਦੀ ਮਕਬੂਲ ਫਿਲਮ 'ਦਿਲ ਅਪਨਾ ਔਰ ਪ੍ਰੀਤ ਪਰਾਈ' ਦੇ ਗੀਤ ਦੀਆਂ ਸਤਰਾਂ ਪਤਾ ਨਹੀਂ ਕਿਥੇ ਚੇਤੇ ਵਿਚੋਂ ਉਭਰ ਆਈਆਂ: "ਅਜੀਬ ਦਾਸਤਾਂ ਹੈ ਯੇਹ, ਕਹਾਂ ਸ਼ੁਰੂ ਕਹਾਂ ਖਤਮ...।" ਨਾਲ ਹੀ ਅਜੀਬ, ਯਕੀਨੋਂ ਬਾਹਰ ਦੀ ਕਹਾਣੀ ਸਾਹਮਣੇ ਆ ਖੜ੍ਹੀ, ਜੋ ਦਸ ਕੁ ਸਾਲ ਪਹਿਲਾਂ ਸਾਡੇ ਫੌਜੀ ਗਲਿਆਰਿਆਂ ਵਿਚ ਘੁੰਮੀ। ਜਦੋਂ ਵੀ ਉਹ ਜੰਗੀ ਕਹਾਣੀ ਯਾਦ ਆਉਂਦੀ ਹੈ, ਅੱਖਾਂ ਨਮ ਹੋ ਜਾਂਦੀਆਂ ਹਨ।

ਇਹ ਕਹਾਣੀ ਫੌਜੀ ਪਿਤਾ ਨੇ ਆਪਣੇ ਸ਼ਹੀਦ ਹੋ ਚੁੱਕੇ ਪੁੱਤਰ ਬਾਰੇ ਸੇਵਾਮੁਕਤ ਮੇਜਰ ਜਨਰਲ ਇਆਨ ਕਾਰਡੋਜ਼ੋ ਅਤੇ ਕੁਝ ਹੋਰ ਫੌਜੀ ਮਿੱਤਰਾਂ ਨੂੰ ਦੱਸੀ ਸੀ। ਇਸ ਦੀ ਸ਼ੁਰੂਆਤ 1971 'ਚ ਹੋਈ ਤੇ ਸਿਖਰ 2001 'ਚ। ਸੈਕਿੰਡ ਲੈਫਟੀਨੈਂਟ ਅਰੁਣ ਖੇਤਰਪਾਲ। ਉਮਰ 21 ਸਾਲ ਦੋ ਮਹੀਨੇ ਦੋ ਦਿਨ। ਛੇ ਫੁੱਟ ਦੋ ਇੰਚ ਲੰਮਾ। ਪਤਲਾ ਸਰੀਰ। ਵੱਖ ਵੱਖ ਸਕੂਲਾਂ 'ਚੋਂ ਪੜ੍ਹਦਾ, ਸੀਨੀਅਰ ਕਲਾਸਾਂ ਲਾਰੈਂਸ ਸਕੂਲ ਸਨਾਵਰ ਤੋਂ ਪਾਸ, ਐਨ.ਡੀ.ਏ. ਪੁਣੇ ਤੇ ਫਿਰ ਆਈ. ਐਮ. ਏ. ਦੇਹਰਾਦੂਨ ਤੋਂ 1971 ਵਿਚ ਅਫਸਰ ਬਣ, ਟੈਂਕ



**ਕਰਨਲ ਬਲਬੀਰ ਸਿੰਘ ਸਰਾਂ**

ਰੈਜੀਮੈਂਟ 17 ਐਚ (ਪੂਨਾ ਹੌਰਸ) ਵਿਚ ਜਾ ਪੁੱਜਾ। ਫੌਜੀ ਰਵਾਇਤਾਂ ਅਨੁਸਾਰ ਟੈਂਕ ਡਰਾਈਵਰੀ, ਗੰਨਰੀ, ਰੇਡੀਓ ਅਪਰੇਟਰ, ਟੈਂਕ ਕਮਾਂਡਰ ਦੀ ਸਿਖਲਾਈ ਪਿਛੋਂ ਟੈਂਕ ਟਰੂਪ ਕਮਾਂਡਰ (ਤਿੰਨ ਟੈਂਕਾਂ ਦੀ ਟੋਲੀ) ਬਣ ਰੈਜੀਮੈਂਟ ਨਾਲ ਰਣ ਖੇਤਰ ਵਿਚ ਪਹੁੰਚ ਗਿਆ। ਦੋਵੇਂ ਪਾਸੇ ਫੌਜੀ ਤਿਆਰ ਸਨ। ਬਸ ਹੁਕਮ ਦੀ ਉਡੀਕ ਸੀ।

ਨੌਜਵਾਨ ਅਰੁਣ ਖੇਤਰਪਾਲ ਪੰਜਾਬ ਤੋਂ ਸੀ। ਪਿਤਾ ਬ੍ਰਿਗੇਡੀਅਰ ਮਦਨ ਲਾਲ ਖੇਤਰਪਾਲ (ਅਤਿ ਵਿਸ਼ਿਸ਼ਟ ਸੇਵਾ ਮੈਡਲ) ਦਾ ਜਨਮ ਅਣਵੰਡੇ ਪੰਜਾਬ ਦੇ ਸਰਗੋਧਾ (ਪਾਕਿਸਤਾਨ) 'ਚ ਹੋਇਆ। ਅਰੁਣ ਦਾ ਪੜਦਾਦਾ ਐਂਗਲੋ-ਸਿੱਖ ਲੜਾਈਆਂ 'ਚ ਚਿਲਿਆਂ ਵਾਲਾ ਵਿਖੇ ਸਿੱਖ ਫੌਜ ਨਾਲ ਅੰਗਰੇਜ਼ਾਂ ਖਿਲਾਫ ਲੜਿਆ। ਉਸ ਦੇ ਦਾਦੇ ਨੇ ਪਹਿਲੀ ਆਲਮੀ ਜੰਗ ਵਿਚ ਹਿੱਸਾ ਲਿਆ ਤੇ ਪਿਤਾ ਸੇਵਾਮੁਕਤੀ ਤਕ ਭਾਰਤੀ ਸੈਨਾ ਦੀ ਇੰਜੀਨੀਅਰ ਕੋਰ ਵਿਚ ਰਿਹਾ। ਤਿੰਨ ਦਸੰਬਰ 1971 ਦੀ ਸ਼ਾਮ ਨੂੰ ਪਾਕਿਸਤਾਨ ਨੇ ਕਈ ਭਾਰਤੀ ਹਵਾਈ ਅੱਡਿਆਂ 'ਤੇ ਬੰਬਾਰੀ ਕੀਤੀ ਤੇ ਯੁੱਧ ਦਾ ਬਿਗਲ ਵੱਜ ਗਿਆ। ਭਾਰਤੀ ਪ੍ਰਧਾਨ ਮੰਤਰੀ ਉਦੋਂ ਪੱਛਮੀ ਬੰਗਾਲ 'ਚ ਕਿਸੇ ਰੈਲੀ ਨੂੰ ਮੁਖਾਤਿਬ ਸਨ। ਰੈਲੀ ਵਿਚੇ ਛੱਡ ਦਿੱਲੀ ਪੁੱਜੇ। ਸੰਸਦ ਦੇ ਐਮਰਜੈਂਸੀ ਸੈਸ਼ਨ 'ਚ ਦੇਸ਼ ਦੀ ਹਾਲਤ ਦੱਸੀ ਤੇ ਯੁੱਧ ਦਾ ਐਲਾਨ ਕਰ ਦਿੱਤਾ।

ਫੌਜਾਂ ਭਿੜ ਪਈਆਂ। ਪੂਰਬੀ ਅਤੇ ਪੱਛਮੀ ਮੁਹਾਜ਼ ਖੁੱਲ੍ਹ ਗਏ। ਭਾਰਤੀ ਸੈਨਾ ਪੂਰੀ ਤਰ੍ਹਾਂ ਤਿਆਰ ਸੀ। ਜੰਗ ਵਿਚ ਹੇਠ ਉਤੇ ਚਲਦਾ ਰਹਿੰਦਾ ਹੈ। ਦੋਵਾਂ ਖੇਤਰਾਂ ਵਿਚ ਭਿਆਨਕ ਅਤੇ ਫੈਸਲਾਕੁਨ ਜੰਗ ਹੋਈ। ਦੋਵੇਂ ਫੌਜਾਂ ਆਪੋ-ਆਪਣੇ ਦੇਸ਼ ਲਈ ਲੜ ਰਹੀਆਂ ਸਨ। ਜੰਗ 'ਚ ਕਿਸੇ ਦੀ ਕੋਈ ਨਿੱਜੀ ਦੁਸ਼ਮਣੀ ਨਹੀਂ ਹੁੰਦੀ। ਇਹ ਫੌਜੀ ਜੀਵਨ ਦਾ ਵਰਤਾਰਾ ਹੈ। 17 ਦਸੰਬਰ ਨੂੰ ਪਾਕਿਸਤਾਨ ਦੇ ਦੋ ਟੁਕੜੇ ਹੋਏ ਤੇ ਬੰਗਲਾਦੇਸ਼ ਦਾ ਜਨਮ ਹੋਇਆ।

ਪੱਛਮੀ ਖੇਤਰ ਵਿਚ ਅਰੁਣ ਦੀ ਰੈਜੀਮੈਂਟ ਹੋਰਾਂ ਨਾਲ ਮਿਲ ਕੇ ਦਸ ਮੀਲ ਪਾਕਿਸਤਾਨ ਅੰਦਰ ਸੀ। ਇਲਾਕਾ ਪਿੰਡ ਜਰਪਾਲ, ਤਹਿਸੀਲ ਸ਼ਕਰਗੜ੍ਹ, ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ), ਬਸੰਤਰ ਨਦੀ ਕਿਨਾਰੇ। ਦੁਸ਼ਮਣ ਪੂਰੀ ਵਾਹ ਲਾ ਕੇ ਜੁਆਬੀ ਹਮਲੇ ਰਾਹੀਂ ਹਾਰਿਆ ਇਲਾਕਾ ਲੈਣਾ ਚਾਹੁੰਦਾ ਸੀ। 16 ਦਸੰਬਰ ਨੂੰ ਅਰੁਣ ਦੀ ਰੈਜੀਮੈਂਟ ਪੂਨਾ ਹੌਰਸ ਦੀ ਬੀ ਸਕੁਐਡਰਨ (14 ਟੈਂਕਾਂ ਦੀ ਟੋਲੀ) ਨੇ ਦੁਸ਼ਮਣ ਵਲੋਂ ਭਾਰੀ ਦਬਾਅ ਕਾਰਨ ਪਿਛੋਂ ਮਦਦ ਮੰਗੀ। ਪਾਕਿਸਤਾਨੀ ਟੈਂਕ ਗਿਣਤੀ ਵਿਚ ਜ਼ਿਆਦਾ ਸਨ। ਜਦੋਂ ਉਸ ਦਾ ਟਰੂਪ ਬਸੰਤਰ ਪਾਰ ਕਰ ਰਿਹਾ ਸੀ ਤਾਂ ਇਸ ਉਤੇ ਦੁਸ਼ਮਣ ਦੀ ਮਾਈਨ ਫੀਲਡ ਵਿਚ ਲੱਗੇ ਨੈਸਟ ਵਲੋਂ ਕਾਰਗਰ ਫਾਇਰ ਆਇਆ। ਨੈਸਟ 'ਚ ਲੱਗੀਆਂ ਆਰ. ਸੀ. ਐਲ. ਗੰਨਜ਼ ਦਾ ਸੀ। ਸਮਾਂ ਬੜਾ ਥੋੜ੍ਹਾ ਸੀ। ਦੁਸ਼ਮਣ ਜਵਾਬੀ ਹਮਲੇ ਲਈ ਰਾਹ ਬਣਾ ਕੇ ਅੱਗੇ ਵਧਣ ਦੀ ਤਾਕ 'ਚ ਸੀ। ਅਰੁਣ ਨੇ ਮੌਕੇ ਦੀ ਨਜ਼ਾਕਤ ਸਮਝਦਿਆਂ ਇਨ੍ਹਾਂ 'ਤੇ ਧਾਵਾ ਬੋਲ ਦਿੱਤਾ।

ਇਕ ਚਾਰਜ ਵਿਚ ਉਸ ਦਾ ਇਕ ਟੈਂਕ ਨਕਾਰਾ ਹੋ ਗਿਆ ਅਤੇ ਟੈਂਕ ਕਮਾਂਡਰ ਮਾਰਿਆ ਗਿਆ। ਅਰੁਣ ਇਨ੍ਹਾਂ ਨੈਸਟਾਂ ਦਾ ਸਫਾਇਆ ਕਰਨ ਲੱਗਾ ਰਿਹਾ, ਕਿਉਂਕਿ ਉਹ ਬੀ ਸਕੁਐਡਰਨ ਵਿਚ ਛੇਤੀ ਤੋਂ ਛੇਤੀ ਪੁੱਜਣਾ ਚਾਹੁੰਦਾ ਸੀ। ਉਸ ਵਕਤ ਦੁਸ਼ਮਣ ਦੇ ਟੋਹ ਲਾਉਣ ਆਏ ਟੈਂਕ ਪਿਛੇ ਹਟਣ ਲੱਗੇ। ਜਵਾਨੀ ਦੇ ਜੋਸ਼ ਅਤੇ ਜੰਗ ਦੀ ਗਰਮੀ ਨੇ ਉਸ ਨੂੰ ਖੁਮਾਰ ਚੜ੍ਹਾ ਦਿੱਤਾ। ਉਹ ਦੁਸ਼ਮਣ ਦੇ ਪਿਛੇ ਹਟ ਰਹੇ ਟੈਂਕਾਂ ਦਾ ਪਿੱਛਾ ਕਰਨ ਲੱਗਾ ਤੇ ਦੁਸ਼ਮਣ ਦਾ ਇਕ ਟੈਂਕ ਬਰਬਾਦ ਕਰ ਦਿੱਤਾ। ਏਨੇ ਵਿਚ ਪਾਕਿਸਤਾਨੀ ਸਕੁਐਡਰਨ ਨੇ ਖੁਦ ਨੂੰ ਸੰਭਾਲ ਕੇ ਅੱਗੇ ਵਧਣ ਲਈ ਹਮਲਾ ਸ਼ੁਰੂ ਕੀਤਾ ਤੇ ਪਹਿਲ ਅਰੁਣ ਦੇ ਇਲਾਕੇ ਨੂੰ ਦਿੱਤੀ। ਅਰੁਣ ਕੋਲ ਦੋ ਹੀ ਟੈਂਕ ਸਨ। ਘਮਸਾਣ ਦੀ ਜੰਗ ਹੋਈ। ਦੁਸ਼ਮਣ ਦੇ ਦਸ ਟੈਂਕ ਨਕਾਰਾ ਹੋ ਗਏ ਜਿਨ੍ਹਾਂ



*ਅਰੁਣ ਖੇਤਰਪਾਲ*

'ਚੋਂ ਚਾਰ ਇਕੱਲੇ ਅਰੁਣ ਨੇ ਤਬਾਹ ਕੀਤੇ। ਇਸੇ ਦੌਰਾਨ ਉਹ ਜ਼ਖਮੀ ਹੋ ਗਿਆ। ਉਸ ਨੂੰ ਟੈਂਕ ਛੱਡਣ ਲਈ ਹੁਕਮ ਮਿਲਿਆ। ਉਸ ਦਾ ਜਵਾਬ ਸੀ, "ਨਹੀਂ ਸਰ, ਮੈਂ ਟੈਂਕ ਨਹੀਂ ਛੱਡਾਂਗਾ। ਮੇਰੇ ਟੈਂਕ ਦੀ ਗੰਨ ਅਜੇ ਕੰਮ ਕਰਦੀ ਹੈ। ਮੈਂ ਇਨ੍ਹਾਂ ਨਾਲ ਸਿੱਝਦਾ ਹਾਂ।" ਉਸ ਵੇਖਿਆ ਕਿ ਵੈਰੀ ਭਾਰੀ ਨੁਕਸਾਨ ਦੇ ਬਾਵਜੂਦ ਅੱਗੇ ਵਧਣ ਲਈ ਬਜ਼ਿੱਦ ਹੈ। ਜੇ ਉਸ ਨੇ ਟੈਂਕ ਛੱਡ ਦਿੱਤਾ ਤਾਂ ਦੁਸ਼ਮਣ ਦਾ ਰਾਹ ਖੁੱਲ੍ਹ ਜਾਵੇਗਾ। ਉਹ ਅੜ ਗਿਆ। ਵੈਰੀ ਦਾ ਇਕ ਹੋਰ ਟੈਂਕ ਬਰਬਾਦ ਕਰ ਦਿੱਤਾ। ਨਾਲ ਹੀ ਉਸ ਦੇ ਟੈਂਕ 'ਤੇ ਇਕ ਹੋਰ ਗੋਲਾ ਆ ਵੱਜਾ ਤੇ ਬਹਾਦਰ ਸੈਕਿੰਡ ਲੈਫਟੀਨੈਂਟ ਅਰੁਣ ਖੇਤਰਪਾਲ ਅੰਬਰੀਂ ਜਾ ਵਸਿਆ। ਉਸ ਜਾਨ ਵਾਰ ਦਿੱਤੀ ਪਰ ਵੈਰੀ ਨੂੰ ਰਾਹ ਨਾ ਦਿੱਤਾ। ਅਰੁਣ ਨੂੰ ਇਸ ਮਿਸਾਲੀ ਬਹਾਦਰੀ ਲਈ ਪਰਮਵੀਰ ਚੱਕਰ ਦਿੱਤਾ ਗਿਆ।

ਇਥੋਂ ਤਕ ਤਾਂ ਕਹਾਣੀ ਦਾ ਹਿੱਸਾ ਫੌਜੀ ਜੀਵਨ ਸ਼ੈਲੀ ਨਾਲ ਚੱਲਦਾ ਹੈ ਅਤੇ ਮੌਤ ਲਾੜੀ ਨਾਲ ਪ੍ਰਣਾਏ ਜਾਣ ਉਤੇ ਮੁੱਕ ਜਾਣਾ ਚਾਹੀਦਾ ਹੈ ਪਰ ਇਸ ਵਿਚੋਂ ਇਕ ਹੋਰ ਕਹਾਣੀ ਪਨਪੀ ਅਤੇ ਅਰੁਣ ਦੀ ਸ਼ਹੀਦੀ ਤੋਂ ਕਰੀਬ ਤੀਹ ਸਾਲ ਪਿਛੋਂ 2001 'ਚ ਸਿਖਰ 'ਤੇ ਪੁੱਜੀ। 2001 ਦੀ ਗੱਲ ਕਰਨ ਤੋਂ ਪਹਿਲਾਂ ਅਰੁਣ ਬਾਰੇ ਕੁਝ ਹੋਰ ਤੱਥ ਉਸ ਦੇ ਪਿਤਾ ਬ੍ਰਿਗੇਡੀਅਰ ਐਮ.ਐਲ. ਖੇਤਰਪਾਲ ਨੇ ਕੁਝ ਫੌਜੀ ਮਿੱਤਰਾਂ ਨਾਲ ਲਿਖ ਕੇ ਸਾਂਝੇ ਕੀਤੇ। ਇਹ ਅੰਸ਼ ਅਰੁਣ ਦੇ ਪਿਤਾ ਦੇ ਖਤਾਂ ਵਿਚੋਂ ਹਨ:

ਪੂਨਾ ਹਾਰਸ (ਅਰੁਣ ਦੀ ਰੈਜੀਮੈਂਟ) ਦੇ ਪੁਰਾਣੇ ਅਫਸਰ ਜਨਰਲ ਵਰਮਾ ਨੇ ਮੈਨੂੰ 15 ਫਰਵਰੀ 1972 ਨੂੰ, ਜੋ ਅਜੇ ਤਕ ਪਾਕਿਸਤਾਨ ਵਿਚ ਹੀ ਲੱਗੀ ਹੋਈ ਸੀ, ਤੋਂ ਲਿਖਿਆ, "ਮੈਂ ਉਸ ਜਗ੍ਹਾ ਹੋ ਕੇ ਆਇਆ ਹਾਂ ਜਿਥੇ ਅਰੁਣ ਦਾ ਟੈਂਕ ਸੀ ਤੇ ਉਹ ਛੱਡਣ ਤੋਂ ਮੁਨਕਰ ਸੀ, ਕਿਉਂਕਿ ਉਹ ਆਪਣੇ ਸਾਥੀ ਰਸਾਲੇ ਅਤੇ ਇਨਫੈਂਟਰੀ ਵਾਲਿਆਂ ਨੂੰ ਛੱਡਣਾ ਨਹੀਂ ਸੀ ਚਾਹੁੰਦਾ। ਉਹ ਸੈਨਿਕ ਦੀ ਮੌਤ ਮਰਿਆ ਹੈ। ਮੈਂ ਖੁਸ਼ੀ ਨਾਲ ਉਸ ਨੂੰ ਆਪਣੀ ਉਮਰ ਦੇ 10 ਸਾਲ ਦੇ ਸਕਦਾ ਸਾਂ ਤਾਂ ਕਿ ਉਹ ਇਹ ਸਨਮਾਨ ਖੁਦ ਹਾਸਲ ਕਰਦਾ ਜਿਸ ਦਾ ਉਹ ਦਸ ਗੁਣਾ ਹੱਕਦਾਰ ਸੀ।"

ਲੈਫਟੀਨੈਂਟ ਜਨਰਲ ਹਰ ਪ੍ਰਸਾਦ ਨੇ ਮੈਨੂੰ ਫਰਵਰੀ 1972 'ਚ ਲਿਖਿਆ, "ਤੂੰ ਮੈਨੂੰ ਬੇਨਤੀ ਕੀਤੀ ਸੀ ਕਿ ਅਰੁਣ ਨੂੰ ਪੂਨਾ ਹਾਰਸ 'ਚ ਭੇਜਿਆ ਜਾਵੇ। ਮੁੰਡੇ ਨੂੰ ਆਪਣੀ ਮਨਪਸੰਦ ਰੈਜੀਮੈਂਟ ਮਿਲ ਗਈ, ਪਰ ਕਿੰਨੀ ਵੱਡੀ ਕੀਮਤ ਤਾਰਨੀ ਪਈ।"

ਮੇਰੇ ਕੋਲ ਅਰੁਣ ਦਾ 10 ਦਸੰਬਰ 1971 ਦਾ ਖਤ ਹੈ, ਜੋ ਉਸ ਨੇ ਪਾਕਿਸਤਾਨ ਦੇ ਦਸ ਮੀਲ ਅੰਦਰੋਂ ਲਿਖਿਆ ਸੀ, "ਪਿਆਰੇ ਡੈਡੀ, ਅਸੀਂ ਖੂਬ ਮਜ਼ੇ 'ਚ ਹਾਂ। ਸਾਡੀ ਰੈਜੀਮੈਂਟ ਬੁਲੰਦੀਆਂ 'ਤੇ ਹੈ। ਛੇਤੀ ਹੀ ਅਸੀਂ ਲੜਾਈ ਖਤਮ ਕਰ ਦਿਆਂਗੇ।" ਹਾਂ, ਲੜਾਈ 17 ਦਸੰਬਰ ਨੂੰ ਖਤਮ ਹੋ ਗਈ। ਅਰੁਣ ਵਾਸਤੇ ਵੀ। ਉਸ ਇਹ ਦੁਨੀਆਂ 16 ਦਸੰਬਰ ਨੂੰ ਛੱਡ ਦਿੱਤੀ।

ਇਹ ਅਜੀਬ ਦਾਸਤਾਂ ਕਿਵੇਂ?

1971 ਦੀ ਭਾਰਤ-ਪਾਕਿਸਤਾਨ ਜੰਗ ਫੌਜੀ ਇਤਿਹਾਸ ਦਾ ਹਿੱਸਾ ਬਣ ਚੁਕੀ ਹੈ। ਅਰੁਣ ਖੇਤਰਪਾਲ ਬਸੰਤਰ 'ਚ ਲੜਦਾ ਮਾਰਿਆ ਗਿਆ। ਉਸ ਦੀ ਕੁਰਬਾਨੀ ਨੂੰ 47 ਸਾਲ ਲੰਘ ਚੁਕੇ ਹਨ। 2001 ਵਿਚ ਤੀਹ ਸਾਲ ਲੰਘ ਕੇ ਵੀ ਇਹ ਕਹਾਣੀ ਮੁੱਕੀ ਨਹੀਂ ਸੀ। ਇਹ ਦਾਸਤਾਂ ਇਉਂ ਚੱਲਦੀ ਹੈ।

1971 ਦੀ ਜੰਗ ਤੋਂ ਬਹੁਤ ਸਾਲ ਪਿਛੋਂ ਦੋਵੇਂ ਦੇਸ਼ਾਂ ਦੇ ਪੁਰਾਣੇ ਫੌਜੀ ਤੇ ਸਰਕਾਰੀ ਅਫਸਰਾਂ ਨੇ ਲੋਕਾਂ ਵਿਚ ਨੇੜਤਾ ਅਤੇ ਰਿਸ਼ਤੇ ਵਧਾਉਣ ਲਈ ਸੰਪਰਕ ਸ਼ੁਰੂ ਕੀਤਾ। ਇਸ ਨੂੰ ਦੁਵੱਲੇ ਰਾਹਾਂ ਦੀ ਕੂਟਨੀਤੀ ਦਾ ਨਾਂ ਦਿੱਤਾ ਗਿਆ। ਕੁਝ ਸਮਾਂ ਪਾ ਕੇ ਅਰੁਣ ਦੇ ਪਿਤਾ ਬ੍ਰਿਗੇਡੀਅਰ ਖੇਤਰਪਾਲ ਨੂੰ ਇਨ੍ਹਾਂ ਵਸੀਲਿਆਂ ਰਾਹੀਂ ਸੁਨੇਹੇ ਮਿਲਣ ਲੱਗੇ ਕਿ ਇਕ ਪਾਕਿਸਤਾਨੀ ਬ੍ਰਿਗੇਡੀਅਰ ਉਨ੍ਹਾਂ ਨੂੰ ਮਿਲਣਾ ਚਾਹੁੰਦਾ ਹੈ। ਬ੍ਰਿਗੇਡੀਅਰ ਖੇਤਰਪਾਲ ਉਸ ਦੇ ਨਾਂ ਤੋਂ ਜਾਣੂ ਨਹੀਂ ਸਨ। ਇਸ ਲਈ ਉਨ੍ਹਾਂ ਧਿਆਨ ਨਾ ਦਿੱਤਾ ਅਤੇ ਗੱਲ ਆਈ ਗਈ ਹੋ ਗਈ ਪਰ ਹੋਣੀ ਨੂੰ ਕੁਝ ਹੋਰ ਮਨਜ਼ੂਰ ਸੀ।



*ਪਾਕਿਸਤਾਨ ਦਾ ਤਬਾਹ ਕੀਤਾ ਪੈਟਨ ਟੈਂਕ।*

ਸੇਵਾਮੁਕਤ ਬ੍ਰਿਗੇਡੀਅਰ ਖੇਤਰਪਾਲ ਦੇ ਮਨ ਵਿਚ 2001 ਵਿਚ ਅਚਾਨਕ ਆਪਣੀ ਜਨਮ-ਭੋਇੰ ਵੇਖਣ ਦੀ ਰੀਝ ਨੇ ਜਨਮ ਲਿਆ, ਜਿਸ ਦੇ ਪੂਰੀ ਹੋਣ ਦੀ ਕੋਈ ਉਮੀਦ ਨਹੀਂ ਸੀ। ਉਨ੍ਹਾਂ ਇਹ ਇੱਛਾ ਦੁਵੱਲੇ ਰਾਹਾਂ ਦੀ ਕੂਟਨੀਤੀ ਵਿਚ ਗੁਆਂਢੀ ਦੇਸ਼ ਹੋ ਆਏ ਅਫਸਰ ਨੂੰ ਦੱਸੀ। ਉਸ ਸੱਜਣ ਨੇ ਧਰਵਾਸ ਦਿੱਤਾ ਅਤੇ ਕਿਹਾ ਕਿ ਕੋਸ਼ਿਸ਼ ਕਰਦੇ ਹਾਂ, ਪਰ ਇਸ ਦੀ ਮਨਜ਼ੂਰੀ ਦੋਵੇਂ ਦੇਸ਼ਾਂ ਦੀ ਸਰਕਾਰ ਦੀ ਸਹਿਮਤੀ 'ਤੇ ਨਿਰਭਰ ਕਰਦੀ ਹੈ।

ਸਬੱਬ ਨਾਲ ਵੀਜ਼ਾ ਆ ਗਿਆ। ਬ੍ਰਿਗੇਡੀਅਰ ਖੇਤਰਪਾਲ ਨੂੰ ਦੱਸਿਆ ਗਿਆ ਕਿ ਲਾਹੌਰ ਹਵਾਈ ਅੱਡੇ 'ਤੇ ਇਕ ਬ੍ਰਿਗੇਡੀਅਰ ਉਨ੍ਹਾਂ ਨੂੰ ਮਿਲੇਗਾ ਤੇ ਉਨ੍ਹਾਂ ਦੀ ਸਰਗੋਧਾ ਫੇਰੀ ਦੇ ਪ੍ਰਬੰਧ ਹੋ ਗਏ ਹਨ।

ਲਾਹੌਰ ਹਵਾਈ ਅੱਡੇ ਉਤੇ ਬ੍ਰਿਗੇਡੀਅਰ ਖੇਤਰਪਾਲ ਦਾ ਸਵਾਗਤ ਪਾਕਿਸਤਾਨ ਦੇ ਬ੍ਰਿਗੇਡੀਅਰ ਖਵਾਜਾ ਮੁਹੰਮਦ ਨਾਸਿਰ ਨੇ ਕੀਤਾ। ਉਸ ਨੇ ਕਿਹਾ ਕਿ ਉਹ ਉਨ੍ਹਾਂ ਦਾ ਮੇਜ਼ਬਾਨ ਅਤੇ ਗਾਈਡ ਹੈ। ਇਸ ਅਫਸਰ ਨੇ ਬਹੁਤ ਹਲੀਮੀ ਅਤੇ ਸੰਜੀਦਗੀ ਨਾਲ ਬ੍ਰਿਗੇਡੀਅਰ ਖੇਤਰਪਾਲ ਨੂੰ ਸਰਗੋਧੇ ਉਨ੍ਹਾਂ ਦਾ ਘਰ ਵਿਖਾਇਆ। ਖੇਤਰਪਾਲ ਆਪਣਾ ਘਰ ਵੇਖ ਕੇ ਭਾਵੁਕ ਹੋ ਗਏ ਅਤੇ ਕੁਝ ਪਲ ਬੀਤ ਗਏ ਨੂੰ ਯਾਦ ਕਰਕੇ ਹੌਲਾ ਮਹਿਸੂਸ ਕੀਤਾ। ਫਿਰ ਦੋਵੇਂ ਲਾਹੌਰ ਪਰਤ ਆਏ।

ਖੇਤਰਪਾਲ ਉਸ ਪਾਕਿਸਤਾਨੀ ਬ੍ਰਿਗੇਡੀਅਰ ਦੇ ਘਰ ਬਹੁਤ ਹੀ ਸਤਿਕਾਰਤ ਮਹਿਮਾਨ ਵਜੋਂ ਤਿੰਨ ਦਿਨ ਰਹੇ। ਉਹ ਮੇਜ਼ਬਾਨ, ਉਸ ਦੇ ਪਰਿਵਾਰ ਦੇ ਸਾਰੇ ਜੀਆਂ ਤੇ ਨੌਕਰਾਂ ਦੀ ਹਲੀਮੀ, ਪਿਆਰ ਅਤੇ ਦੇਖਭਾਲ ਤੋਂ ਬਹੁਤ ਹੀ ਪ੍ਰਭਾਵਿਤ ਹੋਏ। ਇਹ ਸਮਾਂ ਉਨ੍ਹਾਂ ਲਈ ਅਭੁੱਲ ਯਾਦ ਬਣ ਗਿਆ। ਬਹੁਤੇ ਮੁਸਲਮਾਨ ਪਰਿਵਾਰ ਬਾਹਰਲਿਆਂ ਨਾਲ ਜ਼ਿਆਦਾ ਘੁਲਦੇ ਮਿਲਦੇ ਨਹੀਂ, ਪਰ ਇਥੇ ਰੁਖ ਹੋਰ ਸੀ। ਨਾਸਿਰ ਪਰਿਵਾਰ ਨੇ ਇਨ੍ਹਾਂ ਨੂੰ ਬਹੁਤ



*ਅਰੁਣ ਖੇਤਰਪਾਲ ਦਾ ਬੁੱਤ।*

ਨਜ਼ਦੀਕੀ ਅਤੇ ਸਤਿਕਾਰਤ ਦੋਸਤ ਜਾਂ ਘਰ ਦੇ ਹੀ ਜੀਅ ਵਜੋਂ ਰੱਖਿਆ।

ਜਿਉਂ ਜਿਉਂ ਰੁਖ਼ਸਤ ਦਾ ਵਕਤ ਨੇੜੇ ਆ ਰਿਹਾ ਸੀ, ਮੇਜ਼ਬਾਨ ਅਤੇ ਮਹਿਮਾਨ ਦੀ ਦੋਸਤੀ ਡੂੰਘੀ ਹੁੰਦੀ ਗਈ, ਫਿਰ ਵੀ ਕੁਝ ਅਣਕਿਹਾ ਮਹਿਸੂਸ ਹੁੰਦਾ ਸੀ। ਕਈ ਵਾਰ ਬ੍ਰਿਗੇਡੀਅਰ ਖੇਤਰਪਾਲ ਨੂੰ ਮਹਿਸੂਸ ਹੁੰਦਾ ਕਿ 'ਕੁਝ' ਵਿੱਥ ਹੈ। ਕਾਰਨ ਸਮਝ ਨਾ ਆਉਣ ਕਰਕੇ ਦਿਮਾਗ ਵਿਚੋਂ ਕੱਢ ਦਿੰਦੇ। ਸੋਚਦੇ ਕਿ ਇਸ ਘਰ ਦੀਆਂ ਔਰਤਾਂ ਵਿਚ ਉਨ੍ਹਾਂ ਦੇ ਦੁੱਖ ਪ੍ਰਤੀ ਅਫਸੋਸ ਜਾਂ ਤਰਸ ਹੈ ਪਰ ਇਕ ਗੱਲ ਜ਼ਰੂਰ ਸੀ ਕਿ ਏਨੇ ਪਿਆਰ ਤੇ ਸੇਵਾ ਨੂੰ ਉਹ ਕਦੇ ਭੁੱਲ ਨਹੀਂ ਸਕਣਗੇ।

ਵਾਪਸੀ ਲਈ ਚੱਲਣ ਤੋਂ ਪਹਿਲਾਂ ਦੀ ਸ਼ਾਮ ਸਭ ਨੇ ਰਲ ਕੇ ਖਾਣਾ ਖਾਧਾ ਤੇ ਫਿਰ ਪਿਛਲੇ ਕੁਝ ਦਿਨਾਂ ਵਾਂਗ ਗੱਲੀਂ ਲੱਗ ਗਏ। ਹੁਣ ਤਕ ਮੇਜ਼ਬਾਨ ਪਰਿਵਾਰ ਨੂੰ ਬ੍ਰਿਗੇਡੀਅਰ ਖੇਤਰਪਾਲ ਦੇ ਸਾਰੇ ਪਰਿਵਾਰ ਬਾਰੇ ਪਤਾ ਸੀ। ਭਾਰਤ ਵਿਚ ਉਨ੍ਹਾਂ ਦੇ ਹਰ ਪਰਿਵਾਰਕ ਜੀਅ ਲਈ ਤੋਹਫਾ ਦਿੱਤਾ ਗਿਆ।

ਵੇਲਾ ਸੌਣ ਲਈ ਕਮਰਿਆਂ ਵੱਲ ਜਾਣ ਦਾ ਸੀ। ਬ੍ਰਿਗੇਡੀਅਰ ਨਾਸਿਰ ਨੇ ਕਿਹਾ, "ਸਰ, ਮੈਂ ਬਹੁਤ ਸਾਲਾਂ ਤੋਂ ਤੁਹਾਨੂੰ ਕੁਝ ਦੱਸਣਾ ਚਾਹ ਰਿਹਾ ਸੀ, ਪਰ ਸਮਝ ਨਹੀਂ ਸੀ ਆ ਰਹੀ ਕਿਵੇਂ ਅਤੇ ਕਿਥੇ ਕਹਾਂ। ਹੁਣ ਜਦੋਂ ਮੈਂ ਸਾਰੀ ਉਮੀਦ ਛੱਡ ਦਿੱਤੀ ਸੀ, ਕਿਸਮਤ ਨੇ ਢੋਅ ਬਣਾਈ ਅਤੇ ਤੁਹਾਨੂੰ ਸਾਡੇ ਸਤਿਕਾਰਤ ਮਹਿਮਾਨ ਵਜੋਂ ਭੇਜ ਦਿੱਤਾ। ਪਿਛਲੇ ਕੁਝ ਦਿਨਾਂ 'ਚ ਅਸੀਂ ਇਕ-ਦੂਜੇ ਦੇ ਬਹੁਤ ਨੇੜੇ ਆ ਚੁਕੇ ਹਾਂ। ਮੈਨੂੰ ਦੱਸਣਾ ਹੋਰ ਵੀ ਔਖਾ ਹੋ ਗਿਆ ਹੈ। ਮੈਂ ਤੁਹਾਨੂੰ ਜੋ ਕਹਿਣਾ ਚਾਹੁੰਦਾ ਹਾਂ, ਤੁਹਾਡੇ ਪੁੱਤਰ ਅਰੁਣ ਬਾਰੇ ਹੈ। ਅਰੁਣ ਖੇਤਰਪਾਲ ਕੌਮੀ ਹੀਰੋ ਹੈ... ਸਭ ਤੋਂ ਘੱਟ ਉਮਰ ਵਿਚ ਪਰਮਵੀਰ ਚੱਕਰ ਲੈਣ ਵਾਲਾ। ਤੁਸੀਂ ਅਤੇ ਮੈਂ ਨੇੜਲੇ ਮਿੱਤਰ ਬਣ ਚੁਕੇ ਹਾਂ ਪਰ ਉਸ ਹੋਣੀ ਵਾਲੇ ਦਿਨ 'ਬੜਾ ਪਿੰਡ' ਦੀ ਲੜਾਈ, ਜਿਸ ਨੂੰ ਤੁਸੀਂ ਬਸੰਤਰ ਦੀ ਲੜਾਈ ਕਹਿੰਦੇ ਹੋ, ਵਿਚ ਮੈਂ ਤੇ ਅਰੁਣ ਇਕ ਦੂਜੇ ਤੋਂ ਅਣਜਾਣ ਸੈਨਿਕ ਸਾਂ। ਦੋਵੇਂ ਆਪੋ-ਆਪਣੇ ਦੇਸ਼ ਦੀ ਰੱਖਿਆ ਅਤੇ ਇੱਜਤ ਲਈ ਲੜ ਰਹੇ ਸਾਂ।

ਮੈਨੂੰ ਦੱਸਦਿਆਂ ਬਹੁਤ ਦੁੱਖ ਹੈ ਕਿ ਤੁਹਾਡਾ ਪੁੱਤਰ ਮੇਰੇ ਹੱਥੋਂ ਮਰਿਆ ਸੀ। ਉਸ ਦਾ ਹੌਸਲਾ ਬੇਮਿਸਾਲ ਸੀ। ਉਸ ਨੇ ਆਪਣਾ ਟੈਂਕ ਬੇਖੌਫ, ਹੌਸਲੇ, ਦਲੇਰੀ ਤੇ ਲਲਕਾਰ ਕੇ ਜਾਨ ਦੀ ਪਰਵਾਹ ਨਾ ਕਰਦਿਆਂ ਚਲਾਇਆ ਸੀ। ਦੋਵੇਂ ਪਾਸੇ ਬਹੁਤ ਟੈਂਕ ਨੁਕਸਾਨੇ ਗਏ ਸਨ। ਆਖਰ ਵਿਚ ਅਸੀਂ ਦੋਵੇਂ ਇਕ ਦੂਜੇ ਦੇ ਆਹਮੋ-ਸਾਹਮਣੇ ਸਾਂ। ਅਸੀਂ ਦੋਵਾਂ ਨੇ ਇਕੱਠਿਆਂ ਫਾਇਰ ਕੀਤਾ, ਪਰ ਕਿਸਮਤ ਵਿਚ ਮੈਂ ਜਿਉਣਾ ਸੀ ਅਤੇ ਉਸ ਨੇ ਮਰਨਾ ਸੀ।

ਮੈਨੂੰ ਮਗਰੋਂ ਪਤਾ ਲੱਗਾ ਕਿ ਉਹ ਕੌਣ ਸੀ ਅਤੇ ਕਿੰਨੀ ਛੋਟੀ ਉਮਰ ਦਾ ਸੀ। ਸਾਡੀ ਦੋਵਾਂ ਦੀ ਸਿਖਲਾਈ ਲੜਨਾ ਹੈ ਤੇ ਬਿਨਾ ਤਰਸ ਤੇ ਪਛਤਾਵੇ ਦੇ ਮਾਰਨਾ। ਜੰਗ ਵਿਚ ਭਾਵਨਾਵਾਂ ਲਈ ਕੋਈ ਜਗ੍ਹਾ ਨਹੀਂ ਹੁੰਦੀ। ਅਸੀਂ ਲੜਾਈ ਵਿਚ ਜੋ ਕਰਨਾ ਹੁੰਦਾ ਹੈ, ਬਿਨਾ ਸੋਚੇ ਉਹੀ ਕਰਦੇ ਹਾਂ ਪਰ ਸੈਨਿਕ ਹੋਣ ਦੇ ਨਾਲ ਇਨਸਾਨ ਵੀ ਹਾਂ। ਕਈ ਵਾਰ ਜੰਗ ਕਿਸੇ 'ਤੇ ਜ਼ਾਤੀ ਹੋ ਨਿਬੜਦੀ ਹੈ। ਮੈਂ ਇਹੀ ਸੋਚਦਾ ਰਿਹਾ ਹਾਂ ਕਿ ਤੁਹਾਡੇ ਕੋਲੋਂ ਮੁਆਫੀ ਮੰਗਾਂਗਾ ਪਰ ਹੁਣ ਇਹ ਨਹੀਂ ਕਰਾਂਗਾ। ਇਹ ਕਹਾਣੀ ਦੱਸਣ ਨਾਲ ਮੁਆਫੀ ਵਾਸਤੇ ਕੁਝ ਹੈ ਹੀ ਨਹੀਂ।

ਮੈਂ ਤੁਹਾਡੇ ਪੁੱਤਰ, ਜੋ ਉਹ ਸੀ ਅਤੇ ਜੋ ਉਸ ਨੇ ਛੋਟੀ ਉਮਰੇ ਕੀਤਾ, ਨੂੰ ਸੈਲਿਊਟ ਕਰਦਾ ਹਾਂ। ਹੁਣ ਤੁਹਾਨੂੰ ਵੀ ਸੈਲਿਊਟ ਕਰਦਾ ਹਾਂ, ਕਿਉਂਕਿ ਉਹ ਤੁਹਾਡੇ ਕਰਕੇ ਹੀ ਏਨਾ ਬਹਾਦਰ ਜਵਾਨ ਬਣਿਆ। ਆਖਰ ਚਰਿੱਤਰ ਤੇ ਕਦਰਾਂ-ਕੀਮਤਾਂ ਹੀ ਮਹੱਤਤਾ ਰੱਖਦੇ ਹਨ।"

ਬ੍ਰਿਗੇਡੀਅਰ ਖੇਤਰਪਾਲ ਨੇ ਇਹ ਸੱਚਾਈ ਚੁੱਪ-ਚਾਪ ਸੁਣੀ। ਚੁੱਪ ਹੀ ਉਸ ਦਾ ਜੁਆਬ ਸੀ ਜੋ ਉਸ ਉਤੇ ਹਾਵੀ ਹੋ ਗਈ। ਉਸ ਬੰਦੇ ਦਾ ਸਾਹਮਣਾ ਕਰਨਾ ਅਤੇ ਖੜ੍ਹੇ ਹੋਣਾ ਬਹੁਤ ਔਖਾ ਹੈ ਜਿਸ ਨੇ ਤੁਹਾਡਾ ਪੁੱਤਰ ਮਾਰਿਆ ਹੋਵੇ ਪਰ ਉਸ ਦਾ ਮਹਿਮਾਨ ਹੋਣਾ ਤੇ ਉਨ੍ਹਾਂ ਵਲੋਂ ਦਿੱਤਾ ਆਦਰ-ਸਨਮਾਨ ਅਤੇ ਪਿਆਰ ਭੁਲਾਇਆ ਨਹੀਂ ਸੀ ਜਾ ਸਕਦਾ। ਉਹ ਦਿਲੋਂ ਤੁਹਾਡੇ ਲਈ ਕੁਝ ਕਰਨਾ ਚਾਹੁੰਦਾ ਸੀ। ਭਾਵੇਂ ਜੋ ਉਸ ਕੀਤਾ ਸੀ, ਉਹ ਜੰਗ 'ਚ ਡਿਊਟੀ ਨਿਭਾਉਂਦਿਆਂ ਕੀਤਾ ਸੀ।

ਫੌਜੀ ਸਮਝਦੇ ਹਨ ਕਿ ਜੀਵਨ ਅਤੇ ਮੌਤ ਉਨ੍ਹਾਂ ਲਈ ਇਕੋ ਸਿੱਕੇ ਦੇ ਦੋ ਪਾਸੇ ਹਨ। ਕਿਸਮਤ ਤੇ ਹਾਲਾਤ ਸੈਨਿਕ ਦੀ ਧੁਰ ਕਿਸਮਤ ਨੂੰ ਪ੍ਰਭਾਵਿਤ ਕਰਦੇ ਹਨ, ਪਰ ਇਹ ਮਹਿਜ਼ ਸੰਯੋਗ ਨਹੀਂ ਸਗੋਂ ਉਸ ਦੀ ਆਪਣੀ ਚੋਣ ਹੁੰਦੀ ਹੈ। ਲੜਾਈ ਦਾ ਨਤੀਜਾ ਤੱਕੜੀ ਦੇ ਪਲੜਿਆਂ ਵਿਚ ਹੁੰਦਾ ਹੈ ਅਤੇ ਇਹ ਖਤਰਿਆਂ ਨਾਲ ਖੇਡਣ ਵਾਲਿਆਂ ਵੱਲ ਝੁਕਦੇ ਹਨ। ਬਸੰਤਰ ਦੀ ਲੜਾਈ ਫੈਸਲਾਕੁਨ ਸੀ। ਇਸ ਵਿਚ ਅਰੁਣ ਨੇ ਪਾਕਿਸਤਾਨ ਦੇ ਅੱਗੇ ਵਧਣ ਦੇ ਇਰਾਦੇ ਨੂੰ ਪੂਰਾ ਨਾ ਹੋਣ ਦਿੱਤਾ। ਉਹ ਭਾਵੇਂ ਕੱਚੀ ਉਮਰੇ ਹੀ ਸੀ ਪਰ ਉਸ ਦੀ ਲੀਡਰਸ਼ਿਪ ਨੇ ਪਾਸੇ ਪਲਟ ਦਿੱਤੇ। ਹੋਰ ਤਾਂ ਹੋਰ, ਜ਼ਿੰਦਗੀ ਦੇ ਆਖਰੀ ਪਲਾਂ ਵਿਚ ਉਸ ਦੀ ਬਹਾਦਰੀ ਵੇਖਣ ਅਤੇ ਦੱਸਣ ਵਾਲਾ ਬ੍ਰਿਗੇਡੀਅਰ ਨਾਸਿਰ, ਬ੍ਰਿਗੇਡੀਅਰ ਖੇਤਰਪਾਲ ਦੇ ਸਾਹਮਣੇ ਖੜ੍ਹਾ ਕਹਿ ਰਿਹਾ ਸੀ ਕਿ ਉਸ ਦੇ ਪੁੱਤਰ ਦੀ ਬਹਾਦਰੀ ਲਾਮਿਸਾਲ ਸੀ। ਇਸ ਤੋਂ ਵੱਡੀ ਸ਼ਰਧਾਂਜਲੀ ਹੋਰ ਕੀ ਹੋ ਸਕਦੀ ਹੈ। ਦੋਵੇਂ ਬ੍ਰਿਗੇਡੀਅਰ ਸੌਣ ਚਲੇ ਗਏ। ਉਨ੍ਹਾਂ ਦਾ ਖਿਆਲ ਸੀ ਕਿ ਲੜਾਈ ਬੇਤੁਕੀ ਹੈ। ਆਖਰ ਜੇਤੂ ਕੌਣ ਹੈ? ਦੋਵੇਂ ਪਾਸੇ ਨੁਕਸਾਨ ਉਠਾਉਂਦੇ ਹਨ। ਫੌਜੀਆਂ ਦੀ ਸ਼ਹਾਦਤ ਮਗਰੋਂ ਉਨ੍ਹਾਂ ਦੇ ਪਰਿਵਾਰ ਦੁੱਖ ਝੱਲਦੇ ਹਨ। ਕਿਸੇ ਨੇ ਕਿਹਾ ਹੈ, "ਲੜਾਈ ਸਿਆਸਤਦਾਨ ਕਰਵਾਉਂਦੇ ਹਨ, ਨੌਕਰਸ਼ਾਹੀ ਇਸ ਨੂੰ ਔਖਾ ਬਣਾਉਂਦੀ ਹੈ ਅਤੇ ਫੌਜੀ ਲੜਦੇ ਹਨ।"

ਅਗਲੇ ਦਿਨ ਤੁਰਨ ਤੋਂ ਪਹਿਲਾਂ ਬਗੀਚੇ ਵਿਚ ਫੋਟੋਆਂ ਆਦਿ ਖਿੱਚੀਆਂ ਗਈਆਂ ਅਤੇ ਬ੍ਰਿਗੇਡੀਅਰ ਖੇਤਰਪਾਲ ਦਿੱਲੀ ਪਰਤ ਆਏ। ਪਿਛੋਂ ਫੋਟੋਆਂ ਡਾਕ ਰਾਹੀਂ ਦਿੱਲੀ ਪਹੁੰਚੀਆਂ। ਇਕ ਫੋਟੋ ਦੇ ਪਿੱਛੇ ਲਿਖਿਆ ਹੋਇਆ ਸੀ:

ਨਿੱਘੇ ਸਤਿਕਾਰ, ਅਤਿਅੰਤ ਸੱਚੇ ਅਤੇ ਨਿਰੋਲ ਸਾਫ ਦਿਲ ਨਾਲ

ਸ਼ਹੀਦ ਸੈਕਿੰਡ ਲੈਫਟੀਨੈਂਟ ਅਰੁਣ ਖੇਤਰਪਾਲ, ਪਰਮਵੀਰ ਚੱਕਰ, ਜਿਹੜਾ ਸਪੀਅਰ ਹੈੱਡਜ਼ 13 ਲਾਂਸਰਜ਼ ਦੇ 16 ਦਸੰਬਰ 1971 ਨੂੰ

ਜਿਸ ਨੂੰ ਅਸੀਂ ਬੜਾ ਪਿੰਡ ਦੀ ਲੜਾਈ ਅਤੇ 17 ਪੂਨਾ ਹੌਰਸ ਬਸੰਤਰ ਦੀ ਲੜਾਈ ਕਰਕੇ ਯਾਦ ਕਰਦਾ ਹੈ, ਦੇ ਜੁਆਬੀ ਹਮਲੇ ਵਿਚ ਜਿੱਤ ਅਤੇ ਹਾਰ ਵਿਚਕਾਰ ਅਜਿੱਤ ਚੱਟਾਨ ਵਾਂਗ ਖੜ੍ਹਾ ਰਿਹਾ, ਦੇ ਪਿਤਾ ਬ੍ਰਿਗੇਡੀਅਰ ਖੇਤਰਪਾਲ ਨੂੰ।

-ਖਵਾਜਾ ਮੁਹੰਮਦ ਨਾਸਿਰ, 13 ਲਾਂਸਰਜ਼,
ਮਿਤੀ 2 ਮਾਰਚ, 2001, ਲਾਹੌਰ।

ਸੱਚਮੁੱਚ, ਅਜੀਬ ਦਾਸਤਾਨ ਹੈ ਯੇਹ...।

ਕਹਾਣੀ

# ਚਾਰੇ ਦੀ ਪੰਡ

*ਗੁਰਦਿਆਲ ਸਿੰਘ ਦੀ ਕਹਾਣੀ 'ਚਾਰੇ ਦੀ ਪੰਡ' ਕਿਰਤੀਆਂ ਦੇ ਹਾਲਾਤ ਉਤੇ ਤਿੱਖੀ ਚੋਟ ਕਰਦੀ ਹੈ। ਹਾਲਾਤ ਦੇ ਝੰਬੇ ਹੋਏ ਇਹ ਕਿਰਤੀ-ਕਾਮੇ ਪੈਰ-ਪੈਰ 'ਤੇ ਵਧੀਕੀਆਂ ਦਾ ਸ਼ਿਕਾਰ ਹੋ ਰਹੇ ਹਨ ਅਤੇ ਉਨ੍ਹਾਂ ਨੂੰ ਇਹ ਸਭ ਭਾਣਾ ਮੰਨ ਕੇ ਜਰਨਾ ਪੈ ਰਿਹਾ ਹੈ। ਕਹਾਣੀ ਦਾ ਮੁੱਖ ਪਾਤਰ ਇਨ੍ਹਾਂ ਹਾਲਾਤ 'ਤੇ ਬੁਰੀ ਤਰ੍ਹਾਂ ਬੇਚੈਨ ਹੋਇਆ ਬੈਠਾ ਹੈ ਪਰ ਉਸ ਦੀ ਕੋਈ ਪੇਸ਼ ਨਹੀਂ ਜਾ ਰਹੀ। ਇਸ ਸਭ ਕਾਸੇ ਦਾ ਗੁੱਸਾ ਫਿਰ ਗਾਹੇ-ਬਗਾਹੇ ਪਰਿਵਾਰ ਦੇ ਜੀਆਂ ਉਤੇ ਹੀ ਨਿਕਲਦਾ ਹੈ। -ਸੰਪਾਦਕ*

ਏਸ ਪੁਲ ਉਤੋਂ ਸਾਹਮਣਾ ਪਹਿਆ ਤੇ ਖੇਤਾਂ ਵਾਲੀਆਂ ਸਾਰੀਆਂ ਡੰਡੀਆਂ ਦਿਸਦੀਆਂ ਸਨ। ਰਾਹਾਂ ਤੋਂ ਉਡਦੀ ਧੂੜ ਵਿਚ ਤੁਰੇ ਆਉਂਦੇ ਥੱਕੇ-ਹਾਰੇ ਵਾਢੇ ਦਿਸਦੇ ਸਨ; ਪਰ 'ਭੀਲੀ ਦੀ ਬੇਬੇ' ਕਿਧਰੇ ਨਜ਼ਰ ਨਹੀਂ ਸੀ ਆਈ। ਕਿੰਨਾ ਚਿਰ ਦੂਰ ਤਾਈਂ ਨਿਗ੍ਹਾ ਮਾਰਨ ਪਿੱਛੋਂ ਉਹ ਪੁਲ ਦੀ ਠੱਲ੍ਹ ਨਾਲ ਢੋਹ ਲਾ ਕੇ ਬਹਿ ਗਿਆ।

"ਬੇਬੇ ਕਿਧਰੋਂ ਆਊਗੀ, ਬਾਪੂ?" ਛੋਟੇ ਤਾਰੂ ਨੇ ਆਸੇ-ਪਾਸੇ ਨਿਗ੍ਹਾ ਮਾਰਦਿਆਂ ਪੁੱਛਿਆ।

"ਖਬਰੈ ਕਿਹੜੇ ਖਾਤੇ 'ਚੋਂ ਆਊਗੀ!"

"ਚੰਗਾ ਫੇਰ ਮੈਂ ਲਿਔਨੈ ਭਾਲ ਕੇ ਬੇਬੇ ਨੂੰ, ਬਾਪੂ ਸਿਆਂ!" ਵੱਡਾ ਗਾਚਾ ਪਹੇ ਪੈ ਕੇ ਭੱਜ ਤੁਰਿਆ।

"ਬੇਖੀਂ ਉਇ ਬਾਪੂ, ਬੇਖੀਂ, ਕਿਮੇਂ ਬਤਾਰੂ ਆਂਗੂੰ ਲੱਤਾਂ ਮਾਰਦਾ ਜਾਂਦੈ...!"



ਤਾਰੂ ਮੱਕੀ ਦੀਆਂ ਖਿੱਲਾਂ ਵਾਂਗ ਖਿੜਖਿੜਾ ਕੇ ਹੱਸਿਆ, ਪਰ ਚੰਦੇ ਦਾ ਚਿਤ ਸਗੋਂ ਹੋਰ ਨਿਮੋਝੂਣਾ ਜਿਹਾ ਹੋ ਗਿਆ।

**ਗੁਰਦਿਆਲ ਸਿੰਘ**

"ਅੱਜ ਇਹਨੇ ਸੰਮੇ ਤੋਂ ਫੀਮ ਦੋ-ਦੋ ਮਾਵੇ ਲੈ ਕੇ ਖਾਧੇ ਸੀ ਬਾਪੂ, ਤਾਹੀਂ ਐਂ ਟੰਗਾਂ ਮਾਰਦਾ ਜਾਂਦੈ।" ਤਾਰੂ ਨੇ ਹਸਦਿਆਂ ਹਸਦਿਆਂ ਫੇਰ ਕਿਹਾ।

"ਆਉਣ ਦੇ ਸਾਲੇ ਵੱਡੇ ਅਮਲੀ ਨੂੰ, ਮੈਂ ਦੇਊਂ ਰਹੇਸੜੀ! ਹੁਣੇ ਦੋ-ਦੋ ਮਾਵੇ ਖਾਣ ਲੱਗਿਆ ਤਾਂ ਗਾਂਹਾਂ ਨੂੰ ਕੀ ਹਾਲ ਹੋਊ ਇਹਦਾ!...।"

ਪਰ ਚਿੱਤੋਂ ਜਿਵੇਂ ਚੰਦਾ ਖੁਸ਼ ਸੀ। ਚੁਪ-ਚਪੀਤੇ ਵਾਢੇ ਪੁਲ ਉਤੋਂ ਉਹਦੇ ਕੋਲੋਂ ਦੀ ਲੰਘਦੇ ਗਏ। ਰੌਲਾ ਪੌਂਦੇ, ਰੀਂ-ਰੀਂ ਕਰਦੇ, ਧੂੜੋ-ਧੂੜ ਹੋਏ ਨੰਗੇ ਪਿੰਡਿਆਂ ਨਾਲ, ਮਾਧਿਆਂ ਦੇ ਮਗਰ ਮਗਰ ਪੈਰ ਧਰੀਕਦੇ ਲੰਘੇ ਜਾਂਦੇ ਨਿਆਣਿਆਂ ਵਲੋਂ ਬੇਧਿਆਨ, ਉਹ ਸੰਮੇ-ਕੀ ਪੈਲੀ ਪਈ ਕਣਕ ਦੇ ਜੰਮ ਵਲ ਵਿੰਹਦਾ ਰਿਹਾ; ਦਿਹਾੜੀਆਂ ਦਾ ਹਿਸਾਬ ਲਾਉਣ ਦਾ ਯਤਨ ਕਰਦਾ ਰਿਹਾ।

"ਆ-ਗੀ ਉਇ...ਆ-ਗੀ ਬਾਪੂ, ਬੇਬੇ ਆ-ਗਈ!" ਤਾਰੂ ਪੁਲ ਦੀ ਪਰਲੀ ਠੱਲ੍ਹ ਦੇ ਸਿਖਰ ਖੜੋਤਾ ਗਿੱਧਾ ਪਾ ਕੇ, ਇਹਨਾਂ ਸ਼ਬਦਾਂ ਨੂੰ ਲਲਕਾਰੇ ਨਾਲ ਗੀਤ ਵਾਂਗ ਗਾਉਣ ਲੱਗ ਪਿਆ।

ਚੰਦਾ ਗੋਡਿਆਂ 'ਤੇ ਹੱਥ ਧਰ ਕੇ ਉਠਿਆ ਤੇ ਬਿਨਾ ਪਿਛਾਂਹ ਤੱਕਿਆਂ, ਪਟੜੀ ਪੈ ਤੁਰਿਆ।

"ਖੜੋ ਜਾ, ਹੁਣ 'ਕੇਰਾਂ ਈ ਕਾਹਲਾ ਹੋ ਗਿਆ, ਬਿੰਦ ਮੈਨੂੰ ਵੀ ਦਮ ਲੈਣ ਦੇ!" ਭੀਲੀ ਦੀ ਬੇਬੇ ਦੀ 'ਵਾਜ ਪਿੱਛੋਂ ਸੁਣੀ ਤਾਂ ਉਹਨੇ ਸਿਰ ਭੰਵਾਇਆ।

ਸੂਰਜ ਛਿਪਿਆ ਹੋਣ ਕਰਕੇ, ਚੰਦੇ ਨੂੰ ਉਹਦੇ ਚਿਹਰੇ ਉਤੇ ਨਰਮ ਜਿਹੀ ਮੁਸਕਰਾਹਟ ਤੇ ਅੱਖਾਂ ਦੀ ਖਿਚੋਤਾਣ ਜਿਹੀ ਨਹੀਂ ਦਿਸੀ, ਉਂਜ ਉਹਦੀ 'ਵਾਜ ਤੋਂ ਲੱਗਦਾ ਸੀ, ਉਹ ਅੱਜ ਬਹੁਤੀ ਥੱਕੀ ਹੋਈ ਨਹੀਂ ਸੀ। ਠੱਲ੍ਹ ਨਾਲ ਮਾਰ ਕੇ ਜੁੱਤੀ ਝਾੜਦੀ ਤੇ ਸਿਰੋਂ ਚੁੰਨੀ ਲਾਹ ਕੇ ਉਹਨੂੰ ਸੂਤ ਕਰਦੀ ਭੀਲੀ ਦੀ ਬੇਬੇ ਵਲ ਉਹਨੇ ਇਕ ਵਾਰ ਹੋਰ ਹੈਰਾਨੀ ਨਾਲ ਤਕਿਆ, ਤੇ ਫੇਰ ਚੁੱਪ ਕਰਕੇ ਮੂਹਰੇ-ਮੂਹਰੇ ਤੁਰ ਪਿਆ।

"ਅੱਜ ਬਲਾ ਚਿਰ ਲਾ'ਤਾ!" ਬਿੰਦ ਕੁ ਪਿੱਛੋਂ ਉਹਨੇ ਮਲਵੀਂ ਜੀਭ ਨਾਲ ਪੁੱਛਿਆ।

"ਐਵੇਂ...ਮੈਂ ਕਿਹਾ ਕੱਟੀ ਆਸਤੇ, ਹਰੇ ਦੀ ਥੱਬੀ ਈ ਲੈ ਚੱਲਾਂ!"

ਹਰੇ ਦੀ ਥੱਬੀ!-ਉਹਨੂੰ ਹੋਰ ਹੈਰਾਨੀ ਹੋਈ। ਪਰ ਪਿਛਾਂਹ ਧੌਣ ਭੁਆਈ ਤਾਂ ਪੁਲ ਤੋਂ ਪਰਾਂ ਗਾਚਾ ਸੱਚੀਂ ਈ ਹਰੇ ਚਾਰੇ ਦੀ ਭਰੀ ਚੁੱਕੀ ਆਉਂਦਾ ਸੀ।

"ਇਹ ਅੱਜ ਤੇਰੇ 'ਤੇ ਕਿਹੜਾ ਦਾਤਾ ਦਿਆਲ ਹੋ ਗਿਆ?" ਚੰਦੇ ਦੀ 'ਵਾਜ ਰਤਾ ਕਰਾਰ 'ਚ ਹੋ ਗਈ ਲੱਗੀ।

"ਸਾਧੂ ਕੇ ਖੇਤੋਂ ਈ ਲਿਆਂਦੇ ਐ, ਹੋਰ ਭਲਾ ਕਿਹੜਾ ਦਾਤਾ ਦਿਆਲ ਹੋਊ ਮੇਰੇ 'ਤੇ!" ਭੀਲੀ ਦੀ ਬੇਬੇ ਨੇ ਪਹਿਲਾਂ ਪੰਡਿਆਂ ਵਲ ਤੱਕਿਆ ਤੇ ਫੇਰ ਭਓਂ ਕੇ ਚੰਦੇ ਵਲ ਝਾਕੀ; ਪਰ ਜਦੋਂ ਅੱਗੋਂ ਉਹਨੇ ਤਾੜ ਕੇ ਭੀਲੀ ਦੀ ਬੇਬੇ ਦੇ ਚਿਹਰੇ ਉਤੇ ਨਿਗ੍ਹਾ ਟਿਕਾਈ ਤਾਂ ਉਹਨੇ ਅੱਖਾਂ ਨੀਵੀਆਂ ਪਾ ਲਈਆਂ।

ਗਾਚਾ 'ਰੇਵੀਆਂ ਚਾਲ' ਤੁਰਦਾ, ਸਹੋ-ਸਾਹ ਹੋਇਆ, ਇਕ ਕੁਝੱਬਾ-ਜਿਹਾ ਗੀਤ ਗਾਉਂਦਾ ਉਨ੍ਹਾਂ ਦੇ ਕੋਲੋਂ ਲੰਘ ਕੇ ਸਾਰਿਆਂ ਦੇ ਮੂਹਰੇ ਲੱਗ ਤੁਰਿਆ। ਤਾਰੂ ਉਹਦੇ ਗੀਤ ਨੂੰ ਸੁਣ-ਸੁਣ ਕੇ ਹਸਦਾ ਉਹਦੇ ਨਾਲ ਭੱਜ ਪਿਆ। ਤੇ ਉਹ ਦੋਏ ਤੀਵੀਂ-ਮਾਲਕ ਮਗਰ ਰਹਿ ਗਏ। ਕਿੰਨੀ ਦੂਰ ਤਕ ਉਨ੍ਹਾਂ ਹੋਰ ਕੋਈ ਗੱਲ ਨਾ ਕੀਤੀ। ਤੇ ਸ਼ਾਇਦ ਉਨ੍ਹਾਂ ਦੀ ਏਸੇ ਚੁੱਪ ਕਾਰਨ ਪਟੜੀ ਦੇ ਰੋੜਾਂ ਉਤੇ, ਚੰਦੇ ਦੇ ਠਿੱਬਿਆਂ ਦਾ ਘਸਕਾਰਾ ਬੜਾ ਡਰਾਉਣਾ ਜਿਹਾ ਲਗਣ ਲਗ ਪਿਆ।

"ਤੂੰ ਕਲ੍ਹ ਨੂੰ ਵੀ ਸਾਧੂ ਕੇ ਈ ਜਾਣੈ?" ਚੰਦੇ ਨੇ ਕੁਝ ਦੂਰ ਜਾ ਕੇ, ਬੁੱਢਿਆਂ ਵਾਂਗ ਪਿੱਠ 'ਤੇ ਹੱਥ ਕਰ ਕੇ, ਰਤਾ ਕੁੱਬ ਕੱਢੀ ਤੁਰਦਿਆਂ ਪੁੱਛਿਆ।

"ਅਜੇ ਤਾਂ ਉਨ੍ਹਾਂ ਦੇ ਕਈ ਦਿਨ ਲਗ ਜਾਣਗੇ-ਵੀਹ ਘੁਮਾ ਤੋਂ ਉਤੇ ਪਈ ਐ ਵਢਣ ਆਲੀ।"

ਤੇ ਕਿੰਨਾ ਚਿਰ ਉਹ ਫੇਰ ਚੁਪ ਕਰ ਕੇ ਤੁਰੇ ਗਏ। ਕੋਚਰੀਆਂ ਵਾਲੀ ਕਿਕਰ ਕੋਲ ਆ ਕੇ ਚੰਦੇ ਨੇ ਚਾਣਚਕ ਪਿਛਾਂਹ ਭਓਂ ਕੇ ਭੀਲੀ ਦੀ ਬੇਬੇ ਵਲ ਇਕ ਦਮ ਇਉਂ ਤੱਕਿਆ ਕਿ ਉਹ ਠਠੰਬਰ ਕੇ ਚੁੰਨੀ ਸੂਤ ਕਰਨ ਦੇ ਬਹਾਨੇ ਰਤਾ ਰੁਕ ਗਈ। ਪਰ ਚਾਨਣ ਚੰਗਾ ਨਾ ਹੋਣ ਕਰਕੇ ਉਨ੍ਹਾਂ ਨੂੰ ਇਕ ਦੂਜੇ ਦੀਆਂ ਅੱਖਾਂ ਚੰਗੀ ਤਰ੍ਹਾਂ ਨਹੀਂ ਦਿਸੀਆਂ।

ਚੰਦਾ ਕੁਝ ਚਿਰ ਫੇਰ ਚੁੱਪ ਹੋ ਕੇ ਓਵੇਂ ਤੁਰਿਆ ਗਿਆ; ਪਰ ਜਦੋਂ ਬੋਲਿਆ ਤਾਂ ਉਹਦੀ 'ਵਾਜ ਬੜੀ ਓਪਰੀ ਲੱਗੀ।

"ਐਤਕੀਂ ਹਾੜ੍ਹ 'ਚ ਭੀਲੀ ਨੂੰ ਤਾਂ ਤੋਰ ਈ ਦੇਈਏ, ਸਿਰੋਂ ਭਾਰ ਲਹੇ।"

"ਹੈਂ?" ਪਿਛਾਂਹ ਰਹਿ ਗਈ ਭੀਲੀ ਦੀ ਬੇਬੇ ਨੇ ਦੋ ਕਾਹਲੇ ਕਦਮ ਪੁਟ ਕੇ ਉਹਦੇ ਨਾਲ ਰਲਦਿਆਂ ਕਿਹਾ, "ਕੀ ਆਖਿਆ, ਭੀਲੀ ਨੂੰ ਤੋਰ ਦੀਏ?...ਆਹੋ, ਮੈਂ ਤਾਂ ਆਪ ਤੈਨੂੰ ਪਿਛਲੇ ਸਾਲ ਦੀ ਸਿਰ ਦੀਆਂ ਠੀਕਰੀਆਂ ਕਰਨ ਲਗ ਪਈ ਐਂ, ਤੂੰ ਸੁਣਦਾ ਵੀ ਐਂ ਕਿਸੇ ਦੀ-ਐਡੀਆਂ ਐਡੀਆਂ ਧੀਆਂ ਕਿੰਨਾਂ ਕਿ ਚਿਰ ਬਾਰ ਬਠਾਈਆਂ ਜਾਂਦੀਐਂ...!"

ਚੰਦਾ ਬਿੰਦ ਦਾ ਬਿੰਦ ਫੇਰ ਚੁਪ ਕਰ ਗਿਆ। ਭੀਲੀ ਦੀ ਬੇਬੇ ਦਾ ਉਹਦੇ ਉਤੇ ਕਾਠੀ ਪਾਉਣ ਦਾ ਦਾਅ ਸੂਤ ਆ ਗਿਆ ਸੀ।

"ਚੰਗਾ, ਹੁਣ ਤੂੰ ਚੁਪ ਕਰ!" ਉਹਨੇ ਰਤਾ ਅੱਕੀ ਹੋਈ 'ਵਾਜ 'ਚ ਕਿਹਾ।

ਮੰਜਾ ਡਾਹ ਲੈ!

"ਵੇਖ, ਟੂੰਮਾਂ ਤਾਂ ਜਿਹੜੀਆਂ ਮੇਰੇ ਕੋਲ ਹੈਗੀਆਂ, ਉਨ੍ਹਾਂ ਨਾਲ ਸਰ ਜੂ", ਪਰ ਭੀਲੀ ਦੀ ਬੇਬੇ ਚੁਪ ਕਰਨ ਦੀ ਥਾਂ ਰਤਾ ਠੰਢੀ ਹੋ ਕੇ, 'ਕਬੀਲਦਾਰੀ ਦੀਆਂ ਸਲਾਹਾਂ' ਕਰਨ ਦੇ ਰੌਂ ਵਿਚ ਬੋਲਣ ਲਗ ਪਈ, "ਬਾਕੀ ਰਹਿ ਗਿਆ ਕਪੜੇ ਲੀੜੇ ਦਾ ਖਰਚ, ਉਹ ਐਤਕੀਂ ਸੁਖ ਨਾਲ 'ਕੱਠਾ ਕਰ ਈ ਲਵਾਂਗੇ-ਬਥੇਰੀ ਦਿਹਾੜੀ ਐ ਹੁਣ ਤਾਂ, ਸਾਂਝੇ ਸੱਤ-ਅੱਠ ਰੁਪਈਏ ਮੂੰਹ ਨਾਲ ਕਹਿ ਦੇਣੇ 'ਸਾਨ ਐਂ, ਥੋੜ੍ਹੇ ਹੁੰਦੇ ਐ ਕਿਤੇ!...ਚਾਰ-ਪੰਜ ਤਾਂ ਆਪਣਾ ਤਾਰੂ-ਗਾਚਾ ਈ ਲਿਔਂਦੇ ਐ।...ਤੇ ਨਾਲੇ ਐਤਕੀਂ ਅੰਨ੍ਹੀ-ਜੀ ਕੋਈ ਫਸਲ ਹੋਈ ਐ-ਵਾਖਰੂ, ਵਾਖਰੂ!-ਸਾਧੂ ਕਿਆਂ ਦੀ ਕਣਕ 'ਤੇ ਭਾਵੇਂ ਮੰਜਾ ਡਾਹ ਲੈ! ਹੋ...ਮਾਰ ਜਿੱਤ ਗਿੱਲ ਆਲਿਆਂ ਦੀ ਬੇਰੀ ਤਾਈਂ, ਕੋਹ-ਵਾਟ, ਐਂ ਸਿਧਣ-ਸਿਧੀ ਖੜੋਤੀ ਐ, ਮਜਾਲ ਐ ਕਿਤੋਂ ਗਿੱਠ ਥਾਂ ਵੀ ਮਾੜਾ ਹੋਵੇ...!"

"ਪਿਛਲੇ ਸਾਲ ਕਿਹੜਾ ਘੱਟ ਹੋਈ ਸੀ; ਦਿਹਾੜੀ ਵੀ ਬਥੇਰੀ ਸੀ!" ਉਹਦੀ ਗੱਲ ਚੰਦੇ ਨੇ ਸੁਭਾਵਕ ਈ ਟੋਕ ਦਿੱਤੀ, "ਹਾੜ੍ਹੀਆਂ ਚੰਗੀਆਂ ਹੁੰਦੀਆਂ ਨੂੰ ਤਾਂ ਚਾਰ ਪੰਜ ਵਰ੍ਹੇ ਹੋ-ਗੇ...!"

"ਨਹੀਂ ਅੱਗੇ ਐਨੀ ਨ੍ਹੀਂ ਸੀਪ ਕਦੇ ਹੋਈ; ਨਾਲੇ ਦਿਹਾੜੀ ਕਿਥੇ ਐਨੀ ਚੜ੍ਹੀ ਸੀ ਪਰ-ਪਰਾਰ?"

"ਪਰ, ਪਰ-ਪਰਾਰ ਹੰਸੇ ਬਜਾਜੀ ਆਲੇ ਦਿਓਂ ਜਿਹੜਾ ਲੀੜਾ ਪੁੱਛ ਕੇ ਆਏ ਸੀ, ਉਹੋ ਹੁਣ ਰੁਪਈਏ ਗਜ਼ ਮਹਿੰਗਾ ਹੋਇਆ ਵਿਐ-ਹਸਾਬ ਤਾਂ ਉਥੇ ਦਾ ਉਥੇ ਰਹਿਆ ਕਿ ਨਾ, ਵੱਡੀਏ ਰਕਾਨੇ!"

ਪਰ ਭੀਲੀ ਦੀ ਬੇਬੇ ਨੇ ਆਪਣੀ ਗੱਲ ਫੜੀ ਰੱਖੀ-ਕਣਕ ਲੋਕਾਂ ਦੇ ਬੇਥਾਹ ਹੋਈ ਸੀ। ਦਿਹਾੜੀ ਬੇ-ਹਿਸਾਬੇ ਵਧ ਗਈ ਸੀ। ਐਤਕੀਂ ਮਾਝੇ ਵੰਨੀਓਂ ਕਮੋ, ਰਾਅ-ਸਿਆ ਵੀ ਬਹੁਤੇ ਨਹੀਂ ਸਨ ਆਏ ਤੇ ਨਾ ਈ 'ਬਾਂਗੜ ਦੇਸ' ਅੱਗੇ ਵਾਂਗ 'ਆ ਉਤਰਿਆ' ਸੀ।

"ਪਰ ਆਹ ਵੇਖ-ਲੀਂ, ਦਸਾਂ ਦਿਨਾਂ ਨੂੰ ਕਿਸੇ ਦੇ ਮਰਲਾ ਨਹੀਂ ਖੜੋਤੀ ਹੋਣੀ, ਸਭ ਵੱਢੀ ਜਾਊ।" ਚੰਦੇ ਨੇ ਹਉਕਾ ਭਰਦਿਆਂ ਕਿਹਾ, "ਸੰਮੇ-ਕਿਆਂ ਦੇ ਤਾਂ ਮਸਾਂ ਚਾਰ ਦਿਹਾੜੀਆਂ ਹੋਰ ਲਗਣਗੀਆਂ; ਉਨ੍ਹਾਂ ਦੇ ਆਵਦੇ ਈ ਮੁੰਡੇ-ਖੁੰਡੇ ਬਥੇਰੇ ਹੋਏ ਫਿਰਦੇ ਐ, ਆਹਣ ਆਂਗੂੰ!"

"ਸਾਡੇ, ਸਾਧੂ ਕੇ ਤਾਂ ਅਜੇ ਮਹੀਨਾ ਨ੍ਹੀਂ ਵੱਢੀ-ਦੀ।"

"ਉਇ ਅਕਲ ਦੀਏ ਮਾਰੀਏ, ਇਹ ਨਵੇਂ-ਬੀ ਆਈ ਕਣਕ ਦਸ ਦਿਨ ਨ੍ਹੀਂ ਰਹਿੰਦੀ, ਤੂੰ ਮਹੀਨਿਆਂ ਨੂੰ ਰੋਨੀ ਐਂ-ਅੱਗੇ ਆਲਾ ਹਿਸਾਬ ਨਾ ਰਖਿਆ ਕਰ।"

ਭੀਲੀ ਦੀ ਬੇਬੇ ਇਕਦਮ ਇਉਂ ਚੁਪ ਕਰ ਗਈ ਜਿਵੇਂ ਉਹਨੂੰ ਕਿਸੇ ਬਹੁਤ ਵੱਡੀ ਗੱਲ ਦਾ ਫਿਕਰ ਪੈ ਗਿਆ ਹੋਵੇ। ਇਹ ਉਹਨੇ ਸੋਚਿਆ ਈ ਨਹੀਂ ਸੀ ਕਿ ਨਵੀਂ ਕਣਕ ਬਹੁਤਾ ਚਿਰ ਸੱਚੀਂ ਨਹੀਂ ਸੀ ਰਹਿੰਦੀ।



ਉਹ ਕੁਝ ਚਿਰ ਫੇਰ ਚੁਪ ਕਰ ਗਈ। ਪਰ ਭੀਲੀ ਦੀ ਬੇਬੇ ਨੇ ਇਸ ਉਦਾਸ ਜਿਹੀ ਚੁੱਪ ਨੂੰ ਤੋੜਦਿਆਂ ਰਤਾ ਕਰਾਰੀ 'ਵਾਜ 'ਚ ਕਿਹਾ, "ਭੁਰੂ ਤਾਂ ਅਗਲਿਆਂ ਦੀ ਭੁਰੂ, ਆਪਾਂ ਨੂੰ ਕੀ ਐ! ਦਿਹਾੜੀਏ ਭਾਲਣ ਦੀ ਖ਼ਾਤਰ ਤਾਂ ਉਹ ਅੱਧੀ ਅੱਧੀ ਰਾਤ ਤਾਈਂ ਸਾਰਾ ਵਿਹੜਾ ਗਹੁੰਦੇ ਫਿਰਦੇ ਰਹਿੰਦੇ ਐ; ਬੰਦਾ ਕੋਈ ਥਿਆਊ ਤਾਂ ਛੇਤੀ ਵਢਾਉਣਗੇ ਨਾ, ਐਵੇਂ ਕਿਤੇ ਬੰਬੂਕਾਟਾਂ ਨਾਲ ਵਢ ਲੈਣਗੇ?"

"ਕੋਈ ਨ੍ਹੀਂ, ਧੀਰੀ ਹੋ, ਅਗਲੇ ਸਾਲ ਤਾਈਂ ਹਾੜ੍ਹੀ ਵੱਢਣ ਆਲੇ ਬੰਬੂਕਾਟ ਵੀ ਆਏ ਲੈ!...ਸਭ ਕੁਸ਼ ਆ-ਜੂ !"

ਭੀਲੀ ਦੀ ਬੇਬੇ ਫੇਰ ਚੁਪ ਹੋ ਗਈ। ਪਰ ਉਹਨੇ ਜਦੋਂ ਸਾਰੀ ਉਮਰ ਹਾਰ ਨਹੀਂ ਸੀ ਮੰਨੀ, ਹੁਣ ਕਿਵੇਂ ਮੰਨ ਲੈਂਦੀ!

"ਲੈ ਅਗਲੇ ਸਾਲ ਦੀ, ਅਗਲੇ ਸਾਲ ਵੇਖੀ ਜਾਊ। ਮੈਨੂੰ ਪਤੈ, ਹੁਣ ਮੇਰੀਆਂ ਤਾਂ ਸਤ-ਅੱਠ ਦਿਹਾੜੀਆਂ ਹੋਰ ਸਾਧੂ ਕੇ ਲੱਗ ਜਾਣਗੀਆਂ। ਨਾਲੇ ਸਾਧੂ-ਕਾ ਵੱਡਾ ਮੁੰਡਾ-ਬਲਾਈ ਚੰਗੈ ਵਚਾਰਾ। ਕਹਿੰਦਾ, ਜਾਂਦੀ ਭਮੇਂ ਰੋਜ ਹਰੇ ਦੀ ਥੱਬੀ ਵੀ ਲੈ-ਜਿਆ ਕਰ। ਪੰਜ-ਸਤ ਦਿਨ ਕੱਟੀ ਨੇ ਹਰਾ ਖਾਧਾ ਤਾਂ ਚੰਗੀ ਰਾਜੀ ਹੋ-ਜੂ। ਮਾੜੀ-ਮੋਟੀ ਤਕੜੀ ਹੋਗੀ ਤਾਂ ਆਸ ਵੀ ਲੱਗ-ਜੂ, ਐਸੇ ਸਾਲ। ਅਗਲੇ ਸਾਲ ਸੂਣ ਆਲੀ ਦਾ ਈ ਹਜ਼ਾਰ ਬਾਰਾਂ ਸੈ ਵੱਟਿਆ ਜਾਊ।"

ਉਹ ਆਪਣੇ ਈ ਰੌਂ ਵਿਚ ਬੋਲੀ ਗਈ ਪਰ ਚੰਦੇ ਦੇ ਠਿੱਬਿਆਂ ਦਾ ਘਸਕਾਰਾ ਚਾਣਚਕ ਵਧੇਰੇ ਕੁਰਖ਼ਤ ਹੋ ਗਿਆ, ਚਾਲ ਤਿੱਖੀ ਹੋ ਗਈ ਤੇ ਉਹ ਬਾਹਾਂ ਸਿਧੀਆਂ ਕਰ ਕੇ ਤੁਰਨ ਲਗ ਪਿਆ।

ਭੀਲੀ ਦੀ ਬੇਬੇ ਦਾ ਦਿਲ ਅਜਾਈਂ ਈ ਜ਼ੋਰ ਜ਼ੋਰ ਦੀ ਧੜਕਣ ਲਗ ਪਿਆ। ਜੀਭ ਸੁੱਕ ਕੇ ਤਾਲੂਏ ਲਗਦੀ ਜਾਪੀ ਤੇ ਉਹਨੇ ਨਿਉਂ ਕੇ ਸੂਏ 'ਚ ਪਾਣੀ ਦੀ ਚੂਲੀ ਭਰ ਕੇ ਮੂੰਹ ਗਿੱਲਾ ਕਰ ਲਿਆ। ਫੇਰ ਉਹਨੂੰ ਤਾੜ ਤਾੜ ਕੇ ਚੰਦੇ ਵਲ ਝਾਕਦੀ ਨੂੰ ਇਉਂ ਜਾਪਿਆ, ਜਿਵੇਂ ਸੂਏ ਦਾ ਅਗਲਾ ਪੁਲ ਉਤਰਨ ਤਾਈਂ ਚੰਦੇ ਨੇ ਕਿੰਨੀ ਵਾਰੀ ਮੁੜ ਮੁੜ ਕੇ ਉਸ ਵਲ ਤਕਿਆ ਹੋਵੇ, ਤੇ ਹਰ ਵਾਰ ਜਦੋਂ ਉਹ ਪਿਛਾਂਹ ਝਾਕਿਆ ਸੀ ਤਾਂ ਉਹਦਾ ਦਿਲ ਅਜਾਈਂ ਈ ਧੜਕਣ ਲਗ ਪਿਆ ਸੀ।

"ਇਹ ਚਾਰਾ ਸਾਧੂ ਕਿਆਂ ਨੇ, ਤੂਤ ਆਲੀ ਝੁੱਗੀ ਕੋਲੇ ਈ ਬੀਜਿਆ ਵਿਐ ਨਾ ਭਲਾ?" ਘਰ ਦੇ ਨੇੜੇ ਆ ਕੇ ਚੰਦੇ ਨੇ ਉਭੜਵਾਹਿਆਂ ਪੁੱਛਿਆ।

"ਹੈਂ?...ਆਹੋ, ਉਥੇ ਈ ਐ...ਹੋਰ ਉਨ੍ਹਾਂ ਦੇ ਥਾਂ ਕਿਹੜੈ ਪੱਠੇ ਬੀਜਣ ਨੂੰ?"

ਪਰ ਭੀਲੀ ਦੀ ਬੇਬੇ ਦੀ ਜੀਭ ਥਥਲਾਂਦੀ ਜਾਪੀ।

ਜਦੋਂ ਉਹ ਦੋਏ ਅਗੜ-ਪਿਛੜ ਘਰ ਵੜੇ ਤਾਂ ਕੱਟੀ ਮੂੰਹ ਉਤਾਂਹ ਚੁੱਕ ਕੇ ਰਤਾ ਅੜਿੰਗੀ ਤਾਂ ਜ਼ਰੂਰ ਪਰ ਰੋਜ਼ ਵਾਂਗ ਉਸ ਅਰੜਾਟ ਪਾਉਂਦਿਆਂ ਗੇੜਾ ਨਹੀਂ ਬੰਨ੍ਹਿਆ; ਪੂਛ ਨਾਲ ਕੁੱਖਾਂ ਝੰਬਣ ਦੀ ਥਾਂ ਇੱਕ ਵਾਰ ਹਿਲਾ ਕੇ ਮੁੜ ਪੱਠਿਆਂ ਵਿਚ ਮੂੰਹ ਗੱਡ ਲਿਆ। ਚੰਦੇ ਨੇ ਘੂਰ ਕੇ ਉਹਦੀ ਖੁਰਲੀ ਵਲ ਤਕਿਆ, ਉਨ੍ਹਾਂ ਮੂਹਰੇ ਭੱਜ ਆਏ ਗਾਚੇ ਤੇ ਤਾਰੇ ਨੇ, ਉਨ੍ਹਾਂ ਦੇ ਘਰ ਅਪੜਨ ਤਾਈਂ, ਕਿੰਨਾ ਸਾਰਾ ਹਰਾ ਕੁਤਰ ਕੇ ਕੱਟੀ ਅੱਗੇ ਸੁੱਟ ਦਿੱਤਾ ਹੋਇਆ ਸੀ। ਹਰੇ ਚਾਰੇ ਨਾਲ ਸਾਰਾ ਘਰ ਜਿਵੇਂ ਮਹਿਕ ਪਿਆ ਹੋਵੇ। ਚੰਦੇ ਨੂੰ ਪਤਾ ਨਹੀਂ ਸੀ ਲਗਿਆ ਕਿ ਉਹ ਅਚੇਤ ਹੀ ਬੂਹਿਓਂ ਵੜਦਿਆਂ, ਦੋ-ਤਿੰਨ ਡੂੰਘੇ ਸਾਹ ਲੈ ਗਿਆ ਸੀ।

"ਆਹ ਕੀ ਐ ਉਇ!" ਉਹਨੇ ਚਾਰਾ ਕੁਤਰਦੇ ਗਾਚੇ ਦੇ ਕੋਲ, ਦੋ ਕੁ ਰੁਗ ਟਾਟਾਂ ਦੇ ਪਏ ਵੇਖ ਕੇ ਪੁੱਛਿਆ।

"ਇਹ ਟਾਟਾਂ...ਇਹ ਟਾਟਾਂ।" ਟੋਕੇ ਦੀ ਤਾਲ ਨਾਲ ਗਾਚੇ ਨੇ ਕਈ ਵਾਰ ਇਹੋ ਸ਼ਬਦ ਦੁਹਰਾਏ ਤੇ ਫੇਰ ਫੀਮ ਦੇ ਅਮਲ ਵਿਚ, ਲੋਰ ਨਾਲ ਆਪ-ਮੁਹਾਰਾ ਈ ਗੀਤ ਜਿਹਾ ਗਾਈ ਗਿਆ,

"ਟਾਟਾਂ...ਮੇਰੀਆਂ ਬਾਠਾਂ, ਬੇਬੇ ਲਿਆਈ ਸੀ...ਲਿਆਈ ਸੀ, ਬਈ ਲਿਆਈ ਸੀ...!"

ਟਾਟਾਂ, ਟਾਟਾਂ, ਟਾਟਾਂ, ਬੇਬੇ ਲਿਆਈ ਸੀ...!

ਓ...ਟਾਟਾਂ, ਚਾਰਾ, ਤਾਰਾ, ਬੇਬੇ ਲਿਆਈ ਸੀ...!

ਲੈ ਬਈ, ਭਲਾ ਬੇ'ਲੀਆ ਲਿਆਈ ਸੀ...ਈ...ਈ!"

ਪਰ ਚੰਦੇ ਨੂੰ ਜਿਵੇਂ ਸਕਤਾ ਮਾਰ ਗਿਆ। ਉਹ ਲਾਲਟੈਣ ਦੇ ਮਰਨਊ ਜਿਹੇ ਚਾਨਣ ਵਿਚ ਕਦੇ ਚਾਰੇ ਦੀ ਥੱਬੀ ਵਲ ਘੂਰ ਘੂਰ ਵਿੰਹਦਾ, ਕਦੇ ਟਾਟਾਂ ਦੀ ਨਿੱਕੀ ਜਿਹੀ ਢੇਰੀ ਵਲ।

"ਲੈ ਬਾਪੂ ਪਾਣੀ ਲੈ ਲੈ।" ਉਹਦੀ ਸਚਿਆਰੀ ਧੀ ਭੀਲੀ ਨੇ ਬਹੀਣ ਦੇ ਨਾਲ ਧਰੀਆਂ ਇੱਟਾਂ ਕੋਲ, ਤੱਤੇ ਪਾਣੀ ਦਾ ਬੱਠਲ ਧਰਦਿਆਂ ਉਹਨੂੰ ਸੱਦਿਆ।

ਹੈਰਾਨੀ ਜਿਹੀ ਨਾਲ ਭਓਂ ਕੇ ਚੰਦੇ ਨੇ ਚਾਰ-ਚੁਫੇਰੇ ਤੱਕਿਆ, ਤੇ ਸ਼ਾਇਦ ਗੋਹਿਆਂ ਦੇ ਧੂੰਏ ਦੀ ਕੌੜਵਸ ਕਰਕੇ ਅੱਖਾਂ 'ਚੋਂ ਪਾਣੀ ਨਿਕਲ ਆਇਆ। ਪਰ ਅੱਖਾਂ ਝਮਕਾ ਕੇ ਗਹੁ ਨਾਲ ਵੇਖਿਆ ਤਾਂ ਭੀਲੀ ਦੀ ਬੇਬੇ ਕਿਧਰੇ ਨਹੀਂ ਦਿਸੀ।

"ਤੇਰੀ ਬੇਬੇ...!" ਉਹਨੇ ਬੱਠਲ ਵਲ ਅਹੁਲਦਿਆਂ ਭੀਲੀ ਤੋਂ ਪੁੱਛਿਆ, ਤੇ ਕੋਠੜੀ ਦੇ ਬੂਹੇ ਦੇ ਕੋਲ ਖੜੋਤੀ ਭੀਲੀ ਵਲ ਇਕ-ਟਿਕ ਵਿਹਦਾ ਰਹਿ ਗਿਆ। ਉਹ ਚੁਗਾਠ ਦੀ ਸਰਦਲ ਤੋਂ ਵੀ ਉਚੀ ਲੱਗਦੀ ਸੀ।

ਭੀਲੀ ਨੇ ਕੀ ਜਵਾਬ ਦਿੱਤਾ, ਇਹਦਾ ਉਹਨੂੰ ਕੋਈ ਪਤਾ ਨਹੀਂ ਲੱਗਿਆ, ਨੀਵੀਂ ਪਾ ਕੇ ਬੱਠਲ ਦੇ ਪਾਣੀ ਨਾਲ ਮੂੰਹ-ਹੱਥ ਧੋਣ ਜਾ ਲੱਗਿਆ। ਕੋਲ ਖੜੋਤੀ ਕੱਟੀ ਜਰਕ-ਜਰਕ ਹਰਾ ਚਾਰਾ ਚਰਦੀ ਜ਼ੋਰ-ਜ਼ੋਰ ਦੀ ਪੂਛ ਮਾਰ ਜਾਂਦੀ ਸੀ। ਉਹਦੇ ਜਾੜ੍ਹ-ਰਸ ਦਾ ਉਹਨੂੰ ਆਪ ਨੂੰ ਪਹਿਲਾਂ ਤਾਂ ਸੁਆਦ ਜਿਹਾ ਆਉਂਦਾ ਲੱਗਿਆ ਪਰ ਫੇਰ ਇਕਦਮ ਮੂੰਹ ਕੌੜਾ-ਕੌੜਾ ਹੋ ਗਿਆ।

ਮੂੰਹ-ਹੱਥ ਧੋ ਕੇ ਰੋਟੀ ਖਾਣ ਬੈਠਾ ਤਾਂ ਭੜਥੂ ਪਾਉਂਦੇ ਦੋਏ ਮੁੰਡੇ, ਵਿਹੜੇ ਵਿਚ ਰੜੇ ਥਾਂ ਬਹਿ ਕੇ ਟਾਟਾਂ ਕੁਟਣ ਲਗ ਪਏ। ਚੰਦੇ ਨੂੰ ਚਾਣਚਕ ਈ ਰੋਹ ਚੜ੍ਹ ਗਿਆ। ਉਹਨੇ ਮਾਂ ਦੀ ਗਾਲ੍ਹ ਕੱਢ ਕੇ ਉਨ੍ਹਾਂ ਨੂੰ ਘੂਰਿਆ, "ਹੁਣੇ ਕੁੱਟ ਕੇ, ਇਹਨਾਂ ਦਾ ਦਾਣਾ ਦਾਲ ਕੇ ਆਵਦੀ ਮਾਂ ਨੂੰ ਪਾਉਣੇ, ਸਾਲਿਓ ਕਰੀਓ?"

"ਵੇ ਕੀ ਹੋਈ ਜਾਂਦੈ ਥੋਨੂੰ!" ਉਸੇ ਵੇਲੇ ਬਾਹਰੋਂ ਆਉਂਦੀ ਭੀਲੀ ਦੀ ਬੇਬੇ ਨੇ ਗੱਲ ਤਾੜ ਕੇ ਮੁੰਡਿਆਂ ਨੂੰ ਪੋਲੀ ਜਿਹੀ ਝਿੜਕ ਦਿੱਤੀ, "ਥੋਥੋਂ ਹੁਣ ਟਿਕ ਕੇ ਨਹੀਂ ਬੈਠੀਦਾ?"

ਮੁੰਡੇ ਤੇ ਨਿੱਕੀ ਕੁੜੀ ਟਾਟਾਂ ਓਥੇ ਦੀ ਛਡ ਕੇ ਕੰਨ ਵਲੇਟ ਕੇ ਚੌਂਕੇ ਵਲ ਤੁਰ ਗਏ। ਭੀਲੀ ਦੀ ਬੇਬੇ ਪਹਿਲਾਂ ਖਿਲਰੀਆਂ ਟਾਟਾਂ ਨੂੰ ਅਹੁਲੀ, ਪਰ ਫੇਰ ਕਦੇ ਟਾਟਾਂ ਤੇ ਕਦੇ ਚੰਦੇ ਵਲ ਭਓਂ ਭਓਂ ਵਿੰਹਦੀ, ਉਹਦੇ ਤੋਂ ਰਤਾ ਪਰ੍ਹਾਂ ਹਟ ਕੇ ਭੁੰਜੇ ਈ ਬਹਿ ਗਈ। ਫੇਰ ਬਿਨਾ ਕਿਸੇ ਦੇ ਕੁਝ ਪੁੱਛਿਆ-ਦਸਿਆ ਆਪ-ਮੁਹਾਰੀ ਈ ਬੋਲਣ ਲਗ ਪਈ।

"ਗੋਲੋ ਨੂੰ ਪੁਛਣ ਗਈ ਸੀ, ਤੜਕੇ ਮੇਰੇ ਨਾਲ ਚਲਣ ਨੂੰ। ਸਾਧੂ ਦਾ ਵੱਡਾ ਮੁੰਡਾ ਕਹਿੰਦਾ, ਜੇ ਵਿਹਲੀ ਹੋਵੇ ਤਾਂ ਉਹਨੂੰ ਵੀ ਨਾਲ ਲਿਆਈਂ, ਕੰਮ ਛੇਤੀ ਨਿਬੜ ਜੂ!...ਪਰ ਉਹਦੀ ਤਾਂ ਜਾਣ ਦੀ ਆਕੜ ਈ ਨ੍ਹੀਂ ਲਈ-ਦੀ ਕਿਤੇ!...ਕਹਿੰਦੀ, 'ਸਾਵੇ ਅੱਠ ਰੁਪਈਏ ਲਊਂ, ਨਾਲੇ ਦੋਹੀਂ ਵੇਲੀਂ ਖਾਊਂ ਰੋਟੀ, ਤੇ ਤਿੰਨ ਵੇਲੇ ਪੀਊਂ ਚਾਹ।' ਮੈਂ ਕਿਹਾ, 'ਚੰਗਾ ਭਾਈ ਤੇਰੀ ਮਰਜ਼ੀ, ਉਨ੍ਹਾਂ ਨੇ ਤਾਂ ਮੈਨੂੰ ਸਾਢੇ ਸੱਤਾਂ ਤਾਈਂ ਕਿਹਾ ਸੀ...ਨਾਲੇ ਜੇ ਸੋਚੀਏ ਤਾਂ ਉਹ ਵਿਚਾਰੇ ਕਿਹੜਾ ਹੱਕ ਰਖਦੇ ਐ!...ਆਹ ਵੇਖ ਲੈ, ਦੋ-ਢਾਈ-ਸੇਰ-ਸਾਰੀਆਂ ਤਾਂ ਟਾਟਾਂ ਈ ਅੱਜ ਚੱਕ ਲਿਆਂਦੀਆਂ ਮੈਂ। ਧੌਣ, ਤਿੰਨ ਪਸੇਰੀਆਂ ਤੋਂ ਘੱਟ ਚਾਰਾ ਨਹੀਂ ਹੋਣਾ। ਹੋਰ ਹੁਣ ਉਨ੍ਹਾਂ ਨੂੰ ਤਾਂ ਭਮੇ ਘਰ ਲਿਆ ਕੇ ਬਠਾ-ਲੀਏ...!"

ਤੇ ਜਦੋਂ ਭੀਲੀ ਦੀ ਬੇਬੇ ਨੇ ਛੋਲਿਆਂ ਦੀ ਕੰਡ ਨਾਲ ਲਿਬੜੀ ਚੁੰਨੀ ਨਾਲ ਮੂੰਹ ਤੋਂ ਮੁੜ੍ਹਕਾ ਪੂੰਝਦਿਆਂ, ਚੋਰ-ਅੱਖ ਚੰਦੇ ਵਲ ਤਕਿਆ ਤਾਂ ਉਹਦਾ ਸਾਰਾ ਸਰੀਰ ਕੰਬਣ ਲਗ ਪਿਆ: ਬੁਰਕੀ ਪਾਉਂਦੇ ਚੰਦੇ ਦਾ ਹੱਥ ਕੰਬ ਰਿਹਾ ਸੀ, ਮੁੱਛਾਂ ਅਜੀਬ ਹੋਇਆਂ ਲਗਦੀਆਂ ਸਨ। ਉਹ ਮੁੜ ਉਸ ਵਲ ਨਹੀਂ ਝਾਕ ਸਕੀ, ਨਾ ਬੋਲ ਸਕੀ। ਸੁੰਨ ਜਿਹੀ ਹੋਈ, ਚੁੰਨੀ ਨਾਲ ਝਲ ਮਾਰ ਕੇ ਮੁੜ੍ਹਕਾ ਸੁਕਾਉਂਦੀ ਰਹੀ।

ਪਰ ਬਿੰਦ ਕੁ ਪਿਛੋਂ ਤਾਹੀਂ ਖ਼ਬਰ ਕਿ ਚੰਦਾ ਨੰਗੇ-ਪੈਰੀਂ ਉਠ ਕੇ ਵਾ-ਵਰੋਲੇ ਵਾਂਗ ਬਾਹਰ ਨੂੰ ਤੁਰ ਗਿਆ। ਭੀਲੀ ਦੀ ਬੇਬੇ ਦਾ ਦਿਲ ਜ਼ੋਰ-ਜ਼ੋਰ ਦੀ ਧੜਕਿਆ ਪਰ ਪਿੱਛੋਂ 'ਵਾਜ ਮਾਰਨ ਦੀ ਹਿੰਮਤ ਨਹੀਂ ਪਈ।

ਘਾਬਰੀ ਤੇ ਹਫੀ 'ਵਾਜ ਨਾਲ ਉਹਨੇ ਗਾਚੇ ਨੂੰ ਹੌਲੀ ਜਿਹੀ ਕਿਹਾ, "ਜਾਹ ਵੇ, ਵੇਖੀਂ ਤੇਰਾ ਬਾਪੂ ਕਿਧਰ ਗਿਐ?"

"ਬਾਪੂ ਗਿਐ 'ਫਰੀਕਾ'!" ਤਾਰਾ ਟੁੱਕ ਦੀ ਬੁਰਕੀ ਪੂਣੀ ਬਣਾ ਕੇ ਖਾਂਦਾ-ਖਾਂਦਾ ਇਹ ਕਹਿੰਦਿਆਂ ਬਾਹਰ ਨੂੰ ਭੱਜ ਗਿਆ।


ਪਰ ਜਦੋਂ ਉਹ ਦੂਜੇ ਬਿੰਦ ਗਲੀ ਵਿਚੋਂ ਮੁੜ ਕੇ ਆਇਆ ਤਾਂ ਉਹਦੀਆਂ ਅੱਖਾਂ ਹੈਰਾਨੀ ਜਿਹੀ ਨਾਲ ਅੱਡੀਆਂ ਹੋਈਆਂ ਸਨ। "ਨੀ ਬੇਬੇ, ਉਹ ਤਾਂ ਸੂਏ ਬੰਨੀ ਫੇਰ ਤੁਰਿਆ ਜਾਂਦੈ...ਔਧਰ!"

"ਸੂਏ ਵੰਨੀ?" ਥੱਕੇ ਗੋਡਿਆਂ ਨਾਲ ਉਠ ਕੇ ਖੜ੍ਹੀ ਹੁੰਦਿਆਂ ਭੀਲੀ ਦੀ ਬੇਬੇ ਨੇ ਚੋਰ-ਅੱਖ ਰੋਟੀਆਂ ਪਕਾਉਂਦੀ ਭੀਲੀ ਵਲ ਤਕਦਿਆਂ ਕਿਹਾ, "ਹੁਣ ਉਹ ਸੂਏ ਵੰਨੀ ਕੀ ਕਰ ਗਿਐ? ਹੈ ਕਮਲਾ ਨਾ ਸਿਆਣਾ!...ਜਾਹ ਵੇ ਗਾਚਿਆ, ਜਾਈਂ ਭੱਜ

(ਅਗਲੇ ਸਫੇ 'ਤੇ ਜਾਰੀ)


# ਲਿਖਣ-ਲਿਖਾਉਣ ਦਾ ਲੇਖਾ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਕੁਝ ਲਿਖ ਕੇ ਪ੍ਰਗਟ ਕਰਨ ਦੀ ਪਰਿਪਾਟੀ ਵਿਕਾਸ ਦੇ ਕਈ ਦੌਰਾਂ ਵਿਚੋਂ ਗੁਜ਼ਰੀ ਹੈ। ਹੁਣ ਤਾਂ ਹਾਲਤ ਇਥੋਂ ਤੱਕ ਪਹੁੰਚ ਚੁਕੀ ਹੈ ਕਿ ਬਹੁਤ ਸਾਰੇ ਲੋਕ ਕਲਮ, ਪੈਨ ਆਦਿ ਨਾਲ ਲਿਖਣਾ ਵੀ ਭੁੱਲ ਗਏ ਜਾਂ ਛੱਡ ਗਏ ਹਨ। ਅੱਜ ਬਹੁਤੇ ਲੋਕ ਸਿੱਧਾ ਕੰਪਿਊਟਰ ਦੇ ਕੀ-ਬੋਰਡ 'ਤੇ ਟਿਕ-ਟਿਕ ਕਰਕੇ ਹੀ ਮਨ ਦੀ ਗੱਲ ਸਕਰੀਨ 'ਤੇ ਉਤਾਰਨ ਲੱਗ ਪਏ ਹਨ, ਹਾਲਾਂ ਕਿ ਇਸ ਵਰਤਾਰੇ ਨੂੰ ਵੀ ਅਸੀਂ ਲਿਖਣਾ ਹੀ ਆਖਦੇ ਹਾਂ। ਇਸ ਤਰ੍ਹਾਂ ਕੰਪਿਊਟਰ 'ਤੇ ਹੀ ਉਂਗਲਾਂ ਚਲਾ ਕੇ ਢੇਰ ਕਿਤਾਬਾਂ ਰਚਣ ਵਾਲੇ ਲੋਕ ਵੀ ਲੇਖਕ ਹੀ ਅਖਵਾਉਂਦੇ ਹਨ। ਕੁਝ ਹੋਰ ਸਮਾਂ ਲੰਘ ਲੈਣ ਦਿਓ, ਸ਼ਾਇਦ



ਬਾਕੀ ਸਾਰੇ ਵੀ ਕਾਗਜ਼ 'ਤੇ ਲਿਖਣਾ ਛੱਡ ਜਾਣਗੇ। ਕੰਪਿਊਟਰ ਦੀ ਟਿਕ-ਟਿਕ 'ਤੇ ਹੀ ਟਿਕੇ ਕਈ ਭੱਦਰ ਪੁਰਸ਼ਾਂ ਦੀ ਲਿਖਾਈ ਵੀ ਵਿਗੜਦੀ ਜਾ ਰਹੀ ਹੈ। ਸਾਡੇ ਵੇਲਿਆਂ ਵਿਚ ਖੁਸ਼ਖਤ ਲਿਖਣਾ ਪੜ੍ਹਾਈ ਵਿਚ ਇੱਕ ਲਿਆਕਤ ਮੰਨੀ ਜਾਂਦੀ ਸੀ। ਕਈ ਵਾਰੀ ਤਾਂ ਵਧੀਆ ਲਿਖਾਈ ਦੇ ਅਲੱਗ ਨੰਬਰ ਮਿਲਦੇ ਸਨ।

ਪ੍ਰਾਚੀਨ ਵਿਚ ਜਦ ਲਿਖਣ ਦੀ ਕਾਢ ਨਹੀਂ ਸੀ ਨਿਕਲੀ ਤਾਂ ਦੂਜਿਆਂ ਨੂੰ ਸੰਚਾਰਤ ਕਰਨ ਅਤੇ ਭਵਿੱਖ ਲਈ ਸਾਂਭਣ ਵਾਲੀਆਂ ਸਾਰੀਆਂ ਕੰਮ ਦੀਆਂ ਗੱਲਾਂ ਕਵਿਤਾ ਵਿਚ ਰਚੀਆਂ ਜਾਂਦੀਆਂ ਸਨ। ਇਸੇ ਲਈ ਕਿਹਾ ਜਾਂਦਾ ਹੈ ਕਿ ਸਾਹਿਤ ਦੀ ਵਿਧਾ ਵਜੋਂ ਕਵਿਤਾ ਨੇ ਵਾਰਤਕ ਤੋਂ ਪਹਿਲਾਂ ਜਨਮ ਲਿਆ। ਤਾਲ, ਲੈਅ, ਤੁਕਾਂਤ ਵਿਚ ਰਚੀ ਕਵਿਤਾ ਨੂੰ ਯਾਦ ਰੱਖਣਾ ਆਸਾਨ ਹੁੰਦਾ ਹੈ। ਬ੍ਰਾਹਮਣ ਲੋਕ ਪੁਰਾਣੇ ਰਿਸ਼ੀਆਂ ਵਲੋਂ ਰਚੇ ਮਣਾਂ-ਮੂੰਹੀਂ ਵੇਦ ਤੇ ਹੋਰ ਗ੍ਰੰਥ ਮੂੰਹ ਜ਼ੁਬਾਨੀ ਰਟ ਲੈਂਦੇ ਸਨ। ਅਸੀਂ ਜਾਣਦੇ ਹਾਂ ਕਿ ਪਹਿਲਾਂ ਪੰਖਾਂ, ਖਾਸ ਤੌਰ 'ਤੇ ਮੋਰ-ਪੰਖਾਂ ਦੀਆਂ ਡੰਡੀਆਂ ਨਾਲ ਲਿਖਿਆ ਜਾਂਦਾ ਸੀ। ਅੰਗਰੇਜ਼ੀ ਪੈਨ ਸ਼ਬਦ ਪ੍ਰਾਚੀਨ ਲਾਤੀਨੀ ਦੇ ਉਸ ਸ਼ਬਦ ਤੋਂ ਵਿਕਸਿਤ ਹੋਇਆ ਹੈ, ਜੋ ਖੰਭ ਦਾ ਸੂਚਕ ਸੀ। ਪੈਨ ਤੇ ਪੰਖ ਸਜਾਤੀ ਸ਼ਬਦ ਹਨ।

ਲਿਖਣ ਦਾ ਕੰਮ ਪਹਿਲਾਂ ਭੋਜ-ਪੱਤਰਾਂ ਤੇ ਖੱਲਾਂ ਆਦਿ ਉਤੇ ਹੁੰਦਾ ਸੀ। ਮੱਧ ਯੁੱਗ ਵਿਚ ਕਾਗਜ਼ ਦੇ ਪ੍ਰਚਲਿਤ ਹੋ ਜਾਣ ਨਾਲ ਇਹ ਕਾਗਜ਼ 'ਤੇ ਹੋਣ ਲੱਗ ਪਿਆ, ਪਰ ਲਿਖਣ ਜਿਹਾ ਕਾਰਜ ਇਸ ਤੋਂ ਵੀ ਬਹੁਤ ਪਹਿਲਾਂ ਦਾ ਹੈ, ਜੋ ਪੱਥਰ, ਲੱਕੜ, ਧਾਤ ਆਦਿ 'ਤੇ ਕੀਤਾ ਜਾਂਦਾ ਸੀ। ਸਪੱਸ਼ਟ ਹੈ ਕਿ ਅਜਿਹੇ ਸਖਤ ਧਰਾਤਲ 'ਤੇ ਖੰਭ ਜਾਂ ਕਲਮ ਆਦਿ ਨਾਲ ਨਹੀਂ ਸੀ ਲਿਖਿਆ ਜਾ ਸਕਦਾ। ਇਹ ਦੌਰ ਉਕਰਨ, ਖੁਣਨ ਜਾਂ ਖੁਰਚਣ ਦਾ ਸੀ।

ਲਿਖਣਾ ਸ਼ਬਦ ਸੰਸਕ੍ਰਿਤ ਧਾਤੂ 'ਲਿਖ' ਨਾਲ ਸਬੰਧਿਤ ਹੈ, ਜਿਸ ਵਿਚ ਲਕੀਰ ਖਿੱਚਣਾ, ਵਾਹੁਣਾ, ਘਸੀਟਣਾ, ਝਰੀਟਣਾ, ਉਕਰਨਾ, ਕੁਰੇਦਣਾ, ਖੁਰਚਣਾ, ਰਾਹੁਣਾ ਆਦਿ ਦੇ ਭਾਵ ਹਨ। ਇਸ ਦਾ ਮਤਲਬ ਹੈ ਕਿ ਪਹਿਲਾਂ ਪੱਥਰ ਆਦਿ ਨੂੰ ਝਰੀਟਣ ਜਾਂ ਉਕਰਨ ਲਈ 'ਲਿਖਣ' ਸ਼ਬਦ ਦੀ ਵਰਤੋਂ ਹੁੰਦੀ ਸੀ। ਸੰਸਕ੍ਰਿਤ ਵਿਚ ਲਿਖ ਦਾ ਇੱਕ ਅਰਥ ਚਿੱਤਰਨਾ ਵੀ ਹੈ, ਕਿਉਂਕਿ ਚਿੱਤਰਕਾਰੀ ਵੀ ਲਕੀਰਾਂ ਵਾਹੁਣ ਵਾਲਾ ਹੀ ਕੰਮ ਹੈ। ਇਸ ਦਾ ਇੱਕ ਹੋਰ ਅਰਥ ਹੈ, ਇਸਤਰੀ ਨੂੰ ਭੋਗਣਾ, ਪੰਜਾਬੀ ਵਿਚ ਵਾਹੁਣਾ ਕਹਿੰਦੇ ਹਨ। ਅੱਜ ਲਿਖਣ ਦਾ ਭਾਵ ਕੁਰੇਦਣਾ, ਖੁਰਚਣਾ ਨਾ ਹੋ ਕੇ ਕਾਗਜ਼ ਆਦਿ 'ਤੇ ਕਲਮ ਆਦਿ ਨਾਲ ਝਰੀਟਣ ਦਾ ਹੀ ਰਹਿ ਗਿਆ ਹੈ, 'ਲਿਖੁ ਲੇਖਣਿ ਕਾਗਦਿ ਮਸਵਾਣੀ॥' (ਗੁਰੂ ਅਰਜਨ ਦੇਵ)। ਹਾਂ, ਕਿਸੇ ਵੀ ਵਿਸ਼ੇ 'ਤੇ ਲਿਖਤ ਰਚਣ ਨੂੰ ਵੀ ਲਿਖਣਾ ਕਿਹਾ ਜਾਂਦਾ ਹੈ, ਜਿਵੇਂ 'ਜਸਵੰਤ ਸਿੰਘ ਕੰਵਲ ਨਾਵਲ ਲਿਖਦਾ ਹੈ।'

ਲਿਖਣਾ ਸ਼ਬਦ ਦੇ ਅਰਥਾਂ ਵਿਚ ਵਿਸਥਾਰ ਹੋਇਆ ਹੈ। ਵਿਧਾਤਾ ਵਲੋਂ ਬੰਦੇ ਨੂੰ ਬਖਸ਼ੀ ਕਿਸਮਤ ਨੂੰ ਵੀ ਉਸ ਵਲੋਂ 'ਲਿਖਿਆ' ਕਿਹਾ ਜਾਂਦਾ ਹੈ, 'ਆਪੇ ਕਰਿ ਵੇਖੈ ਸਿਰਿ ਸਿਰਿ ਲੇਖੈ ਆਪੇ ਸੁਰਤਿ ਬੁਝਾਈ॥' (ਗੁਰੂ ਨਾਨਕ ਦੇਵ)। ਅੱਜ ਦੇ ਯੁੱਗ ਵਿਚ ਕਿਸੇ ਮਨੁੱਖ ਦੀ ਸ਼ਖਸੀਅਤ ਦੀ ਵਿਸ਼ੇਸ਼ਤਾ ਦਰਸਾਉਂਦੇ ਡੀ. ਐਨ. ਏ. ਨੂੰ ਵੀ ਧੁਰੋਂ ਲਿਖਿਆ ਕਿਹਾ ਜਾ ਸਕਦਾ ਹੈ। ਜੋਤਿਸ਼ ਵਿਚ ਲਿਖਣਾ ਸ਼ਬਦ ਦੇ ਇਹ ਅਰਥ ਹੋਰ ਨਿਖਰੇ ਕਿਉਂਕਿ ਹੱਥ ਦੀਆਂ ਲਕੀਰਾਂ ਨੂੰ ਬੰਦੇ ਦੇ ਭਾਗ ਸਮਝਿਆ ਗਿਆ। ਇਸ ਤਰ੍ਹਾਂ ਜੋਤਿਸ਼ ਵਿਚ ਹਸਤ-ਰੇਖਾ ਨਾਂ ਦੀ ਇਕ ਵੱਖਰੀ ਪ੍ਰਣਾਲੀ ਉਭਰ ਆਈ। ਲਿਖ ਤੋਂ ਬਣੇ ਸ਼ਬਦ ਲੇਖ ਦਾ ਅਰਥ ਹੀ ਕਿਸਮਤ, ਭਾਗ, ਨਸੀਬ ਹੋ ਗਿਆ ਹੈ। ਸ਼ਾਹ ਹੁਸੈਨ ਦੇ ਸ਼ਬਦਾਂ ਵਿਚ,

ਲਿਖੇ ਲੇਖ ਦੀ ਡੋਰ ਨੂੰ ਜ਼ੋਰ ਡਾਢਾ
ਕਿਸੇ ਪਾਸੁ ਨਾ ਟੁੱਟਦੀ ਮੂਲ ਤੋੜੀ।
ਹਾਸ਼ਮ ਸ਼ਾਹ ਮੀਆਂ ਹੀਰ ਰਾਂਝਣੇ ਦੀ
ਵੇਖ ਲੇਖ ਬਣਾਉਂਦਾ ਆਣ ਜੋੜੀ।

ਬੁੱਲੇ ਸ਼ਾਹ ਦੇ ਲੇਖ ਵੀ ਪੜ੍ਹੋ,
ਇਸ ਬੰਸੀ ਦਾ ਲੰਮਾ ਲੇਖਾ
ਜਿਸ ਨੇ ਢੂੰਡਾ ਤਿਸ ਨੇ ਦੇਖਾ।
ਸ਼ਾਦੀ ਇਸ ਬੰਸੀ ਦੀ ਰੇਖਾ
ਏਸ ਵਜੂਦੋਂ ਸਿਫਤ ਉਠਾਈ।
ਬੰਸੀ ਕਾਹਨ ਅਚਰਜ ਬਜਾਈ।

ਅੱਜ ਕਿਸੇ ਲਿਖੀ ਹੋਈ ਵਾਰਤਕ ਜਾਂ ਨਿਬੰਧ ਨੂੰ ਲੇਖ ਕਿਹਾ ਜਾਂਦਾ ਹੈ। ਲਿਖ ਤੋਂ ਬਣੇ ਲੇਖਾ ਜਾਂ ਲੇਖਾ-ਜੋਖਾ ਸ਼ਬਦ ਵਿਚ ਹਿਸਾਬ-ਕਿਤਾਬ ਦਾ ਭਾਵ ਹੈ। ਸ਼ਾਹੂਕਾਰਾਂ ਦੇ ਵਹੀ-ਖਾਤਿਆਂ ਵਿਚ ਵਿਆਜੀ ਪੈਸੇ ਲਿਖੇ ਜਾਂਦੇ ਸਨ। ਉਂਜ ਵੀ ਕੋਈ ਹਿਸਾਬ-ਕਿਤਾਬ ਜਾਂ ਗਿਣਤੀ-ਮਿਣਤੀ ਲਿਖ ਕੇ ਕੀਤੀ ਜਾਂਦੀ ਹੈ। ਗਣਿਤ ਦੇ ਹਿੰਦਸੇ ਵੀ ਆਖਰ ਲਿਖਤ ਹੀ ਹੈ। ਇਸ ਭਾਵ ਨੂੰ ਦਰਸਾਉਂਦੀ ਕਹਾਵਤ ਹੈ, 'ਲੇਖਾ ਮਾਂਵਾਂ-ਧੀਆਂ ਦਾ।' ਲੇਖਾ ਦਾ ਭਾਵ ਦੇਣਦਾਰੀ ਜਿਹਾ ਵੀ ਹੈ, ਜੋ 'ਕੋਈ ਲੇਖਾ ਦੇਣਾ' ਮੁਹਾਵਰੇ ਤੋਂ ਪ੍ਰਗਟ ਹੁੰਦਾ ਹੈ। ਲਿਖ ਤੋਂ ਹੀ ਲਿਖਣ ਵਾਲੀ ਕਲਮ ਦੇ ਅਰਥਾਂ ਵਾਲਾ ਲੇਖਣੀ ਸ਼ਬਦ ਬਣਿਆ। ਲਿਖ ਤੋਂ ਬਣੇ ਲਿਖਾਰੀ ਸ਼ਬਦ ਦਾ ਮੁਢਲਾ ਅਰਥ ਗ੍ਰੰਥ ਸਿਰਜਣ ਵਾਲਾ ਨਹੀਂ ਬਲਕਿ ਇਸ ਨੂੰ ਕਾਗਜ਼ 'ਤੇ ਉਤਾਰਨ ਵਾਲਾ ਹੈ, ਜੋ ਰਚੈਤਾ ਤੋਂ ਅੱਡ ਹੋ ਸਕਦਾ ਹੈ। ਗੁਰੂ ਨਾਨਕ ਦੇਵ ਨੇ ਚਿਤ ਨੂੰ ਲੇਖਾਰੀ ਕਿਹਾ ਹੈ, ਜੋ ਪਰਮਾਤਮਾ ਦਾ ਨਾਮ ਲਿਖਦਾ ਹੈ। ਅੱਜ ਆਮ ਤੌਰ 'ਤੇ ਰਚੈਤਾ ਨੂੰ ਲੇਖਕ ਕਿਹਾ ਜਾਂਦਾ ਹੈ। ਲੇਖ ਦਾ ਵਿਪਰੀਤ ਅਲੇਖ ਹੈ, ਜਿਸ ਦਾ ਭਾਵ ਹੈ-ਜੋ ਬੇਅੰਤ ਹੈ, ਜੋ ਲੇਖੇ ਵਿਚ ਨਹੀਂ ਆ ਸਕਦਾ, 'ਤਾਂ ਤੇ ਜਨਮ ਅਲੇਖੈ॥' (ਭਗਤ ਕਬੀਰ)

ਲਿਖ ਦਾ ਅਪਭ੍ਰੰਸ਼ ਹੋਇਆ ਲੀਕ ਜਾਂ ਲਕੀਰ। ਪੰਜਾਬੀ ਵਿਚ ਦੋਵੇਂ ਸ਼ਬਦ ਖੂਬ ਚਲਦੇ ਹਨ। ਦੋਹਾਂ ਵਿਚ ਮੁੱਖ ਭਾਵ ਰੇਖਾ ਜਾਂ ਲਾਈਨ ਦਾ ਹੈ। ਪਹਿਲਾਂ ਦੱਸਿਆ ਜਾ ਚੁਕਾ ਹੈ ਕਿ ਲਿਖ ਵਿਚ ਘਸੀਟਣ, ਝਰੀਟਣ ਦੇ ਭਾਵ ਹਨ। ਲੀਕ ਕੁਝ ਘਸੀਟਣ ਨਾਲ ਹੀ ਖਿੱਚੀ ਜਾਂਦੀ ਹੈ। ਉਂਜ ਲਕੀਰ ਵਿਚ ਲਿਖਣ ਦੇ ਅਰਥ ਵੀ ਸਮਾਏ ਹੋਏ ਹਨ। ਮੈਨੂੰ ਯਾਦ ਹੈ, ਇਕ ਬੁੱਢੀ ਮੈਥੋਂ ਚਿੱਠੀ ਲਿਖਵਾਉਣ ਆਉਂਦੀ ਸੀ। ਚਿੱਠੀ ਵਿਚ ਕਿਤੇ ਖਾਲੀ ਜਗ੍ਹਾ ਦੇਖ ਕੇ ਕਿਹਾ ਕਰਦੀ ਸੀ, 'ਐਥੇ ਕੁ ਹੋਰ ਲਖੀਰ ਖਿੱਚ ਦੇਹ।' ਮਤਲਬ ਹੁੰਦਾ ਸੀ, ਹੋਰ ਲਿਖ ਦੇਹ। ਉਦੋਂ ਮੈਂ ਸੋਚਦਾ ਸਾਂ, ਉਸ ਅਨਪੜ੍ਹ ਬੁਢੜੀ ਭਾਣੇ ਲਿਖਣਾ ਉਘੜ-ਦੁਘੜੀਆਂ ਲਕੀਰਾਂ ਖਿੱਚਣਾ ਹੀ ਹੈ। ਇਥੇ ਇਹ ਗੱਲ ਵੀ ਥਾਂ ਸਿਰ ਹੈ ਕਿ ਹੱਥ ਦੀਆਂ ਲਕੀਰਾਂ ਵੀ ਲਿਖੀ ਹੋਈ ਕਿਸਮਤ ਹੀ ਸਮਝੀਆਂ ਜਾਂਦੀਆਂ ਹਨ। ਇਹ ਲਕੀਰਾਂ ਮੱਥੇ 'ਤੇ ਵੀ ਹੁੰਦੀਆਂ ਹਨ ਤੇ ਹੱਥ 'ਤੇ ਵੀ, 'ਕੀ ਲਿਖਿਆ ਕਿਸੇ ਮੁਕੱਦਰ ਸੀ, ਹੱਥਾਂ ਦੀਆਂ ਚਾਰ ਲਕੀਰਾਂ ਦਾ।' (ਸ਼ਿਵ ਕੁਮਾਰ ਬਟਾਲਵੀ)

ਲੀਕ ਤੋਂ ਲੀਹ ਸ਼ਬਦ ਵੀ ਬਣਿਆ ਹੈ। ਲੀਹ ਆਮ ਤੌਰ 'ਤੇ ਘਿਸਟ ਰਹੇ ਰਾਹ 'ਤੇ ਪਏ ਪਹੀਏ ਦੇ ਨਿਸ਼ਾਨ ਨੂੰ ਕਿਹਾ ਜਾਂਦਾ ਹੈ। ਇਸ ਤੋਂ ਲੀਕ/ਲੀਹ ਦਾ ਅਰਥ ਪਰੰਪਰਾ, ਰੀਤੀ ਵੀ ਹੋ ਜਾਂਦਾ ਹੈ। ਜੋ ਬਹੁਤਾ ਹੀ ਰੀਤੀਬੱਧ ਹੁੰਦਾ ਹੈ, ਉਸ ਨੂੰ ਲਕੀਰ ਦਾ ਫਕੀਰ ਕਹਿ ਦਿੱਤਾ ਜਾਂਦਾ ਹੈ। ਪਿਤਾ ਪੁਰਖੀ ਬਿਰਤੀ ਵਾਲੇ ਲੋਕ ਲੀਕੇ ਲੀਕੇ ਚਲਦੇ ਹਨ। ਇਸ ਤੋਂ ਉਲਟ ਲੋਕ ਲੀਹੋਂ ਹਟ ਕੇ ਚਲਦੇ ਹਨ। 'ਲੀਕ ਲਾਉਣਾ' ਵਿਚ ਕਲੰਕ ਜਾਂ ਧੱਬਾ ਲਾਉਣ ਦਾ ਭਾਵ ਹੈ। ਪੱਥਰ 'ਤੇ ਲੀਕ ਮੇਟੀ ਨਹੀਂ ਜਾ ਸਕਦੀ, ਜਦ ਕਿ ਪਾਣੀ ਅੰਦਰ ਲੀਕ ਮਿਟ ਜਾਂਦੀ ਹੈ। 'ਲੀਕ ਫੇਰਨੀ' ਦਾ ਮਤਲਬ ਹੈ, ਰੱਦ ਕਰਨਾ। ਲੀਕ ਤੋਂ ਬਣੀ ਕ੍ਰਿਆ ਉਲੀਕਣਾ ਦਾ ਅਰਥ ਹੈ, ਖਾਕਾ ਬਣਾਉਣਾ।

ਲੀਕ/ਲਕੀਰ ਸ਼ਬਦ ਦਾ ਅਰਥ ਹੀ ਰੇਖਾ ਨਹੀਂ, ਸਗੋਂ ਰੇਖਾ ਸ਼ਬਦ ਇਸੇ ਦਾ ਸਕਾ ਸਬੰਧੀ ਹੈ। ਮੋਨੀਅਰ-ਵਿਲੀਅਮਜ਼ ਅਨੁਸਾਰ ਲਿਖ ਧਾਤੂ ਦਾ ਮੁਢਲਾ ਰੂਪ ਰਿਖ ਹੈ। ਇਸ ਤਰ੍ਹਾਂ ਰੇਖਾ ਤੇ ਫਿਰ ਇਸ ਦਾ ਸੰਕੁਚਿਤ ਰੁਪਾਂਤਰ ਰੇਖਾ ਸ਼ਬਦ ਇਸ ਰਿਖ ਤੋਂ ਹੀ ਵਿਉਤਪਤ ਹੋਏ ਹਨ, 'ਕੱਜਲ ਰੇਖ ਨਾ ਸਹਿੰਦੀਆਂ॥' (ਗੁਰੂ ਨਾਨਕ ਦੇਵ)। ਲਕੀਰ ਜਾਂ ਲੇਖਾ ਦੀ ਤਰ੍ਹਾਂ ਰੇਖ ਜਾਂ ਰੇਖਾ ਦਾ ਅਰਥ ਵੀ ਕਿਸਮਤ ਹੋ ਗਿਆ ਹੈ, 'ਕਿਰਤ ਰੇਖ ਕਰਿ ਕਰਮਿਆ', ਹੱਥਾਂ ਦੀ ਰੇਖਾ। ਰੇਖ ਵਿਚ ਮੇਖ ਮਾਰਨਾ ਮੁਹਾਵਰੇ ਦਾ ਅਰਥ ਹੈ, ਕਿਸਮਤ ਪਲਟ ਦੇਣਾ।

ਅੱਜ ਕਲ੍ਹ ਰੇਖਾ ਸ਼ਬਦ ਦੀ ਅਗੇਤਰ ਪਿਛੇਤਰ ਵਜੋਂ ਕਰਕੇ ਕਈ ਤਕਨੀਕੀ ਪਦ ਬਣਾਏ ਗਏ ਹਨ ਜਿਵੇਂ ਰੇਖਾ ਗਣਿਤ, ਰੇਖਾ ਚਿੱਤਰ, ਕਰਕ ਰੇਖਾ, ਮਕਰ ਰੇਖਾ, ਭੂਮਧ ਰੇਖਾ, ਸਰਲ ਰੇਖਾ, ਰੂਪ-ਰੇਖਾ, ਲਛਮਣ ਰੇਖਾ, ਹਸਤ ਰੇਖਾ ਆਦਿ। ਰੇਖਾ ਤੋਂ ਰੇਖਾਂਕਣ (ਰੇਖਾ+ਅੰਕਣ) ਸ਼ਬਦ ਵੀ ਬਣਿਆ ਹੈ, ਜਿਸ ਦਾ ਅਰਥ ਹੈ-ਉਲੀਕਣਾ, ਰੇਖਾਵਾਂ ਵਾਹ ਕੇ ਕੋਈ ਸ਼ਕਲ ਬਣਾਉਣਾ; ਸ਼ਬਦ-ਚਿੱਤਰ ਬਣਾਉਣਾ।

ਅਸੀਂ ਉਪਰ ਰਿੱਖ ਧਾਤੂ 'ਤੇ ਗੱਲ ਲੈ ਆਏ ਹਾਂ। ਅਸਲ ਵਿਚ ਰਿਖ ਦਾ ਵੀ ਇਕ ਪੂਰਵਗਾਮੀ ਰੂਪ ਹੈ, ਰਿਸ਼। ਅਸੀਂ ਪਿਛੇ ਰੁੱਤ ਅਤੇ ਰਸਦ ਵਾਲੇ ਲੇਖਾਂ ਵਿਚ ਰਿਸ਼ ਧਾਤੂ ਦਾ ਜ਼ਿਕਰ ਕਰਦਿਆਂ



ਦੱਸਿਆ ਸੀ ਕਿ ਇਹ ਦੋਵੇਂ ਸ਼ਬਦ ਰਿਸ਼ ਨਾਲ ਜਾ ਜੁੜਦੇ ਹਨ। 'ਰਿਸ਼' ਧਾਤੂ ਵਿਚ ਆਉਣ ਜਾਣ, ਪਹੁੰਚਾਉਣ, ਰਸਾਈ ਕਰਨ ਦੇ ਭਾਵ ਹਨ। ਰਿਸ਼ੀ ਸ਼ਬਦ ਵੀ ਇਸੇ ਤੋਂ ਬਣਿਆ ਹੈ। ਕਹਾਣੀ ਅਜੇ ਹੋਰ ਪਿਛੇ ਤੁਰਦੀ ਹੈ। ਰਿਸ਼ ਧਾਤੂ 'ਰਿ' ਤੋਂ ਉਗਮਿਆ ਹੈ। ਇਨ੍ਹਾਂ ਧਾਤੂਆਂ ਵਿਚ ਨਹਿਤ ਆਉਣ-ਜਾਣ, ਪਹੁੰਚਾਉਣ ਤੋਂ ਹੀ ਉਦਮਕਾਰੀ ਕਰਮ ਖਰੋਚਣ, ਲਕੀਰ ਖਿੱਚਣ ਆਦਿ ਦੇ ਭਾਵ ਪੈਦਾ ਹੁੰਦੇ ਹਨ। 'ਰਿ' ਦੀ ਕਥਾ ਅਜੇ ਚਲਦੀ ਰਹੇਗੀ।

---

# ਚਾਰੇ ਦੀ ਪੰਡ

*(ਪਿਛਲੇ ਸਫੇ ਦੀ ਬਾਕੀ)*

ਕੇ, ਕਿਤੇ ਕੋਈ ਮੂਕਾ-ਮਾਕਾ ਤਾਂ ਨ੍ਹੀਂ ਬਾਹਰ ਭੁੱਲ ਆਏ ਸੀ ਤੁਸੀਂ?... ਜਾਹ ਗਲ ਜਾ ਹੁਣ, ਉਹ ਕਿਥੇ ਦੋ ਕੋਹ ਲੱਤਾਂ ਕਢੋਂਦਾ ਜਾਊ ਜਾਂਦੂਓ?...।"

ਪਰ ਗਾਚੇ ਨੇ ਟਾਟਾਂ ਦੇ ਉਦਾਲੇ ਹੁੰਦਿਆਂ ਬੇਧਿਆਨੀ ਜਿਹੀ ਨਾਲ ਉਹਦੀ ਗੱਲ ਅਣਗਾਉਲੀ ਕਰ ਕੇ ਕਿਹਾ, "ਹਾਂ ਮੂਕਾ ਨਾ ਅਸੀਂ ਭੁੱਲ ਆਏ ਕਿਤੇ ਖੀਨਖਾਪ ਦਾ। ਤੇੜ ਤਾਂ ਬਾਪੂ ਦੇ ਕਦੇ ਕੁਹਾਈ ਨੀ ਹੋਈ, ਮੂਕਾ ਕਿੱਥੋਂ ਆ ਗਿਆ... ਵੱਡੀਏ ਸਿਆਣੀਏਂ...!"

ਭੀਲੀ ਦੀ ਬੇਬੇ ਦਾ ਚਿੱਤ ਕੀਤਾ, ਉਹਦੇ ਸਿਰ 'ਚ ਟੋਕਾ ਚੁਕ ਮਾਰੇ। ਏਨੀ ਬੇਪ੍ਰਵਾਹੀ ਨਿਆਣੇ ਨੂੰ ਕੀ ਆਖ! ਪਰ ਉਹ ਗਾਲ੍ਹਾਂ ਕਢਦੀ ਆਪ ਈ ਬਾਹਰ ਨੂੰ ਤੁਰ ਗਈ। ਭੀਲੀ ਉਹਨੂੰ ਰੋਟੀ ਖਾਣ ਲਈ ਬੁਲਾਂਦੀ ਈ ਰਹਿ ਗਈ ਪਰ ਉਹ 'ਆਈ ਆਈ' ਕਰਦਿਆਂ ਅਗਾਂਹ ਤੁਰੀ ਗਈ। 'ਕੋਲੇ ਨਾਲ ਖੜੋਤੇ' ਪਰ ਉਸ ਸ਼ੁਕਰ ਕੀਤਾ ਕਿ ਰੱਬ ਨੇ ਸੁਣ ਲਈ; ਚੰਦਾ ਸੂਏ ਤੋਂ ਦੋ ਵਾਹਣ ਉਰੇ ਹੀ ਮੁੜ ਆਇਆ। ਤੇ ਜਦੋਂ ਮੋਦਨ ਦੇ ਭੇਡਾਂ ਵਾਲੇ ਵਾੜੇ ਕੋਲ ਉਹ ਇਕ-ਦੂਜੇ ਦੇ ਨੇੜੇ ਆਏ ਤਾਂ ਚੰਦੇ ਨੇ ਅਜੀਬ ਓਪਰੇ ਰੋਂ ਵਿਚ ਕਿਹਾ, "ਤੂੰ ਕਾਸ ਨੂੰ ਆਈ ਐਂ ਮੇਰੇ ਮਗਰ?"

"ਐਮੇਂ...ਮੈਂ ਕਿਹਾ ਖਬਰੈ ਪੁਠ-ਪੈਰਾ ਐਡੀ ਛੇਤੀ ਕਿਧਰ ਮੁੜ ਚਲਿਐ।" ਉਹ ਰਤਾ ਹੱਸ ਕੇ ਬੋਲਿਆ, "ਮੈਂ ਤਾਂ ਊਂ ਈ ਤੁਰ ਪਿਆ, ਕਿਧਰੇ 'ਫੀਮ ਆਲੀ ਖ਼ਾਲੀ ਡੱਬੀ ਡੇਗ ਬੈਠਾ, ਸੋਚਿਆ ਤੜਕੇ ਨੂੰ ਕੋਈ ਹੋਰ ਚੱਕ ਕੇ ਲੈ ਜੂ, ਹੁਣੇ ਭਾਲ ਲਿਆਮਾ...।"

"ਲੈ ਸੁਣ ਲੈ!" ਭੀਲੀ ਦੀ ਬੇਬੇ ਨੇ ਸੁਖ ਦਾ ਸਾਹ ਲੈਂਦਿਆਂ ਕਿਹਾ, "ਮੈਂ ਤਾਂ ਕਿਹਾ ਖਬਰਨੀ ਕੀ ਗੱਲ ਐ, ਜਿਹੜਾ ਐਂ ਚੁਪ ਕਰ ਕੇ ਉਠ ਤੁਰਿਆ।"

ਪਰ ਭੀਲੀ ਦੀ ਬੇਬੇ ਦਾ ਅਜੇ ਚਿੱਤ ਟਿਕਾਣੇ ਨਹੀਂ ਸੀ ਆਇਆ। ਉਹ ਘਰ ਤਾਈਂ ਇਉਂ ਉਰਲੀਆਂ-ਪਰਲੀਆਂ ਮਾਰਦੀ ਆਈ, ਜਿਵੇਂ ਆਪਣਾ ਚਿੱਤ ਈ ਟਿਕਾਣੇ ਕਰਨਾ ਚਾਹੁੰਦੀ ਹੋਵੇ।

ਚੰਦੇ ਨੂੰ ਬੂਹਾ ਵੜਦਿਆਂ ਈ ਚਾਣਚਕ ਕੱਟੀ ਨੂੰ ਥਾਪੀ ਦਿੱਤੀ ਤੇ ਹਰੇ ਪੱਠਿਆਂ 'ਚ ਹੱਥ ਮਾਰਦਿਆਂ ਕੱਟੀ ਨਾਲ ਗੱਲਾਂ ਕਰਨ ਲੱਗ ਪਿਆ- "ਅੱਜ ਤਾਂ ਸਾਡੀ ਬੂਰੀ ਬੜੀਆਂ ਕੁੱਖਾਂ ਕੱਢੀ ਖੜੋਤੀ ਐ...! ਗੋਗੜ ਛੱਡੀ ਖੜੋਤੀ ਐ। ਬੱਲੇ ਬਈ, ਬੱਲੇ...ਹੇ ਖਾਂ! ਦੇਖ ਤਾਂ ਸਈ ਤੂੰ ਕੇਰਾਂ...!"

"ਅੱਜ ਤਾਂ ਇਹ ਖੜ੍ਹੂਗੀ ਐਨ 'ਕੇਰਾਂ ਬਸ, ਮਰ ਕੇ!" ਭੀਲੀ ਦੀ ਬੇਬੇ ਨੇ ਤਸੱਲੀ ਨਾਲ, ਰੋਟੀ ਖਾਣ ਲਈ ਚੌਂਕੇ ਵਲ ਜਾਂਦਿਆਂ ਕਿਹਾ ਤੇ ਨਾਲ ਈ ਮੁੰਡਿਆਂ ਨੂੰ 'ਵਾਜ ਮਾਰੀ, "ਵੇ ਮੁੰਡਿਓ...! ਟਾਟਾਂ ਤਾਂ 'ਕੱਠੀਆਂ ਕਰ ਦਿਓ ਭਾਈ!"

ਅੱਧੀ ਰਾਤ ਅਗੇ ਸੀ, ਅੱਛੀ ਪਿਛੇ; ਚੰਦਾ ਚਾਣਚਕ, ਉਭੜਵਾਹਾ ਉਠ ਕੇ ਬਹਿ ਗਿਆ ਤੇ ਡੌਰ-ਭੌਰਾ ਹੋਇਆ ਚਾਰ-ਚੁਫੇਰੇ ਇਉਂ ਝਾਕਣ ਲੱਗ ਪਿਆ, ਜਿਵੇਂ ਉਹਨੂੰ ਕੋਈ ਬੜਾ ਭਿਆਨਕ ਸੁਪਨਾ ਆਇਆ ਹੋਵੇ। ਕਿੰਨਾ ਚਿਰ ਉਹ ਸੁੰਨਿਆਂ ਵਾਂਗ ਖੱਬੇ-ਸੱਜੇ ਤੇ ਹੇਠ-ਉਤਾਂਹ ਝਾਕੀ ਗਿਆ: ਸਾਧੂ ਦੇ 'ਬਦਮਾਸ਼' ਮੁੰਡੇ ਦੀ ਸ਼ਕਲ ਅਜੇ ਵੀ ਓਵੇਂ ਪ੍ਰਤੱਖ ਦਿਸੀ ਜਾਂਦੀ ਸੀ।...ਤੇ ਹਰੇ ਪੱਠੇ, ਟਾਟਾਂ, ਕਲ੍ਹ ਨੂੰ ਦਿਹਾੜੀ 'ਤੇ ਸੱਦੀ ਗੈ.ਲ-ਸਾਰੀਆਂ ਗੱਲਾਂ, ਤੂਤ ਵਾਲੀ ਡੁੱਗੀ ਦੁਆਲੇ ਇਉਂ ਘੇਰਾ ਘੱਤੀ ਆਉਂਦੀਆਂ ਸਨ, ਜਿਵੇਂ ਹਰੇ ਚਾਰੇ ਵਿਚੋਂ 'ਕੁਸ਼ ਖਾ ਕੇ' ਮਰੀ ਉਨ੍ਹਾਂ ਦੀ ਬੂਰੀ ਕੱਟੀ ਦੁਆਲੇ, ਹੁਣੇ, ਗਿਰਝਾਂ ਨੇ ਝੁਰਮਟ ਆ ਪਾਇਆ ਸੀ। ਉਹਨੂੰ ਕੱਟੀ ਦਾ ਪੋਸ਼ ਵੀ ਉਨ੍ਹਾਂ ਨੇ ਨਹੀਂ ਸੀ ਲਾਹੁਣ ਦਿੱਤਾ...ਤੇ ਝੁੱਗੀ ਦੇ ਅੰਦਰ, ਚੁੜੇਲਾਂ ਦੇ ਪੁਠੇ ਪੈਰਾਂ ਵਰਗੇ ਕੁਝ ਓਪਰੇ-ਓਪਰੇ ਨਿਸ਼ਾਨ ਵੀ ਉਹਨੂੰ ਐਨ ਸਾਫ ਦਿੱਸ ਰਹੇ ਸਨ...।

ਉਹ ਬਬੂਕਾ ਮਾਰ ਕੇ ਉਠਦਿਆਂ, ਨੰਗੇ ਸਿਰ, ਨੰਗੇ ਪੈਰੀਂ ਬਾਹਰ ਨੂੰ ਵਗ ਤੁਰਿਆ। ਅੱਖ ਦੇ ਫੇਰ ਵਿਚ ਕੁੰਡਾ ਖੁੱਲ੍ਹਦਿਆਂ ਉਸ ਘੱਗੀ, ਕੁਰਖ਼ਤ 'ਵਾਜ 'ਚ ਕਿਹਾ, "ਏਦੂੰ ਤਾਂ ਬੰਦਾ ਮਰਿਆ ਈ ਚੰਗਾ...! ਧੀ ਦਾ ਗਲ ਘੁੱਟ ਦਿਆਂਗੇ, ਪਿਛਲੇ ਮਾਰਦੇ ਈ ਹੁੰਦੇ ਸੀ ਨਾ! ਜੰਮਦੀਆਂ ਈ ਮਾਰ ਦਿੰਦੇ ਸੀ...! ਪਰ ਏਦੂੰ ਤਾਂ ਬੰਦਾ ਫੇਰ ਮਰਿਆ ਈ ਚੰਗਾ, ਧਿਰਗ ਐ ਐਸੇ ਜੰਮਣ ਦੇ!...ਹਾਂ ਕਮਲਿਆ! ਧਿਰਗ ਨ੍ਹੀਂ ਫੇਰ... ਕੋਈ ਜੂਨ ਐਂ...।"

ਤੇ ਏਵੇਂ ਬੋਲਦਾ-ਬੋਲਦਾ ਉਹ ਆਥਣ ਵਾਂਗ, ਸੂਏ ਵਲ ਮੁੜ ਤੁਰ ਗਿਆ।

ਭੀਲੀ ਦੀ ਬੇਬੇ ਓਦੋਂ ਜਾਗਦੀ ਪਈ ਸੀ; ਪਰ ਨਾ ਉਹਦੀ ਜੀਭ ਹਿੱਲੀ, ਨਾ ਕੋਈ ਹੋਰ ਅੰਗ ਹਿਲਿਆ, ਸਾਰੀ ਦਿਹ ਜਿਵੇਂ ਸਿਲ੍ਹ-ਪੱਥਰ ਈ ਹੋ ਗਈ ਸੀ।

ਪਰ ਭੀਲੀ ਉਸੇ ਵੇਲੇ ਉਭੜਵਾਹੀ ਉਠ ਕੇ ਚੰਦੇ ਦੇ ਮਗਰ ਭੱਜ ਤੁਰੀ। ਗਲੀ ਵਿਚ ਜਾ ਕੇ ਉਚੀ-ਉਚੀ 'ਵਾਜਾਂ ਵੀ ਮਾਰੀਆਂ ਪਰ ਉਹ ਨਹੀਂ ਮੁੜਿਆ। ਉਹ ਘਾਬਰੀ, ਹੌਂਕਦੀ ਮੁੜ ਅੰਦਰ ਆਈ ਥਤਲਾਂਦੀ ਜਿਹੀ 'ਵਾਜ ਵਿਚ ਕੂਕਦਿਆਂ ਉਸ ਬੇਬੇ ਨੂੰ ਹਲੂਣਿਆ।

"ਨੀਂ ਬੇਬੇ, ਬੇਬੇ ਨੀਂ...ਨੀਂ ਬਾਪੂ ਬਾਹਰ ਨੂੰ ਤੁਰਿਆ ਜਾਂਦੈ...ਉਹ ਜਾਂਦਾ ਕਿਧਰ ਐ, ਐਸ ਵੇਲੇ?...ਨੀਂ ਬੇਬੇ!"

ਕੰਬਦੀਆਂ ਲੱਤਾਂ ਨਾਲ ਬੇਬੇ ਦੇ ਮੰਜੇ ਉਤੇ ਬਹਿ ਕੇ ਭੀਲੀ ਨੇ ਬੇਬੇ ਨੂੰ ਜ਼ੋਰ ਨਾਲ ਮੋਢਿਓਂ ਫੜ ਕੇ ਝੂਣਿਆ ਤਾਂ ਅਗੋਂ ਉਹਨੇ ਸੁਤੇ-ਸੁਭਾ ਈ, ਸਿਧਣ-ਸਿਧੀ ਪਿਆ, ਜਵਾਬ ਦਿੱਤਾ, "ਸਾਧੂ ਦੀ ਝੁੱਗੀ 'ਚ ਗਿਐ...।"

"ਕਿਉਂ? ਓਥੇ ਕੀ ਕਰਨ ਗਿਐ? ਤੂੰ ਕੁਸ਼ ਭੁੱਲ ਆਈ ਸੀ?" ਓਸੇ ਘਬਰਾਹਟ ਨਾਲ ਭੀਲੀ ਨੇ ਫੇਰ ਪੁੱਛਿਆ।

"ਆਹੋ!" ਭੀਲੀ ਦੀ ਬੇਬੇ ਨੇ ਕਿਹਾ। ਤੇ ਆਪਣੀ ਧੀ ਵਲ ਨਿਗ੍ਹਾ ਭੁਆਂਦਿਆਂ ਰਤਾ ਔਖੀ ਜਿਹੀ 'ਵਾਜ 'ਚ ਬੋਲੀ, "ਜਾਹ, ਹੁਣ ਤੂੰ ਉਠ ਕੇ ਪੈ ਜਾ ਆਵਦੇ ਮੰਜੇ 'ਤੇ।"

"ਕਿਉਂ? ਮੈਂ ਏਥੇ ਬੈਠੀ ਭੈੜੀ ਲਗਦੀ ਐ?" ਅਚਾਨਕ ਭੀਲੀ ਹਿਰਖ ਗਈ ਸੀ।

"ਨੀਂ ਆਹੋ ਨੀਂ ਵੈਰਨੇ, ਉਠ ਖੜ੍ਹ!" ਅੱਕੀ ਹੋਈ 'ਵਾਜ 'ਚ ਉਹ ਬੋਲੀ, ਪਰ ਫੇਰ ਪਤਾ ਨਹੀਂ ਕੀ ਚੰਡਾਲ ਚੜ੍ਹਿਆ ਕਿ ਅਗਲੇ ਬਿੰਦ ਈ ਉਸ ਚਾਂਘਰ ਮਾਰੀ, "ਨੀਂ ਤੂੰ ਉਠਦੀ ਐਂ ਕਿ ਨਹੀਂ? ਉਠ ਕੇ ਖੜ੍ਹੀ ਹੋ ਜਾ ਏਥੋਂ, ਭਲੀਮਾਣਸ ਐਂ ਤਾਂ ਨਹੀਂ...!"

ਭੀਲੀ ਦੇ ਚਿਤ 'ਚ ਪਤਾ ਨਹੀਂ ਕੀ ਆਈ, ਉਹ ਸਗੋਂ ਜ਼ਿੱਦ ਨਾਲ ਬਾਹੀ ਤੋਂ ਪਿਛਾਂਹ ਖਿਸਕ ਕੇ ਜਿਵੇਂ ਸੂਤ ਹੋ ਕੇ ਬਹਿੰਦਿਆਂ ਬੋਲੀ, "ਜਾਹ ਨਹੀਂ ਉਠਦੀ!"

"ਨਹੀਂ ਉਠਦੀ...।" ਹਿਰਖੀ 'ਵਾਜ ਨਾਲ ਤੁਰਤ ਈ ਉਠ ਕੇ ਬਹਿੰਦਿਆਂ ਉਹਦੀ ਬੇਬੇ ਨੇ ਜੋੜ ਕੇ ਦੁਹੱਥੜ ਉਹਦੇ ਮੌਰਾਂ ਵਿਚ ਮਾਰਿਆ ਤੇ ਭੀਲੀ ਮੂੰਹ-ਭਾਰ ਭੁੰਜੇ ਜਾ ਡਿਗੀ।

"ਹਾਏ ਨੀਂ ਤੇਰਾ ਬੇੜਾ ਗਰਕੇ ਨੀਂ, ਭੈਣੇ।" ਭੀਲੀ ਨੇ ਡਿਗਿਆਂ ਪਿਆ ਹੀ ਲੇਰ ਮਾਰੀ ਤੇ ਫੇਰ ਸੰਭਲ ਕੇ ਉਠਦਿਆਂ ਭੁੱਬੀਂ ਰੋਣ ਲਗ ਪਈ।

ਭੀਲੀ ਦੀ ਬੇਬੇ ਮੁੜ ਓਵੇਂ ਸੁਤੇ-ਸੁਭਾ ਈ ਸਿਧਣ-ਸਿਧੀ ਲੇਟ ਗਈ ਤੇ ਉਹਦੇ ਸਾਰੇ ਅੰਗ ਪਹਿਲਾਂ ਵਾਂਗ ਈ ਸਿਲ੍ਹ-ਪਥਰ ਹੋ ਗਏ। ਸੁੱਕੇ ਹੋਠਾਂ ਵਿਚੋਂ ਹੌਲੀ ਜਿਹੀ ਉਸ ਜਿਵੇਂ ਆਪਣੇ ਆਪ ਨੂੰ ਈ ਕਿਹਾ, "ਮੰਨਦੀ ਕਿਹੜੈ ਕਿਸੇ ਦੀ!...ਕਦੋਂ ਦੀ ਆਖੀ ਜਾਨੀ ਐ, ਬਈ ਭਾਈ ਉਠ ਖੜ੍ਹੋ, ਉਠ ਖੜ੍ਹੋ, ਭਿੱਟੀ ਜਾਏਂਗੀ...ਪਰ ਕਾਹਨੂੰ ਜਾਣਦੀ ਐ...ਐਂ ਭਲਮਾਣਸੀ ਨਾਲ ਜਾਣਦੈ ਕੋਈ...।"

ਸਾਰੇ ਨਿਆਣੇ ਜਾਗ ਕੇ ਘਾਬਰੇ-ਘਾਬਰੇ ਉਸ ਵੱਲ ਝਾਕਦੇ ਰਹੇ ਪਰ ਉਹ ਓਵੇਂ ਸਿਧਣ-ਸਿਧੀ ਪਈ ਰਹੀ; ਓਵੇਂ ਅਵਾ-ਤਵਾ ਬੋਲੀ ਗਈ।

# ਮੰਟੋ ਤੇ ਅਹਿਮਦ ਨਸੀਮ ਕਾਸਮੀ ਦੀ ਦੋਸਤੀ

***ਨਾਮੀ ਲਿਖਾਰੀ ਸਆਦਤ ਹਸਨ ਮੰਟੋ ਅਤੇ ਅਹਿਮਦ ਨਸੀਮ ਕਾਸਮੀ ਦੋਸਤ ਸਨ, ਪਰ ਜ਼ਿੰਦਗੀ ਦੇ ਇਕ ਮੋੜ ਉਤੇ ਆ ਕੇ ਦੋਹਾਂ ਵਿਚਾਲੇ ਦੂਰੀਆਂ ਪੈ ਗਈਆਂ। ਇਸ ਪਿਛੋਂ ਉਹ ਮਿਲਦੇ ਤਾਂ ਰਹੇ ਪਰ ਦੋਸਤੀ ਵਿਚ ਪਹਿਲਾਂ ਵਾਲਾ ਖਲੂਸ ਅਤੇ ਮੁਹੱਬਤ ਨਾ ਰਹੀ। ਇਨ੍ਹਾਂ ਦੀ ਦੋਸਤੀ ਬਾਰੇ ਨਰੇਂਦਰ ਮੋਹਨ ਦਾ ਇਹ ਲੇਖ ਪਾਠਕਾਂ ਦੀ ਨਜ਼ਰ ਹੈ। -ਸੰਪਾਦਕ***

**15 ਸਤੰਬਰ 1948:** ਕਿੰਨਾ ਵਿਸਫੋਟਕ ਤੇ ਭਾਰੀ ਰਿਹਾ ਹੋਵੇਗਾ ਸਆਦਤ ਹਸਨ ਮੰਟੋ ਲਈ ਉਹ ਪਲ, ਜਦੋਂ ਉਸ ਨੇ ਅਹਿਮਦ ਨਦੀਮ ਕਾਸਮੀ ਦੇ ਖਤਾਂ ਦੇ ਬੰਡਲ ਨੂੰ ਆਪਣੀਆਂ ਕਿਤਾਬਾਂ ਦੇ ਢੇਰ ਵਿਚੋਂ ਕੱਢ ਕੇ ਅੱਗ ਦੇ ਹਵਾਲੇ ਕਰ ਦਿੱਤਾ ਹੋਵੇਗਾ। ਦੇਖਦੇ-ਦੇਖਦੇ ਖਤ ਧੂ-ਧੂ ਕਰਕੇ ਸੜਨ ਲੱਗੇ ਤੇ ਮੰਟੋ ਉਨ੍ਹਾਂ ਖਤਾਂ ਦੇ ਪਰਖੱਚੇ ਉਡਦੇ ਦੇਖਦਾ ਰਿਹਾ। ਇਹ ਉਹੀ ਬੰਡਲ ਸੀ, ਜਿਸ ਨੂੰ ਉਹ ਦੋਸਤ ਦੀ ਨਿਜੀ ਅਤੇ ਅਦਬੀ ਦੌਲਤ ਮੰਨ ਕੇ ਬੜੀ ਹਿਫਾਜ਼ਤ ਨਾਲ ਸੰਭਾਲ ਕੇ ਜਨਵਰੀ 1948 ਵਿਚ ਬੰਬਈ ਤੋਂ ਲਾਹੌਰ ਲਿਆਇਆ ਸੀ।

ਮੰਟੋ ਦੇ ਖਤਾਂ ਦੇ ਜਵਾਬ ਵਿਚ ਕਾਸਮੀ ਨੇ 11 ਵਰ੍ਹਿਆਂ ਦੇ ਲੰਮੇ ਸਮੇਂ 'ਚ ਕੀ-ਕੀ ਲਿਖਿਆ ਹੋਵੇਗਾ, ਕਿਵੇਂ ਆਪਣੇ ਜਜ਼ਬਾਤ ਨੂੰ, ਖਿਆਲਾਂ ਨੂੰ, ਕੋਮਲ ਤੇ ਤਿੱਖੀਆਂ ਪ੍ਰਤੀਕ੍ਰਿਆਵਾਂ ਨੂੰ ਆਪਣੇ ਖਾਸ ਲਹਿਜੇ ਵਿਚ ਬਿਆਨ ਕੀਤਾ ਹੋਵੇਗਾ, ਕਹਿਣਾ ਮੁਸ਼ਕਿਲ ਹੈ ਪਰ ਇਹ ਤਾਂ ਤੈਅ ਹੈ ਕਿ ਮੰਟੋ ਇਨ੍ਹਾਂ ਖਤਾਂ ਨੂੰ ਬੇਸ਼ਕੀਮਤੀ ਮੰਨ ਕੇ ਅਤੇ ਸਾਂਭ ਕੇ ਆਪਣੇ ਨਾਲ ਲੈ ਆਇਆ ਸੀ। ਸਫੀਆ ਦੇ ਮਨ੍ਹਾਂ ਕਰਦਿਆਂ ਵੀ ਉਸ ਨੇ ਇਹ ਖਤ ਅੱਗ ਦੇ ਹਵਾਲੇ ਕਰ ਦਿੱਤੇ। ਮੰਟੋ ਦੇ ਹੱਥ ਜ਼ਰਾ ਵੀ ਨਹੀਂ ਕੰਬੇ ਹੋਣਗੇ? ਕੀ ਉਹ ਤਿਲਮਿਲਾਇਆ ਨਹੀਂ

**ਨਰੇਂਦਰ ਮੋਹਨ**
**ਅਨੁਵਾਦ: ਡਾ. ਬਲਦੇਵ ਸਿੰਘ ਬੱਦਨ**

ਹੋਵੇਗਾ? ਹੱਥ ਜ਼ਰੂਰ ਕੰਬੇ ਹੋਣਗੇ, ਤਿਲਮਿਲਾਇਆ ਵੀ ਹੋਵੇਗਾ, ਪਰ...।

ਉਹ ਉਨ੍ਹਾਂ ਨੂੰ ਅੱਗ ਵਿਚ ਸੜਦਾ ਦੇਖਦਾ ਰਿਹਾ। ਖਾਮੋਸ਼! ਸਫੀਆ ਨੇ ਸਖਤ ਨਜ਼ਰ ਨਾਲ ਉਸ ਵੱਲ ਦੇਖਿਆ ਤੇ ਉਸ ਦ੍ਰਿਸ਼ ਨੂੰ ਅੱਖਾਂ ਪਾੜੀ ਚੁੱਪ-ਚਾਪ ਦੇਖਦੀ ਰਹੀ। ਮੰਟੋ ਨਾ ਹੱਸਿਆ, ਨਾ ਰੋਇਆ, ਬੱਸ ਬੁੱਤ ਬਣਿਆ ਦੇਖਦਾ ਰਿਹਾ। ਉਨ੍ਹਾਂ ਪਲਾਂ ਵਿਚ ਉਸ ਦੇ ਅੰਦਰ ਜ਼ਰੂਰ ਕੁਝ ਮਰ ਗਿਆ ਹੋਵੇਗਾ, ਨਦੀਮ ਲਈ ਦੋਸਤੀ ਦਾ ਜਜ਼ਬਾ? ਕੁਝ ਤਾਂ ਹੋਇਆ ਹੀ ਹੋਵੇਗਾ। ਉਹ ਉਨ੍ਹਾਂ ਦੁਖਦਾਈ ਪਲਾਂ ਤੋਂ, ਜਿਨ੍ਹਾਂ ਦੇ ਘੇਰੇ ਵਿਚ ਉਹ ਆ ਗਿਆ ਸੀ, ਤੇਜ਼ੀ ਨਾਲ ਬਾਹਰ ਆਉਣਾ ਚਾਹੁੰਦਾ ਸੀ ਤੇ ਇਸ ਲਈ ਉਸ ਨੇ ਆਅ ਦੇਖਿਆ ਨਾ ਤਾਅ, ਖਤਾਂ ਦੇ ਬੰਡਲ ਨੂੰ ਅੱਗ ਲਾ ਦਿੱਤੀ।

ਨੱਬੇ ਦੇ ਕਰੀਬ ਸਨ ਉਹ ਖਤ, ਜੋ ਨਦੀਮ ਨੇ ਮੰਟੋ ਨੂੰ ਵੱਖ-ਵੱਖ ਥਾਂਵਾਂ ਤੋਂ ਲਿਖੇ ਸਨ। ਲਗਭਗ ਇੰਨੇ ਹੀ ਖਤ ਮੰਟੋ ਨੇ ਨਦੀਮ ਨੂੰ ਲਿਖੇ ਸਨ ਬੰਬਈ ਤੋਂ, ਦਿੱਲੀ, ਪੂਨਾ ਤੇ ਲਾਹੌਰ ਤੋਂ। ਸ਼ਾਇਦ ਇੰਨੇ ਖਤ ਉਸ ਨੇ ਕਿਸੇ ਹੋਰ ਦੋਸਤ ਲੇਖਕ ਨੂੰ ਨਹੀਂ ਲਿਖੇ ਹੋਣਗੇ। ਅੰਦਾਜ਼ਾ ਲਾ ਸਕਦੇ ਹਾਂ ਕਿ ਦੋਵੇਂ ਦੋਸਤੀ ਦੇ ਕਿੰਨੇ ਡੂੰਘੇ ਜਜ਼ਬੇ ਵਿਚ ਬੱਝੇ ਰਹੇ ਹੋਣਗੇ।

ਆਖਿਰ ਹੋਇਆ ਕੀ ਕਿ ਮੰਟੋ ਨੇ ਨਦੀਮ ਦੇ ਖਤ ਸਾੜ ਕੇ ਰਾਖ ਦੇ ਢੇਰ ਵਿਚ ਬਦਲ ਦਿੱਤੇ? ਕੀ ਨਦੀਮ ਨੇ ਉਸ ਨਾਲ ਧੋਖਾ ਕੀਤਾ? ਕੀ ਉਹ ਨਦੀਮ ਦੀ ਬਦਨੀਤੀ ਤੋਂ ਤੜਫ ਉਠਿਆ ਸੀ? ਮੰਟੋ ਅਜਿਹਾ ਬੰਦਾ ਸੀ ਕਿ ਕੋਈ ਗੱਲ ਵੀ ਵੱਢ ਦਿੰਦਾ ਤਾਂ ਉਸ ਨੂੰ ਅਫਸੋਸ ਨਾ ਹੁੰਦਾ। ਧਿਆਨ ਦੇਵੋ, ਇਹ ਉਹ ਦਿਨ ਸਨ ਜਦੋਂ ਕਾਸਮੀ ਪੇਸ਼ਾਵਰ ਤੋਂ ਲਾਹੌਰ ਆ ਚੁਕਾ ਸੀ। ਮੰਟੋ ਤਾਂ ਲਾਹੌਰ ਵਿਚ ਸੀ। ਮੰਟੋ ਨੂੰ ਅਫਸੋਸ ਸੀ ਕਿ ਨਦੀਮ ਨੇ ਉਸ ਨਾਲ ਸਿੱਧੇ, ਸਾਫ ਗੱਲ ਕਿਉਂ ਨਾ ਕੀਤੀ? ਹੋਇਆ ਇਹ ਕਿ ਕਾਸਮੀ ਨੇ ਮੰਟੋ ਖਿਲਾਫ ਲੰਮਾ ਖਤ ਲਿਖਿਆ, ਜੋ ਨਾ ਉਸ ਨੂੰ ਦਿੱਤਾ, ਨਾ ਪੋਸਟ ਕੀਤਾ ਸਗੋਂ ਖੁੱਲ੍ਹੇ ਖਤ ਵਜੋਂ ਪੇਸ਼ਾਵਰ ਦੇ ਪ੍ਰਗਤੀਸ਼ੀਲ ਪਰਚੇ 'ਸੰਗੇਮੀਲ' ਵਿਚ ਪ੍ਰਕਾਸ਼ਿਤ ਕਰਵਾ ਦਿੱਤਾ ਗਿਆ। ਮੰਟੋ ਨੂੰ ਇਸ ਨਾਲ ਡੂੰਘੀ ਸੱਟ ਵੱਜੀ।

'ਜੈਬੇ ਕਫਨ' ਵਿਚ ਉਸ ਨੇ ਕਈ ਸੰਕੇਤ ਦਿੱਤੇ ਹਨ, ਜਿਨ੍ਹਾਂ ਤੋਂ ਮੰਟੋ ਦੇ ਸਦਮੇ ਦੇ ਕਾਰਨਾਂ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। 'ਜੈਬੇ ਕਫਨ' ਦੀਆਂ ਉਹ ਸਤਰਾਂ ਦੇਖੋ, "ਯਕੀਨ ਮੰਨੋ, ਮੈਨੂੰ ਉਸ ਵੇਲੇ ਦੁੱਖ ਹੋਇਆ, ਬੜਾ ਦੁੱਖ ਹੋਇਆ, ਜਦੋਂ ਮੇਰੇ ਕੁਝ ਮਿੱਤਰਾਂ ਨੇ ਮੇਰੀ ਇਸ ਕੋਸ਼ਿਸ਼ ('ਸਿਆਹ ਹਾਸ਼ੀਏ') ਦਾ ਮਜ਼ਾਕ ਉਡਾਇਆ। ਮੈਨੂੰ ਲਤੀਫਾਬਾਜ਼, ਸਨਕੀ, ਨਿਕੰਮਾ ਅਤੇ ਫਿਰਕੂ ਕਿਹਾ ਗਿਆ। ਮੇਰੇ ਇਕ ਅਜ਼ੀਜ਼ ਦੋਸਤ ਨੇ ਤਾਂ ਇਥੋਂ ਤਕ ਕਹਿ ਦਿੱਤਾ ਕਿ 'ਮੈਂ ਲਾਸ਼ਾਂ ਦੀਆਂ ਜੇਬਾਂ ਵਿਚੋਂ ਸਿਗਰਟ ਦੇ ਟੁਕੜੇ, ਮੁੰਦਰੀਆਂ ਅਤੇ ਇਸੇ ਕਿਸਮ ਦੀਆਂ ਹੋਰ ਚੀਜ਼ਾਂ ਕੱਢ-ਕੱਢ ਕੇ ਜਮ੍ਹਾਂ ਕੀਤੀਆਂ ਹਨ।' ਇਕ ਅਜ਼ੀਜ਼ ਨੇ ਮੇਰੇ ਨਾਂ ਖੁੱਲ੍ਹਾ ਖਤ ਵੀ ਛਪਵਾਇਆ, ਜੋ ਉਹ ਬੜੀ ਆਸਾਨੀ ਨਾਲ ਮੈਨੂੰ ਖੁਦ ਦੇ ਸਕਦਾ ਸੀ। ਇਸ ਖੁੱਲ੍ਹੇ ਖਤ 'ਚ ਵੀ ਉਸ ਨੇ 'ਸਿਆਹ ਹਾਸ਼ੀਏ' ਦੀ ਤਜ਼ਹੀਕ (ਮਜ਼ਾਕ ਉਡਾਉਂਦਿਆਂ) ਵਿਚ ਖੁੱਲ੍ਹੇ ਤੌਰ 'ਤੇ ਕਲਮਕਾਰੀ ਕੀਤੀ।"

ਇਨ੍ਹਾਂ ਸਤਰਾਂ ਵਿਚ ਅਹਿਮਦ ਨਦੀਮ ਕਾਸਮੀ ਵੱਲ ਇਸ਼ਾਰਾ ਬੜਾ ਸਾਫ ਹੈ ਅਤੇ ਦੋਸਤ ਵੱਲ ਮੰਟੋ ਦੀ ਸ਼ਿਕਾਇਤ ਤੇ ਗੁੱਸੇ ਦਾ ਇਜ਼ਹਾਰ ਵੀ, "ਮੈਨੂੰ ਗੁੱਸਾ ਸੀ, ਇਸ ਦਾ ਨਹੀਂ ਕਿ ਅਲਿਫ ਨੇ ਮੈਨੂੰ ਕਿਉਂ ਗਲਤ ਸਮਝਿਆ; ਗੁੱਸਾ ਸੀ ਕਿ ਅਲਿਫ ਨੇ ਮਹਿਜ਼ ਫੈਸ਼ਨ ਦੇ ਤੌਰ 'ਤੇ ਬਿਮਾਰ ਬਨਾਵਟੀ ਗੁੱਸੇ ਅਕੀਮ ਦੀ ਉਂਗਲੀ ਫੜ ਕੇ, ਬਾਹਰੀ ਸਿਆਸਤ ਦੇ ਬਨਾਵਟੀ ਆਬਰੂ ਦੇ ਇਸ਼ਾਰੇ 'ਤੇ ਮੇਰੀ ਨੀਅਤ 'ਤੇ ਸ਼ੱਕ ਕੀਤਾ ਤੇ ਮੈਨੂੰ ਉਸ ਕਸੌਟੀ 'ਤੇ ਪਰਖਿਆ ਜਿਸ 'ਤੇ ਸਿਰਫ 'ਸੁਰਖੀ' ਹੀ ਸੋਨਾ ਸੀ।" (ਭਾਵ ਕਮਿਊਨਿਸਟ ਹੋਣਾ ਹੀ ਖਰੇਪਨ ਦੀ ਨਿਸ਼ਾਨੀ ਹੈ)

ਗੌਰ ਕਰੋ ਕਿ ਮੰਟੋ ਨੂੰ ਦੋਸਤ ਜਾਂ ਸਮੀਖਿਅਕ ਦੀ ਸੋਚ ਜਾਂ ਵਿਚਾਰਧਾਰਾ ਨੂੰ ਲੈ ਕੇ ਗੁੱਸਾ ਨਹੀਂ ਹੈ, ਗਲਤ ਸਮਝ ਲਏ ਜਾਣ ਦਾ ਵੀ ਗੁੱਸਾ ਨਹੀਂ ਹੈ (ਸਾਹਿਤ ਨੂੰ ਲੈ ਕੇ ਗਲਤ-ਸਹੀ ਵਿਆਖਿਆਵਾਂ ਹੁੰਦੀਆਂ ਹੀ ਰਹਿੰਦੀਆਂ ਹਨ), ਉਸ ਨੂੰ ਦੁੱਖ ਇਸ ਲਈ ਹੈ ਕਿ ਉਸ ਨੂੰ ਖਾਸ ਵਾੜੇ ਵਿਚ ਹੱਕਣ ਦੀ ਕੋਸ਼ਿਸ਼ ਕੀਤੀ ਗਈ ਤੇ ਜਦੋਂ ਇਹ ਮੁਮਕਿਨ ਨਾ ਹੋਇਆ ਤਾਂ ਵਿਚਾਰਧਾਰਾ ਨੂੰ ਅਗਵਾ ਕਰਨ ਵਾਲੇ ਕਠਮੁੱਲਿਆਂ ਦੇ ਇਸ਼ਾਰੇ 'ਤੇ ਉਸ ਦਾ ਮਜ਼ਾਕ ਉਡਾਇਆ ਗਿਆ ਤੇ ਉਸ 'ਤੇ ਬੇਹੂਦਾ ਅਤੇ ਝੂਠੇ ਦੋਸ਼ ਲਾਏ ਗਏ ਤੇ ਉਹ ਵੀ ਦੋਸਤ ਰਾਹੀਂ। ਇਹ ਉਸ ਲਈ ਹੱਤਕ ਤੋਂ ਘੱਟ ਨਹੀਂ ਸੀ। ਉਸ ਨੂੰ ਮਹਿਸੂਸ ਹੋਇਆ, ਜਿਵੇਂ ਨਦੀਮ ਨੇ ਉਸ ਦੇ ਅਤੇ ਆਪਣੇ ਖਤਾਂ ਦੀ (ਜੋ ਦੋਵੇਂ ਇਕ-ਦੂਜੇ ਨੂੰ ਲਿਖਦੇ ਰਹੇ) ਤੌਹੀਨ ਕੀਤੀ ਹੋਵੇ। ਉਸ ਨੂੰ ਲੱਗਾ, ਜਿਵੇਂ ਖਤਾਂ ਦੇ ਬੰਡਲ ਵਿਚ ਹੁਣ ਜਾਨ ਨਾ ਰਹੀ ਹੋਵੇ ਤੇ ਬੇਜਾਨ ਪਏ ਖਤਾਂ ਦੇ ਬੰਡਲ ਨੂੰ ਸੰਭਾਲੀ ਰੱਖਣ ਦਾ ਉਹਦੇ ਲਈ ਕੋਈ ਮਤਲਬ ਨਾ ਰਹਿ ਗਿਆ ਹੋਵੇ।

ਮੰਟੋ ਨੇ ਅਹਿਮਦ ਨਦੀਮ ਕਾਸਮੀ ਦੇ ਖਤ ਅੱਗ ਦੇ ਹਵਾਲੇ ਜ਼ਰੂਰ ਕਰ ਦਿੱਤੇ ਪਰ ਮੰਟੋ ਦੇ ਨਦੀਮ ਦੇ ਨਾਂ ਲਿਖੇ ਕੋਈ ਨੱਬੇ ਖਤ, ਜੋ ਉਸ ਨੇ ਦੋਸਤੀ ਦੇ ਡੂੰਘੇ ਜਜ਼ਬੇ ਵਿਚ ਉਸ ਨੂੰ ਲਿਖੇ ਸਨ, ਬਚ ਗਏ ਅਤੇ ਇਹ ਚੰਗਾ ਹੀ ਹੋਇਆ, ਕਿਉਂਕਿ ਇਹ ਖਤ ਮੰਟੋ ਦੀ ਜ਼ਿੰਦਗੀ ਦੇ ਗ੍ਰਾਫ ਅਤੇ ਮੰਟੋ-ਨਦੀਮ ਦੇ ਰਿਸ਼ਤਿਆਂ ਨੂੰ ਸਮਝਣ ਵਿਚ ਸਹਾਇਕ ਹਨ। ਇਹ ਖਤ ਨਦੀਮ ਨੇ ਮੰਟੋ ਦੀ ਮੌਤ ਦੇ ਸੱਤ ਸਾਲ ਬਾਅਦ 1962 ਵਿਚ 'ਮੰਟੋ ਕੇ ਖਤੂਤ, ਨਦੀਮ ਕੇ ਨਾਮ' ਨਾਲ ਪ੍ਰਕਾਸ਼ਿਤ ਕੀਤੇ।


ਜਨਵਰੀ 1939 ਵਿਚ ਲਿਖੇ ਦੋ ਖਤਾਂ ਦੇ ਅੰਸ਼ ਦੇਖੋ, "ਮੈਂ ਇਕ ਅਰਸੇ ਤੋਂ ਆਪਣੀ ਹੋਂਦ ਨੂੰ ਤੁਰਗਨੇਵ ਦੇ ਸ਼ਬਦਾਂ ਵਿਚ ਗੱਡੇ ਦੇ ਪੰਜਵੇਂ ਨਿਰਾਰਥਕ ਪਹੀਏ ਵਾਂਗ ਬੇਕਾਰ ਸਮਝਦਾ ਹਾਂ। ਇਸ ਲਈ ਮੈਂ ਚਾਹਿਆ ਕਿ ਕਿਸੇ ਦੇ ਕੰਮ ਆ ਸਕਾਂ। ਖਾਈ ਵਿਚ ਪਈ ਇੱਟ ਜੇ ਕਿਸੇ ਕੰਧ ਦੀ ਚਿਣਾਈ ਵਿਚ ਕੰਮ ਆ ਸਕੇ ਤਾਂ ਇਸ ਤੋਂ ਵਧ ਕੇ ਉਹ ਹੋਰ ਕੀ ਚਾਹ ਸਕਦੀ ਹੈ?

ਕੁਝ ਵੀ ਹੋਵੇ ਮੈਨੂੰ ਆਤਮ-ਚੈਨ ਨਹੀਂ ਹੈ। ਮੈਂ ਕਿਸੇ ਚੀਜ਼ ਤੋਂ ਸੰਤੁਸ਼ਟ ਨਹੀਂ ਹਾਂ। ਹਰ ਚੀਜ਼ ਵਿਚ ਮੈਨੂੰ ਕਮੀ ਜਿਹੀ ਮਹਿਸੂਸ ਹੁੰਦੀ ਹੈ। ਮੈਂ ਖੁਦ ਆਪਣੇ ਆਪ ਨੂੰ ਅਧੂਰਾ ਸਮਝਦਾ ਹਾਂ। ਮੈਨੂੰ ਆਪਣੇ ਆਪ ਕਦੇ ਦਿਲਾਸਾ ਨਹੀਂ ਮਿਲਦਾ। ਅਜਿਹਾ ਮਹਿਸੂਸ ਹੁੰਦਾ ਹੈ ਕਿ ਮੈਂ ਜੋ ਕੁਝ ਹਾਂ, ਜੋ ਕੁਝ ਮੇਰੇ ਅੰਦਰ ਹੈ, ਉਹ ਨਹੀਂ ਹੋਣਾ ਚਾਹੀਦਾ। ਇਸ ਦੀ ਥਾਂ ਕੁਝ ਹੋਰ ਵੀ ਹੋਣਾ ਚਾਹੀਦਾ ਹੈ।"


ਸਪਸ਼ਟ ਹੈ ਕਿ ਮੰਟੋ ਸਾਰਥਕਤਾ ਦੀ ਭਾਲ ਵਿਚ ਭਟਕ ਰਿਹਾ ਸੀ। ਕਿਸੇ ਵੱਡੇ ਅਰਥ ਵਿਚ ਖੁਦ ਨੂੰ ਸਾਬਤ ਕਰਨਾ ਚਾਹੁੰਦਾ ਸੀ। ਉਹ ਵਿਵੇਕਪੂਰਨ ਸੰਵੇਦਨਾ ਦੇ ਬਲ 'ਤੇ ਕਥਨੀ ਤੇ ਕਰਨੀ, ਵਿਚਾਰ ਤੇ ਅਮਲ ਦੇ ਫਾਸਲੇ ਮੇਟਣਾ ਚਾਹੁੰਦਾ ਸੀ। ਉਹ ਪ੍ਰਤੀਬੱਧਤਾ ਤੇ ਹੋਂਦ ਦੇ ਸਵਾਲਾਂ ਵਿਚਾਲੇ ਲਟਕ ਰਿਹਾ ਸੀ। ਜਿਸ ਦਿਮਾਗੀ ਬੇਚੈਨੀ ਦੇ ਆਲਮ 'ਚ ਉਹ ਪਿਆ ਸੀ, ਮੰਟੋ ਨੇ ਉਸ ਨੂੰ ਆਪਣੇ ਦੋਸਤ ਨਦੀਮ ਤੋਂ ਲੁਕਾਇਆ ਨਹੀਂ ਹੈ।

ਇਹ ਖਤ ਇਸ ਲਈ ਕਈ ਮਾਅਨਿਆਂ ਵਿਚ ਮੰਟੋ ਨੂੰ ਉਸ ਦੀਆਂ ਆਪਣੀਆਂ ਨਜ਼ਰਾਂ ਵਿਚ ਹੀ ਨਹੀਂ, ਹੋਰਾਂ ਦੀਆਂ ਨਜ਼ਰਾਂ ਵਿਚ ਵੀ ਖੋਲ੍ਹ ਕੇ ਰੱਖ ਦਿੰਦੇ ਹਨ। ਇਹ ਅਜਿਹਾ ਸ਼ੀਸ਼ਾ ਹੈ, ਜਿਸ ਵਿਚ ਮੰਟੋ ਦੀ ਅੰਦਰੂਨੀ ਸ਼ਖਸੀਅਤ ਕਈ ਪਾਸਿਓਂ, ਕਈ ਤਰ੍ਹਾਂ ਨਾਲ ਝਲਕਦੀ ਜਾਂਦੀ ਹੈ। ਜਾਹਰ ਹੈ ਕਿ ਮੰਟੋ ਨਦੀਮ ਨੂੰ ਆਪਣਾ ਕਰੀਬੀ, ਖਾਸ ਦੋਸਤ ਮੰਨਦਾ ਸੀ ਜਿਸ ਦੇ ਸਾਹਮਣੇ ਉਹ ਖੁਦ ਨੂੰ ਉਧੇੜਦਾ ਜਾਂਦਾ ਸੀ।

ਮੰਟੋ 7 ਜਾਂ 8 ਜਨਵਰੀ 1948 ਨੂੰ ਲਾਹੌਰ ਪੁੱਜਾ ਤੇ ਉਥੋਂ ਹੀ ਉਸ ਨੇ ਫਰਵਰੀ 1948 ਵਿਚ ਨਦੀਮ ਨੂੰ ਖਤ ਲਿਖਿਆ ਸੀ। ਮੰਟੋ ਵਲੋਂ ਨਦੀਮ ਦੇ ਨਾਂ ਉਹ ਆਖਰੀ ਖਤ ਸੀ। ਖਤ ਦਾ ਇਕ ਅੰਸ਼ ਇਸ ਤਰ੍ਹਾਂ ਹੈ, "ਮੈਨੂੰ ਅਫਸੋਸ ਹੈ, ਵਾਅਦਾ ਕਰਕੇ ਤੁਸੀਂ ਤਸ਼ਰੀਫ ਨਾ ਲਿਆਏ। ਬਹਿਰਹਾਲ, ਮੈਂ ਖੁਦ ਕਿਸੇ ਕੰਮ ਲਈ ਆਪਣੇ ਖਾਸ ਦੋਸਤ ਦੇ ਨਾਲ ਪੇਸ਼ਾਵਰ ਆ ਰਿਹਾ ਹਾਂ। ਇਨਸ਼ਾ ਅੱਲਾਹ, ਖੂਬ ਗੱਲਾਂ ਹੋਣਗੀਆਂ। ਜ਼ਾਹਰ ਹੈ ਕਿ ਤਿੰਨ-ਚਾਰ ਦਿਨ ਤੁਹਾਡੇ ਕੋਲ ਹੀ ਰਹਾਂਗੇ।"



*ਅਹਿਮਦ ਨਸੀਮ ਕਾਸਮੀ*



*ਸਆਦਤ ਹਸਨ ਮੰਟੋ*

ਇਸ ਖਤ ਤੋਂ ਸਪਸ਼ਟ ਹੈ ਕਿ ਮੰਟੋ ਦੇ ਬੰਬਈ ਤੋਂ ਲਾਹੌਰ ਪਹੁੰਚਣ ਮਗਰੋਂ ਨਦੀਮ ਨੇ ਵਾਅਦਾ ਕੀਤਾ ਸੀ ਕਿ ਉਹ ਉਸ ਨੂੰ ਮਿਲਣ ਆਏਗਾ ਪਰ ਉਹ ਵਾਅਦੇ ਪਿਛੋਂ ਵੀ ਨਾ ਆਇਆ, ਇਸ 'ਤੇ ਮੰਟੋ ਨੂੰ ਅਫਸੋਸ ਹੋਇਆ ਸੀ। ਖਤ ਤੋਂ ਸਪਸ਼ਟ ਹੈ ਕਿ ਮੰਟੋ ਪੇਸ਼ਾਵਰ ਗਿਆ ਸੀ ਤੇ ਨਦੀਮ ਨਾਲ ਕੁਝ ਦਿਨ ਠਹਿਰਿਆ ਸੀ। ਸ਼ਾਇਦ ਇਨ੍ਹੀਂ ਦਿਨੀਂ ਤੇਜ਼ ਝੜਪ ਹੋਈ ਹੋਵੇ ਜਿਸ ਵੱਲ 'ਮੰਟੋ ਕੇ ਖੁਤੂਤ' ਦੀ ਭੂਮਿਕਾ ਵਿਚ ਨਦੀਮ ਨੇ ਇਸ ਤਰ੍ਹਾਂ ਲਿਖਿਆ ਹੈ, "ਮੈਂ ਦੋ-ਤਿੰਨ ਵਾਰ ਮੰਟੋ ਦੀ ਜ਼ਾਤ 'ਤੇ ਤਨਕੀਦ (ਨੁਕਤਾਚੀਨੀ) ਕਰ ਦਿੱਤੀ। ਨਾਲ ਹੀ ਉਸ ਦੇ ਕੁਝ ਅਜਿਹੇ ਦੋਸਤਾਂ ਨੂੰ ਬੁਰਾ-ਭਲਾ ਕਹਿ ਦਿੱਤਾ, ਜੋ ਮਾਰੇ ਖਲੂਸ ਦੇ ਉਸ ਦੀ ਬਰਬਾਦੀ ਦੀ ਰਫਤਾਰ ਨੂੰ ਤਿੱਖਾ ਕਰਦੇ ਰਹਿੰਦੇ ਹਨ। ਇਸੇ 'ਤੇ ਮੰਟੋ ਮੇਰੇ ਨਾਲ ਵਿਗੜ ਗਿਆ...ਮੈਨੂੰ ਉਸ ਦਾ ਇਹ ਫਿਕਰਾ ਕਦੇ ਨਹੀਂ ਭੁੱਲੇਗਾ, 'ਮੈਂ ਤੈਨੂੰ ਆਪਣੇ ਜ਼ਮੀਰ ਦੀ ਮਸਜਿਦ ਦਾ ਇਮਾਮ ਮੁਕੱਰਰ ਨਹੀਂ ਕੀਤਾ, ਸਿਰਫ ਦੋਸਤ ਬਣਾਇਆ ਹੈ...।' ਨਤੀਜਾ ਇਹ ਕਿ ਮੈਂ ਮੰਟੋ ਤੋਂ ਕਤਰਾ ਕੇ ਨਿਕਲ ਜਾਣ ਵਿਚ ਆਪਣੀ ਅਤੇ ਆਪਣੇ ਜਜ਼ਬਾਤ ਦੇ ਬਚਾਅ ਵਿਚ ਕੁਸ਼ਲਤਾ ਸਮਝੀ।"

ਲੱਗਦਾ ਹੈ, ਮੰਟੋ ਦੇ ਮਹਿਜ਼ ਸ਼ਰਾਬ ਪੀਣ ਦੀ ਗੱਲ ਨਹੀਂ ਸੀ, ਕਈ ਅਹਿਮ ਅਦਬੀ ਮਸਲੇ ਵੀ ਇਸ ਵਿਚ ਉਲਝੇ ਹੋਏ ਸਨ, ਜਿਨ੍ਹਾਂ ਵਲੋਂ ਨਦੀਮ ਦਾ ਗੈਰ-ਜ਼ਰੂਰੀ ਢੰਗ ਨਾਲ ਉਸ ਨੂੰ ਟੋਕਣਾ ਮੰਟੋ ਨੂੰ ਨਾ-ਗਵਾਰ ਗੁਜ਼ਰਿਆ ਸੀ। ਭੂਮਿਕਾ ਦੀਆਂ ਇਹ ਸਤਰਾਂ, ਲੱਗਦਾ ਹੈ ਨਦੀਮ ਨੇ ਆਪਣੀ ਸਫਾਈ ਵਿਚ ਪੇਸ਼ ਕੀਤੀਆਂ ਹੋਣ। ਦੋਸਤ ਤੋਂ ਕਤਰਾ ਕੇ ਨਿਕਲ ਜਾਣ ਦੀ ਗੱਲ ਸਮਝੀ ਜਾ ਸਕਦੀ ਹੈ ਪਰ ਮੰਟੋ ਦੀ ਦੋ-ਟੁਕ ਟਿੱਪਣੀ ਤੋਂ ਨਦੀਮ ਦਾ ਦੋਸਤੀ ਤੋਂ ਪੱਲਾ ਝਾੜ ਲੈਣਾ ਤੇ ਹੜਬੜਾਹਟ 'ਚ ਮੰਟੋ ਖਿਲਾਫ ਲੰਮਾ ਖਤ ਛਪਵਾਉਣਾ, ਮੰਟੋ ਲਈ ਬਰਦਾਸ਼ਤ ਤੋਂ ਬਾਹਰ ਸੀ।

ਮੰਟੋ ਨੇ ਨਦੀਮ ਨੂੰ ਅਜਿਹਾ ਦੋਸਤ ਮੰਨਿਆ ਸੀ, ਜਿਸ ਨਾਲ ਦਿਲੋ-ਦਿਮਾਗ ਦੀ ਹਰ ਗੱਲ, ਦਿਲ ਦਾ ਹਰ ਕੋਨਾ ਸਾਂਝਾ ਕੀਤਾ ਜਾ ਸਕਦਾ ਹੈ। ਤਦ ਹੀ ਤਾਂ ਉਹ ਫਰਵਰੀ 1937 ਵਿਚ ਲਿਖੇ ਖਤ ਵਿਚ ਕਹਿੰਦਾ ਹੈ, "ਮੈਂ ਇਕ ਸ਼ਿਕਸਤਾ (ਗਿਰਦੀ ਹੋਈ, ਕਮਜ਼ੋਰ) ਦੀਵਾਰ ਹਾਂ, ਜਿਸ ਤੋਂ ਪਲਸਤਰ ਦੇ ਟੁਕੜੇ ਡਿਗ-ਡਿਗ ਕੇ ਜ਼ਮੀਨ 'ਤੇ ਕਈ ਸ਼ਕਲਾਂ ਬਣਾਉਂਦੇ ਰਹਿੰਦੇ ਹਨ।"

ਇਥੋਂ ਮੰਟੋ ਆਪਣੀ ਜਿਸਮਾਨੀ ਅਤੇ ਰੂਹਾਨੀ ਹਾਲਤ ਨੂੰ ਕਲਾਕਾਰ ਦੀ ਜ਼ੁਬਾਨ ਵਿਚ ਬਿਆਨ ਕਰ ਰਿਹਾ ਹੈ, ਨਹੀਂ ਤਾਂ ਦੋਸਤ ਦੇ ਸਾਹਮਣੇ ਕੌਣ ਨਹੀਂ ਜਾਣਦਾ ਕਿ ਇਹ ਉਹ ਦੌਰ ਸੀ, ਜਦੋਂ ਉਹ ਉਚ-ਕੋਟੀ ਦੀਆਂ ਕਹਾਣੀਆਂ ਲਿਖ ਰਿਹਾ ਸੀ ਤੇ ਫਿਲਮੀ ਹਲਕਿਆਂ ਵਿਚ ਵੀ ਛਾਇਆ ਹੋਇਆ ਸੀ। ਇਸੇ ਖਤ ਵਿਚ ਉਹ ਖੁਦ ਨੂੰ 'ਇੰਟਲੈਕਚੁਅਲ ਰੈਕ' ਕਹਿੰਦਾ ਹੈ। ਇਸ ਕਥਨ ਨੂੰ ਵੀ ਸ਼ਬਦੀ ਰੂਪ ਵਿਚ ਨਹੀਂ ਲਿਆ ਜਾ ਸਕਦਾ। ਇਹ ਸਵੈ-ਕਥਨ ਨਹੀਂ, ਨਿਮਰਤਾ ਦੀਆਂ ਹੱਦਾਂ ਛੂੰਹਦੀ ਸਵੈ-ਆਲੋਚਨਾ ਹੈ, ਜੋ ਦੋਸਤ ਨੂੰ ਸੰਬੋਧਿਤ ਹੈ। ਉਦੋਂ ਦੇ ਅਤੇ ਅੱਜ ਦੇ ਮਾਹੌਲ ਵਿਚ ਜਿੱਥੇ ਦੋ ਕੌਡੀ ਦੀ ਕਾਬਲੀਅਤ ਵਾਲੇ ਖੁਦ ਨੂੰ 'ਇੰਟਲੈਕਚੁਅਲ' ਕਹਿੰਦੇ ਨਾ ਥੱਕਦੇ ਹੋਣ, ਉਥੇ ਖੁਦ ਨੂੰ 'ਇੰਟਲੈਕਚੁਅਲ ਰੈਕ' ਕਹਿਣ ਦਾ ਮੰਟੋ ਦਾ ਅੰਦਾਜ਼ ਅਤੇ ਜਿਗਰਾ ਤਾਂ ਦੇਖੋ। 'ਰੈਕ' ਦੀ ਗੱਲ ਤਾਂ ਛੱਡੋ, ਜ਼ਹਿਨੀ ਤੌਰ 'ਤੇ ਮੰਦ ਪਿਆ ਦਿਮਾਗ ਕੀ ਅਜਿਹੇ ਅਫਸਾਨੇ ਅਤੇ ਯਾਦਾਂ ਲਿਖ ਸਕਦਾ ਸੀ, ਜੋ ਉਸ ਨੇ ਵੰਡ ਪਿਛੋਂ ਲਾਹੌਰ ਆ ਕੇ ਲਿਖੇ ਤੇ ਅਦਾਲਤੀ ਮੁਕੱਦਮੇ ਝੱਲਦਿਆਂ ਜਿਨ੍ਹਾਂ ਦੀ ਕੀਮਤ ਚੁਕਾਈ। ਕਾਸਮੀ ਨੂੰ ਉਸ ਨੇ ਜਿਗਰੀ ਯਾਰ ਸਮਝਿਆ ਸੀ, ਜਿਸ ਦੇ ਸਾਹਮਣੇ ਉਹ ਸੁਰੱਖਿਆ ਕਵਚ ਪਾਏ ਬਿਨਾ ਸਭ ਕੁਝ ਜ਼ਾਹਿਰ ਕਰ ਸਕਦਾ ਸੀ। ਮੰਟੋ ਨੇ ਕਾਸਮੀ ਨੂੰ ਅਜਿਹਾ ਦੋਸਤ ਮੰਨਿਆ ਸੀ, ਜਿਸ ਦਾ ਮਲਾਲ ਉਸ ਨੂੰ ਉਦੋਂ ਹੋਇਆ।

ਇਹ ਤਾਂ ਸਾਫ ਹੈ ਕਿ ਮੰਟੋ ਬਨਾਵਟ ਤੋਂ ਕੋਹਾਂ ਦੂਰ ਸੀ। ਉਸ ਵਿਚ ਕਦੇ ਕੋਈ ਲੁਕਾਅ ਨਾ ਰਿਹਾ। ਜਿਵੇਂ ਅੰਦਰ, ਤਿਵੇਂ ਬਾਹਰ। ਜੋ ਕਹਿੰਦਾ, ਉਹ ਕਰਦਾ। ਜਿਵੇਂ ਬੋਲਦਾ, ਤਿਵੇਂ ਲਿਖਦਾ। ਦੋਸਤੀ ਵਿਚ ਖਰੀਆਂ-ਖਰੀਆਂ ਕਹਿਣ ਵਿਚ ਉਹ ਕਦੇ ਝਿਜਕਦਾ ਨਹੀਂ ਸੀ। ਜਿਸ ਨੂੰ ਦੋਸਤ ਮੰਨਿਆ, ਉਸ ਨਾਲ ਲੜਦਿਆਂ-ਝਗੜਦਿਆਂ, ਪਿਆਰ ਅਤੇ ਘ੍ਰਿਣਾ 'ਚੋਂ ਗੁਜ਼ਰਦਿਆਂ ਵੀ ਜਿਵੇਂ ਅਸ਼ਕ-ਮੰਟੋ, ਮੰਟੋ-ਅਸ਼ਕ ਦੇ ਰਿਸ਼ਤੇ ਵਿਚ, ਅਜਿਹੇ ਹੋਰ ਰਿਸ਼ਤਿਆਂ ਵਿਚ ਵੀ ਉਹ ਸੱਚਾ ਰਿਹਾ, ਪਰ ਹਾਂ! ਇਮਾਨ ਵਿਚ ਖੋਟ ਜਾਂ ਬਦਨੀਤੀ, ਖੁਦ ਵਿਚ ਜਾਂ ਦੂਜਿਆਂ ਵਿਚ, ਉਸ ਨੂੰ ਬਰਦਾਸ਼ਤ ਨਹੀਂ ਸੀ।

23 ਸਤੰਬਰ 1940 ਨੂੰ ਉਸ ਨੇ ਬੰਬਈ ਤੋਂ ਕਾਸਮੀ ਨੂੰ ਖਤ ਵਿਚ ਲਿਖਿਆ ਸੀ, "ਜਦੋਂ ਮੈਂ ਕਿਸੇ ਨਾਲ ਦੋਸਤੀ ਕਰਦਾ ਹਾਂ ਤਾਂ ਮੈਨੂੰ ਇਸ ਗੱਲ ਦੀ ਤਵੱਕੋ ਹੁੰਦੀ ਹੈ ਕਿ ਉਹ ਆਪਣਾ ਆਪ ਮੇਰੇ ਹਵਾਲੇ ਕਰ ਦੇਵੇਗਾ। ਦੋਸਤੀ ਦੇ ਮਾਮਲੇ ਵਿਚ ਮੇਰੇ ਅੰਦਰ ਇਹ ਜ਼ਬਰਦਸਤ ਕਮਜ਼ੋਰੀ ਹੈ, ਜਿਸ ਦਾ ਇਲਾਜ ਮੈਥੋਂ ਨਹੀਂ ਹੋ ਸਕਿਆ।"

ਬਾਅਦ ਵਿਚ ਮੰਟੋ ਨੂੰ ਮਹਿਸੂਸ ਹੋ ਗਿਆ ਕਿ ਅਜਿਹੀ ਦੋਸਤੀ ਜਿਸ ਵਿਚ ਦੋਸਤ ਖੁਦ ਨੂੰ ਦੂਜਿਆਂ ਦੇ ਹਵਾਲੇ ਕਰ ਦੇਵੇ, ਸੰਭਵ ਨਹੀਂ ਹੈ ਪਰ ਦੋਸਤੀ ਦੀ ਆੜ ਵਿਚ ਦੋਸਤ ਲੁਕ ਕੇ ਵਾਰ ਕਰੇ, ਇਹ ਉਸ ਤੋਂ ਸਹਿ ਨਾ ਹੋਇਆ; ਨਾ ਇਹ ਉਸ ਦੀ ਫਿਤਰਤ ਸੀ। ਉਹ ਖੁੱਲ੍ਹ ਕੇ ਲੜਨਾ ਜਾਣਦਾ ਸੀ ਪਰ ਦੋਸਤੀ ਦੇ ਨਾਂ 'ਤੇ ਗੱਦਾਰੀ ਉਸ ਨੂੰ ਸਖਤ ਨਾ-ਪਸੰਦ ਸੀ। ਪਿਛੋਂ ਵਰ੍ਹਿਆਂ ਤਕ ਦੋਸਤੀ ਵਿਚ ਤਰੇੜ ਆ ਜਾਣ ਦੇ ਬਾਵਜੂਦ ਉਹ ਦੋਵੇਂ ਸਾਹਿਤਕ ਬਰਾਦਰੀ ਦੇ ਹਿੱਸੇ ਦੇ ਤੌਰ 'ਤੇ ਪਰਸਪਰ ਟਕਰਾਉਂਦੇ ਰਹੇ, ਮਿਲਦੇ-ਜੁਲਦੇ ਰਹੇ। ਇਕ-ਦੂਜੇ ਦੇ ਘਰਾਂ ਵਿਚ ਵੀ ਆਉਂਦੇ-ਜਾਂਦੇ ਰਹੇ। ਇਕ ਵਾਰ ਤਾਂ ਨਦੀਮ ਨੇ ਮੰਟੋ ਨੂੰ ਸ਼ਰਾਬ ਛੱਡਣ ਬਾਰੇ ਲੰਮਾ ਲੈਕਚਰ ਹੀ ਦੇ ਦਿੱਤਾ। ਇਸ ਦੌਰਾਨ ਮੰਟੋ ਕਿਉਂਕਿ ਨਦੀਮ ਦੇ ਅਦਬੀ, ਗੈਰ-ਅਦਬੀ ਬਹੁਰੂਪੀਏਪਨ ਤੋਂ ਜਾਣੂ ਹੋ ਚੁਕਾ ਸੀ, ਉਸ ਨੇ ਨਦੀਮ ਨੂੰ ਨਸੀਹਤ ਦੇ ਜਵਾਬ 'ਚ ਇੰਨਾ ਹੀ ਕਿਹਾ, "ਇਸ ਫਰਾਡ ਦੀ ਕੋਈ ਖਾਸ ਲੋੜ ਤਾਂ ਨਹੀਂ।"

ਨਦੀਮ ਨੂੰ ਲੈ ਕੇ ਗਾਲਿਬ ਦਾ ਇਹ ਸ਼ੇਅਰ 'ਯੇ ਕਹਾਂ ਕੀ ਦੋਸਤੀ ਹੈ ਕਿ ਬਨੇ ਹੈਂ ਦੋਸਤ ਨਾਸੇਹ (ਨਸੀਹਤ ਦੇਣ ਵਾਲੇ), ਕੋਈ ਚਾਰਸਾਜ਼ (ਇਲਾਜ ਕਰਨ ਵਾਲਾ) ਹੋਤਾ, ਕੋਈ ਗਮਗੁਸਾਰ (ਹਮਦਰਦੀ ਦਿਖਾਉਣ ਵਾਲਾ) ਹੋਤਾ' ਉਸ ਦੇ ਦਿਲੋ-ਦਿਮਾਗ ਵਿਚ ਘੁੰਮਦਾ ਰਿਹਾ ਹੋਵੇਗਾ। ਇਹੋ ਕਾਰਨ ਹੈ ਕਿ ਨਦੀਮ ਦੀਆਂ ਹਰਕਤਾਂ ਤੋਂ ਉਸ ਨੇ ਤੌਬਾ ਕਰ ਲਈ। ਉਸ ਦੇ ਖਤਾਂ ਨੂੰ ਖਾਕ ਕੇ ਹਵਾਲੇ ਕਰਕੇ ਮੰਟੋ ਨੇ ਨਦੀਮ ਨਾਲ ਆਪਣੀ ਲੰਮੀ ਦੋਸਤੀ ਤੋਂ ਕਿਨਾਰਾ ਕਰ ਲਿਆ, ਪਰ ਕੀ ਸੱਚਮੁੱਚ ਉਹ ਕਿਨਾਰਾ ਕਰ ਸਕਿਆ?

ਪਹਿਲਾਂ ਕਿਹਾ ਜਾ ਚੁਕਾ ਹੈ ਕਿ ਮੰਟੋ ਅਕਸਰ 'ਫਰਾਡ' ਸ਼ਬਦ ਦਾ ਇਸਤੇਮਾਲ ਦੂਜੇ ਲਈ ਹੀ ਨਹੀਂ, ਆਪਣੇ ਲਈ ਵੀ ਕਰਦਾ ਸੀ। ਦੂਜਿਆਂ ਲਈ ਜਦੋਂ ਉਹ 'ਫਰਾਡ' ਕਹਿੰਦਾ ਤਾਂ ਵਿਅਕਤੀ ਵਿਸ਼ੇਸ਼ ਦੇ ਹਿਸਾਬ ਨਾਲ ਉਸ ਦੇ ਅਰਥ ਨਿਕਲਦੇ ਜਾਂਦੇ। ਬਹੁਤ ਕੁਝ ਕਹਿਣ ਦੇ ਅੰਦਾਜ਼ ਜਾਂ 'ਟੋਨ' 'ਤੇ ਆ ਟਿਕਦਾ। ਕਈ ਵਾਰ ਅਜਿਹਾ ਕਹਿਣ ਪਿਛੇ ਉਸ ਸ਼ਖਸ ਪ੍ਰਤੀ ਉਦਾਸੀਨਤਾ ਹੁੰਦੀ, ਤੇ ਕਈ ਵਾਰ ਸ਼ੁੱਧ ਹਾਸ-ਵਿਅੰਗ ਜਾਂ ਬੇਇੰਤਹਾ ਪਿਆਰ। ਆਪਣੇ ਲਈ ਅਜਿਹਾ ਕਹਿੰਦਿਆਂ ਆਤਮ-ਵਿਅੰਗ ਨਾਲ ਪੀੜ ਝਲਕਦੀ ਰਹਿੰਦੀ, ਜਦੋਂ ਕਿ ਫਰਾਡ ਉਸ ਵਿਚ ਜ਼ਰਾ ਜਿੰਨਾ ਵੀ ਨਹੀਂ ਸੀ। ਉਹ ਆਪਣੇ ਆਪ ਨੂੰ ਸਭ ਦੇ ਸਾਹਮਣੇ ਖੋਲ੍ਹ ਕੇ ਰੱਖ ਦਿੰਦਾ ਸੀ। ਆਪਣੀ ਨਾਰਾਜ਼ਗੀ, ਗੁੱਸੇ, ਨਫਰਤ, ਪਿਆਰ ਨੂੰ ਨਾ ਉਸ ਨੂੰ ਲੁਕਾਉਣਾ, ਨਾ ਦਿਖਾਉਣਾ ਆਉਂਦਾ ਸੀ। ਉਹ ਆਪਣੀ ਮਨੋਦਸ਼ਾ ਨੂੰ ਕਈ ਵਾਰ ਵਿਰੋਧੀ ਭਾਵਨਾਵਾਂ ਨੂੰ ਸਿੱਧੇ-ਸਿੱਧੇ ਪੇਸ਼ ਕਰਦਾ ਸੀ। ਅਸ਼ਕ ਨੂੰ ਉਸ ਨੇ ਸਾਫ-ਸਾਫ ਸ਼ਬਦਾਂ ਵਿਚ ਕਿਹਾ, ਆਈ ਲਵ ਯੂ ਦਾਊ ਆਈ ਹੇਟ ਯੂ (ਮੈਨੂੰ ਤੇਰੇ ਨਾਲ ਮੁਹੱਬਤ ਹੈ, ਭਾਵੇਂ ਮੈਂ ਤੈਨੂੰ ਨਫਰਤ ਕਰਦਾਂ)। ਉਤੇ ਹੋਏ ਵਡੱਪਣ, ਪਖੰਡ ਅਤੇ ਅਡੰਬਰ ਨੂੰ ਤਾਰ-ਤਾਰ ਕਰਨ ਵਿਚ ਉਸ ਨੂੰ ਜ਼ਰਾ ਵੀ ਵਕਤ ਨਾ ਲੱਗਦਾ। ਉਸ ਦੀ ਇਸ ਢੰਗ ਦੀ ਖਰੀ-ਖਰੀ ਸੁਣਾਉਣ ਦੀ ਦਲੇਰੀ ਨੂੰ ਉਸ ਦੇ ਦੋਸਤਾਂ ਨੂੰ ਝੱਲਣਾ ਹੀ ਪੈਂਦਾ। ਅਸ਼ਕ ਹੋਵੇ ਜਾਂ ਸਤਿਆਰਥੀ, ਕ੍ਰਿਸ਼ਨ ਚੰਦਰ ਹੋਵੇ ਜਾਂ ਕਾਸਮੀ, ਕੋਈ ਵੀ ਇਸ ਸਾਫਗੋਈ ਦੀ ਲਪੇਟ ਵਿਚ ਆਉਣ ਤੋਂ ਨਾ ਬਚਿਆ। ਮਤਭੇਦਾਂ ਦੇ ਬਾਵਜੂਦ ਅਸ਼ਕ ਨਾਲ ਲਾਹੌਰ ਵਿਚ ਵੀ ਉਸ ਦਾ ਚਿੱਠੀ-ਪੱਤਰ ਹੁੰਦਾ ਰਿਹਾ। ਦੇਵਿੰਦਰ ਸਤਿਆਰਥੀ ਪ੍ਰਤੀ ਉਸ ਨੇ ਬੇਸ਼ੱਕ ਕਈ ਵਾਰ ਅਣਗਹਿਲੀ ਵਰਤੀ ਹੋਵੇ (ਮਈ 1943 ਦਾ ਖਤ ਕਾਸਮੀ ਦੇ ਨਾਂ) ਪਰ ਉਸ ਨਾਲ ਵੀ ਉਸ ਦੀ ਗੱਲਬਾਤ ਚੱਲਦੀ ਰਹੀ। ਗੁੱਸੇ ਵਿਚ ਮੰਟੋ ਬੇਸ਼ੱਕ 'ਪਾਗਲ' ਹੋ ਗਿਆ ਹੋਵੇ ਤੇ ਸੰਵਾਦ ਟੁੱਟਣ ਦੇ ਕਿਨਾਰੇ ਆ ਗਿਆ ਹੋਵੇ, ਦੋਸਤਾਂ ਨਾਲ ਉਸ ਦਾ ਸੰਵਾਦ ਕਦੇ ਨਾ ਟੁੱਟਿਆ, ਲਗਾਤਾਰ ਚਲਿਆ।

ਕਾਸਮੀ ਪ੍ਰਤੀ ਵਿਸਫੋਟਕ ਗੁੱਸੇ ਦਾ ਇਜ਼ਹਾਰ ਕਰਨ ਪਿਛੋਂ ਮੰਟੋ ਉਸ ਪ੍ਰਤੀ ਉਦਾਸੀਨ ਹੋ ਗਿਆ, ਕਾਸਮੀ ਵੀ ਆਪਣੀਆਂ ਰਾਹਾਂ 'ਤੇ ਨਿਕਲ ਗਿਆ। ਦੋਹਾਂ ਵਿਚ ਪਹਿਲਾਂ ਵਰਗਾ ਦੋਸਤਾਨਾ ਨਾ ਰਿਹਾ। ਇਹ ਸੱਚ ਹੈ ਕਿ ਉਹ ਦਿਲ 'ਚ ਨਫਰਤ ਰੱਖਦਿਆਂ ਜ਼ਬਾਨ 'ਤੇ ਪਿਆਰ-ਮੁਹੱਬਤ ਦੇ ਅਲਫਾਜ਼ ਨਹੀਂ ਲਿਆ ਜਾ ਸਕਦਾ ਸੀ (ਕਾਸਮੀ ਦੇ ਨਾਂ ਖਤ, ਮਈ 1943)। ਆਪਣਾ ਗੁੱਸਾ ਵੀ ਨਹੀਂ ਸੀ ਲੁਕਾ ਸਕਦਾ, ਖਾਸ ਤੌਰ 'ਤੇ ਕਾਸਮੀ ਪ੍ਰਤੀ ਜਿਸ ਨਾਲ ਉਸ ਦੀ ਗੂੜ੍ਹੀ ਦੋਸਤੀ ਸੀ। ਜਿਸ ਨੂੰ ਉਹ 'ਮੇਰੀ ਜਾਨ' ਕਹਿੰਦਾ ਸੀ। ਕੀ ਮੰਟੋ 'ਮੇਰੀ ਜਾਨ' ਨੂੰ ਦਿਲ ਤੋਂ ਜੁਦਾ ਕਰ ਸਕਿਆ? ਨਹੀਂ, ਦੋਹਾਂ ਦੇ ਰਸਤੇ ਬੇਸ਼ੱਕ ਜੁਦਾ ਹੋ ਗਏ ਪਰ ਦਿਲ 'ਚੋਂ ਉਹ ਇਕ-ਦੂਜੇ ਨੂੰ ਨਾ ਕੱਢ ਸਕੇ। ਉਹ ਪੁਰਾਣੀ ਯਾਰੀ ਦੀ ਯਾਦ ਵਿਚ ਮਿਲਦੇ-ਜੁਲਦੇ ਰਹੇ, ਹਲਕੇ-ਫੁਲਕੇ ਹਾਸੇ-ਠੱਠੇ ਵਿਚ ਇਕ-ਦੂਜੇ 'ਤੇ ਵਿਅੰਗ ਵੀ ਕਰਦੇ ਰਹੇ।

1955 'ਚ ਮੰਟੋ ਕਾਸਮੀ ਨੂੰ ਮਿਲਿਆ ਤੇ ਉਸ ਨੂੰ ਆਪਣੇ ਘਰ ਲੈ ਆਇਆ। ਕਾਸਮੀ ਦੇ ਸ਼ਬਦਾਂ 'ਚ, "ਮੰਟੋ ਇਕ ਦਿਨ ਮੇਰੇ ਕੋਲ ਆਇਆ ਤੇ ਮੈਨੂੰ ਆਪਣੇ ਘਰ ਲੈ ਗਿਆ ਤੇ ਅੰਨ੍ਹੇਵਾਹ ਪੀ ਕੇ 1937 ਤੋਂ 1954 ਤਕ ਦੀਆਂ ਸਾਰੀਆਂ ਗੱਲਾਂ ਨੂੰ ਇੰਨੇ ਵਿਸਥਾਰ ਨਾਲ ਦੁਹਰਾਉਂਦਾ ਰਿਹਾ ਕਿ ਮੈਂ ਉਸ ਦੀ ਬੇਪਨਾਹ ਯਾਦਦਾਸ਼ਤ 'ਤੇ ਹੈਰਾਨ ਰਹਿ ਗਿਆ।" ਫਿਰ ਉਹ ਬੋਲਿਆ, "ਇਹ ਗੱਲਾਂ ਨੋਟ ਕਰ ਲੈ, ਮੇਰੀ ਜਾਨ, ਸ਼ਾਇਦ ਚੰਦ ਦਿਨਾਂ ਪਿਛੋਂ ਤੈਨੂੰ ਇਹ ਮਰਹੂਮ ਮੰਟੋ ਦੀ ਯਾਦ ਵਿਚ ਲਿਖਣਾ ਪਵੇ।" ਕਾਸਮੀ 'ਤੇ ਸੱਚਮੁੱਚ ਕੀ ਬੀਤੀ ਹੋਵੇਗੀ ਜਦੋਂ ਕੁਝ ਦਿਨਾਂ ਪਿਛੋਂ ਮੰਟੋ ਨੂੰ ਆਖਰੀ ਵਿਦਾਈ ਲੈਣ 'ਤੇ ਉਸ ਨੇ ਆਪਣੇ ਦੋਸਤ ਦੀਆਂ ਯਾਦਾਂ ਬਾਰੇ 'ਨੁਕੂਸ਼' ਵਿਚ ਲਿਖਿਆ ਹੋਵੇਗਾ।

# ਮਾਸੂਮ ਮੁਹੱਬਤ ਦੇ ਕਤਲ ਦੀ ਗਾਥਾ: ਕਾਕਾ-ਪਰਤਾਪੀ

**ਪ੍ਰੀਤ-ਗਾਥਾ**

***ਹੀਰ-ਰਾਂਝੇ, ਸੱਸੂ-ਪੁੰਨੂ, ਮਿਰਜ਼ਾ-ਸਾਹਿਬਾਂ, ਕੀਮਾ-ਮਲਕੀ ਦੀ ਪ੍ਰੀਤ ਗਾਥਾ ਤੋਂ ਹਰ ਪੰਜਾਬੀ ਵਾਕਫ ਹੈ ਪਰ ਕੁਝ ਅਜਿਹੀਆਂ ਪ੍ਰੀਤ ਗਾਥਾਵਾਂ ਵੀ ਹਨ, ਜਿਨ੍ਹਾਂ ਦਾ ਅੰਤ ਉਨਾ ਹੀ ਦੁਖਦਾਈ ਹੈ, ਪਰ ਬਹੁਤੇ ਪੰਜਾਬੀ ਉਨ੍ਹਾਂ ਤੋਂ ਵਾਕਫ ਨਹੀਂ ਹਨ। ਅਜਿਹੀ ਹੀ ਇਕ ਪ੍ਰੀਤ ਗਾਥਾ ਕਾਕਾ-ਪਰਤਾਪੀ ਦੀ ਹੈ, ਜਿਸ ਦਾ ਜ਼ਿਕਰ ਇਸ ਲੇਖ ਵਿਚ ਸੁਖਦੇਵ ਮਾਦਪੁਰੀ ਨੇ ਕੀਤਾ ਹੈ। -ਸੰਪਾਦਕ***

'ਕਾਕਾ-ਪਰਤਾਪੀ' 19ਵੀਂ ਸਦੀ ਦੇ ਸੱਤਵੇਂ ਦਹਾਕੇ ਵਿਚ ਵਾਪਰੀ ਮਾਲਵੇ ਦੇ ਇਲਾਕੇ ਦੀ ਹਰਮਨ ਪਿਆਰੀ ਲੋਕ ਗਾਥਾ ਹੈ, ਜੋ ਸ਼ਾਦੀ ਰਾਮ, ਗੋਕਲ ਚੰਦ, ਗੁਰਦਿੱਤ ਸਿੰਘ, ਛੱਜੂ ਸਿੰਘ ਅਤੇ ਚੌਧਰੀ ਘਸੀਟਾ ਆਦਿ ਕਿੱਸਾਕਾਰਾਂ ਨੇ ਆਪਣੇ ਕਿੱਸਿਆਂ ਵਿਚ ਬਿਆਨ ਕੀਤੀ ਹੈ।

ਮੇਰੇ ਪਿੰਡ ਮਾਦਪੁਰ (ਲੁਧਿਆਣਾ) ਤੋਂ ਇੱਕ ਮੀਲ ਦੱਖਣ ਵਲ ਰਿਆਸਤ ਪਟਿਆਲਾ (ਹੁਣ ਪੰਜਾਬ) ਦਾ ਲੋਪੋਂ ਨਾਮੀ ਪਿੰਡ ਹੈ। ਇੱਥੇ ਫੱਗਣ ਦੇ ਮਹੀਨੇ ਮਹਿਮਾ ਸ਼ਾਹ ਫਕੀਰ ਦੀ ਸਮਾਧ 'ਤੇ ਬੜਾ ਭਾਰੀ ਮੇਲਾ ਲੱਗਦਾ ਹੈ। ਇਸ ਪ੍ਰੀਤ ਕਥਾ ਦੀ ਨਾਇਕਾ ਪਰਤਾਪੀ ਇਸੇ ਪਿੰਡ ਦੀ ਜੰਮਪਲ ਸੀ। ਗੋਕਲ ਚੰਦ ਅਤੇ ਛੱਜੂ ਸਿੰਘ ਅਨੁਸਾਰ ਇਸ ਪ੍ਰੀਤ ਕਥਾ ਦਾ ਮੁੱਢ ਇਸੇ ਮੇਲੇ ਤੋਂ ਬੱਝਦਾ ਹੈ। ਪਰਤਾਪੀ ਸੁਨਿਆਰੀ ਲੋਪੋਂ ਦੀਆਂ ਪਰੀਆਂ ਵਰਗੀਆਂ ਮੁਟਿਆਰਾਂ ਦੇ ਨਾਲ ਮੇਲਾ ਵੇਖਣ ਆਉਂਦੀ ਹੈ:

ਆਸ਼ਕਾਂ ਦੀਆਂ ਹਿੱਕਾਂ ਨੂੰ ਲੂੰਹਦੀ ਇਹ ਟੋਲੀ ਮੇਲੇ ਵਿਚ ਫੇਰਾ ਮਾਰਦੀ ਹੈ। ਮੇਲਾ ਨਸ਼ਿਆ ਜਾਂਦਾ ਹੈ।



**ਸੁਖਦੇਵ ਮਾਦਪੁਰੀ**
ਫੋਨ: 91-94630-34472

ਜਿਲਾ ਲੁਧਿਆਣਾ ਦੇ ਪਿੰਡ ਰੁਪਾਲੋਂ, ਜੋ ਲੋਪੋਂ ਤੋਂ ਇੱਕ ਮੀਲ ਦੀ ਦੂਰੀ 'ਤੇ ਹੈ, ਦੇ ਜੈਲਦਾਰ ਕਾਹਨ ਸਿੰਘ ਦਾ ਛੈਲ ਛਬੀਲਾ ਗੱਭਰੂ ਕਾਕਾ ਕਿਰਪਾਲ ਸਿੰਘ ਵੀ ਮੇਲਾ ਵੇਖ ਰਿਹਾ ਹੁੰਦਾ ਹੈ। ਪਰਤਾਪੀ ਦੇ ਮਦ ਭਰੇ ਨੈਣ ਉਸ ਨੂੰ ਘਾਇਲ ਕਰ ਦਿੰਦੇ ਹਨ।

ਗੁਰਦਿੱਤ ਸਿੰਘ ਕਾਕੇ ਤੇ ਪਰਤਾਪੀ ਦਾ ਮੇਲ ਤੀਆਂ ਦੇ ਦਿਨਾਂ ਵਿਚ ਕਰਾਵਾਉਂਦਾ ਹੈ। ਉਸ ਦੇ ਕਥਨ ਅਨੁਸਾਰ ਲੋਪੋਂ ਦੀਆਂ ਮੁਟਿਆਰਾਂ ਪਿੰਡੋਂ ਬਾਹਰ ਢੱਕੀ ਵਿਚ ਤੀਆਂ ਪਾ ਰਹੀਆਂ ਸਨ। ਕਾਕਾ ਸ਼ਿਕਾਰ ਖੇਡਦਾ-ਖੇਡਦਾ ਇੱਧਰ ਆ ਨਿਕਲਿਆ। ਜਵਾਨੀ ਦੇ ਨਸ਼ੇ ਵਿਚ ਮੱਤੀਆਂ ਮੁਟਿਆਰਾਂ ਨੇ ਉਸ ਦਾ ਰਾਹ ਜਾ ਡੱਕਿਆ।

ਹਾਸਿਆਂ ਤੇ ਮਖੌਲਾਂ ਦੀ ਛਹਿਬਰ ਲੱਗ ਗਈ। ਮੁਟਿਆਰਾਂ ਨੇ ਕਾਕੇ ਦੇ ਆਲੇ ਦੁਆਲੇ ਘੇਰਾ ਘੱਤ ਲਿਆ। ਸੁਨਿਆਰੀ ਪਰਤਾਪੀ ਦੇ ਹੁਸਨ ਨੇ ਕਾਕੇ ਨੂੰ ਚੁੰਧਿਆ ਦਿੱਤਾ। ਉਹ ਸੁਆਦ-ਸੁਆਦ ਹੋ ਉਠਿਆ। ਦਲੇਲ ਗੁੱਜਰ ਦੀ ਭੋਲੀ ਗੁਜਰੀ ਕਾਕੇ ਦੀ ਪਹਿਲਾਂ ਤੋਂ ਜਾਣੂ ਸੀ। ਉਸ ਨੇ ਮਸੀਂ ਮੁਟਿਆਰਾਂ ਪਾਸੋਂ ਉਹਦਾ ਖਹਿੜਾ ਛੁਡਾਇਆ।

ਸ਼ਾਮਾਂ ਪੈ ਰਹੀਆਂ ਸਨ। ਹਰਨੀਆਂ ਦੀ ਡਾਰ ਪਿੰਡ ਨੂੰ ਪਰਤ ਪਈ। ਹਰ ਮੁਟਿਆਰ ਆਪਣੇ ਆਪ ਨੂੰ ਹੀਰ ਸਮਝਦੀ ਕਾਕੇ ਬਾਰੇ ਗੱਲਾਂ ਕਰ ਰਹੀ ਸੀ। ਪਰ ਕੌਣ ਜਾਣੇ ਇਸ਼ਕ ਦੀ ਜਵਾਲਾ ਕਿੱਥੇ ਸੁਲਘਦੀ ਪਈ ਸੀ:

ਕੋਈ ਆਖੇ ਨੱਢੀ,
ਨੀ ਮੇਰੇ ਵਲ ਵੇਖਦਾ ਸੀ,
ਕੋਈ ਆਖੇ,
ਭੈਣੇ ਮੈਨੂੰ ਅੱਖਾਂ ਮਟਕਾ ਗਿਆ।
ਕੋਈ ਆਖੇ,
ਮੈਨੂੰ ਨੀ ਬੁਲਾਵੇ ਨਾਲ ਸੈਨਤਾਂ ਦੇ,
ਵੱਟੀ ਜਾਂ ਮੈਂ ਘੂਰੀ
ਤਾਂ ਤੜੱਕ ਨੀਵੀਂ ਪਾ ਗਿਆ।
ਕੋਈ ਆਖੇ,
ਟੇਢੀ ਨਿਗ੍ਹਾ ਝਾਕਦਾ ਸੀ ਮੇਰੇ ਵਲ,
ਸਾਹਮਣੇ ਮੈਂ ਝਾਕੀ ਜਦੋਂ
ਅੱਖ ਨੀ ਚੁਰਾ ਗਿਆ। (ਗੁਰਦਿੱਤ ਸਿੰਘ)

ਦਬੇ ਭਾਂਬੜ ਕਦ ਤੀਕ ਦਬਾਏ ਜਾ ਸਕਦੇ ਸਨ। ਆਖਰ ਜਵਾਲਾ ਫੁੱਟ ਹੀ ਪੈਂਦੀ ਹੈ:

ਤਨ ਮਨ ਮੇਰੇ ਦੀ ਭੁਲਾਈ ਸੁਧ ਨੱਢਰੇ ਨੇ,
ਮਿੱਠਾ ਮਿੱਠਾ ਬੋਲ ਦਿਖਾ ਗਿਆ ਲੀਲ੍ਹਾ ਨੀ।
ਫੁੱਲ ਨੀ ਗੁਲਾਬ ਵਾਂਗੂ
ਰੰਗ ਮੇਰਾ ਓਸ ਵੇਲੇ,
ਮੁਖੜਾ ਲੁਕਾਇਆ ਤਾਂ
ਹੋਇਆ ਪੱਤ ਪੀਲਾ ਨੀ।
ਦਸਦੀ ਮੈਂ ਸੱਚ ਤੈਨੂੰ
ਅੱਜ ਗੁਰਦਿੱਤ ਸਿੰਘਾ,
ਲੁੱਟੀ ਨੀ ਮੈਂ ਲੁੱਟੀ
ਲੁੱਟ ਲੈ ਗਿਆ ਰੰਗੀਆ ਨੀ।


ਹੱਸਦੀਆਂ-ਖੇਡਦੀਆ ਮੁਟਿਆਰਾਂ ਅਜੇ ਥੋੜ੍ਹੀ ਹੀ ਦੂਰ ਗਈਆਂ ਸਨ ਕਿ ਮੀਂਹ ਦਾ ਛੱਰਾਟਾ ਇੱਕ ਦਮ ਆ ਗਿਆ। ਹਰਨੀਆਂ ਦੀ ਡਾਰ ਵਿਚ ਭਾਜੜ ਪੈ ਗਈ। ਭੋਲੀ ਤੇ ਪਰਤਾਪੀ ਪਿੰਡੋਂ ਬਾਹਰ ਹੀਰਾ ਸਿੰਘ ਜੱਟ ਦੇ ਕੋਠੇ ਵਿਚ ਜਾ ਵੜੀਆਂ। ਭੋਲੀ ਨੇ ਏਧਰ ਉਧਰ ਦੀਆਂ ਗੱਲਾਂ ਮਾਰਨ ਮਗਰੋਂ ਕਾਕੇ ਬਾਰੇ ਗੱਲ ਤੋਰੀ। ਪਰਤਾਪੀ ਅੰਦਰੋਂ ਲੱਡੂ ਭੋਰਦੀ ਪਈ ਸੀ ਪਰ ਬਾਹਰੋਂ:

ਆਖੇ ਪਰਤਾਪੀ ਨੀ ਭੋਲੀਏ ਮਖੌਲ ਕਰੇਂ
ਕੀਤਾ ਕੀ ਪਸੰਦ ਓਸ ਮੇਰਾ ਨੀ ਗੰਵਾਰ ਦਾ।
ਜਾਤ ਦੀ ਕਮੀਨਣੀ ਅਧੀਨਣੀ ਗਰੀਬਣੀ ਮੈਂ
ਓਸ ਨੂੰ ਤੂੰ ਦੱਸਦੀ ਹੈਂ ਪੁੱਤ ਜੈਲਦਾਰ ਦਾ।
ਜੱਟਾਂ ਨਾਲ ਦੋਸਤੀ ਨਾ ਪੁਗਦੀ ਕਮੀਣਾਂ ਦੀ ਨੀ
ਖੇਤ ਬੰਨੇ ਬੀਹੀ ਗਲੀ ਦੇਖ ਨੀ ਘੁੰਗਾਰਦਾ।
ਮੇਰੇ ਨਾ ਪਸੰਦ ਤੇਰੀ ਗੱਲ ਗੁਰਦਿੱਤ ਸਿੰਘਾ
ਮਿੱਟੀ ਪੱਟ ਦਵੇ ਜੱਟ ਜਦੋਂ ਨੀ ਹੰਕਾਰਦਾ।

ਦੂਜੇ ਦਿਨ ਭੋਲੀ ਨੇ ਕਾਕੇ ਨੂੰ ਸੁਨੇਹਾ ਦੇ ਕੇ ਰੁਪਾਲੋਂ ਤੋਂ ਸੱਦ ਲਿਆ। ਪਰਤਾਪੀ ਤੇ ਕਾਕੇ ਨੇ ਭੋਲੀ ਦੇ ਘਰ ਕੌਲ ਕਰਾਰ ਕਰ ਲਏ। ਇਸ ਪ੍ਰਕਾਰ ਉਹ ਦੋਨੋਂ ਭੋਲੀ ਦੇ ਘਰ ਪਿਆਰ ਮਿਲਣੀਆਂ ਮਾਣਦੇ ਰਹੇ। ਆਖਰ ਕਾਕੇ ਤੇ ਪਰਤਾਪੀ ਦੇ ਇਸ਼ਕ ਦਾ ਭੇਤ ਖੁੱਲ੍ਹ ਗਿਆ। ਪਰਤਾਪੀ ਦੀ ਮਾਂ ਨੰਦੋ ਦੇ ਕੰਨੀਂ ਵੀ ਇਹ ਖਬਰ ਪੁੱਜੀ।

ਪਰਤਾਪੀ ਦੇ ਇਸ਼ਕ ਦੀ ਭਿਣਕ ਪੈਣ 'ਤੇ ਨੰਦੋ ਨੇ ਉਸ ਨੂੰ ਲੱਖ ਸਮਝਾਇਆ ਕਿ ਉਹ ਕਾਕੇ ਦਾ ਸਾਥ ਛੱਡ ਦੇਵੇ, ਪਰ ਪਰਤਾਪੀ ਪਿਛਾਂਹ ਮੁੜਨ ਵਾਲੀ ਕਿਥੇ ਸੀ! ਉਹਨੇ ਨੰਦੋ ਨੂੰ ਸਾਫ ਆਖ ਦਿੱਤਾ, "ਮਾਂ ਮੇਰੀਏ, ਭਾਵੇਂ ਮਾਰ, ਭਾਵੇਂ ਛੱਡ-ਮੈਂ ਤਾਂ ਕਾਕੇ ਨੂੰ ਦਿੱਤਾ ਕੌਲ ਨਿਭਾਵਾਂਗੀ। ਉਹ ਤਾਂ ਮੇਰੀ ਜਾਨ ਦਾ ਟੁਕੜਾ ਏ, ਉਹਦੀ ਖਾਤਰ ਆਪਣੀ ਜਿੰਦ ਵਾਰ ਦਿਆਂਗੀ-ਪਿਛਾਂਹ ਪੈਰ ਨਹੀਂ ਪਾਵਾਂਗੀ। ਲੋਕੀਂ ਪਏ ਕੁਝ ਆਖਣ, ਮੈਨੂੰ ਕਿਸੇ ਦੀ ਪਰਵਾਹ ਨਹੀਂ।"

ਨੰਦੋ ਨੇ ਆਪਣੇ ਪਤੀ ਨਾਲ ਪਰਤਾਪੀ ਬਾਰੇ ਮਸ਼ਵਰਾ ਕੀਤਾ। ਖੰਨੇ ਨੇੜੇ ਪਿੰਡ ਰਾਜੇਵਾਲ ਦੇ ਰਾਮ ਰਤਨ ਨਾਲ ਪਰਤਾਪੀ ਵਿਆਹੀ ਹੋਈ ਸੀ, ਪਰ ਅਜੇ ਮੁਕਲਾਵਾ ਨਹੀਂ ਸੀ ਤੋਰਿਆ। ਬਦਨਾਮੀ ਤੋਂ ਡਰਦਿਆਂ ਪਰਤਾਪੀ ਦੇ ਬਾਪ ਨੇ ਮੁਕਲਾਵੇ ਦਾ ਦਿਨ ਧਰ ਦਿੱਤਾ।




ਰਾਮ ਰਤਨ ਮੁਕਲਾਵਾ ਲੈਣ ਲਈ ਲੋਪੋਂ ਪੁੱਜ ਗਿਆ। ਰੋਂਦੀ ਕੁਰਲਾਉਂਦੀ ਪਰਤਾਪੀ ਨੂੰ ਮਾਪਿਆਂ ਨੇ ਰਾਮ ਰਤਨ ਨਾਲ ਮੁਕਲਾਵਾ ਦੇ ਕੇ ਤੋਰ ਦਿੱਤਾ। ਪਰਤਾਪੀ ਕਾਕੇ ਨੂੰ ਯਾਦ ਕਰ ਕਰ ਹੌਕੇ ਭਰਦੀ ਰਹੀ, ਸਿਸਕੀਆਂ ਲੈਂਦੀ ਰਹੀ, ਉਹਦੀ ਕਿਸੇ ਨੇ ਇੱਕ ਨਾ ਸੁਣੀ। ਰਾਮ ਰਤਨ ਦੀ ਖੁਸ਼ੀ ਦਾ ਕੋਈ ਪਾਰਾਵਾਰ ਨਹੀਂ ਸੀ। ਉਹਦੇ ਪੱਬ, ਪਰੀਆਂ ਵਰਗੀ ਹੁਸ਼ਨਾਕ ਪਰਤਾਪੀ ਨੂੰ ਪਾ ਕੇ, ਧਰਤੀ 'ਤੇ ਨਹੀਂ ਸਨ ਲੱਗ ਰਹੇ ਤੇ ਉਹ ਖੀਵਾ ਹੋਇਆ ਛੇਤੀ ਤੋਂ ਛੇਤੀ ਰਾਜੇਵਾਲ ਪੁੱਜਣਾ ਲੋਚਦਾ ਸੀ।

ਲੋਪੋਂ ਅਤੇ ਰੁਪਾਲੋਂ ਦੇ ਵਿਚਾਲੇ ਢੱਕੀ ਸੀ, ਸੁੰਨਸਾਨ ਰਾਹ। ਰਾਮ ਰਤਨ ਬੈਲ ਗੱਡੀ ਵਿਚ ਪਰਤਾਪੀ ਨੂੰ ਲਈ ਜਾ ਰਿਹਾ ਸੀ ਕਿ ਕਾਕੇ ਨੇ ਆਪਣੇ ਨਾਲ ਕੁਝ ਬਦਮਾਸ਼ ਲਏ ਤੇ ਗੱਡੀ ਢੱਕੀ ਵਿਚ ਘੇਰ ਲਈ। ਨਾਲ ਆਏ ਬਰਾਤੀ ਕੁੱਟ ਕੁੱਟ ਕੇ ਭਜਾ ਦਿੱਤੇ ਤੇ ਪਰਤਾਪੀ ਨੂੰ ਸਣੇ ਗੱਡੀ ਆਪਣੇ ਪਿੰਡ ਲੈ ਆਇਆ,

ਜ਼ੋਰ ਸਰਦਾਰੀ ਦੇ
ਗੱਡੀ ਮੋੜ ਕੇ ਕਿਲੇ ਵਿਚ ਵਾੜੀ।
(ਲੋਕ ਗੀਤ)

ਰਾਮ ਰਤਨ ਨੇ ਖੰਨੇ ਦੇ ਥਾਣੇ ਜਾ ਰਿਪੋਰਟ ਕੀਤੀ। ਪੁਲਿਸ ਆਈ। ਜੈਲਦਾਰ ਕਾਹਨ ਸਿੰਘ ਨੇ ਇੱਜਤ ਬਚਾਉਣ ਲਈ ਕਈ ਕੋਸ਼ਿਸ਼ਾਂ ਕੀਤੀਆਂ। ਕਾਕੇ ਨੇ ਪਰਤਾਪੀ ਨੂੰ ਕਿਧਰੇ ਹੋਰ ਲੁਕੋ ਦਿੱਤਾ।

ਚਾਂਦੀ ਦੇ ਛਣਕਦੇ ਰੁਪਿਆਂ ਨਾਲ ਜੈਲਦਾਰ ਦੀ ਇੱਜਤ ਬਚਾ ਲਈ ਗਈ। ਪਰਤਾਪੀ ਬਰਾਮਦ ਨਾ ਹੋ ਸਕੀ। ਰਾਮ ਰਤਨ ਸਬਰ ਦਾ ਘੁੱਟ ਭਰ ਕੇ ਰਹਿ ਗਿਆ।

ਕਾਕਾ ਕਿਰਪਾਲ ਸਿੰਘ ਦੇ ਮਾਪੇ ਆਪਣੀ ਬਹੁਤ ਬੇਇੱਜਤੀ ਸਮਝਦੇ ਸਨ, ਉਨ੍ਹਾਂ ਕਿਰਪਾਲ ਸਿੰਘ ਦੇ ਅਮੋੜ ਸੁਭਾਅ ਨੂੰ ਮੁੱਖ ਰਖਦਿਆਂ ਉਸ ਨੂੰ ਰਿਆਸਤ ਨਾਭਾ ਵਿਖੇ ਹੀਰਾ ਸਿੰਘ ਦੇ ਰਸਾਲੇ ਵਿਚ ਭਰਤੀ ਕਰਵਾ ਦਿੱਤਾ। ਕਾਕੇ ਨੇ ਪਰਤਾਪੀ, ਪਰਤਾਪੀ ਦੇ ਨਾਨਕੀਂ ਛੱਡ ਆਂਦੀ। ਪਰਤਾਪੀ ਵਿਛੋੜੇ ਦੀ ਅਗਨੀ ਵਿਚ ਸੜਦੀ ਨਾਨਕਿਆਂ ਤੋਂ ਲੋਪੋਂ ਆ ਗਈ।

ਨਾਭੇ ਤੋਂ ਪਰਤਾਪੀ ਨੂੰ ਕਾਕੇ ਦੇ ਸੁੱਖ ਸੁਨੇਹੇ ਪੁੱਜਦੇ ਰਹੇ। ਉਹ ਹੁਣ ਨਾਭੇ ਕਾਕੇ ਕੋਲ ਨੱਸ ਜਾਣ ਦੀਆਂ ਵਿਉਂਤਾਂ ਬਣਾ ਰਹੀ ਸੀ। ਉਸ ਨੇ ਆਪਣੀ ਸਹੇਲੀ ਭੋਲੀ ਨੂੰ ਆਪਣੇ ਦਿਲ ਦੀ ਗੱਲ ਦੱਸ ਦਿੱਤੀ, "ਭੋਲੀਏ ਇਸ਼ਕ ਦੀਆਂ ਲੱਗੀਆਂ ਦੇ ਬਾਣ ਬੁਰੇ, ਮੇਰਾ ਲੂੰ-ਲੂੰ ਜਲ ਰਿਹੈ, ਮੇਰੀ ਨੀਂਦ ਕਿੱਧਰੇ ਉਡ-ਪੁਡ ਗਈ ਐ। ਬਸ ਕਾਕਾ ਅੱਠੇ ਪਹਿਰ ਯਾਦ ਆਉਂਦਾ ਰਹਿੰਦੈ। ਮੈਨੂੰ ਉਨੀ ਦੇਰ ਚੈਨ ਨਹੀਂ ਆਉਣੀ, ਜਿੰਨੀ ਦੇਰ ਉਹਨੂੰ ਵੇਖ ਨਹੀਂ ਲੈਂਦੀ, ਖੌਰੇ ਉਹਦੀ ਕੀ ਹਾਲਤ ਹੋਵੇਗੀ। ਭੋਲੀਏ, ਮੈਨੂੰ ਨਾਭੇ ਪਹੁੰਚਾਉਣ ਦੀ ਕੋਈ ਸਕੀਮ ਸੋਚ, ਸਾਰੀ ਉਮਰ ਤੇਰਾ ਅਹਿਸਾਨ ਨਹੀਂ ਭੁਲਾਂਗੀ।" ਪਰਤਾਪੀ ਨੇ ਆਪਣਾ ਸਿਰ ਭੋਲੀ ਦੀ ਗੋਦੀ ਵਿਚ ਸੁੱਟ ਦਿੱਤਾ ਤੇ ਡੁਸਕਣ ਲੱਗ ਪਈ।

"ਅੜੀਏ ਹੌਸਲਾ ਕਰ, ਮੈਂ ਆਪਣੇ ਦਲੇਲ ਨਾਲ ਗੱਲ ਕਰਕੇ ਤੇਰਾ ਕੋਈ ਬੰਦੋਬਸਤ ਕਰਦੀ ਆਂ। ਉਹ ਤੈਨੂੰ ਸਰਦਾਰ ਕੋਲ ਛੱਡ ਆਵੇਗਾ। ਹੁਣ ਪੂੰਝ ਛੱਡ ਇਹ ਹੰਝੂ।" ਭੋਲੀ ਨੇ ਹੌਸਲਾ ਦਿੱਤਾ।

"ਭੋਲੀਏ ਤੇਰਾ ਕਰਜ਼ ਕਿਵੇਂ ਚੁਕਾਵਾਂਗੀ?"

"ਬਸ ਦਿਲ ਦੀ ਭਾਫ ਦਿਲ ਵਿਚ ਹੀ ਰੱਖ। ਔਹ ਨਰੈਣੀ ਆਉਂਦੀ ਪਈ ਹੈ।"

ਭੋਲੀ ਨੇ ਪਰਤਾਪੀ ਦੀਆਂ ਅੱਖਾਂ ਵਿਚ ਅਨੋਖੀ ਚਮਕ ਵੇਖੀ ਤੇ ਬੁੱਲ੍ਹਾਂ ਵਿਚ ਮੁਸਕਰਾਈ।

ਆਥਣ ਸਮੇਂ ਭੋਲੀ ਨੇ ਆਪਣੇ ਘਰ ਵਾਲੇ ਦਲੇਲ ਗੁੱਜਰ ਨਾਲ ਪਰਤਾਪੀ ਨੂੰ ਨਾਭੇ ਛੱਡ ਆਉਣ ਬਾਰੇ ਗੱਲ ਤੋਰੀ। ਅਗਲੀ ਭਲਕ ਦਲੇਲ ਨੇ ਰੁਪਾਲੋਂ ਜਾ ਕੇ ਕਾਕੇ ਦੀ ਮਾਂ ਅਤਰੀ ਨੂੰ ਪਰਤਾਪੀ ਦੇ ਨਾਭੇ ਜਾਣ ਬਾਰੇ ਦੱਸ ਦਿੱਤਾ। ਪਰਤਾਪੀ ਦਾ ਕਾਕੇ ਕੋਲ ਨਾਭੇ ਜਾਣਾ ਸੁਣ ਕੇ ਅਤਰੀ ਦੇ ਸਿਰ ਜਿਵੇਂ ਸੌ ਘੜਾ ਪਾਣੀ ਪੈ ਗਿਆ ਹੋਵੇ। ਉਹ ਮੱਥਾ ਫੜ ਕੇ ਬੈਠ ਗਈ, ਇੱਕ ਪਲ ਉਹ ਸੁੰਨ ਬੈਠੀ ਰਹੀ, ਆਖਰ ਉਸ ਦੇ ਬੁੱਲ੍ਹ ਕੰਬੇ, "ਨਹੀਂ, ਨਹੀ ਹੋਣ ਦਿਆਂਗੀ, ਜੈਲਦਾਰ ਕਾਹਨ ਸਿੰਘ ਦੀ ਨੂੰਹ ਕਮੀਣ ਸੁਨਿਆਰ ਦੀ ਧੀ ਨਹੀਂ ਬਣ ਸਕਦੀ। ਨਹੀਂ ਬਣ ਸਕਦੀ। ਜੇ ਪਰਤਾਪੀ ਕਾਕੇ ਦੇ ਵਸ ਗਈ ਤਾਂ ਸਾਡੇ ਖਾਨਦਾਨ ਦੀ ਇੱਜਤ ਮਿੱਟੀ ਵਿਚ ਮਿਲ ਜਾਵੇਗੀ। ਅਸੀਂ ਵੱਡੇ ਸਰਦਾਰ ਕਿਸੇ ਪਾਸੇ ਵੀ ਆਪਣਾ ਮੂੰਹ ਦਿਖਾਉਣ ਜੋਗੇ ਨਹੀਂ ਰਹਾਂਗੇ। ਵੀਰ ਮੇਰਿਆ ਕੁਝ ਵੀ ਕਰ। ਇੱਜਤ ਬਚਾ ਸਾਡੀ, ਤੂੰ ਅੱਗੇ ਵੀ ਸਾਡੇ 'ਤੇ ਬਹੁਤ ਅਹਿਸਾਨ ਕੀਤੇ ਨੇ। ਆਹ ਲੈ ਪੰਜ ਸੌ ਰੁਪਏ। ਪਰਤਾਪੀ ਨੂੰ ਕਿੱਧਰੇ ਮੁਕਾ ਛੱਡ। ਮੈਂ ਤੇਰੇ ਪੈਰੀਂ ਪੈਨੀ ਆਂ।" ਅਤਰੀ ਨੇ ਆਪਣੀ ਚੁੰਨੀ ਦਲੇਲ ਦੇ ਪੈਰਾਂ 'ਤੇ ਰੱਖ ਦਿੱਤੀ।

ਅਤਰੀ ਦੀ ਹਾਲਤ ਦਲੇਲ ਪਾਸੋਂ ਸਹਾਰੀ ਨਾ ਗਈ। ਐਡੇ ਵੱਡੇ ਜਗੀਰਦਾਰਾਂ ਦੀ ਬਹੂ ਰਾਣੀ ਉਹਦੇ ਅੱਗੇ ਝੋਲੀ ਅੱਡੀ ਖੜ੍ਹੀ ਸੀ। ਉਹਨੇ ਪਰਤਾਪੀ ਨੂੰ ਪਾਰ ਬੁਲਾਉਣ ਦਾ ਇਕਰਾਰ ਅਤਰੀ ਨੂੰ ਦੇ ਦਿੱਤਾ।

ਰੁਪਾਲੋਂ ਦੇ ਲਾਗਲੇ ਪਿੰਡ ਚੱਕ ਦਾ ਸਯਦ ਮੁਹੰਮਦ ਦਲੇਲ ਦਾ ਯਾਰ ਸੀ। ਉਹਨੇ ਉਸ ਨੂੰ ਵੀ ਪਰਤਾਪੀ ਨੂੰ ਮਾਰਨ ਦੇ ਕਾਰਜ ਵਿਚ ਆਪਣਾ ਭਾਈਵਾਲ ਬਣਾ ਲਿਆ। ਅੰਨਾ ਲਾਲਚ ਚੰਗੇ ਭਲਿਆਂ ਨੂੰ ਵਿਗਾੜ ਦਿੰਦਾ ਹੈ।

ਦਲੇਲ ਨੇ ਭੋਲੀ ਹੱਥ ਪਰਤਾਪੀ ਨੂੰ ਤਿਆਰੀ ਕਰਨ ਲਈ ਸੁਨੇਹਾ ਭੇਜ ਦਿੱਤਾ। ਮਾਹੀ ਪਾਸ ਜਾਣ ਦਾ ਸੱਦਾ ਸੁਣ ਉਹ ਖਿੜੇ ਫੁੱਲ ਵਾਂਗ ਖਿੜ ਗਈ।

ਪੱਛਮ ਵੱਲ ਸੂਰਜ ਦੀ ਲਾਲੀ ਕਾਲੋਂ ਦਾ ਰੂਪ ਧਾਰ ਰਹੀ ਸੀ। ਤਾਰੇ ਲੁਕਣ ਮੀਟੀ ਖੇਡਣ ਲੱਗ ਪਏ ਸਨ। ਦਲੇਲ ਵਿਛੜੀ ਕੂੰਜ ਨੂੰ ਨਾਲ ਲੈ ਚਾਵਾ-ਪੈਲ ਸਟੇਸ਼ਨ ਨੂੰ ਤੁਰ ਪਿਆ। ਲੋਪੋਂ ਤੋਂ ਚਾਵਾ-ਪੈਲ ਤੀਕ ਟਿੱਬੇ ਹੀ ਟਿੱਬੇ ਸਨ। ਪਰਤਾਪੀ ਟਿੱਬਿਆਂ ਦੀ ਕੋਈ ਪਰਵਾਹ ਨਹੀਂ ਸੀ ਕਰ ਰਹੀ। ਅੱਜ ਉਹ ਸਾਰੇ ਦਿਨਾਂ ਨਾਲੋਂ ਖਿੜਵੇਂ ਰਉਂ ਵਿਚ ਸੀ। ਉਹ ਭੋਲੀ ਦਾ ਲੱਖ-ਲੱਖ ਸ਼ੁਕਰ ਕਰ ਰਹੀ ਸੀ। ਪਿਆਰੇ ਦੇ ਮਿਲਾਪ ਲਈ ਉਹਦਾ ਦਿਲ ਬਿਹਬਲ ਹੋ ਰਿਹਾ ਸੀ। ਉਹ ਇਹ ਨਹੀਂ ਸੀ ਜਾਣਦੀ ਕਿ ਹੋਣੀ ਕੀ ਭਾਣਾ ਵਰਤਾਉਣ ਲੱਗੀ ਹੈ:

ਟਿੱਬੇ ਦੇ ਵਿਚ ਜਾ ਵੜੇ, ਉਤੋਂ ਰਾਤ ਗੁਬਾਰ।
ਖਬਰ ਨਾ ਕੋਈ ਰੰਨ ਨੂੰ,
ਹੈ ਕਰਮਾਂ ਦੀ ਹਾਰ।
ਮਨ ਵਿਚ ਰੰਨ ਦੇ ਹੌਸਲਾ,
ਕਦਮ ਧਰੇ ਇਕਸਾਰ।
ਦਿਲ ਵਿਚ ਲੱਡੂ ਫੁੱਟਦੇ,
ਮਿਲਣਾ ਕਾਕੇ ਯਾਰ।
ਖਬਰ ਨਾ ਕੋਈ ਪਾਪ ਦੀ,
ਗੁੱਜਰ ਵਿਚ ਹੰਕਾਰ
ਸੀਟੀ ਮਾਰ ਦਲੇਲ ਨੇ,
ਸੱਯਦ ਕੀਤੀ ਸਾਰ।
ਘੇਰਾ ਪਾ ਕੇ ਅੱਗਿਓਂ,
ਬੋਲ ਪਿਆ ਲਲਕਾਰ।
ਫੜ ਲੈ ਰੰਨ ਦਲੇਲ ਤੂੰ,
ਟੁੱਕੜੇ ਕਰਦੇ ਚਾਰ।

ਕਾਲੀ-ਬੋਲੀ ਰਾਤ ਵਿਚ ਦੋਨੋਂ ਨੰਗੀਆਂ ਤਲਵਾਰਾਂ ਲੈ ਕੇ ਪਰਤਾਪੀ ਦੇ ਦੁਆਲੇ ਹੋ ਗਏ। ਬੇਬਸ ਹਰਨੀ ਨੇ ਤਰਲੇ ਕੀਤੇ, ਹਾੜ੍ਹੇ ਕੱਢੇ, ਆਪਣੇ ਪਿੰਡ ਦਾ ਵੀ ਵਾਸਤਾ ਪਾਇਆ। ਪਿੰਡ ਦਾ ਤਾਂ ਕੁੱਤਾ ਵੀ ਮਾਣ ਨਹੀਂ ਹੁੰਦਾ:

ਨਾ ਮਾਰੀਂ ਵੇ ਦਲੇਲ ਗੁੱਜਰਾ
ਮੈਂ ਲੋਪੋਂ ਦੀ ਸੁਨਿਆਰੀ। (ਲੋਕ ਗੀਤ)

ਪਰ ਅੰਨੇ ਲਾਲਚ ਅਤੇ ਸਰਦਾਰਾਂ ਦੀ ਫੋਕੀ ਇੱਜਤ ਨੇ ਪਰੀਆਂ ਵਰਗੀ ਪਰਤਾਪੀ ਦੇ ਟੋਟੇ ਕਰਵਾ ਦਿੱਤੇ:

ਕਰੀ ਅਰਜੋਈ ਨਾ ਦਰਦ ਮੰਨਿਆਂ
ਪਾਪ ਉਤੇ ਲੱਕ ਪਾਪੀਆਂ ਨੇ ਬੰਨ੍ਹਿਆਂ
ਕਰਦੇ ਹਲਾਲ ਜਿਉਂ ਕਸਾਈ ਬੱਕਰੇ
ਗੁਜਰ ਦਲੇਲ ਨੇ ਬਣਾਏ ਡੱਕਰੇ।
(ਗੋਕਲ ਚੰਦ)

ਦਲੇਲ ਹੋਰਾਂ ਪਰਤਾਪੀ ਦੀ ਲਾਸ਼ ਟੁਕੜੇ-ਟੁਕੜੇ ਕਰ ਕੇ ਹਾਥੀ ਵਾਲੇ ਟਿੱਬੇ ਵਿਚ ਡੂੰਘੀ ਦੱਬ ਦਿੱਤੀ। ਇੱਕ ਟਟੀਹਿਰੀ ਦੀ ਦਿਲ-ਚੀਰਵੀਂ ਆਵਾਜ਼ ਹੌਲੇ-ਹੌਲੇ ਮੱਧਮ ਪੈਂਦੀ ਗਈ।

ਪਰਤਾਪੀ ਦੇ ਅਚਾਨਕ ਗਾਇਬ ਹੋਣ 'ਤੇ ਪਿੰਡ ਵਿਚ ਰੌਲਾ ਪੈ ਗਿਆ। ਕੋਈ ਆਖੇ, "ਪਰਤਾਪੀ ਕਾਕੇ ਪਾਸ ਨਾਭੇ ਨੱਸ ਗਈ ਹੈ।" ਕਿਸੇ ਕਿਹਾ, "ਪਰਤਾਪੀ ਨੂੰ ਕਾਹਨ ਸਿੰਘ ਹੋਰਾਂ ਮਰਵਾ ਦਿੱਤਾ ਹੈ।" ਆਖਰ ਸ਼ੋਹਰੋ ਸ਼ੋਹਰੀ ਹੁੰਦੀ ਗਈ। ਕਿਸੇ ਥਾਣੇ ਜਾ ਮੁਖਬਰੀ ਕੀਤੀ। ਪਰਤਾਪੀ ਦਾ ਕਤਲ ਹੋਇਆਂ ਛੇ ਮਹੀਨੇ ਲੰਘ ਚੁਕੇ ਸਨ।

ਪੁਲਿਸ ਆਈ, ਸਾਰੇ ਪਿੰਡ ਦੀ ਮਾਰ ਕੁਟਾਈ ਕੀਤੀ ਪਰ ਪਰਤਾਪੀ ਦਾ ਕਿੱਧਰੇ ਥਹੁ-ਪਤਾ ਨਾ ਲੱਗਾ। ਅੰਗਰੇਜ਼ ਬਾਰਬਟਨ, ਜੋ ਉਸ ਸਮੇਂ ਲੁਧਿਆਣੇ ਦਾ ਸੁਪਰਡੈਂਟ ਪੁਲਿਸ ਸੀ, ਇਸ ਕੇਸ ਦੀ ਪੜਤਾਲ ਵਾਸਤੇ ਰੁਪਾਲੋਂ ਆਇਆ। ਉਸ ਦੇ ਨਾਲ ਦੋ ਸੌ ਸਿਪਾਹੀ ਸਨ। ਉਸ ਆਲੇ ਦੁਆਲੇ ਦੇ ਸਾਰੇ ਪਿੰਡ ਸੱਦ ਲਏ। ਫੇਰ ਵੀ ਕੁਝ ਪਤਾ ਨਾ ਲੱਗਾ। ਬਾਰਬਟਨ ਹੁਸ਼ਿਆਰ ਬਹੁਤ ਸੀ। ਉਹ ਉਥੇ ਕਈ ਦਿਨ ਰਿਹਾ। ਉਹ ਆਥਣ ਸਮੇਂ ਬਾਹਰ ਬੈਠੀਆਂ ਔਰਤਾਂ ਪਾਸ ਚੋਰੀ ਬੈਠ ਕੇ ਉਨ੍ਹਾਂ ਦੀਆਂ ਗੱਲਾਂ ਸੁਣਦਾ ਰਹਿੰਦਾ। ਇੱਕ ਦਿਨ ਉਸ ਨੂੰ ਪਰਤਾਪੀ ਦੇ ਭੋਲੀ ਨਾਲ ਸਹੇਲਪੁਣੇ ਦਾ ਪਤਾ ਲੱਗਾ। ਉਹਨੇ ਭੋਲੀ ਜਾ ਫੜੀ। ਭੋਲੀ ਨੇ ਪਰਤਾਪੀ ਦੇ ਦਲੇਲ ਨਾਲ ਨਾਭੇ ਜਾਣ ਦੀ ਗੱਲ ਦੱਸ ਦਿੱਤੀ। ਅੱਗੋਂ ਦਲੇਲ ਗੁੱਜਰ ਨੇ ਵਾਇਦਾ ਮੁਆਫ ਗਵਾਹ ਬਣ ਕੇ ਸਾਰੀ ਘਟਨਾ ਸੁਣਾ ਦਿੱਤੀ। ਕਾਕਾ ਕਿਰਪਾਲ ਸਿੰਘ ਦੀ ਮਾਂ ਅਤਰੀ ਅਤੇ ਸੱਯਦ ਮੁਹੰਮਦ ਸ਼ਾਹ ਹੋਰੀਂ ਫੜ ਲਏ ਗਏ।

ਹੁਣ ਸੁਆਲ ਪਰਤਾਪੀ ਦੀ ਲਾਸ਼ ਲੱਭਣ ਦਾ ਸੀ। ਦਲੇਲ ਦੇ ਦੱਸੇ ਪਤੇ 'ਤੇ ਹਾਥੀ ਵਾਲੇ ਟਿੱਬੇ ਦੀ ਪੁਟਾਈ ਸ਼ੁਰੂ ਹੋਈ। ਆਲੇ-ਦੁਆਲੇ ਦੇ ਪਿੰਡਾਂ ਨੇ ਜਿਸ ਵਿਚ ਮੇਰੇ ਪਿੰਡ ਮਾਦਪੁਰ ਦੇ ਲੋਕ ਵੀ ਸ਼ਾਮਲ ਸਨ, ਟਿੱਬੇ ਦੀ ਪੁਟਾਈ ਵਿਚ ਮਦਦ ਕੀਤੀ।

ਆਖਰ ਪਰਤਾਪੀ ਦੇ ਹੱਡ ਲੱਭ ਪਏ। ਇਸ ਹੱਡ ਲੱਭਣ ਦੀ ਵਾਰਤਾ ਨੂੰ ਸਾਡੇ ਇਲਾਕੇ ਦੇ ਇੱਕ ਲੋਕ ਗੀਤ ਨੇ ਹਾਲੀ ਤੀਕ ਸਾਂਭ ਰੱਖਿਆ ਹੈ:

ਹੱਡ ਪਰਤਾਪੀ ਦੇ
ਬਟਨ ਸਾਹਿਬ ਨੇ ਟੋਲੇ।

ਅਦਾਲਤ ਵਿਚ ਮੁਕਦਮਾ ਚੱਲਿਆ। ਸੱਯਦ ਮੁੰਹਮਦ ਸ਼ਾਹ ਨੂੰ ਫਾਂਸੀ ਅਤੇ ਅਤਰੀ ਨੂੰ ਕਾਲੇ ਪਾਣੀ ਦੀ ਸਜ਼ਾ ਦਿੱਤੀ ਗਈ। ਦਲੇਲ ਗੁੱਜਰ ਵਾਅਦਾ ਮੁਆਫ ਗਵਾਹ ਹੋਣ ਕਾਰਨ ਛੱਡ ਦਿੱਤਾ ਗਿਆ। ਬਜੁਰਗ ਦੱਸਦੇ ਹਨ ਕਿ ਇੱਕ ਬਦਲਵਾਈ ਵਾਲੇ ਦਿਨ ਜਦੋਂ ਗੁਜਰ ਦਲੇਲ ਵੱਗ ਚਾਰਦਾ ਪਰਤਾਪੀ ਦੇ ਕਤਲ ਵਾਲੀ ਥਾਂ ਪੁੱਜਾ ਤਾਂ ਕੜਕਦੀ ਬਿਜਲੀ ਉਸ ਉਤੇ ਡਿੱਗੀ ਅਤੇ ਉਹ ਉਥੇ ਹੀ ਖੱਖੜੀ-ਖੱਖੜੀ ਹੋ ਗਿਆ।

ਕਰੀਬ ਡੇਢ ਸਦੀ ਬੀਤਣ ਮਗਰੋਂ ਵੀ ਪਰਤਾਪੀ ਦੀ ਦੁਖਾਂਤ ਕਥਾ ਸਾਡੇ ਇਲਾਕੇ ਦੇ ਸੰਵੇਦਨਸ਼ੀਲ ਲੋਕਾਂ ਦੇ ਮਨਾਂ ਉਤੇ ਛਾਈ ਹੋਈ ਹੈ। ਜਗੀਰਦਾਰਾਂ ਵੱਲੋਂ ਕੀਤੇ ਗਏ ਪਰਤਾਪੀ ਦੇ ਕਤਲ ਨੂੰ ਉਨ੍ਹਾਂ ਅਜੇ ਤੱਕ ਨਹੀਂ ਭੁਲਾਇਆ। ਉਹ ਪਰਤਾਪੀ ਦੀ ਸੱਚੀ ਸੁੱਚੀ ਪਾਕ ਮੁਹੱਬਤ ਨੂੰ ਸੈਆਂ ਪ੍ਰਣਾਮ ਕਰਦੇ ਹਨ। ਜਦ ਕੋਈ ਬਜੁਰਗ ਇਸ ਦੀ ਬਾਤ ਪਾਉਂਦਾ ਹੈ ਤਾਂ ਉਸ ਦਾ ਗਲਾ ਭਰ-ਭਰ ਆਉਂਦਾ ਹੈ ਤੇ ਨੈਣਾਂ ਵਿਚ ਅੱਥਰੂ ਸਿਮ ਆਉਂਦੇ ਹਨ ਅਤੇ ਨਿਰਦੋਸ਼ ਮਾਸੂਮ ਪਰਤਾਪੀ ਦੇ ਕਤਲ ਦਾ ਦਰਦ ਅਥਰੂਆਂ ਦੇ ਰੂਪ ਵਿਚ ਵਹਿ ਤੁਰਦਾ ਹੈ।

# ਸਿੱਖ ਕੌਮ ਦਾ ਸੂਰਬੀਰ ਯੋਧਾ ਜਰਨੈਲ ਸ਼ਾਮ ਸਿੰਘ ਅਟਾਰੀਵਾਲਾ

ਮਹਾਰਾਜਾ ਰਣਜੀਤ ਸਿੰਘ ਨੂੰ ਪੰਜਾਬ ਦੇ ਇਤਿਹਾਸ ਵਿਚ ਇੱਕ ਬਹਾਦਰ ਜੰਗਜੂ, ਦਲੇਰ ਮਹਾਰਾਜੇ ਅਤੇ ਮਹਾਨ ਸ਼ਖਸੀਅਤ ਵਜੋਂ ਜਾਣਿਆ ਜਾਂਦਾ ਹੈ। ਇਹ ਵੀ ਤ੍ਰਾਸਦੀ ਰਹੀ ਹੈ ਕਿ ਉਸ ਦੀ ਮਹਾਰਾਣੀ ਜਿੰਦ ਕੌਰ ਤੇ ਉਸ ਦੇ ਸਭ ਤੋਂ ਛੋਟੇ ਸਪੁੱਤਰ ਮਹਾਰਾਜਾ ਦਲੀਪ ਸਿੰਘ ਦਾ ਜੀਵਨ ਵੀ ਬੇਹੱਦ ਮੁਸੀਬਤਾਂ ਤੇ ਚੁਣੌਤੀਆਂ ਦੇ ਪਰਛਾਵੇਂ ਹੇਠ ਬਤੀਤ ਹੋਇਆ।

ਮਹਾਰਾਜਾ ਰਣਜੀਤ ਸਿੰਘ ਦਾ ਆਖਰੀ ਵਿਆਹ ਬੀਬੀ ਜਿੰਦਾਂ ਨਾਲ ਸੰਨ 1835 ਈਸਵੀ ਵਿਚ ਹੋਇਆ। ਬੀਬੀ ਜਿੰਦਾਂ ਨੂੰ ਬਾਅਦ ਵਿਚ ਮਹਾਰਾਣੀ ਜਿੰਦ ਕੌਰ ਦੇ ਨਾਂ ਨਾਲ ਵੀ ਜਾਣਿਆ ਜਾਣ ਲੱਗਾ। ਮਹਾਰਾਣੀ ਜਿੰਦ ਕੌਰ ਦੀ ਕੁੱਖੋਂ



**ਅੰਗਰੇਜ ਸਿੰਘ ਹੁੰਦਲ**
**ਫੋਨ: 91-98767-85672**

(ਮਹਾਰਾਜਾ) ਦਲੀਪ ਸਿੰਘ ਦਾ ਜਨਮ 6 ਸਤੰਬਰ 1838 ਨੂੰ ਹੋਇਆ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਵਿਚ ਸਿੱਖਾਂ, ਹਿੰਦੂਆਂ ਅਤੇ ਮੁਸਲਮਾਨਾਂ ਨੂੰ ਇੱਕ ਡੋਰ ਵਿਚ ਪਰੋਈ ਰੱਖਿਆ, ਜਿਸ ਕਰਕੇ ਖਾਲਸਾ ਰਾਜ ਦੀ ਹਰ ਥਾਂ ਸਿਫਤ ਕੀਤੀ ਜਾਂਦੀ ਸੀ।

ਸੰਨ 1839 ਈਸਵੀ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਪਿੱਛੋਂ ਨਿੱਜੀ ਮਨੋਰਥਵਾਦੀਆਂ ਨੇ ਰਾਜ ਹਥਿਆਉਣ ਲਈ ਚਾਰ ਸਾਲਾਂ 'ਚ ਹੀ ਖਾਲਸਾ ਰਾਜ ਦੇ ਤਿੰਨ ਵਾਰਸਾਂ ਨੂੰ ਕਤਲ ਕਰ ਦਿੱਤਾ ਅਤੇ 10 ਸਾਲ ਦੇ ਅੰਦਰ-ਅੰਦਰ ਹੀ ਗੱਦਾਰ ਤੇ ਖੁਦਗਰਜ਼ ਦਰਬਾਰੀਆਂ ਤੇ ਸਿੱਖ ਫੌਜ ਵਿਚਲੇ ਕੁਝ ਕੁ ਮੂੰਹ-ਜ਼ੋਰ ਹਿੱਸਿਆਂ ਨੇ ਰਲ-ਮਿਲ ਕੇ ਪੰਜਾਹ ਸਾਲਾ ਸਿੱਖ ਰਾਜ ਦਾ ਨਮੋਸ਼ੀ ਭਰਿਆ ਅੰਤ ਕਰ ਦਿੱਤਾ। ਮਹਾਰਾਜਾ ਸ਼ੇਰ ਸਿੰਘ ਦੀ ਮੌਤ ਪਿੱਛੋਂ ਰਾਣੀ ਜਿੰਦ ਕੌਰ ਦੇ ਪੰਜ ਸਾਲਾ ਪੁੱਤਰ ਮਹਾਰਾਜਾ ਦਲੀਪ ਸਿੰਘ ਦੀ ਸਿੱਖ ਰਾਜ ਦੇ ਵਾਰਸ ਵਜੋਂ 16 ਸਤੰਬਰ 1843 ਵਾਲੇ ਦਿਨ ਤਾਜਪੋਸ਼ੀ ਹੋਈ ਅਤੇ ਮਹਾਰਾਣੀ ਜਿੰਦਾਂ ਨੂੰ ਉਸ ਦਾ ਸਰਪ੍ਰਸਤ ਥਾਪ ਦਿੱਤਾ ਗਿਆ।

ਵਰਣਨਯੋਗ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਡੋਗਰਿਆਂ ਦਾ ਅਹਿਮ ਰੋਲ ਤੇ ਪ੍ਰਭਾਵ ਰਿਹਾ। ਸਮਾਂ ਮਿਲਣ 'ਤੇ ਸਿੱਖ ਰਾਜ ਨੂੰ ਹਥਿਆਉਣ ਲਈ ਡੋਗਰਿਆਂ ਨੇ ਫਿਰੰਗੀਆਂ ਨਾਲ ਮਿਲ ਕੇ ਕੋਝੀਆਂ ਹਰਕਤਾਂ ਤਹਿਤ ਸਿੱਖ ਰਾਜ ਨੂੰ ਕਮਜ਼ੋਰ ਕਰਨਾ ਸ਼ੁਰੂ ਕਰ ਦਿੱਤਾ। ਸਿੱਟੇ ਵਜੋਂ ਸਿੱਖ ਰਾਜ ਦੀਆਂ ਸ਼ਾਮਾਂ ਦਾ ਸਮਾਂ ਬਹੁਤ ਨੇੜੇ ਆਉਣ ਲੱਗਾ। ਡੋਗਰਿਆਂ ਦੀਆਂ ਸਾਜਿਸ਼ਾਂ ਸਦਕਾ ਸਿੱਖ ਫੌਜਾਂ ਮੁਦਕੀ, ਫੇਰੂ ਸ਼ਹਿਰ, ਬੱਦੋਵਾਲ ਅਤੇ ਆਲੀਵਾਲ ਦੀਆਂ ਲੜਾਈਆਂ ਹਾਰ ਚੁਕੀਆਂ ਸਨ। ਭਾਵੇਂ ਆਪਣਿਆਂ ਦੇ ਧੋਖਿਆਂ ਕਰਕੇ ਸਿੱਖ ਰਾਜ ਦੀ ਜਿੱਤ ਦਾ ਕੋਈ ਵੀ ਰਸਤਾ ਨਜ਼ਰ ਨਹੀਂ ਸੀ ਆ ਰਿਹਾ, ਫਿਰ ਵੀ ਖਾਲਸਾ ਫੌਜ ਆਪਣੀ ਆਨ-ਸ਼ਾਨ ਤੇ ਦੇਸ਼ ਦੀ ਆਜ਼ਾਦੀ ਲਈ ਮਰ ਮਿਟਣ ਵਾਸਤੇ ਤਿਆਰ ਸੀ। ਆਖਰਕਾਰ ਸਿਰ ਧੜ ਦੀ ਬਾਜ਼ੀ ਜਿੱਤਣ ਲਈ ਸਭਰਾਵਾਂ ਦੇ ਮੈਦਾਨ ਵਿਚ ਜੂਝਣ ਵਾਸਤੇ ਦੋਵੇਂ ਫੌਜਾਂ ਇੱਕ ਦੂਸਰੇ ਦੇ ਸਾਹਮਣੇ ਆ ਖਲੋਤੀਆਂ। ਸਮਾਂ ਬਹੁਤ ਭਿਆਨਕ ਸੀ। ਭਾਵੇਂ ਖਾਲਸਾ ਫੌਜਾਂ ਨੇ ਦਿਲ ਨਹੀਂ ਸੀ ਛੱਡਿਆ ਪਰ ਪਹਿਲੀਆਂ ਹਾਰਾਂ ਨੇ ਫੌਜਾਂ ਦਾ ਲੱਕ ਜ਼ਰੂਰ ਤੋੜ ਦਿੱਤਾ ਸੀ।

ਇਸ ਸੰਕਟ ਨਾਲ ਨਿਪਟਣ ਲਈ ਆਖਰੀ ਸਮੇਂ ਆਪਣੀ ਪੇਸ਼ ਨਾ ਜਾਂਦੀ ਦੇਖ ਕੇ ਮਹਾਰਾਣੀ ਜਿੰਦ ਕੌਰ ਨੇ ਮਹਾਰਾਜਾ ਰਣਜੀਤ ਸਿੰਘ ਦੇ ਪੁਰਾਣੇ ਮਿੱਤਰ, ਰਿਸ਼ਤੇਦਾਰ ਤੇ ਜਰਨੈਲ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਨੂੰ ਇਕ ਦਰਦ ਭਰੀ ਚਿੱਠੀ ਲਿਖ ਕੇ ਬੜੇ ਹੀ ਸਹਿਜ ਤੇ ਖਾਨਦਾਨੀ ਗੌਰਵ ਨਾਲ ਵੰਗਾਰਿਆ ਤੇ ਸਨਿਮਰ ਬੇਨਤੀ ਕੀਤੀ ਕਿ ਉਹੋ ਹੀ ਸਿੱਖ ਰਾਜ ਨੂੰ ਇਸ ਸੰਕਟ 'ਚੋਂ ਬਾਹਰ ਕੱਢ ਸਕਦੇ ਹਨ। ਦਰਦ ਭਰੀ ਚਿੱਠੀ ਪੜ੍ਹ ਕੇ ਚਿੱਟੇ ਨੂਰਾਨੀ ਦਾੜ੍ਹੇ ਵਾਲੇ ਸੂਰਬੀਰ ਸਰਦਾਰ ਸ਼ਾਮ ਸਿੰਘ ਅਟਾਰੀ ਨੂੰ ਕੌਮੀ ਜੋਸ਼ ਚੜ੍ਹਿਆ, ਸਿਰ 'ਤੇ ਕੱਫਣ ਬੰਨਿਆ, ਸਰਬੱਤ ਦੇ ਭਲੇ ਲਈ ਕਿਰਪਾਨ ਧੂ ਲਈ, ਮਿਆਨ ਕਿੱਲੀ ਨਾਲ ਟੰਗੀ ਤੇ ਪਰਿਵਾਰ ਨੂੰ ਫਤਿਹ ਬੁਲਾ ਕੇ ਘੋੜੇ ਦੀਆਂ ਵਾਗਾਂ ਖਿੱਚੀਆਂ ਅਤੇ ਸਭਰਾਵਾਂ ਦੇ ਨਜ਼ਦੀਕ ਮੈਦਾਨੇ ਜੰਗ ਵਿਚ ਪਹੁੰਚ ਕੇ ਲੜਾਈ ਦੀ ਆਖਰੀ ਰਣਨੀਤੀ ਘੜਨੀ ਸ਼ੁਰੂ ਕਰ ਦਿੱਤੀ, ਜਿੱਥੇ ਖਾਲਸਾ ਤੇ ਫਿਰੰਗੀ ਫੌਜਾਂ ਨੇ ਜੰਗ ਵਿਚ ਮਰ ਮਿਟਣ ਦੀ ਤਿਆਰੀ ਕਰ ਰੱਖੀ ਸੀ।

ਸਰਦੀ ਦਾ ਮੌਸਮ ਸੀ। 10 ਫਰਵਰੀ 1846 ਨੂੰ ਸਰਦਾਰ ਸ਼ਾਮ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਅਰਦਾਸ-ਬੇਨਤੀ ਕੀਤੀ। ਖਾਲਸਾ ਫੌਜ ਨੂੰ ਸੰਬੋਧਨ ਕਰਦਿਆਂ ਆਪਣੇ ਗੁਰੂਆਂ, ਕੌਮੀ ਸ਼ਹੀਦਾਂ, ਮੁਰੀਦਾਂ ਤੇ ਪੁਰਖਿਆਂ ਦੀਆਂ ਕੁਰਬਾਨੀਆਂ ਤੇ ਕਾਰਨਾਮਿਆਂ ਦੀ ਯਾਦ ਤਾਜ਼ਾ ਕਰਵਾਈ। ਸਭਰਾਉਂ (ਜ਼ਿਲ੍ਹਾ ਫਿਰੋਜ਼ਪੁਰ, ਨੇੜੇ ਕਸਬਾ ਮਖੂ) ਦੇ ਮੈਦਾਨੇ ਜੰਗ ਵਿਚ ਅੰਗਰੇਜ਼ ਤੇ ਖਾਲਸਾ ਫੌਜਾਂ ਦਰਮਿਆਨ ਆਰ-ਪਾਰ ਦੀ ਗਹਿਗੱਚ ਜੰਗ ਸ਼ੁਰੂ ਹੋ ਗਈ। ਦੋਵੇਂ ਹੀ ਬਾਦਸ਼ਾਹੀ ਫੌਜਾਂ ਭਾਰੀਆਂ ਸਨ, ਪਰ ਸਿੰਘਾਂ ਦੇ ਜੋਸ਼ ਅੱਗੇ ਫਿਰੰਗੀਆਂ ਦੇ ਪੈਰ ਖਿਸਕ ਰਹੇ ਸਨ। ਖੂਬ ਗੋਲੀਆਂ ਚੱਲੀਆਂ ਤੇ ਖੰਡੇ ਖੜਕੇ। ਦੋਵਾਂ ਹੀ ਧਿਰਾਂ ਵਿਚਾਲੇ ਬਹੁਤ ਹੀ ਭਿਆਨਕ ਤੇ ਲਹੂ ਡੋਲ੍ਹਵੀਂ ਜੰਗ ਹੋਈ। ਸਿੰਘਾਂ ਨੇ ਆਪਣੀ ਰਵਾਇਤ ਕਾਇਮ ਰਖਦਿਆਂ ਇਕ ਵਾਰ ਫਿਰ ਬਹਾਦਰੀ, ਜਜ਼ਬੇ ਅਤੇ ਸੂਰਬੀਰਤਾ ਦੀ ਮਿਸਾਲ ਕਾਇਮ ਕੀਤੀ ਅਤੇ ਵੈਰੀਆਂ ਨੂੰ ਹੱਥਾਂ-ਪੈਰਾਂ ਦੀ ਪਾ ਦਿੱਤੀ।

ਡੋਗਰਿਆਂ ਤੇ ਫਿਰੰਗੀਆਂ ਵਿਚਾਲੇ ਪਹਿਲਾਂ ਤੋਂ ਹੀ ਹੋਏ ਇੱਕ ਗਿਣੇ-ਮਿੱਥੇ ਤੇ ਗੁਪਤ ਸਮਝੌਤੇ ਤਹਿਤ ਖਾਲਸਾ ਫੌਜਾਂ ਲਈ ਬਾਰੂਦ ਦੀ ਸਪਲਾਈ ਬੰਦ ਕਰ ਦਿੱਤੀ ਗਈ। ਉਸੇ ਹੀ ਸਾਜ਼ਿਸ਼ ਅਧੀਨ ਡੋਗਰੇ ਜਰਨੈਲ ਮੈਦਾਨੇ ਜੰਗ 'ਚੋਂ ਆਪਣੀਆਂ ਫੌਜਾਂ ਨੂੰ ਧੋਖਾ ਦੇ ਕੇ ਨੱਸ ਤੁਰੇ। ਉਹ ਜਾਂਦੇ-ਜਾਂਦੇ ਸਤਲੁਜ ਦਰਿਆ ਉਪਰ ਬਣੇ ਬੇੜੀਆਂ ਦੇ ਪੁਲ ਨੂੰ ਵੀ ਤੋੜ ਗਏ, ਜਿਸ ਕਰਕੇ ਹਜ਼ਾਰਾਂ ਸਿੱਖ ਫੌਜੀ ਉਥੇ ਪਾਣੀ ਦੇ ਵਹਿਣ ਵਿਚ ਰੁੜ੍ਹ ਗਏ। ਜਰਨੈਲਾਂ ਤੋਂ ਬਿਨਾ ਸਿੱਖ ਫੌਜ ਦਾ ਉਸ ਵੇਲੇ ਘਬਰਾ ਜਾਣਾ ਵੀ ਕੁਦਰਤੀ ਸੀ। ਇਸ ਸੰਕਟ ਦੇ ਸਮੇਂ ਖਾਲਸਈ ਫੌਜਾਂ ਨੂੰ ਡਰ ਦੇ ਮਾਰੇ ਬਹੁਤੇ ਜਨ ਸਾਧਾਰਨ ਸਿੱਖਾਂ ਦੀ ਹਮਾਇਤ ਵੀ ਨਾ ਹਾਸਲ ਹੋਈ। ਸਿੱਖ ਫੌਜਾਂ ਤਾਣ ਹੁੰਦਿਆਂ ਵੀ ਨਿਤਾਣੀਆਂ ਹੋ ਗਈਆਂ। ਘਮਸਾਨ ਦੀ ਇਸ ਲੜਾਈ ਵਿਚ ਸਰਦਾਰ ਸ਼ਾਮ ਸਿੰਘ ਅਟਾਰੀ ਨੇ ਪੂਰੇ ਤਾਣ ਨਾਲ ਗੋਰਿਆਂ ਦੇ ਆਹੂ ਲਾਹੇ ਪਰ ਲੜਦਿਆਂ-ਲੜਦਿਆਂ ਉਸ ਯੋਧੇ ਨੂੰ ਗੋਲੀਆਂ ਦੇ ਸੱਤ ਜ਼ਖਮ ਲੱਗੇ। ਸਿੱਖ ਰਾਜ ਦੀ ਰਾਖੀ ਲਈ ਕੀਤਾ ਆਪਣਾ ਪ੍ਰਣ ਨਿਭਾਉਂਦਿਆਂ ਉਹ ਸ਼ਹੀਦ ਹੋ ਗਏ। ਜਰਨੈਲ



ਫਰਾਂਜ਼ ਜ਼ੇਵੀਅਰ ਵਿੰਟਰਹਾਲਟਰ ਵਲੋਂ ਮਹਾਰਾਜਾ ਦਲੀਪ ਸਿੰਘ ਦਾ ਬਣਾਇਆ ਗਿਆ ਇਕ ਚਿੱਤਰ

ਤੋਂ ਵਿਰਵੀਂ ਹੋਈ ਸਿੱਖ ਫੌਜ, ਜੋ ਸ਼ਾਮਾਂ ਪੈਣ ਤੋਂ ਪਹਿਲਾਂ ਜਿੱਤ ਰਹੀ ਸੀ, ਦੀ ਅੰਤ ਨੂੰ ਹਾਰ ਹੋ ਗਈ। ਸ਼ਾਹ ਮੁਹੰਮਦ ਲਿਖਦਾ ਹੈ,



ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ
ਜਿਹੜੀਆਂ ਖਾਲਸੇ ਤੇਗਾਂ ਮਾਰੀਆਂ ਨੇ।...
ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।

ਉਧਰ ਪਤੀ ਦੀ ਮੌਤ ਦੀ ਖਬਰ ਸੁਣਦਿਆਂ ਹੀ ਸ਼ਾਮ ਸਿੰਘ ਅਟਾਰੀ ਵਾਲਿਆਂ ਦੀ ਸੁਪਤਨੀ ਮਾਈ ਦੇਸਾਂ ਨੇ 10 ਫਰਵਰੀ 1846 ਵਾਲੇ ਦਿਨ ਹੀ ਆਪਣੇ ਪ੍ਰਾਣ ਤਿਆਗ ਦਿੱਤੇ। ਸ਼ਹੀਦ ਸ਼ਾਮ ਸਿੰਘ ਦਾ ਸਸਕਾਰ ਉਨ੍ਹਾਂ ਦੇ ਪਿੰਡ ਅਟਾਰੀ ਵਿਖੇ 12 ਫਰਵਰੀ 1846 ਨੂੰ ਉਨ੍ਹਾਂ ਦੀ ਸੁਪਤਨੀ ਦੀ ਚਿਖਾ ਨੇੜੇ ਹੀ ਕਰ ਦਿੱਤਾ ਗਿਆ।

ਬਹੁਤਾ ਕਰਕੇ ਖੁਦਗਰਜ਼ ਡੋਗਰਿਆਂ ਨੇ, ਅਤੇ ਫੌਜ ਵਿਚਲੇ ਕੁਝ ਕੁ ਆਪ ਮੁਹਾਰੇ ਤੱਤਾਂ ਨੇ ਦੇਸ-ਧ੍ਰੋਹ ਕਰਨ ਵਿਚ ਕੋਈ ਵੀ ਕਸਰ ਨਾ ਛੱਡੀ। ਉਹ ਇੰਨਾ ਜ਼ੋਰ ਖਾਲਸਾਈ ਫੌਜ ਦੀ ਤਾਕਤ ਵਧਾਉਣ ਵਿਚ ਨਹੀਂ ਸਨ ਲਾਉਂਦੇ, ਜਿੰਨਾ ਇਕ-ਦੂਜੇ ਦਾ ਵਿਰੋਧ ਕਰਨ ਵਿਚ ਲਾਉਂਦੇ ਸਨ। ਜੇ ਡੋਗਰੇ ਆਗੂਆਂ-ਮਿਸਰ ਲਾਲ ਸਿੰਘ ਤੇ ਮਿਸਰ ਤੇਜ ਸਿੰਘ ਦੀ ਨੀਅਤ ਸਾਫ ਹੁੰਦੀ ਅਤੇ ਉਹ ਨਮਕ ਹਰਾਮ ਨਾ ਹੁੰਦੇ ਤਾਂ ਲੜਾਈ ਦੇ ਸਿੱਟੇ ਕੁਝ ਹੋਰ ਹੀ ਹੋਣੇ ਸਨ ਤੇ ਸਾਰੇ ਹਿੰਦ ਦਾ ਇਤਿਹਾਸ ਵੀ ਅੱਜ ਕੁਝ ਹੋਰ ਹੀ ਹੁੰਦਾ।

ਸਭਰਾਵਾਂ ਦੀ ਜੰਗ 'ਚ ਹੋਈ ਹਾਰ ਤੋਂ ਕੁਝ ਸਮਾਂ ਪਿੱਛੋਂ ਮਹਾਰਾਣੀ ਜਿੰਦ ਕੌਰ ਨੂੰ ਮਹਾਰਾਜਾ ਦਲੀਪ ਸਿੰਘ ਦੇ ਸਰਪ੍ਰਸਤ ਵਜੋਂ ਹਟਾ ਦਿੱਤਾ ਗਿਆ। ਦਲੀਪ ਸਿੰਘ ਤੋਂ ਬਾਦਸ਼ਾਹੀ ਖੋਹ ਲਈ ਗਈ ਤੇ ਖਾਲਸਾ ਰਾਜ ਦੀ ਸਾਰੀ ਜਾਇਦਾਦ ਜ਼ਬਤ ਕਰ ਲਈ ਗਈ। 29 ਮਾਰਚ 1849 ਵਾਲੇ ਦਿਨ 10 ਸਾਲਾ ਮਹਾਰਾਜਾ ਦਲੀਪ ਸਿੰਘ ਪਾਸੋਂ ਇੱਕ ਦਸਤਾਵੇਜ਼ 'ਤੇ ਦਸਤਖਤ ਕਰਵਾ ਲਏ ਗਏ ਅਤੇ ਇਸ ਪੰਜਾਬ 'ਤੇ ਪੂਰਨ ਬ੍ਰਿਟਿਸ਼ ਰਾਜ ਕਾਇਮ ਹੋ ਗਿਆ।

ਕਿਸੇ ਅਣਸੁਖਾਵੀਂ ਘਟਨਾ ਤੋਂ ਬਚਣ ਲਈ ਸੰਨ 1850 ਵਿਚ ਫਿਰੰਗੀਆਂ ਵਲੋਂ ਮਹਾਰਾਜਾ ਦਲੀਪ ਸਿੰਘ ਨੂੰ ਪੰਜਾਬ ਤੋਂ ਫਤਿਹਗੜ੍ਹ ਲਿਜਾਇਆ ਗਿਆ, ਜਿੱਥੇ ਉਸ ਨੂੰ ਈਸਾਈ ਮਿਸ਼ਨਰੀਆਂ ਦੇ ਹਵਾਲੇ ਕੀਤਾ ਗਿਆ। ਉਸ ਲਈ ਫਾਰਸੀ, ਪੰਜਾਬੀ ਤੇ ਅੰਗਰੇਜ਼ੀ ਦੀ ਪੜ੍ਹਾਈ ਦਾ ਪ੍ਰਬੰਧ ਕੀਤਾ ਗਿਆ। ਪੰਜਾਬ ਦੀ ਧਰਤੀ ਨਾਲੋਂ ਮੋਹ ਤੋੜਨ ਲਈ ਅੰਗਰੇਜ਼ ਸਰਕਾਰ ਆਖਰ 1854 ਵਿਚ ਮਹਾਰਾਜਾ ਦਲੀਪ ਸਿੰਘ ਨੂੰ ਇੰਗਲੈਂਡ ਲੈ ਗਈ, ਜਿਥੇ ਉਸ ਦਾ ਧਰਮ ਤਬਦੀਲ ਕਰਕੇ ਉਸ ਨੂੰ ਪੂਰੀ ਤਰ੍ਹਾਂ ਈਸਾਈ ਧਰਮ ਵਿਚ ਸ਼ਾਮਲ ਕਰ ਲਿਆ ਗਿਆ। ਥੋੜ੍ਹੇ ਸਮੇਂ ਵਿਚ ਹੀ ਦਲੀਪ ਸਿੰਘ ਮਹਾਰਾਣੀ ਵਿਕਟੋਰੀਆ ਦਾ ਮਨਪਸੰਦ ਸ਼ਹਿਜ਼ਾਦਾ ਬਣ ਗਿਆ ਅਤੇ ਉਸ ਨੇ ਐਸ਼ੋ-ਆਰਾਮ ਵਾਲੀ ਜ਼ਿੰਦਗੀ ਬਤੀਤ ਕਰਨੀ ਸ਼ੁਰੂ ਕਰ ਦਿੱਤੀ।

ਕਹਿੰਦੇ ਨੇ, ਮੁਸੀਬਤਾਂ ਕਦੇ ਵੀ ਇਕੱਲੀਆਂ ਨਹੀਂ ਆਇਆ ਕਰਦੀਆਂ। ਇੱਧਰ ਪੰਜਾਬ ਵਿਚ ਫਿਰੰਗੀਆਂ ਨੇ ਮਹਾਰਾਣੀ ਜਿੰਦਾਂ ਨੂੰ ਕੈਦ ਕਰ ਲਿਆ ਤੇ ਫਿਰ ਜਲਾਵਤਨ ਕਰਕੇ ਬਨਾਰਸ ਭੇਜ ਦਿੱਤਾ, ਜਿੱਥੇ ਉਹ ਜੇਲ੍ਹ ਵਿਚੋਂ ਕਿਸੇ ਢੰਗ-ਤਰੀਕੇ ਨਾਲ ਬਚ ਨਿਕਲੀ ਅਤੇ ਨੇਪਾਲ ਵਿਚ ਦਰ-ਬ-ਦਰ ਧੱਕੇ ਖਾਂਦੀ ਤਕਰੀਬਨ ਅੰਨ੍ਹੀ ਹੀ ਹੋ ਗਈ ਤੇ ਮੰਗਤਿਆਂ ਵਾਲਾ ਜੀਵਨ ਬਤੀਤ ਕਰਨ ਲਈ ਮਜਬੂਰ ਹੋ ਗਈ। ਆਪਣਿਆਂ ਤੇ ਪਰਾਇਆਂ ਦੀਆਂ ਸਾਜ਼ਿਸ਼ਾਂ ਅਧੀਨ ਉਸ ਨੂੰ ਬਦਨਾਮ ਕੀਤਾ ਗਿਆ ਪਰ ਉਸ ਨੇ ਹੌਸਲਾ ਨਾ ਛੱਡਿਆ। ਆਖਰ ਆਪਣੇ ਵਤਨ ਦੀ ਸੁੱਖ ਮੰਗਦਿਆਂ ਉਹ ਆਪਣੇ ਪੁੱਤਰ ਦਲੀਪ ਸਿੰਘ ਨਾਲ 1861 ਵਿਚ ਇੰਗਲੈਂਡ ਚਲੇ ਗਈ, ਜਿੱਥੇ ਉਹ ਪਹਿਲੀ ਅਗਸਤ 1863 ਵਾਲੇ ਦਿਨ 46 ਸਾਲ ਦੀ ਉਮਰ ਭੋਗ ਕੇ (1817 ਤੋਂ 1 ਅਗਸਤ 1863) ਇਸ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਈ।

ਆਪਣੀ ਮਾਂ ਦੀ ਇੱਛਾ ਅਨੁਸਾਰ ਮਹਾਰਾਜਾ ਦਲੀਪ ਸਿੰਘ ਆਪਣੀ ਮਾਤਾ ਮਹਾਰਾਣੀ ਜਿੰਦ ਕੌਰ ਦਾ ਸਸਕਾਰ ਪੰਜਾਬ ਵਿਚ ਆਪਣੇ ਪਿਤਾ ਦੀ ਸਮਾਧ ਦੇ ਨੇੜੇ ਲਾਹੌਰ ਵਿਖੇ ਕਰਨਾ ਚਾਹੁੰਦਾ ਸੀ, ਪਰ ਗੋਰੀ ਸਰਕਾਰ ਨੇ ਉਸ ਨੂੰ ਪੰਜਾਬ ਜਾਣ ਦੀ ਆਗਿਆ ਨਾ ਦਿੱਤੀ, ਜਿਸ ਕਰਕੇ ਉਸ ਨੂੰ ਆਪਣੀ ਮਾਂ ਦਾ ਸਸਕਾਰ ਮੁੰਬਈ ਨੇੜੇ ਨਾਸਿਕ ਸ਼ਹਿਰ ਵਿਚ ਗੋਦਾਵਰੀ ਦਰਿਆ ਦੇ ਕੰਢੇ ਹੀ ਕਰਨਾ ਪਿਆ। ਸਮਾਂ ਪਾ ਕੇ ਮਹਾਰਾਣੀ ਜਿੰਦਾਂ ਦੀਆਂ ਆਸਾਂ ਨੂੰ ਉਦੋਂ ਬੂਰ ਪਿਆ ਜਦੋਂ ਆਪਣੀ ਦਾਦੀ ਦੀ ਇੱਛਾ ਦਾ ਸਤਿਕਾਰ ਕਰਦਿਆਂ ਪ੍ਰਿੰਸੈਸ ਬੰਬਾ ਸੋਫੀਆ ਜਿੰਦਾਂ ਦਲੀਪ ਸਿੰਘ ਨੇ ਮਹਾਰਾਣੀ ਜਿੰਦਾਂ ਦੀਆਂ ਅਸਥੀਆਂ ਲਾਹੌਰ ਵਿਖੇ ਮਹਾਰਾਜਾ ਰਣਜੀਤ ਸਿੰਘ ਦੀ ਯਾਦਗਾਰ ਵਿਖੇ ਭੇਟ ਕਰ ਦਿੱਤੀਆਂ।

ਭਾਵੇਂ ਫਿਰੰਗੀਆਂ ਨੇ ਮਹਾਰਾਜਾ ਦਲੀਪ ਸਿੰਘ ਨੂੰ ਆਪਣੇ ਮਕੜੀ ਜਾਲ ਵਿਚ ਖੂਬ ਫਸਾ ਲਿਆ ਸੀ ਪਰ ਤਵਾਰੀਖ ਨੇ ਆਖਰ ਐਸਾ ਪਲਟਾ ਮਾਰਿਆ ਕਿ 25 ਮਈ 1886 ਨੂੰ ਅਦਨ ਵਿਖੇ ਮਹਾਰਾਜਾ ਦਲੀਪ ਸਿੰਘ ਨੇ ਅੰਮ੍ਰਿਤ ਛਕ ਕੇ ਮੁੜ ਸਿੱਖ ਧਰਮ ਧਾਰਨ ਕਰ ਲਿਆ। ਮਹਾਰਾਜਾ ਦਲੀਪ ਸਿੰਘ ਸਿੱਖ ਰਾਜ ਨੂੰ ਮੁੜ ਪ੍ਰਾਪਤ ਕਰਨ ਲਈ ਵਿਸ਼ਵ ਭਰ ਵਿਚ ਕੋਸ਼ਿਸ਼ਾਂ ਕਰਦਾ ਆਖਰ 22 ਅਕਤੂਬਰ 1893 ਨੂੰ ਪੈਰਿਸ (ਫਰਾਂਸ) ਵਿਖੇ ਗੁਰਬਤ ਦੀ ਜ਼ਿੰਦਗੀ ਨਾਲ ਲੜਦਾ ਇਕ ਛੋਟੇ ਜਿਹੇ ਹੋਟਲ ਵਿਚ ਇਸ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਿਆ। ਕੁਦਰਤ ਦਾ ਐਸਾ ਭਾਣਾ ਵਾਪਰਿਆ ਕਿ ਸਿੱਖ ਰਾਜ ਦੇ ਆਖਰੀ ਮਹਾਰਾਜੇ ਨੂੰ ਆਪਣੇ ਹੀ ਵਤਨ ਪੰਜਾਬ ਵਿਚ ਸਸਕਾਰ ਵਾਸਤੇ ਕੋਈ ਥਾਂ ਵੀ ਨਸੀਬ ਨਾ ਹੋ ਸਕੀ।

ਸਾਨੂੰ ਆਪਣੇ ਇਨ੍ਹਾਂ ਪੁਰਖਿਆਂ, ਜੋ ਖਾਲਸਾਈ ਆਨ-ਸ਼ਾਨ ਅਤੇ ਪ੍ਰਭੂਸੱਤਾ ਲਈ ਜੂਝੇ, ਦੀਆਂ ਕੁਰਬਾਨੀਆਂ ਤੇ ਘਾਲਣਾਵਾਂ ਨੂੰ ਸਦਾ ਲਈ ਆਪਣੇ ਚੇਤਿਆਂ 'ਚ ਵਸਾਉਣਾ ਚਾਹੀਦਾ ਹੈ ਤਾਂ ਕਿ ਇਨ੍ਹਾਂ ਦਾ ਸੁਨਹਿਰੀ ਤੇ ਲਾਸਾਨੀ ਇਤਿਹਾਸ ਸਾਡਾ ਮਾਰਗ-ਦਰਸ਼ਨ ਕਰਦਾ ਅਤੇ ਆਪਣੇ ਵਤਨ ਤੇ ਕੌਮੀ ਆਭਾ ਖਾਤਰ ਜੂਝਣ ਦੀ ਪ੍ਰੇਰਨਾ ਦਿੰਦਾ ਰਹੇ।

ਜਥੇਦਾਰ ਸ਼ਾਮ ਸਿੰਘ ਅਟਾਰੀ ਵਾਲਿਆਂ ਦੇ ਸ਼ਹੀਦੀ ਸਥਾਨ 'ਤੇ ਮੌਜੂਦਾ ਸਮੇਂ ਬਾਬਾ ਸ਼ਿੰਦਰ ਸਿੰਘ ਕਾਰ ਸੇਵਾ ਸੰਪਰਦਾਇ ਸਰਹਾਲੀ ਵਲੋਂ ਸੇਵਾ ਕਰਵਾਈ ਜਾ ਰਹੀ ਹੈ। ਸ਼ਹੀਦ ਸਰਦਾਰ ਸ਼ਾਮ ਸਿੰਘ ਅਟਾਰੀ ਦੀ ਯਾਦ ਵਿਚ 10 ਫਰਵਰੀ ਨੂੰ ਹਰ ਸਾਲ ਸਮਾਗਮ ਕਰਵਾਇਆ ਜਾਂਦਾ ਹੈ, ਸਮਾਗਮ ਦੌਰਾਨ ਗਤਕਾ, ਕਬੱਡੀ ਤੋਂ ਇਲਾਵਾ



ਮਹਾਰਾਜੀ ਜਿੰਦਾਂ ਦਾ ਇਕ ਚਿੱਤਰ

ਹੋਰ ਖੇਡਾਂ ਵੀ ਕਰਵਾਈਆਂ ਜਾਂਦੀਆਂ ਹਨ। ਗੁਰਦੁਆਰਾ ਸਾਹਿਬ ਦੀ ਇਮਾਰਤ ਵੀ ਬਹੁਤ ਸ਼ਾਨਦਾਰ ਬਣੀ ਹੋਈ ਹੈ। ਜਥੇਦਾਰ ਅਟਾਰੀਵਾਲਾ ਦੇ ਨਾਂ 'ਤੇ ਪਿੰਡ ਸਭਰਾਂ ਵਿਖੇ ਸਕੂਲ ਬਣਾਇਆ ਗਿਆ ਹੈ, ਜਿਸ ਵਿਚ ਅਨੇਕਾਂ ਵਿਦਿਆਰਥੀ ਵਿਦਿਆ ਹਾਸਲ ਕਰ ਰਹੇ ਹਨ। ਬਹੁਤ ਸਾਰੇ ਬੱਚਿਆਂ ਨੂੰ ਮੁਫਤ ਵਿਦਿਆ ਦਿੱਤੀ ਜਾ ਰਹੀ ਹੈ। ਵਿਦਿਆ ਦੇ ਨਾਲ-ਨਾਲ ਉਨ੍ਹਾਂ ਨੂੰ ਗੁਰਮਤਿ ਦੀ ਪੜ੍ਹਾਈ ਵੀ ਕਰਵਾਈ ਜਾਂਦੀ ਹੈ।

# ਘਰਾਂ ਵਿਚ ਮੇਲ੍ਹਦੀਆਂ ਕਹਾਣੀਆਂ

ਫਿਲਮਾਂ ਵਿਚ ਪਰਿਵਾਰ ਦਾ ਮਹੱਤਵ ਫਿਰ ਵਧ ਰਿਹਾ ਹੈ। 'ਬਧਾਈ ਹੋ' ਤੋਂ ਬਾਅਦ 'ਸਿੰਬਾ' ਦੂਜੀ ਵੱਡੀ ਹਿੱਟ ਫਿਲਮ ਹੈ ਜਿਸ ਵਿਚ ਪਰਿਵਾਰ ਦੇ ਮਹੱਤਵ ਨੂੰ ਕੇਂਦਰ ਵਿਚ ਰੱਖਿਆ ਗਿਆ ਹੈ। ਇਸ ਫਿਲਮ ਦਾ ਨਾਇਕ ਸਿੰਬਾ ਅਨਾਥ ਨੌਜਵਾਨ ਹੈ ਪਰ ਉਸ ਨੇ ਬਹੁਤ ਨਾਟਕੀ ਢੰਗ ਨਾਲ ਗ਼ੈਰਾਂ ਵਿਚਕਾਰ ਆਪਣਾ ਪਰਿਵਾਰ ਬਣਾ ਲਿਆ। ਦਰਸ਼ਕਾਂ ਨੇ ਉਸ ਦੇ ਇਸ ਪਰਿਵਾਰ ਨੂੰ ਆਪਣਾ ਸਮਝਿਆ ਹੈ। ਜ਼ਿਕਰਯੋਗ ਹੈ ਕਿ ਜ਼ਿਆਦਾਤਰ ਨਿਰਮਾਤਾ ਹਮੇਸ਼ਾਂ ਇਹ ਦਾਅਵਾ ਕਰਦੇ ਹਨ ਕਿ ਉਨ੍ਹਾਂ ਦੀਆਂ ਫਿਲਮਾਂ ਪਰਿਵਾਰਕ ਹੁੰਦੀਆਂ ਹਨ। ਮੁਸ਼ਕਿਲ ਇਹ ਹੈ ਕਿ ਉਹ ਅਕਸਰ ਅਜਿਹੀਆਂ ਫਿਲਮਾਂ ਦੇ ਨਾਂ 'ਤੇ ਸਿਰਫ ਸਸਤਾ ਰੁਮਾਂਸ ਅਤੇ ਬੇਵਜ੍ਹਾ ਦਾ ਐਕਸ਼ਨ ਪਰੋਸ ਦਿੰਦੇ ਹਨ ਪਰ 'ਬਧਾਈ ਹੋ' ਦੀ ਗੱਲ ਜਾਣ ਦਈਏ ਤਾਂ 'ਸਿੰਬਾ' ਅਜਿਹਾ ਨਹੀਂ ਕਰਦੀ, ਕਿਉਂਕਿ 'ਸਿੰਬਾ' ਦਾ ਹੀਰੋ ਸਭ ਕੁਝ ਭੁਲਾ ਕੇ ਆਪਣੇ ਪਰਿਵਾਰ ਲਈ ਸਭ ਕੁਝ ਦਾਅ 'ਤੇ ਲਗਾ ਦਿੰਦਾ ਹੈ। ਕੁਝ ਮਹੀਨੇ ਪਹਿਲਾਂ ਰਿਲੀਜ਼ ਹੋਈ ਫਿਲਮ 'ਬਧਾਈ ਹੋ' ਤੋਂ ਤੁਸੀਂ ਇਸ ਗੱਲ ਨੂੰ ਪੂਰੀ ਸ਼ਿੱਦਤ ਨਾਲ ਸਮਝ ਸਕਦੇ ਹੋ। ਇਸ ਫਿਲਮ ਵਿਚ ਦਾਦੀ, ਮਾਤਾ-ਪਿਤਾ ਸਭ ਮੌਜੂਦ ਹਨ ਅਤੇ ਫਿਲਮ ਦੀ ਕਹਾਣੀ ਨੂੰ ਅੱਗੇ ਵਧਾਉਣ ਅਤੇ ਉਸਨੂੰ ਦਿਲਚਸਪ ਰੰਗ ਦੇਣ ਵਿਚ ਉਸਦਾ ਅਹਿਮ ਯੋਗਦਾਨ ਹੈ। ਦੇਖਿਆ ਜਾਏ ਤਾਂ ਇਹ ਕੋਈ ਨਵੀਂ ਗੱਲ ਨਹੀਂ ਹੈ ਜਿਸ ਵੀ ਫਿਲਮ ਵਿਚ ਪਰਿਵਾਰ ਦੀਆਂ ਗੱਲਾਂ ਹੁੰਦੀਆਂ ਹਨ, ਉਸ ਨੂੰ ਪੂਰਾ ਪਰਿਵਾਰ ਦੇਖਣਾ ਪਸੰਦ ਕਰਦਾ ਹੈ।



ਫਿਲਮ 'ਸਿੰਬਾ' ਵਿਚ ਅਦਾਕਾਰ ਰਣਬੀਰ ਸਿੰਘ।

ਇਸ ਲਈ ਵੀਹ ਕਰੋੜ ਰੁਪਏ ਵਿਚ ਬਣੀ ਅਤੇ 100 ਕਰੋੜ ਤੋਂ ਜ਼ਿਆਦਾ ਕੀ ਕਮਾਈ ਕਰ ਚੁੱਕੀ ਫਿਲਮ 'ਸੋਨੂ ਕੇ ਟੀਟੂ ਕੀ ਸਵੀਟੀ' ਦਾ ਉਦਾਹਰਨ ਦੇਣਾ ਵੀ ਜ਼ਰੂਰੀ ਹੈ। ਇਸ ਰੁਮਾਂਟਿਕ ਡਰਾਮੇ ਦੇ ਹਰ ਫਰੇਮ ਵਿਚ ਪਰਿਵਾਰ ਮੌਜੂਦ ਹੈ। ਸਪਸ਼ਟ ਹੈ ਕਿ ਇਸ ਦੇ ਨਿਰਦੇਸ਼ਕ ਲਵ ਰੰਜਨ ਨੇ ਇਨ੍ਹਾਂ ਰਿਸ਼ਤਿਆਂ ਨੂੰ ਬਹੁਤ ਕਰੀਬ ਤੋਂ ਦੇਖਿਆ ਹੈ। ਸੋਨੂ, ਟੀਟੂ ਦੇ ਪਿਤਾ ਦੇ ਦੋਸਤ ਦਾ ਬੇਟਾ ਹੈ ਪਰ ਉਹ ਟੀਟੂ ਦੇ ਪਰਿਵਾਰ ਦਾ ਅਹਿਮ ਮੈਂਬਰ ਹੈ। ਟੀਟੂ ਦੀ ਦਾਦੀ, ਦਾਦਾ ਅਤੇ ਮਾਂ ਉਸ ਦੇ ਆਪਣੇ ਹਨ।

ਫਿਲਮ 'ਹੇਟ ਸਟੋਰੀ-4' ਦੀ ਆਮ ਜਿਹੀ ਕਹਾਣੀ ਵਾਲੀ ਫਿਲਮ ਵਿਚ ਵੀ ਪਰਿਵਾਰਕ ਜਦੋਜਹਿਦ ਸਾਫ ਦਿਖਾਈ ਦਿੰਦੀ ਹੈ ਪਰ ਇਸ ਦੇ ਪਰਿਵਾਰ ਦੇ ਮੈਂਬਰਾਂ ਨੂੰ ਕੋਈ ਗੰਭੀਰ ਜਾਮਾ ਨਹੀਂ ਪਹਿਨਾਇਆ ਗਿਆ। ਬਲਕਿ ਇਸ ਦੀ ਕਹਾਣੀ ਵਿਚ ਬੋਲਡਨੈੱਸ ਬਹੁਤ ਜ਼ਿਆਦਾ ਭਾਰੂ ਹੈ। ਇਹੀ ਕਾਰਨ ਹੈ ਕਿ ਪਰਿਵਾਰ ਦੀ ਮੌਜੂਦਗੀ ਦੇ ਬਾਵਜੂਦ ਇਹ ਫਿਲਮ ਬਿਲਕੁਲ ਵੀ ਪ੍ਰਭਾਵਿਤ ਨਹੀਂ ਕਰ ਸਕੀ।

ਪਿਛਲੇ ਸਾਲ ਦੀ ਇਕ ਛੋਟੀ ਜਿਹੀ ਫਿਲਮ 'ਤੁਮਹਾਰੀ ਸੁਲੂ' ਦੀ ਛੋਟੀ ਜਿਹੀ ਸਫਲਤਾ ਨੂੰ ਬੇਸ਼ੱਕ ਤੁਸੀਂ ਨਜ਼ਰਅੰਦਾਜ਼ ਕਰ ਦਿਓ, ਪਰ ਇਸ ਫਿਲਮ ਵਿਚ ਵੀ ਤੁਹਾਨੂੰ ਕਿਧਰੇ ਨਾ ਕਿਧਰੇ ਪਰਿਵਾਰ ਪੂਰੀ ਗਹਿਰਾਈ ਨਾਲ ਮੌਜੂਦ ਦਿੱਸੇਗਾ। ਸੁਲੂ ਇਕ ਘਰੇਲੂ ਔਰਤ ਹੈ। ਫਿਰ ਉਹ ਕੰਮਕਾਜੀ ਔਰਤ ਦੀ ਸ਼੍ਰੇਣੀ ਵਿਚ ਆ ਜਾਂਦੀ ਹੈ ਪਰ ਫਿਰ ਵੀ ਉਹ ਪਰਿਵਾਰ ਨਾਲ ਜੁੜੀ ਰਹਿੰਦੀ ਹੈ।

ਇਕ ਅਹਿਮ ਵਿਸ਼ੇ 'ਤੇ ਬਣੀ ਫਿਲਮ 'ਪੈਡਮੈਨ' ਦੇ ਪਿਛੋਕੜ ਵਿਚ ਪਰਿਵਾਰ ਦੀ ਮੌਜੂਦਗੀ ਤੋਂ ਤੁਸੀਂ ਇਨਕਾਰ ਨਹੀਂ ਕਰ ਸਕਦੇ। ਇਕ ਪਾਸੇ ਜਿਥੇ ਪੈਡਮੈਨ ਆਪਣੇ ਸੰਕਲਪ ਵਿਚ ਨਵਾਂ ਰੰਗ ਭਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਉਥੇ ਪਰਿਵਾਰ ਨਾਲ ਉਸ ਦੀ ਇਕਸੁਰਤਾ ਜ਼ਬਰਦਸਤ ਹੈ। ਉਸ ਨੂੰ ਹਮੇਸ਼ਾਂ ਪਰਿਵਾਰ ਨਾਲ ਉਠਦੇ ਬੈਠਦੇ ਦਿਖਾਇਆ ਗਿਆ ਹੈ। ਇਹ ਫਿਲਮ ਬੇਸ਼ੱਕ ਜ਼ਿਆਦਾ ਕਾਰੋਬਾਰ ਨਹੀਂ ਕਰ ਸਕੀ, ਫਿਰ ਵੀ ਇਹ ਉਨ੍ਹਾਂ ਫਿਲਮਾਂ ਦੇ ਵਰਗ ਵਿਚ ਆਉਂਦੀ ਹੈ ਜਿਨ੍ਹਾਂ ਵਿਚ ਪਰਿਵਾਰ ਦੇਖਣ ਨੂੰ ਮਿਲਦਾ ਹੈ।

ਅਕਸ਼ੈ ਕੁਮਾਰ ਅਜਿਹੀਆਂ ਫਿਲਮਾਂ ਜ਼ਿਆਦਾ ਕਰ ਰਿਹਾ ਹੈ ਜਿਨ੍ਹਾਂ ਵਿਚ ਉਸ ਨੂੰ ਪਰਿਵਾਰਕ ਵਿਅਕਤੀ ਦਿਖਾਇਆ ਜਾਂਦਾ ਹੈ। ਇਸ ਵਿਚ ਉਸ ਦੀ ਪਿਛਲੀ ਫਿਲਮ 'ਟੌਇਲਟ ਏਕ ਪ੍ਰੇਮ ਕਥਾ' ਦਾ ਉਦਾਹਰਨ ਦੇਣਾ ਹੀ ਕਾਫੀ ਹੈ। ਇਹ ਸੰਦੇਸ਼ ਪ੍ਰਧਾਨ ਫਿਲਮ ਹੈ ਪਰ ਪਿਛੋਕੜ ਵਿਚ ਪਰਿਵਾਰ ਅਤੇ ਪਰਿਵਾਰ ਦੀਆਂ ਗੱਲਾਂ ਹਨ।



ਫਿਲਮ 'ਵਧਾਈ ਹੋ' ਵਿਚ ਆਯੁਸ਼ਮਾਨ ਖੁਰਾਣਾ ਸਾਥੀ ਕਲਾਕਾਰਾਂ ਨਾਲ।

ਆਮਿਰ ਖਾਨ ਵੀ ਉਨ੍ਹਾਂ ਕੁਝ ਅਭਿਨੇਤਾਵਾਂ ਵਿਚੋਂ ਇਕ ਹੈ ਜਿਨ੍ਹਾਂ ਦੀਆਂ ਫਿਲਮਾਂ ਵਿਚ ਪਰਿਵਾਰ ਜ਼ਰੂਰ ਰਹਿੰਦਾ ਹੈ। ਉਸ ਦੀ ਹੁਣ ਤਕ ਦੀ ਸਭ ਤੋਂ ਵੱਡੀ ਹਿੱਟ ਫਿਲਮ 'ਦੰਗਲ' ਦਾ ਪਿਛੋਕੜ ਬੇਸ਼ੱਕ ਕੁਸ਼ਤੀ ਹੋਵੇ ਪਰ ਪਰਿਵਾਰ ਫਿਲਮ ਦੇ ਫਰੇਮ ਵਿਚ ਹੈ। ਜੇਕਰ ਮਹਾਵੀਰ ਸਿੰਘ ਫੋਗਾਟ ਆਪਣੀਆਂ ਬੇਟੀਆਂ ਨੂੰ ਕੁਸ਼ਤੀ ਵਿਚ ਚੈਂਪੀਅਨ ਬਣਾਉਣ ਲਈ ਦ੍ਰਿੜ ਹੈ ਤਾਂ ਉਸ ਦਾ ਪਰਿਵਾਰ ਉਸ ਦੀ ਇਸ ਦ੍ਰਿੜਤਾ ਦਾ ਪੂਰਾ ਸਮਰਥਨ ਕਰਦਾ ਹੈ। ਇਸ ਫਿਲਮ ਦੇ ਨਿਰਦੇਸ਼ਕ ਨਿਤੇਸ਼ ਤਿਵਾਰੀ ਦਾ ਕਹਿਣਾ ਹੈ, "ਮੇਰਾ ਖਿਆਲ ਹੈ, ਫਿਲਮ ਵਿਚ ਪਰਿਵਾਰ ਦਾ ਹੋਣਾ ਜ਼ਰੂਰੀ ਹੈ। ਇਸ ਦੇ ਕਈ ਫਾਇਦੇ ਹਨ। ਪਹਿਲਾ ਤਾਂ ਇਹ ਕਿ ਫਿਲਮ ਦੇ ਵਿਸ਼ੇ ਨੂੰ ਸਹਿਜ ਵਿਸਥਾਰ ਮਿਲਦਾ ਹੈ, ਦੂਜਾ ਪਰਿਵਾਰਕ ਦਰਸ਼ਕ ਵਰਗ ਦੀ ਮਦਦ ਇਸ ਨੂੰ ਜ਼ਿਆਦਾ ਮਿਲਦੀ ਹੈ।"

ਇਕ ਦੌਰ ਸੀ ਜਦੋਂ ਦੱਖਣ ਦੀਆਂ ਜ਼ਿਆਦਾਤਰ ਫਿਲਮਾਂ ਪਰਿਵਾਰਕ ਡਰਾਮਾ ਹੁੰਦੀਆਂ ਸਨ। ਬਾਅਦ ਵਿਚ ਮੁੰਬਈ ਫਿਲਮ ਇੰਡਸਟਰੀ ਵਿਚ ਇਹ ਬੀੜਾ ਰਾਜਸ੍ਰੀ ਦੇ ਤਾਰਾਚੰਦ ਬੜਜਾਤੀਆ ਨੇ ਚੁੱਕਿਆ। ਉਨ੍ਹਾਂ ਨੇ ਪਰਿਵਾਰ ਨੂੰ ਮੂਲ ਮੰਤਰ ਦੀ ਤਰ੍ਹਾਂ ਵਰਤਿਆ। ਘੱਟ ਬਜਟ ਦੀਆਂ ਛੋਟੀਆਂ ਪਰਿਵਾਰਕ ਫਿਲਮਾਂ ਵਿਚ ਕਦੇ ਪਰਿਵਾਰ ਹਾਸ਼ੀਏ ਅਤੇ ਕਦੇ ਮਿਡਲ ਅਤੇ ਕਦੇ ਕੇਂਦਰ ਵਿਚ ਰਹਿੰਦਾ ਸੀ।

ਫਿਲਮ ਦਾ ਵਿਸ਼ਾ ਕਦੇ ਪਿੰਡ ਤੇ ਕਦੇ ਸ਼ਹਿਰ ਘੁੰਮਦਾ ਸੀ। ਇਸ ਲਈ ਉਸ ਦੀ ਫਿਲਮ 'ਨਦੀਆ ਕੇ ਪਾਰ' ਦੀ ਉਦਾਹਰਨ ਕਾਫੀ ਹੈ। ਇਹ ਫਿਲਮ ਸੁਪਰਹਿਟ ਰਹੀ। ਬਾਅਦ ਵਿਚ ਕਈ ਸਾਲ ਬਾਅਦ ਰਾਜਸ੍ਰੀ ਦੇ ਨਵੀਂ ਪੀੜ੍ਹੀ ਦੇ ਨਿਰਦੇਸ਼ਕ ਸੂਰਜ ਬੜਜਾਤੀਆ ਨੇ ਇਸ ਕਹਾਣੀ ਦਾ ਸ਼ਹਿਰੀਕਰਨ ਕਰ ਦਿੱਤਾ। 'ਹਮ ਆਪਕੇ ਹੈਂ ਕੌਨ' ਦੇ ਰੂਪ ਵਿਚ ਇਸ ਨੇ 'ਨਦੀਆ ਕੇ ਪਾਰ' ਦੀ ਸਫਲਤਾ ਨੂੰ ਵੀ ਪਛਾੜ ਦਿੱਤਾ। ਇਹ ਵੀ ਦਿਲਚਸਪ ਹੈ ਕਿ ਨਿੱਜੀ ਜ਼ਿੰਦਗੀ ਵਿਚ ਬੜਜਾਤੀਆ ਪਰਿਵਾਰ ਅੱਜ ਵੀ ਸਮੂਹਿਕ ਪਰਿਵਾਰ ਦੀ ਸਰਵੋਤਮ ਉਦਾਹਰਨ ਹੈ। ਅੱਜ ਵੀ ਉਨ੍ਹਾਂ ਦੇ ਬੈਨਰ ਦੀਆਂ ਫਿਲਮਾਂ ਦਾ ਆਧਾਰ ਪਰਿਵਾਰ ਹੁੰਦਾ ਹੈ।

# ਕਲਾਕਾਰਾਂ ਦਾ ਹਰ ਮੈਦਾਨ ਫਤਿਹ

ਫਿਲਮ ਕਲਾਕਾਰਾਂ ਕੋਲ ਬੀ ਪਲਾਨ ਹਮੇਸ਼ਾਂ ਤਿਆਰ ਰਹਿੰਦਾ ਹੈ। ਅਦਾਕਾਰੀ ਦੇ ਨਾਲ ਨਾਲ ਜਾਂ ਫਿਰ ਅਦਾਕਾਰੀ ਤੋਂ ਅਲੱਗ ਉਹ ਜਾਂ ਤਾਂ ਨਿਰਦੇਸ਼ਨ ਦੀ ਕਮਾਨ ਸੰਭਾਲ ਲੈਂਦੇ ਹਨ ਜਾਂ ਫਿਰ ਕਿਸੇ ਪਾਰਟ ਟਾਈਮ ਜਾਂ ਫੁੱਲ ਟਾਈਮ ਬਿਜ਼ਨਸ ਦਾ ਰੁਖ ਕਰ ਲੈਂਦੇ ਹਨ। ਗੱਲ ਚਾਹੇ ਸਫਲ ਅਦਾਕਾਰਾਂ ਦੀ ਹੋਵੇ ਜਾਂ ਫਲਾਪ ਕਲਾਕਾਰਾਂ ਦੀ, ਨਿਰਦੇਸ਼ਨ ਸਭ ਦੀ ਪਸੰਦ ਹੈ। ਅਦਾਕਾਰਾਂ ਲਈ ਨਿਰਦੇਸ਼ਨ ਦੀ ਵਾਗਡੋਰ ਸੰਭਾਲਣਾ ਕੋਈ ਨਵੀਂ ਗੱਲ ਨਹੀਂ ਹੈ। ਰਾਜ ਕਪੂਰ ਅਤੇ ਗੁਰੂਦੱਤ ਦੇ ਬਾਅਦ ਕਈ ਅਦਾਕਾਰ ਇਸ ਖੇਤਰ ਵਿਚ ਉਤਰੇ ਹਨ। ਤਿੰਨ ਸਾਲ ਪਹਿਲਾਂ ਅਭਿਨੇਤਾ ਅਜੇ ਦੇਵਗਨ ਨੇ ਫਿਲਮ 'ਸ਼ਿਵਾਏ' ਵਿਚ ਨਿਰਦੇਸ਼ਨ ਦੀ ਕਮਾਨ ਸੰਭਾਲੀ ਸੀ। ਅਦਾਕਾਰ ਵੱਡਾ ਹੋਵੇ ਜਾਂ ਛੋਟਾ, ਫਿਲਮ ਨਿਰਦੇਸ਼ਨ ਵਿਚ ਸਭ ਹੱਥ ਅਜ਼ਮਾਉਣਾ ਚਾਹੁੰਦੇ ਹਨ, ਬਸ ਇੰਤਜ਼ਾਰ ਰਹਿੰਦਾ ਹੈ ਸਹੀ ਮੌਕੇ ਦਾ, ਕਿਉਂਕਿ ਫਿਲਮਾਂ ਬਣਾਉਣਾ ਇੰਨਾ ਵੀ ਆਸਾਨ ਨਹੀਂ।

ਦੇਖਿਆ ਜਾਵੇ ਤਾਂ ਇਹ ਆਤਮਵਿਸ਼ਵਾਸ ਹਰ ਦੂਜੇ ਅਦਾਕਾਰ ਦੇ ਚਿਹਰੇ 'ਤੇ ਨਜ਼ਰ ਆਉਂਦਾ ਹੈ। ਟਰੇਡ ਵਿਸ਼ਲੇਸ਼ਕ ਆਮੋਦ ਮਹਿਰਾ ਦੱਸਦੇ ਹਨ, "ਅਸਲ ਵਿਚ ਪ੍ਰਤਿਭਾ ਘੱਟ ਅਤੇ ਜ਼ਿਆਦਾ ਸਾਰੇ ਅਦਾਕਾਰਾਂ ਵਿਚ ਹੁੰਦੀ ਹੈ ਅਤੇ ਇਸ ਵਿਚ ਜੋ ਵੀ ਜ਼ਿਆਦਾ ਸਫਲ ਹੋ ਜਾਂਦਾ ਹੈ, ਉਹ ਇਕ ਵਾਰ ਤਾਂ ਇਸ 'ਤੇ ਹੱਥ ਜ਼ਰੂਰ ਅਜ਼ਮਾਉਂਦਾ ਹੈ। ਅਜੇ ਦੇਵਗਨ ਹੀ ਨਹੀਂ ਨਿਰਦੇਸ਼ਕ ਦੀ ਇਹ ਚਿੰਗਾਰੀ ਕੰਗਨਾ ਰਨੌਤ ਦੇ ਨਾਲ ਹੀ ਅਨੁਸ਼ਕਾ ਸ਼ਰਮਾ, ਲਾਰਾ ਦੱਤਾ, ਪ੍ਰਿਯੰਕਾ ਚੋਪੜਾ, ਮਨੋਜ ਬਾਜਪਈ, ਇਰਫਾਨ ਖਾਨ ਆਦਿ ਕਈ ਅਦਾਕਾਰਾਂ ਅੰਦਰ ਦੱਬੀ ਹੋਈ ਹੈ। ਇਹ ਸਭ ਵੱਡੇ ਅਦਾਕਾਰ ਸਿਰਫ ਸਮਾਂ ਅਤੇ ਸਹੀ ਮੌਕੇ ਦਾ ਇੰਤਜ਼ਾਰ ਕਰ ਰਹੇ ਹਨ।" ਗੱਲ ਸਹੀ ਹੈ। ਅਜੇ ਦੇਵਗਨ ਵਰਗੇ ਵੱਡੇ ਸਟਾਰ ਨੂੰ ਵੀ 'ਯੂ ਮੀ ਔਰ ਹਮ' ਪਿਛੋਂ ਦੁਬਾਰਾ ਨਿਰਦੇਸ਼ਨ ਦੀ ਵਾਗਡੋਰ ਸੰਭਾਲਣ ਲਈ ਕਈ ਸਾਲ ਦਾ ਸਮਾਂ ਲੱਗਾ। ਹੁਣ ਕੰਗਨਾ ਨੇ ਵੀ ਬਹੁਤ ਹਿੰਮਤ ਕਰਕੇ ਅਗਲਾ ਕਦਮ ਚੁੱਕਿਆ ਹੈ।

ਕੰਗਨਾ ਮੰਨਦੀ ਹੈ ਕਿ 'ਮਣੀਕਰਣਿਕਾ' ਦਾ ਵਿਸ਼ਾ ਜ਼ਿਆਦਾ ਉਸਦੇ ਮਨ ਮੁਤਾਬਿਕ ਨਹੀਂ ਸੀ। ਸ਼ਾਇਦ ਇਸ ਲਈ ਵੀ ਇਹ ਉਸ ਲਈ ਵੱਡੀ ਚੁਣੌਤੀ ਬਣ ਗਈ। ਉਹ ਦੱਸਦੀ ਹੈ: 'ਮਣੀਕਰਣਿਕਾ' ਤੋਂ ਮੈਨੂੰ ਬਹੁਤ ਉਮੀਦਾਂ ਹਨ। ਇਸ ਫਿਲਮ ਲਈ ਮੈਂ ਕੋਈ ਸਮਝੌਤਾ ਨਹੀਂ ਕੀਤਾ। ਇਸ ਫਿਲਮ ਲਈ ਸਾਨੂੰ ਇਕ ਖਾਸ ਦਿੱਖ, ਸਥਾਨ ਤੇ ਸਮੇਂ ਦੀ ਲੋੜ ਸੀ। ਇਸ ਲਈ ਇਸ ਦੌਰਾਨ ਮੈਂ ਕੋਈ ਫਿਲਮ ਨਹੀਂ ਕੀਤੀ। ਮੇਰਾ ਤਾਂ ਮੰਨਣਾ ਹੈ ਕਿ ਲਕਸ਼ਮੀ ਬਾਈ ਦੇ ਆਦਰਸ਼ ਹਰ ਔਰਤ ਅੰਦਰ ਹਨ। ਉਹ ਸਾਨੂੰ ਸਭ ਨੂੰ ਕੁਝ ਨਵਾਂ ਕਰਨ ਦੀ ਤਾਕਤ ਦਿੰਦੀ ਹੈ। ਇਹੀ ਕਾਰਨ ਸੀ ਕਿ ਇਕ ਵਾਰ ਜਦੋਂ ਮੈਂ ਇਸ ਫਿਲਮ ਨੂੰ ਬਣਾਉਣ ਦੀ ਠਾਣੀ ਤਾਂ ਫਿਰ ਮੈਨੂੰ ਕਿਸੇ ਰੁਕਾਵਟ ਦਾ ਸਾਹਮਣਾ ਨਹੀਂ ਕਰਨਾ ਪਿਆ।



ਰਾਜ ਕਪੂਰ



ਗੁਰੂ ਦੱਤ

ਫਿਲਹਾਲ ਤਾਂ ਕੰਗਨਾ ਦੀਆਂ ਕੋਸ਼ਿਸ਼ਾਂ ਦੀ ਤਾਰੀਫ ਹੋ ਰਹੀ ਹੈ ਅਤੇ ਹੁਣ ਤਕ ਦਾ ਇਤਿਹਾਸ ਇਹ ਰਿਹਾ ਹੈ ਕਿ ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਖੂਬ ਰੰਗ ਵੀ ਲਿਆਈਆਂ ਹਨ। ਕੰਗਨਾ ਨੇ ਆਪਣੇ ਅਦਾਕਾਰੀ ਦੇ ਕਰੀਅਰ ਦੀ ਸ਼ੁਰੂਆਤ ਤੋਂ ਹੀ ਨਿਰਦੇਸ਼ਕ ਬਣਨ ਦਾ ਸੁਪਨਾ ਬੁਣਿਆ ਸੀ। ਉਸ ਨੂੰ ਸਿਰਫ ਸਹੀ ਮੌਕੇ ਦੀ ਤਲਾਸ਼ ਸੀ। ਅਮਰੀਕਾ ਦੇ ਫਿਲਮ ਇੰਸਟੀਚਿਊਟ ਤੋਂ ਪਟਕਥਾ ਲੇਖਕ ਦਾ ਕੋਰਸ ਕਰ ਚੁੱਕੀ ਇਸ ਅਭਿਨੇਤਰੀ ਨੇ ਦੋ ਫਿਲਮਾਂ ਦੀ ਪਟਕਥਾ ਲਿਖੀ ਹੈ। ਕੰਗਨਾ ਦੱਸਦੀ ਹੈ, 'ਮੇਰੀ ਭੈਣ ਨੂੰ ਜਿਸ ਤਰ੍ਹਾਂ ਦੀ ਘਟਨਾ ਦਾ ਸਾਹਮਣਾ ਕਰਨਾ ਪਿਆ ਅਤੇ ਉਹ ਕਿਸ ਤਰ੍ਹਾਂ ਉਸ ਘਟਨਾ ਤੋਂ ਬਾਹਰ ਨਿਕਲੀ, ਇਹ ਫਿਲਮ ਉਸ ਸੱਚੀ ਘਟਨਾ ਤੋਂ ਹੀ ਪ੍ਰੇਰਿਤ ਹੋਏਗੀ। ਸਹੀ ਸਮੇਂ 'ਤੇ ਮੈਂ ਇਸ 'ਤੇ ਅੱਗੇ ਵਧਾਂਗੀ।'

ਪ੍ਰਿਯੰਕਾ ਚੋਪੜਾ ਨੇ ਭੋਜਪੁਰੀ ਫਿਲਮਾਂ ਦਾ ਨਿਰਮਾਣ ਤਾਂ ਸ਼ੁਰੂ ਹੀ ਕਰ ਦਿੱਤਾ ਹੈ। ਹੁਣ ਉਹ ਜਲਦੀ ਹੀ ਹਿੰਦੀ ਫਿਲਮ ਦਾ ਨਿਰਮਾਣ ਵੀ ਸ਼ੁਰੂ ਕਰੇਗੀ। ਚਰਚਾ ਹੈ ਕਿ ਉਹ ਜਲਦੀ ਹੀ ਆਪਣੇ ਨਿਰਮਾਣ ਵਾਲੀ ਕਿਸੇ ਫਿਲਮ ਦਾ ਨਿਰਦੇਸ਼ਨ ਵੀ ਕਰੇ। ਦੂਜੀ ਤਰਫ ਪ੍ਰਿਯੰਕਾ ਦਾ ਕਹਿਣਾ ਹੈ ਕਿ ਉਹ ਨਿਰਦੇਸ਼ਨ ਕਰਨਾ ਚਾਹੁੰਦੀ ਹੈ, ਪਰ ਇਸ ਮਾਮਲੇ ਵਿਚ ਕੋਈ ਜਲਦਬਾਜ਼ੀ ਨਹੀਂ ਕਰਨਾ ਚਾਹੁੰਦੀ। ਅਜੇ ਤਾਂ ਉਹ ਆਪਣੇ ਬੈਨਰ ਨੂੰ ਸਥਾਪਿਤ ਕਰ ਰਹੀ ਹੈ। ਕੁਝ ਅਜਿਹਾ ਹੀ ਅਨੁਸ਼ਕਾ ਦਾ ਕਹਿਣਾ ਹੈ। ਉਹ ਕਹਿੰਦੀ ਹੈ ਕਿ ਅਜੇ ਤਾਂ ਉਹ ਬਾਹਰ ਦੇ ਨਿਰਦੇਸ਼ਕਾਂ ਨੂੰ ਲੈ ਕੇ ਆਪਣੇ ਬੈਨਰ ਨੂੰ ਅੱਗੇ ਵਧਾ ਰਹੀ ਹੈ, ਪਰ ਜਿਸ ਦਿਨ ਕੋਈ ਵਿਸ਼ਾ ਉਸ ਨੂੰ ਬਹੁਤ ਪਸੰਦ ਆ ਗਿਆ ਤਾਂ ਉਹ ਨਿਰਦੇਸ਼ਨ ਵਿਚ ਅੱਗੇ ਵਧੇਗੀ।



ਫਰਹਾਨ ਅਖਤਰ



ਕੰਗਨਾ ਰਨੌਤ

ਜਿਥੋਂ ਤਕ ਨਿਰਦੇਸ਼ਕ ਤੋਂ ਅਦਾਕਾਰ ਬਣਨ ਦੀ ਗੱਲ ਹੈ ਤਾਂ ਸਿਰਫ ਫਰਹਾਨ ਅਖਤਰ ਨੇ ਹੀ ਸਭ ਨੂੰ ਪ੍ਰਭਾਵਿਤ ਕੀਤਾ ਹੈ। ਉਂਜ ਤਿਗਮਾਂਸ਼ੂ ਧੂਲੀਆ ਵੀ ਚੰਗੇ ਅਦਾਕਾਰ ਦੇ ਤੌਰ 'ਤੇ ਸਾਹਮਣੇ ਆਏ ਹਨ ਪਰ ਇਸ ਕਾਰਨ ਉਸ ਦਾ ਨਿਰਦੇਸ਼ਨ ਦਾ ਕੰਮ ਬਹੁਤ ਪ੍ਰਭਾਵਿਤ ਹੋਣ ਲੱਗਿਆ ਹੈ। ਜਿਥੋਂ ਤਕ ਅਨੁਰਾਗ ਕਸ਼ਿਅਪ, ਸੁਧੀਰ ਮਿਸ਼ਰਾ, ਕਰਨ ਜੌਹਰ ਵਰਗੇ ਨਿਰਦੇਸ਼ਕਾਂ ਦਾ ਸੁਆਲ ਹੈ, ਇਨ੍ਹਾਂ ਨੂੰ ਦਰਸ਼ਕਾਂ ਨੇ ਜ਼ਿਆਦਾ ਪਸੰਦ ਨਹੀਂ ਕੀਤਾ। ਇਸ ਦ੍ਰਿਸ਼ਟੀ ਨਾਲ ਅਦਾਕਾਰ ਤੋਂ ਨਿਰਦੇਸ਼ਕ ਬਣੀਆਂ ਸ਼ਖਸੀਅਤਾਂ ਨੂੰ ਬਹੁਤ ਜ਼ਿਆਦਾ ਨੰਬਰ ਮਿਲਦੇ ਹਨ। ਹੁਣ ਉਮੀਦ ਤਾਂ ਇਹੀ ਕੀਤੀ ਜਾਣੀ ਚਾਹੀਦੀ ਹੈ ਕਿ ਇਸ ਪ੍ਰੀਖਿਆ ਵਿਚ ਕੰਗਨਾ ਵੀ ਪਾਸ ਹੋਏਗੀ।

ਅਦਾਕਾਰ ਤੋਂ ਨਿਰਦੇਸ਼ਕ ਬਣੀ ਸ਼ਖਸੀਅਤ ਦੀ ਕੋਈ ਵੀ ਚਰਚਾ ਰਾਜ ਕਪੂਰ ਅਤੇ ਗੁਰੂਦੱਤ ਬਿਨਾਂ ਅਧੂਰੀ ਹੈ। ਨਿਰਦੇਸ਼ਕ ਰਾਜ ਕੁਮਾਰ ਹਿਰਾਨੀ ਕਹਿੰਦੇ ਹਨ, 'ਗੁਰੂਦੱਤ ਅਤੇ ਰਾਜ ਕਪੂਰ ਫਿਲਮੀ ਖੇਤਰ ਦੇ ਦੋ ਨਾਯਾਬ ਨਿਰਦੇਸ਼ਕ ਹਨ। ਮੈਂ ਹੀ ਨਹੀਂ, ਆਉਣ ਵਾਲੀਆਂ ਪੀੜ੍ਹੀਆਂ ਵੀ ਜੇਕਰ ਉਨ੍ਹਾਂ ਦੀ ਵਡਮੁੱਲੀ ਨਿਰਦੇਸ਼ਨ ਪ੍ਰਤਿਭਾ ਤੋਂ ਕੁਝ ਸਿੱਖਣਗੀਆਂ ਤਾਂ ਇਹ ਸਾਡੀਆਂ ਫਿਲਮਾਂ ਲਈ ਸ਼ੁਭ ਸੰਕੇਤ ਹੋਏਗਾ।' ਸੱਚ ਤਾਂ ਇਹ ਹੈ ਕਿ ਇਹ ਅਦਾਕਾਰ ਤੋਂ ਬਣੇ ਦੋ ਅਜਿਹੇ ਨਿਰਦੇਸ਼ਕ ਸਨ ਜਿਨ੍ਹਾਂ ਨੂੰ ਆਪਣੀ ਅਦਾਕਾਰੀ ਤੋਂ ਜ਼ਿਆਦਾ ਨਿਰਦੇਸ਼ਨ ਲਈ ਸਰਾਹਿਆ ਗਿਆ। ਇਨ੍ਹਾਂ ਨੂੰ ਪਹਿਲਾਂ ਨਿਰਦੇਸ਼ਕ ਸਮਝਿਆ ਗਿਆ, ਫਿਰ ਐਕਟਰ। ਉਨ੍ਹਾਂ ਤੋਂ ਇਲਾਵਾ ਮਨੋਜ ਕੁਮਾਰ, ਸੁਭਾਸ਼ ਘਈ, ਫਿਰੋਜ਼ ਖਾਨ, ਸੁਨੀਲ ਦੱਤ, ਦੇਵ ਆਨੰਦ ਆਦਿ ਕਈ ਅਜਿਹੇ ਅਦਾਕਾਰ ਹਨ ਜਿਨ੍ਹਾਂ ਨੇ ਨਿਰਦੇਸ਼ਨ ਦੇ ਖੇਤਰ ਵਿਚ ਵੀ ਆਪਣੀ ਇਕ ਖਾਸ ਪਛਾਣ ਬਣਾਈ। ਦੂਜੇ ਪਾਸੇ ਇਸ ਖੇਤਰ ਵਿਚ ਸ਼ਮੀ ਕਪੂਰ, ਸ਼ਸ਼ੀ ਕਪੂਰ, ਸੰਜੇ ਖਾਨ, ਅਸਰਾਨੀ, ਮਹਿਮੂਦ, ਸਨੀ ਦਿਓਲ ਆਦਿ ਕਈ ਅਦਾਕਾਰਾਂ ਨੇ ਵੀ ਕੋਸ਼ਿਸ਼ ਕੀਤੀ, ਪਰ ਉਹ ਅਸਫਲ ਰਹੇ। ਇਸ ਵਰਗ ਵਿਚ ਮਹਿਲਾ ਨਿਰਦੇਸ਼ਕਾਂ ਦਾ ਨਾਂ ਆਉਣਾ ਵੀ ਜ਼ਰੂਰੀ ਹੈ। ਸਾਧਨਾ, ਹੇਮਾ ਮਾਲਿਨੀ, ਅਪਰਨਾ ਸੇਨ ਆਦਿ ਕਈ ਅਭਿਨੇਤਰੀਆਂ ਨੇ ਨਿਰਦੇਸ਼ਕ ਦੇ ਖੇਤਰ ਵਿਚ ਚੰਗੀ ਕੋਸ਼ਿਸ਼ ਕੀਤੀ, ਪਰ ਕੌਮਾਂਤਰੀ ਪੱਧਰ 'ਤੇ ਸਿਰਫ ਅਪਰਨਾ ਸੇਨ ਨੇ ਹੀ ਭਾਰਤ ਦਾ ਨਾਮ ਰੌਸ਼ਨ ਕੀਤਾ।

ਜੇਕਰ ਤੁਲਨਾ ਕਰੀਏ ਤਾਂ ਦੇਵ ਆਨੰਦ, ਸੁਨੀਲ ਦੱਤ ਅਤੇ ਮਨੋਜ ਕੁਮਾਰ ਵਿਚ ਮਨੋਜ ਕੁਮਾਰ ਹੀ ਇਕਲੌਤਾ ਅਜਿਹਾ ਨਿਰਦੇਸ਼ਕ ਰਿਹਾ ਹੈ ਜਿਸ ਨੇ ਨਿਰਦੇਸ਼ਨ ਵਿਚ ਆਪਣਾ ਝੰਡਾ ਲਹਿਰਾਇਆ। ਬੇਹੱਦ ਜ਼ਹੀਨ ਮਨੋਜ ਕੁਮਾਰ ਨੂੰ ਲਿਖਣ ਦਾ ਸ਼ੌਕ ਸ਼ੁਰੂ ਤੋਂ ਹੀ ਸੀ ਪਰ 1964 ਦੀ ਫਿਲਮ 'ਸ਼ਹੀਦ' ਵਿਚ ਉਸ ਦੀ ਯੋਗਤਾ ਖੁੱਲ੍ਹ ਕੇ ਸਾਹਮਣੇ ਆਈ। ਫਿਰ 1967 ਦੀ ਫਿਲਮ 'ਉਪਕਾਰ' ਤੋਂ ਉਹ ਪੂਰੇ ਸਮੇਂ ਵਾਲਾ ਨਿਰਦੇਸ਼ਕ ਬਣ ਗਿਆ। ਉਸ ਦੀਆਂ 'ਪੂਰਬ ਪੱਛਮ', 'ਰੋਟੀ, ਕੱਪੜਾ ਔਰ ਮਕਾਨ', 'ਕ੍ਰਾਂਤੀ' ਵਰਗੀਆਂ ਫਿਲਮਾਂ ਨੇ ਉਸ ਨੂੰ ਚੋਟੀ ਦੇ ਨਿਰਦੇਸ਼ਕਾਂ ਦੀ ਸੂਚੀ ਵਿਚ ਲਿਆਂਦਾ।

-ਏ. ਚਕਰਵਰਤੀ

# ਗੁਰਦੁਆਰਾ ਸਾਹਿਬ ਫਰੀਮਾਂਟ (ਕੈਲੀਫੋਰਨੀਆ)

## 300 Gurdwara Road, Fremont, CA 94536




## 20ਵੀਂ ਸਦੀ ਦੇ ਮਹਾਨ ਸਿੱਖ ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਜਨਮ ਦਿਨ ਅਤੇ ਸਾਕਾ ਨਕੋਦਰ ਦੇ ਸ਼ਹੀਦਾਂ ਦੀ ਯਾਦ ਵਿਚ

# ਮਹਾਨ ਸ਼ਹੀਦੀ ਸਮਾਗਮ

## 10 ਫਰਵਰੀ 2019 (ਐਤਵਾਰ)

ਗੁਰਦੁਆਰਾ ਸਾਹਿਬ, ਫਰੀਮਾਂਟ ਵਿਚ ਸਾਕਾ ਨਕੋਦਰ ਦੇ ਮਹਾਨ ਸ਼ਹੀਦ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਹਰਮਿੰਦਰ ਸਿੰਘ ਚਲੂਪਰ, ਭਾਈ ਬਲਧੀਰ ਸਿੰਘ ਰਾਮਗੜ੍ਹ ਅਤੇ ਭਾਈ ਝਿਲਮਣ ਸਿੰਘ ਗੋਰਸੀਆਂ ਨੂੰ ਸਮਰਪਿਤ ਸ਼ਹੀਦੀ ਸਮਾਗਮ ਕਰਵਾਇਆ ਜਾ ਰਿਹਾ ਹੈ। ਇਸ ਮਹਾਨ ਸ਼ਹੀਦੀ ਸਮਾਗਮ ਵਿਚ ਸਮੂਹ ਸੰਗਤ ਨੂੰ ਪਰਿਵਾਰ ਸਮੇਤ ਪਹੁੰਚਣ ਦੀ ਬੇਨਤੀ ਹੈ ਜੀ।


ਸ਼ਹੀਦ ਭਾਈ ਰਵਿੰਦਰ ਸਿੰਘ ਲਿੱਤਰਾਂ


ਸ਼ਹੀਦ ਭਾਈ ਹਰਮਿੰਦਰ ਸਿੰਘ ਚਲੂਪੁਰ


ਸ਼ਹੀਦ ਭਾਈ ਬਲਧੀਰ ਸਿੰਘ ਰਾਮਗੜ੍ਹ


ਸ਼ਹੀਦ ਭਾਈ ਝਿਲਮਣ ਸਿੰਘ ਗੋਰਸੀਆਂ

### ਪ੍ਰੋਗਰਾਮ ਦਾ ਵੇਰਵਾ

8 ਫਰਵਰੀ 2019 (ਸ਼ੁੱਕਰਵਾਰ) ਅਰੰਭ ਅਖੰਡ ਪਾਠ ਸਵੇਰੇ 10 ਵਜੇ
10 ਫਰਵਰੀ 2019 (ਐਤਵਾਰ) ਭੋਗ ਅਖੰਡ ਪਾਠ ਸਵੇਰੇ 10 ਵਜੇ
ਉਪਰੰਤ ਕੀਰਤਨ ਦਰਬਾਰ ਸਜਾਇਆ ਜਾਵੇਗਾ ਤੇ ਪੰਥਕ ਵਿਚਾਰਾਂ ਹੋਣਗੀਆਂ

*"ਮੈਂ ਸਰੀਰਕ ਮੌਤ ਨੂੰ ਮੌਤ ਨਹੀਂ ਮੰਨਦਾ, ਪਰ ਜ਼ਮੀਰ ਦੇ ਮਰ ਜਾਣ ਨੂੰ ਸਮਝਦਾ ਹਾਂ।"*
*-ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ*



ਜਿਨ੍ਹਾਂ ਨੈਣਾਂ ਕਰੇ ਦੀਦਾਰ ਤੇਰੇ, ਉਹ ਝੁਕੇ ਨਹੀਂ ਸਰਕਾਰਾਂ ਤੋਂ,
ਜਿਨ੍ਹਾਂ ਕੰਨਾਂ ਸੁਣ ਲਏ ਬੋਲ ਤੇਰੇ, ਉਹ ਨਾ ਘਬਰਾਏ ਮਾਰਾਂ ਤੋਂ।
ਉਹ ਜਵਾਨੀਆਂ ਮੌਤੋਂ ਨਹੀਂ ਡਰੀਆਂ, ਇਕ ਵਾਰ ਜੋ ਤੈਨੂੰ ਛੋਹ ਗਈਆਂ,
ਤੇਰੀ ਯਾਦ 'ਚ ਲਿਖੀਆਂ ਨਜ਼ਮਾਂ ਜੋ, ਅੱਜ ਉਹ ਵੀ ਬਾਗੀ ਹੋ ਗਈਆਂ।

## ਬੇਨਤੀ ਕਰਤਾ: ਗੁਰਦੁਆਰਾ ਸਾਹਿਬ ਫਰੀਮਾਂਟ ਤੇ ਸਮੂਹ ਪੰਥਕ ਜਥੇਬੰਦੀਆਂ

## ਹੋਰ ਜਾਣਕਾਰੀ ਲਈ ਸੰਪਰਕ ਕਰੋ: 510-790-0177